ਦਸਮੇਸ਼-ਪਿਤਾ ਬਖ਼ਸ਼ਿਸ਼

# ਪਵਿੱਤਰ ਗੰਗਾ ਸਾਗਰ

## ਸੁੱਚੀ ਸੇਵਾ-ਸੰਭਾਲ





ਡਾ. ਗੁਰਦੇਵ ਸਿੰਘ ਸਿੱਧੂ

ਦਸਮੇਸ਼-ਪਿਤਾ ਬਖ਼ਸ਼ਿਸ਼

# ਪਵਿੱਤਰ ਰੰਗ ਸਾਗਰ

## ਸੁੱਚੀ ਸੇਵਾ ਸੰਭਾਲ

ਡਾ. ਗੁਰਦੇਵ ਸਿੰਘ ਸਿੱਧੂ

ਪੰਜਾਬੀ ਲੋਕ ਵਿਰਾਸਤ ਅਕਾਦਮੀ
ਲੁਧਿਆਣਾ

# Dashmesh-Pita Bakhshish Pavittar Ganga Sagar Suchi Sewa Sambhal

by

© Gurdev Singh Sidhu (Dr.)
#3154, Sector-71, Mohali - 160071
Mobile : 9417049417

ISBN : 978-93-6831-732-6

First Print : January 2026

Price : Rs. 400/-
$ 10 US

*Distributors*
**Singh Brothers**, Amritsar

**Chetna Parkashan**
Punjabi Bhavan, Ludhiana

*Publishers :*

**Punjabi Lok Virasat Academy**
Ludhiana

*Printed at*
**Printwell**
146, Industrial Focal Point, Amristar

## ਸਮਰਪਣ

ਸਿੱਖ-ਪੰਥ ਲਈ ਬਿਖੜੇ ਸਮਿਆਂ ਦੇ ਉਨ੍ਹਾਂ ਦਿਨਾਂ ਦੇ ਨਾਮ
ਜੋ ਰਾਏ ਕੱਲ੍ਹਾ ਪਰਿਵਾਰ ਨੇ
ਰਾਏਕੋਟ ਵਿਖੇ
ਦਸਮੇਸ਼-ਪਿਤਾ ਜੀ ਦੀ ਸੱਚੀ-ਸੁੱਚੀ ਸੇਵਾ ਤੇ ਸੰਗਤ ਵਿੱਚ ਗੁਜ਼ਾਰੇ



ਅੰਤਰ-ਧਿਆਨ ਨੂੰ ਜੋੜੋ ਬਿਰਤੀ ਕਰੋ ਇਕਾਗਰ।
ਆਪਣੇ ਮਨ 'ਚੋਂ ਕੱਢੋ ਇਸ ਪਲ ਵਣਜ ਸੌਦਾਗਰ।
ਉਸ ਬੰਦੇ ਦੀ ਬੁੱਕਲ ਵਿਚ ਕੀਹ ਨਿੱਘ ਹੋਵੇਗਾ?
ਦਸਮ ਪਿਤਾ ਨੇ ਬਖਸ਼ਿਆ ਜਿਸ ਨੂੰ ਗੰਗਾ ਸਾਗਰ।

*ਗੁਰਭਜਨ ਗਿੱਲ*

# ਤਤਕਰਾ


ਪਵਿੱਤਰ ਗੰਗਾ-ਸਾਗਰ — ਗੁਰਭਜਨ ਸਿੰਘ ਗਿੱਲ (ਪ੍ਰੋ.) 7
ਪਿਛੋਕੜ — ਗੁਰਦੇਵ ਸਿੰਘ ਸਿੱਧੂ (ਪ੍ਰੋ.) 15
Prelude 18

**ਭਾਗ ਪਹਿਲਾ : ਪਵਿੱਤਰ ਗੰਗਾ ਸਾਗਰ**

**ਅਧਿਆਇ-1: ਪਵਿੱਤਰ ਗੰਗਾ ਸਾਗਰ: ਪ੍ਰਾਪਤ ਹਵਾਲੇ**

1. ਗੁਰੂ ਕੀਆਂ ਸਾਖੀਆਂ (1790 ਈ:) 21
2. ਗੁਰ ਪ੍ਰਤਾਪ ਸੂਰਜ ਗ੍ਰੰਥ (1843 ਈ:) 23
3. ਪੰਥ ਪ੍ਰਕਾਸ਼ (1874 ਈ:) 29
4. ਸ੍ਰੀ ਕਲਗੀਧਰ ਚਮਤਕਾਰ (1925 ਈ:) 31
5. ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ (1930 ਈ:) 35
6. ਦੁਸ਼ਟ ਦਮਨ ਪ੍ਰਕਾਸ਼ (1930 ਈ:) 35
7. ਮਾਲਵਾ ਇਤਿਹਾਸ (1954 ਈ:) 38
8. ਪ੍ਰਸੰਗ ਰਾਏ ਕੱਲ੍ਹਾ (1956 ਈ:) 40
9. The Encyclopedia of Sikhism (1996 ਈ:) 44
10. ਰਾਏਕੋਟ ਸਰਵੇ ਪੁਸਤਕ (1971 ਈ:) 45
11. The Sikh Reference Book (1997 ਈ:) 49
12. ਖਾਲਸਾ ਪੰਥ ਦੀ ਤੀਜੀ ਸਿਰਜਣਾ ਸ਼ਤਾਬਦੀ ਸਮੇਂ 1999 ਵਿਚ ਸ੍ਰੀ ਅਨੰਦਪੁਰ ਸਾਹਿਬ ਵਿਚ ਵੰਡਿਆ ਗਿਆ ਪੱਤਰ 50
13. ਸ੍ਰੀ ਗੁਰ ਸੂਰਜ ਪ੍ਰਕਾਸ਼ ਪਦ ਟਿੱਪਣੀ (2005 ਈ:) 52
14. ਚਰਨ ਚਲਉ ਮਾਰਗਿ ਗੋਬਿੰਦ (2010 ਈ:) 53
15. ਨਵਾਂ ਮਹਾਨ ਕੋਸ਼ (2020 ਈ:) 63
16. Sri Sahib Ji Sahai (2024 ਈ:) 64
17. ਅਗਿਆਤ (ਮਿਤੀਹੀਣ) 66

**ਅਧਿਆਇ-2: 'ਅਜੀਤ' ਅਖਬਾਰ ਦੇ ਵਿਭਿੰਨ ਅੰਕਾਂ ਵਿਚ ਸਮੇਂ ਸਮੇਂ ਪ੍ਰਕਾਸ਼ਿਤ ਲੇਖ**

1. ਇਤਿਹਾਸ ਦੇ ਅਣਗੌਲੇ ਪੰਨੇ: ਜਦੋਂ ਗੰਗਾ ਸਾਗਰ ਪ੍ਰਵਾਸੀ ਬਣਿਆ: — ਇਲਿਆਸ ਘੁੰਮਣ 70
2. ਜੱਦੀ ਹਵੇਲੀ ਵਿਚ ਰਾਏ ਅਜ਼ੀਜ਼ ਉੱਲਾ ਖਾਨ ਦੇ ਜ਼ਜਬਾਤੀ ਪਲ: — ਇਲਿਆਸ ਘੁੰਮਣ 84
3. ਸੰਗਤਾਂ ਦੀ ਗੰਗਾ ਸਾਗਰ ਲਈ ਤੜਫ ਇਕ ਦਿਨ ਜਰੂਰ ਰੰਗ ਵਖਾਏਗੀ: — ਇਲਿਆਸ ਘੁੰਮਣ 89
4. ਢਾਈ ਸਦੀਆਂ ਗੰਗਾ ਸਾਗਰ ਦੇ ਦਰਸ਼ਨ ਕਰਵਾਉਂਦੇ ਰਹੇ ਸਨ ਅਜ਼ੀਜ਼ ਉੱਲਾ ਦੇ ਪੁਰਖੇ: — ਪ੍ਰਮਿੰਦਰ ਸਿੰਘ ਜੱਟਪੁਰੀ 96

5. ਗੰਗਾ ਸਾਗਰ ਦੀ ਆਮਦ ਨੇ ਰਾਏਕੋਟ ਦੇ ਇਤਿਹਾਸ ਦਾ ਲਿਖਿਆ ਸੁਨਹਿਰੀ ਪੰਨਾ
-ਪ੍ਰਮਿੰਦਰ ਸਿੰਘ ਜੱਟਪੁਰੀ ਅਤੇ ਗੁਰਦੀਪ ਸਿੰਘ ਰਾਏਕੋਟੀ 97
6. ਪਵਿੱਤਰ ਗੰਗਾ ਸਾਗਰ ਦਾ ਵਾਰਿਸ 'ਰਾਏ ਪਰਿਵਾਰ' ਅਤੇ ਗੁਰੂ ਸਾਹਿਬ ਦੀ
ਬਖ਼ਸ਼ਿਸ਼ ਨਿਸ਼ਾਨੀਆਂ ਦੀ ਸਾਂਭ ਸੰਭਾਲ: 99
7. ਮਾਨਵਤਾ ਦੇ ਮੁਹੱਬਤੀ ਰਿਸ਼ਤੇ ਦੀ ਪਵਿੱਤਰ ਨਿਸ਼ਾਨੀ ਗੰਗਾ ਸਾਗਰ:
-ਪ੍ਰਿੰਸੀਪਲ ਸਰਵਣ ਸਿੰਘ 110

**ਅਧਿਆਇ-3:**
**"ਪਵਿੱਤਰ ਗੰਗਾ ਸਾਗਰ" ਬਾਰੇ ਰਾਏ ਅਜ਼ੀਜ਼ਉੱਲਾ ਖਾਨ ਦੇ ਦਿਲੀ ਉਦਗਾਰ**
1. ਇਕ ਪਿਆਰ ਭਰਿਆ ਖਤ 118
2. ਸ੍ਰੀ ਅਨੰਦਪੁਰ ਸਾਹਿਬ ਵਿਖੇ 1999 ਦੀ ਵਿਸਾਖੀ ਮੌਕੇ ਸਿੱਖ ਪੰਥ ਵਲੋਂ ਮਿਲਿਆ
ਸਨਮਾਨ ਹਮੇਸ਼ਾ ਯਾਦ ਰਹੇਗਾ -ਅਮੀਨ ਮਲਿਕ 122
3. ਗੁਰੂ ਜੀ ਵੱਲੋਂ ਬਖ਼ਸ਼ਿਸ਼ ਗੰਗਾ ਸਾਗਰ ਸਾਡੇ ਲਈ ਵਰਦਾਨ - ਅਜ਼ੀਜ਼ ਉੱਲਾ
- ਮਨਜੀਤ ਸਿੰਘ ਖਾਲਸਾ 127
4. ਪਾਕਿਸਤਾਨ ਨੈਸ਼ਨਲ ਅਸੰਬਲੀ ਦੀ ਚੋਣ ਜਿੱਤਣ ਪਿੱਛੋਂ 129

**ਪੂਰਕ**: ਰਾਏ ਅਜੀਜ਼ ਉੱਲਾ ਦੀ ਸਿੱਖਿਆ, ਖੇਡਾਂ ਅਤੇ ਸਿਆਸਤ ਵਿਚ ਪ੍ਰਾਪਤੀ 134

**ਅੰਤਿਕਾ-1: ਚਾਰ ਪੱਤਰ**
1. ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 136
2. ਸ. ਅਮਰਿੰਦਰ ਸਿੰਘ, ਪ੍ਰਧਾਨ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ 137
3. ਸ. ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ 138
4. ਸ. ਤਰਲੋਚਨ ਸਿੰਘ ਸਾਬਕਾ ਐਮ.ਪੀ. 139

**ਅੰਤਿਕਾ 2**: In Newspaper 140

**ਭਾਗ ਦੂਜਾ: ਸੇਵਕ ਪਰਿਵਾਰ**

**ਅਧਿਆਇ 4: "ਪਵਿੱਤਰ ਗੰਗਾ ਸਾਗਰ" ਦਾ ਸੇਵਕ ਪਰਿਵਾਰ**
1. ਕੁਰਸੀਨਾਮਾ 145
2. Tracing the roots 147
3. History Of Raikot State 149
4. City of Faridkot Past And Present By Fauja Singh R. C. Rabra 161
5. ਰਾਏ ਕੋਟ ਦਾ ਇਤਿਹਾਸ 162
6. Raikot 165

ਪੂਰਕ 1: ਇਲਾਹੀ ਬਾਬਾ ਨੰਦ ਸਿੰਘ ਜੀ ਦੀਆਂ ਜੀਵਨ ਝਲਕੀਆਂ: ਅਨੰਦ ਚਮਤਕਾਰ 169
ਪੂਰਕ 2: ਅਨੰਦ ਸਰੋਵਰ: ਜੀਵਨ ਸੰਤ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ 171
ਪੂਰਕ 3: ਜੀਵਨ ਇਲਾਹੀ ਜੋਤ ਬਾਬਾ ਨੰਦ ਸਿੰਘ ਜੀ ਮਹਾਰਾਜ (ਕਲੇਰਾਂ ਵਾਲੇ) 173
ਪੂਰਕ 4: Anand Sarovar (The Holy Pond of Blissful Joy) 177
(Biography of Sant Baba Nand Singh ji Kaleran wale)
ਪੂਰਕ 5: ਗੁਰਦੁਆਰਾ ਸਾਹਿਬ ਟਾਹਲੀਆਣਾ ਸਾਹਿਬ ਰਾਏਕੋਟ (ਲੁਧਿਆਣਾ) 179
A Symbol of Love and Humanity 183

## ਦਸਮੇਸ਼-ਪਿਤਾ ਬਖ਼ਸ਼ਿਸ਼ "ਪਵਿੱਤਰ ਗੰਗਾ-ਸਾਗਰ" : ਵਿਰਸਾ ਤੇ ਵਰਤਮਾਨ

ਦਸਮੇਸ਼-ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਰਾਏਕੋਟ ਠਹਿਰਨ ਦੌਰਾਨ ਆਪਣੇ ਮੇਜ਼ਬਾਨ ਰਾਏ ਕੱਲ੍ਹਾ ਜੀ ਨੂੰ ਬਖਸ਼ੇ ਗੰਗਾ ਸਾਗਰ ਬਾਰੇ ਪ੍ਰਸਿੱਧ ਵਿਦਵਾਨ ਡਾ. ਗੁਰਦੇਵ ਸਿੰਘ ਸਿੱਧੂ ਦੀ ਲਿਖੀ ਹੱਥਲੀ ਪੁਸਤਕ "ਦਸਮੇਸ਼-ਪਿਤਾ ਬਖ਼ਸ਼ਿਸ਼-ਪਵਿੱਤਰ ਗੰਗਾ ਸਾਗਰ ਸੁੱਚੀ ਸੇਵਾ ਸੰਭਾਲ" ਸਿਰਫ਼ ਇਤਿਹਾਸਕ ਹਵਾਲਿਆਂ ਵਾਲਾ ਦਸਤਾਵੇਜ਼ ਹੀ ਨਹੀਂ ਸਗੋਂ ਆਸਥਾ ਤੇ ਗੁਰੂ ਨਿਸ਼ਾਨੀਆਂ ਪ੍ਰਤੀ ਸਤਿਕਾਰ ਭੇਂਟ ਦਾ ਵੀ ਭਰਪੂਰ ਖ਼ਜ਼ਾਨਾ ਹੈ।

ਸੱਰੀ (ਕੈਨੇਡਾ) ਵੱਸਦੇ ਮੇਰੇ ਮਿਹਰਬਾਨ ਰਾਏ ਅਜ਼ੀਜ਼ ਉਲਾ ਖ਼ਾਨ ਰਾਏ ਕੱਲ੍ਹਾ ਜੀ ਦੇ ਵਰਤਮਾਨ ਵਾਰਸ ਹਨ। ਇਹ ਪਰਿਵਾਰ ਦੇਸ਼ ਵੰਡ ਮੌਕੇ 1947 ਵਿੱਚ ਪਾਕਿਸਤਾਨ ਦੇ ਜ਼ਿਲ੍ਹਾ ਸਾਹੀਵਾਲ ਵਿੱਚ ਜਾ ਵੱਸਿਆ। ਵਿਰਾਸਤ ਵਿੱਚ ਮਿਲਿਆ "ਗੰਗਾ ਸਾਗਰ" ਵੀ ਉਹ ਨਾਲ ਹੀ ਲੈ ਗਏ। ਪੂਰੇ ਸਤਿਕਾਰ ਨਾਲ "ਗੰਗਾ ਸਾਗਰ" ਦੀ ਹੁਣ ਤੀਕ ਸਾਂਭ ਸੰਭਾਲ ਕੀਤੀ ਜਾ ਰਹੀ ਹੈ।

ਲਗਪਗ ਪਿਛਲੇ 26 ਸਾਲ ਤੋਂ ਮੈਂ ਰਾਏ ਅਜ਼ੀਜ਼ ਉਲਾ ਖ਼ਾਨ ਸਾਹਿਬ ਜੀ ਦੇ ਨਿੱਜੀ ਸੰਪਰਕ ਵਿੱਚ ਹਾਂ। ਉਹ ਜਦ ਵੀ ਪੰਜਾਬ ਆਏ ਹਨ ਜਾਂ ਮੈਂ ਕੈਨੇਡਾ ਜਾਂ ਪਾਕਿਸਤਾਨ ਗਿਆ ਹਾਂ, ਹਰ ਵਾਰ ਉਨ੍ਹਾਂ ਨਾਲ ਮੁਲਾਕਾਤ ਕਰਕੇ ਆਨੰਦ ਵਿਭੋਰ ਹੁੰਦਾ ਹਾਂ।

ਖੋਜੀ ਵਿਦਵਾਨ ਡਾ. ਗੁਰਦੇਵ ਸਿੰਘ ਸਿੱਧੂ ਜੀ ਦੀ ਪਿਛਲੀ ਕੈਨੇਡਾ ਫੇਰੀ ਦੌਰਾਨ ਉਨ੍ਹਾਂ ਦੀ ਰਾਏ ਅਜ਼ੀਜ਼ ਉਲਾ ਖ਼ਾਨ ਸਾਹਿਬ ਨਾਲ ਮੁਲਾਕਾਤ ਦਾ ਸਬੱਬ ਬਣਿਆ ਤਾਂ ਉਸ ਵਿੱਚੋਂ ਇਹ ਕਿਤਾਬ ਨਿਕਲ ਆਈ। ਰਾਏ ਸਾਹਿਬ ਕੋਲ ਗੰਗਾ ਸਾਗਰ ਨਾਲ ਸਬੰਧਿਤ ਪ੍ਰਮਾਣੀਕ ਅਥਾਹ ਜਾਣਕਾਰੀ ਸੀ ਪਰ ਬੱਝਵੇਂ ਅਸਰ ਲਈ ਇੱਕ ਕਿਤਾਬ ਦਾ ਹੋਣਾ ਬੇਹੱਦ ਜ਼ਰੂਰੀ ਸੀ। ਇਹ ਪੁਸਤਕ ਯਕੀਨਨ ਜਗਿਆਸੂਆਂ ਲਈ ਮਹੱਤਵਪੂਰਨ ਹਵਾਲਾ ਭਰਪੂਰ ਸੋਮਾ ਬਣੇਗੀ।

ਗੰਗਾ ਸਾਗਰ ਬਾਰੇ ਜਿੰਨੀ ਕੁ ਜਾਣਕਾਰੀ ਮੈਨੂੰ ਹੈ, ਉਹ ਸੰਖੇਪ ਰੂਪ ਵਿੱਚ ਇੰਜ ਹੈ ਕਿ ਜਦੋਂ ਸਿੱਖ ਪੰਥ ਛੋਟੇ ਤੇ ਵੱਡੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੀ ਯਾਦ ਵਿੱਚ ਸ਼ਹੀਦੀ ਸਪਤਾਹ ਮਨਾਉਂਦਾ ਹੈ ਤਾਂ ਸਾਡਾ ਧਿਆਨ ਸੁਭਾਵਿਕ ਤੌਰ 'ਤੇ ਰਾਏਕੋਟ ਰਿਆਸਤ ਦੇ ਉਸ ਸਮੇਂ ਦੇ ਮੁਖੀ ਰਾਏ ਕੱਲ੍ਹਾ ਵੱਲ ਵੀ ਜਾਂਦਾ ਹੈ ਜਿਨ੍ਹਾਂ ਨੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਸ ਸਮੇਂ ਮੁਗਲ ਹਕੂਮਤ ਦੇ ਜ਼ੁਲਮ ਤੇ ਜਬਰ ਦੀ ਪਰਵਾਹ ਨਾ ਕਰਦੇ ਰਾਏਕੋਟ ਵਿਖੇ ਟਹਿਲ ਸੇਵਾ ਕੀਤੀ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਗੰਗਾ ਸਾਗਰ (ਸੁਰਾਹੀ ਨੁਮਾ ਬਰਤਨ), ਕ੍ਰਿਪਾਨ ਤੇ ਰੀਹਲ ਆਦਿ ਵਸਤਾਂ ਦੀ ਬਖ਼ਸ਼ਿਸ਼ ਕੀਤੀ ਸੀ। ਕਈ

ਪੀੜ੍ਹੀਆਂ ਤੋਂ ਇਹ ਪਰਿਵਾਰ ਗੰਗਾ ਸਾਗਰ ਦੀ ਸੰਭਾਲ ਕਰ ਰਿਹਾ ਹੈ ਅਤੇ ਸਮੇਂ ਸਮੇਂ ਸੰਗਤਾਂ ਨੂੰ ਉਸਦੇ ਦਰਸ਼ਨ ਵੀ ਕਰਵਾਉਂਦਾ ਹੈ।

ਰਾਏ ਕੱਲ੍ਹਾ ਪਰਿਵਾਰ ਦੇ ਪਿਛੋਕੜ ਤੇ ਵਰਤਮਾਨ ਬਾਰੇ ਇਸ ਲੇਖ ਵਿੱਚ ਚਰਚਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਜੈਸਲਮੇਰ (ਰਾਜਸਥਾਨ) ਤੋਂ ਆਏ ਰਾਏ ਤੁਲਸੀ ਦਾਸ ਰਾਜਾ ਵਿਕਰਮਾਦਿੱਤਯ ਸਮੇਂ ਹਠੂਰ ਦੇ ਰਾਜਾ ਬਣੇ। ਉਨ੍ਹਾਂ ਨੇ ਸੰਨ 1251 ਵਿੱਚ ਤਨਵਰ ਰਾਜਪੂਤ ਰਾਜੇ ਨੂੰ ਹਰਾ ਕੇ ਮੋਗਾ ਤੇ ਲੁਧਿਆਣਾ ਖੇਤਰ ਦੇ ਕੁਝ ਇਲਾਕੇ ਮਿਲਾ ਕੇ ਰਾਏਕੋਟ ਨੂੰ ਆਪਣੀ ਰਾਜਧਾਨੀ ਬਣਾ ਲਿਆ। ਸੂਫੀ ਫਕੀਰ ਪੀਰ ਸੱਯਦ ਕਬੀਰ ਬੁਖਾਰੀ ਜੀ ਅਤੇ ਉਨ੍ਹਾਂ ਦੇ ਗੱਦੀ-ਨਸ਼ੀਨ ਪੰਜ ਪੀਰ ਮਖਦੂਮ ਜਹਾਨੀਆ ਗਸ਼ਤ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਇਨ੍ਹਾਂ ਨੇ ਇਸਲਾਮ ਧਾਰਨ ਕਰ ਲਿਆ ਅਤੇ ਸਰਾਜ-ਉਦ-ਦੀਨ ਕਲੀਮ-ਉਦ=ਦੀਨ ਦੇ ਮੁਸਲਿਮ ਨਾਂ ਨਾਲ ਜਾਣੇ ਜਾਣ ਲੱਗੇ। ਉਨ੍ਹਾਂ ਦੇ ਉੱਤਰਾ ਅਧਿਕਾਰੀਆਂ ਨੇ ਹਠੂਰ ਤੋਂ ਇਲਾਵਾ ਰਾਏਕੋਟ, ਚਕਰ, ਜਗਰਾਉਂ, ਹਲਵਾਰਾ, ਤਲਵੰਡੀ ਰਾਏ, ਧਨੇਰ, ਸ਼ਾਹਬਾਜ਼ਪੁਰ, ਕਸਬਾ, ਕੁਤਬਾ, ਤਲਵਣ, ਨਕੋਦਰ ਸਮੇਤ ਵਰਤਮਾਨ ਜਲੰਧਰ ਜ਼ਿਲ੍ਹੇ ਦੇ ਮੰਜਕੀ ਇਲਾਕੇ ਦੇ 12 ਪਿੰਡ ਵਸਾਏ। ਇਸ ਦਾ ਹਵਾਲਾ ਫਰਾਂਸਿਸ ਮੈਸੀ ਦੀ ਪੁਸਤਕ **ਚੀਫਜ਼ ਆਫ਼ ਪੰਜਾਬ** ਵਿੱਚ ਵੀ ਮਿਲਦਾ ਹੈ। ਰਾਏ ਕਮਾਲ-ਉਦ-ਦੀਨ ਰਾਏ ਸਰਾਜ-ਉਦ-ਦੀਨ (ਸ਼ੇਖ ਚਾਚੂ) ਦੇ ਉੱਤਰਾਧਿਕਾਰੀ ਬਣੇ। ਆਪ ਰਾਏ ਸ਼ਾਹਬਾਜ਼ ਖਾਨ ਦੇ ਇਕਲੌਤੇ ਸਪੁੱਤਰ ਸਨ। ਰਾਏ ਕਮਾਲ-ਉਦ-ਦੀਨ ਦੇ ਅੱਗਿਉਂ ਇਕਲੌਤੇ ਫਰਜ਼ੰਦ ਰਾਏ ਕੱਲ੍ਹਾ ਜੀ ਸਨ। ਭਾਵੇਂ ਰਾਏਕੋਟ ਰਿਆਸਤ ਇਸਲਾਮੀ ਅਸਰ ਕਬੂਲ ਕਰ ਚੁੱਕੀ ਸੀ ਪਰ ਇਸ ਦੇ ਮੁਖੀ ਰਾਏ ਕੱਲ੍ਹਾ ਜੀ ਸਰਬ ਧਰਮ ਸਤਿਕਾਰ ਦੇ ਵਿਸ਼ਵਾਸੀ ਸਨ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਨੰਦਪੁਰ ਸਾਹਿਬ ਛੱਡਣ ਵੇਲੇ ਮੁਗਲੀਆ ਹਕੂਮਤ ਅਤੇ ਪਹਾੜੀ ਰਾਜੇ ਆਪ ਜੀ ਦੇ ਖੂਨ ਦੇ ਪਿਆਸੇ ਸਨ। ਉਸ ਖ਼ਤਰਨਾਕ ਸਮੇਂ ਰਾਏ ਕੱਲ੍ਹਾ ਜੀ ਨੇ ਆਪਣੀ ਜਾਨ ਮਾਲ ਦੀ ਪਰਵਾਹ ਕੀਤੇ ਬਗੈਰ ਮੁਸਲਮਾਨ ਹੋਣ ਦੇ ਬਾਵਜੂਦ ਦਸਮੇਸ਼-ਪਿਤਾ ਜੀ ਦਾ ਸਾਥ ਨਿਭਾਇਆ। ਗੁਰੂ ਸਾਹਿਬ ਜੀ ਨੂੰ ਰਿਹਾਇਸ਼ ਲਈ ਆਪਣੀ ਹਵੇਲੀ 'ਤੇ ਸੁਰੱਖਿਆ ਛਤਰੀ ਮੁਹਈਆ ਕਰਵਾਈ। ਗੁਰੂ ਸਾਹਿਬ ਦੀ ਟਹਿਲ ਸੇਵਾ 'ਚ ਆਪ ਹਰ ਪਲ ਹਾਜ਼ਰ ਰਹੇ। ਗੁਰੂ ਜੀ ਵੱਲੋਂ ਦਿੱਤੀਆਂ ਬਖ਼ਸ਼ਿਸ਼ਾਂ ਸਦਕਾ ਗੁਰਦੁਆਰਾ ਟਾਹਲੀਆਣਾ ਸਾਹਿਬ ਇਸੇ ਅਟੁੱਟ ਸਾਂਝ ਦੀ ਗਵਾਹੀ ਦਿੰਦਾ ਹੈ। ਰਾਏ ਕੱਲ੍ਹਾ ਦਾ ਇਕਲੌਤਾ ਸਪੁੱਤਰ ਰਾਏ ਮੁਹੰਮਦ ਰਿਆਸਤ ਦਾ ਮੁਖੀ ਬਣਿਆ। ਰਾਏ ਮੁਹੰਮਦ ਦਾ ਸਪੁੱਤਰ ਰਾਏ ਅਲਿਆਸ ਅਗਲਾ ਵਾਰਸ ਸੀ ਜੋ 1802 'ਚ ਜਗਰਾਉਂ ਨੇੜੇ ਸ਼ਿਕਾਰ ਖੇਡਦਾ ਜਾਨ ਗੁਆ ਬੈਠਾ। ਰਾਏ ਇਲਿਆਸ ਦੀ ਮਾਤਾ ਨੂਰ-ਉਲ-ਨਿਸਾ ਅਤੇ ਬੇਗਮ ਰਾਣੀ ਭਾਗਭਰੀ ਵੱਲੋਂ ਇਸ ਵੇਲੇ ਰਿਆਸਤ ਦੀ ਵਾਗ ਡੋਰ ਸੰਭਾਲੀ ਗਈ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਦੌਰਾਨ 1806 'ਚ ਰਾਏਕੋਟ ਰਿਆਸਤ ਨੂੰ ਖਾਲਸਾ ਰਾਜ ਵਿੱਚ ਸ਼ਾਮਿਲ ਕਰ ਲਿਆ ਗਿਆ। ਰਾਣੀ ਨੂਰ-ਉਲ-ਨਿਸਾ ਨੂੰ ਰਿਆਸਤ ਦਾ ਕੁਝ ਇਲਾਕਾ ਜਾਗੀਰ ਵਜੋਂ ਦੇ ਦਿੱਤਾ ਗਿਆ।

**ਰਾਏ ਇਮਾਮ ਬਖਸ਼:** ਰਾਣੀ ਭਾਗਭਰੀ ਦਾ ਮੁਤਬੰਨਾ ਪੁੱਤਰ ਰਾਏ ਇਮਾਮ ਬਖਸ਼ ਸੀ

ਜੋ ਰਾਏਕੋਟ ਦੇ ਬਾਣੀਆਂ 'ਚੋਂ ਇਕ ਰਾਏ ਫਤਿਹ ਖਾਨ ਦਾ ਪੜਦੋਹਤਾ ਸੀ। ਰਾਣੀ ਭਾਗਭਰੀ ਨੇ ਸੰਨ 1854 ਵਿੱਚ ਇਮਾਮ ਬਖਸ਼ ਨੂੰ ਆਪਣਾ ਉੱਤਰਾਧਿਕਾਰੀ ਐਲਾਨਿਆ। ਇਤਿਹਾਸਕਾਰ ਲੈਪਲ ਹੈਨਰੀ ਗ੍ਰਿਫਨ ਦੀ ਪੁਸਤਕ **ਰਾਜਾਜ਼ ਆਫ਼ ਦੀ ਪੰਜਾਬ** (1870) ਦੇ ਪੰਨਾ 60 ਤੇ ਇਹ ਹਵਾਲਾ ਮਿਲਦਾ ਹੈ। ਰਾਏ ਇਮਾਮ ਬਖਸ਼ ਦੀ 1876 ਵਿੱਚ ਮੌਤ ਮਗਰੋਂ ਉਨ੍ਹਾਂ ਦੇ ਪੁੱਤਰ ਰਾਏ ਫੈਜ਼ ਤਾਲਬ ਖਾਨ ਰਿਆਸਤ ਦੇ ਮੁਖੀ ਬਣੇ। ਬ੍ਰਿਟਿਸ਼ ਹਕੂਮਤ ਅਧੀਨ ਉਹ ਮਿਊਂਸੀਪਲ ਕਮੇਟੀ ਦੇ ਪ੍ਰਧਾਨ, ਮੈਜਿਸਟਰੇਟ ਤੇ ਸਿਵਲ ਜੱਜ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਮੌਤ ਸੰਨ 1900 ਵਿਚ ਹੋਈ ਜਿਸ ਉਪਰੰਤ ਰਿਆਸਤ ਦੀ ਵਾਗ ਡੋਰ ਉਨ੍ਹਾਂ ਦੇ 1870 'ਚ ਜਨਮੇ ਸਪੁੱਤਰ ਰਾਏ ਅਨਾਇਤ ਖਾਨ ਸਾਹਿਬ ਨੇ ਸੰਭਾਲੀ। ਆਪ ਨੇ ਮਿਊਂਸਪਲ ਕਮੇਟੀ ਜਗਰਾਉਂ ਦੇ ਪ੍ਰਧਾਨ ਦੀ ਸੇਵਾ ਵੀ ਸੰਭਾਲੀ। ਮੈਜਿਸਟਰੇਟ ਹੋਣ ਤੋਂ ਇਲਾਵਾ ਆਪ ਨੂੰ 1935 ਵਿੱਚ ਜਗਰਾਉਂ ਤਹਿਸੀਲ ਦਾ ਸਿਵਲ ਜੱਜ ਨਿਯੁਕਤ ਕੀਤਾ ਗਿਆ। 1947 ਚ ਆਪ ਦੇਸ਼ ਵੰਡ ਕਾਰਨ ਪਾਕਿਸਤਾਨ ਚਲੇ ਗਏ। ਆਪ 1953 ਚ ਅੱਲਾ ਨੂੰ ਪਿਆਰੇ ਹੋ ਗਏ। ਪਾਕਿਸਤਾਨ ਜਾਣ ਲੱਗਿਆਂ ਵੀ ਉਨ੍ਹਾਂ ਸਿੱਖ ਸੰਗਤਾਂ ਨੂੰ ਦਸ਼ਮੇਸ਼ ਪਿਤਾ ਜੀ ਦੀ ਛੋਹ ਪ੍ਰਾਪਤ "ਪਵਿੱਤਰ ਗੰਗਾ ਸਾਗਰ" ਦੇ ਦਰਸ਼ਨ ਕਰਵਾਏ ਸਨ।

**ਰਾਏ ਫਕੀਰ ਉਲਾ ਖਾਨ:** ਰਾਏ ਇਨਾਇਤ ਖਾਨ ਦੇ 1930 ਚ ਜਨਮੇ ਇਕਲੌਤੇ ਸਪੁੱਤਰ ਰਾਏ ਫਕੀਰ ਉਲਾ ਖਾਨ ਨੇ ਦੇਸ਼ ਵੰਡ ਤੋਂ ਪਹਿਲਾਂ ਲਾਹੌਰ ਦੇ ਐਚੀਸਨ ਕਾਲਜ ਤੋਂ ਪੜ੍ਹਾਈ ਕੀਤੀ ਅਤੇ ਵੰਡ ਮਗਰੋਂ ਬਾਪ ਨਾਲ ਪਾਕਿਸਤਾਨ ਚਲੇ ਗਏ। ਸਿਰਫ 28 ਸਾਲ ਦੀ ਉਮਰ ਵੇਲੇ ਆਪ ਗੁਜ਼ਰ ਗਏ। ਉਨ੍ਹਾਂ ਦੇ ਇਕਲੌਤੇ ਸਪੁੱਤਰ ਰਾਏ ਅਜ਼ੀਜ਼ ਉਲਾ ਖਾਨ ਸਾਹਿਬ ਦੀ ਉਸ ਵੇਲੇ ਉਮਰ ਮਸਾਂ ਛੇ ਸਾਲ ਸੀ। ਰਾਏ ਅਜ਼ੀਜ਼ ਉਲਾ ਖਾਨ ਜੀ ਚਾਰ ਸਾਲ ਦੇ ਸਨ ਜਦ ਮਾਤਾ ਜੀ ਫੌਤ ਹੋ ਗਏ। ਦਾਦੀ ਜੀ ਦੀ ਦੇਖ ਰੇਖ ਹੇਠ ਪ੍ਰਵਾਨ ਚੜ੍ਹੇ ਰਾਏ ਅਜ਼ੀਜ਼ ਉਲਾ ਖਾਨ ਨੇ ਐਚੀਸਨ ਕਾਲਜ ਲਾਹੌਰ ਅਤੇ ਗੌਰਮੈਂਟ ਕਾਲਜ ਲਾਹੌਰ ਤੋਂ ਉਚੇਰੀ ਸਿੱਖਿਆ ਗ੍ਰਹਿਣ ਕੀਤੀ। ਲੁਧਿਆਣਾ ਤੋਂ 1945 'ਚ ਐਮ. ਐਲ. ਏ. ਬਣੇ ਰਾਏ ਮੁਹੰਮਦ ਇਕਬਾਲ ਦੀ ਬੇਟੀ ਬੇਗਮ ਤਬੱਸਮ ਆਪ ਦੀ ਜੀਵਨ ਸਾਥਣ ਹੈ। ਰਾਏ ਅਜੀਜ਼ ਉਲਾ ਖਾਨ ਸਾਹਿਬ ਪਾਕਿਸਤਾਨ ਦੀ ਪਾਰਲੀਮੈਂਟ ਦੇ ਚੀਚਾਵਤਨੀ ਤੋਂ ਮੈਂਬਰ ਨੈਸ਼ਨਲ ਅਸੈਂਬਲੀ ਤੇ ਪਾਰਲੀਮਾਨੀ ਸਕੱਤਰ ਵੀ ਰਹੇ ਹਨ। ਦਾਦੀ ਮਾਤਾ ਜੀ ਨੇ ਆਪ ਨੂੰ ਬਾਲਗ ਹੋਣ ਉਪਰੰਤ ਗੰਗਾ ਸਾਗਰ ਤੇ ਹੋਰ ਪਵਿੱਤਰ ਵਿਰਾਸਤ ਸੌਂਪੀ। ਇਸ ਵਡਮੁੱਲੀ ਵਿਰਾਸਤ ਦੇ ਕਸਟੋਡੀਅਨ ਹੋਣ ਕਾਰਨ ਆਪ ਨੇ ਦੇਸ਼ ਵੰਡ ਹੋਣ ਉਪਰੰਤ ਦਸਮੇਸ਼-ਪਿਤਾ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤ੍ਰੈ ਸ਼ਤਾਬਦੀ ਮੌਕੇ ਸਿੱਖ ਸੰਗਤਾਂ ਨੂੰ ਇਸ ਗੰਗਾ ਸਾਗਰ ਦੇ ਦਰਸ਼ਨ ਕਰਵਾਏ। ਰਾਏਕੋਟ ਸਮੇਤ ਸਾਰੇ ਪੰਜਾਬ ਵਿੱਚ ਸਿੱਖ ਸੰਗਤਾਂ ਨੇ ਗੰਗਾ ਸਾਗਰ ਦੇ ਦਰਸ਼ਨ ਕੀਤੇ। ਦੇਸ਼-ਵਿਦੇਸ਼ ਵਿੱਚ ਸਿੱਖ ਸੰਗਤਾਂ ਰਾਏ ਅਜ਼ੀਜ਼ ਉਲਾ ਖਾਨ ਸਾਹਿਬ ਨੂੰ ਦਸ਼ਮੇਸ਼ ਪਿਤਾ ਜੀ ਦੇ ਸਨੇਹ ਅਭਿਲਾਸ਼ੀ ਹੋਣ ਕਾਰਨ ਬਹੁਤ ਸਤਿਕਾਰ ਭੇਟ ਕਰਦੀਆਂ ਹਨ।

ਡਾ. ਗੁਰਦੇਵ ਸਿੰਘ ਸਿੱਧੂ ਜੀ ਨੇ ਇਸ ਕਿਤਾਬ ਦੀ ਵਿਉਂਤਕਾਰੀ ਬੜੇ ਵਿਗਿਆਨਕ

ਢੰਗ ਨਾਲ ਕੀਤੀ ਹੈ। ਇਤਿਹਾਸ ਤੋਂ ਵਰਤਮਾਨ ਵੱਲ ਤੁਰਦੀ ਵਿਉਂਤਕਾਰੀ ਵਿੱਚ ਭਾਗ ਪਹਿਲਾ ਅੰਦਰ ਗੁਰੂ ਕੀਆਂ ਸਾਖੀਆਂ (1790 ਈ:), ਗੁਰ ਪ੍ਰਤਾਪ ਸੂਰਜ ਗ੍ਰੰਥ (1843 ਈ:), ਪੰਥ ਪ੍ਰਕਾਸ਼ (1874 ਈ:), ਸ੍ਰੀ ਕਲਗੀਧਰ ਚਮਤਕਾਰ (1925 ਈ:), ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ (1930 ਈ:), ਦੁਸ਼ਟ ਦਮਨ ਪ੍ਰਕਾਸ਼ (1930 ਈ:), ਮਾਲਵਾ ਇਤਿਹਾਸ (1954 ਈ:), ਪ੍ਰਸੰਗ ਰਾਏ ਕੱਲ੍ਹਾ (1956 ਈ:), ਰਾਏਕੋਟ ਸਰਵੇ ਪੁਸਤਕ (1971), Encyclopeida of Sikhism (1996 ਈ:), The Sikh Reference Book (1997 ਈ: ) ਖਾਲਸਾ ਪੰਥ ਦੀ ਤੀਜੀ ਸਿਰਜਣਾ ਸ਼ਤਾਬਦੀ ਸਮੇਂ 1999 ਵਿਚ ਸ੍ਰੀ ਅਨੰਦਪੁਰ ਸਾਹਿਬ ਵਿਚ ਵੰਡਿਆ ਗਿਆ ਪੱਤਰ, ਸ੍ਰੀ ਗੁਰ ਸੂਰਜ ਪ੍ਰਕਾਸ਼ ਪਦ ਟਿੱਪਣੀ (2005), ਚਰਨ ਚਲਉ ਮਾਰਗਿ ਗੋਬਿੰਦ (2010 ਈ:), ਨਵਾਂ ਮਹਾਨ ਕੋਸ਼ (2020 ਈ:), ਸ੍ਰੀ ਸਾਹਿਬ ਜੀ ਸਹਾਇ (2025 ਈ:) ਤੋਂ ਇਲਾਵਾ ਇਕ ਅਗਿਆਤ (ਮਿਤੀਹੀਣ) ਲਿਖਤ ਵਿਚੋਂ ਪਵਿੱਤਰ ਗੰਗਾ ਸਾਗਰ ਤੇ ਇਸ ਨਾਲ ਜੁੜਦੇ ਇਤਿਹਾਸਕ ਹਵਾਲੇ ਤੇ ਪ੍ਰਸੰਗ ਪੇਸ਼ ਪੇਸ਼ ਹਨ।

ਅਧਿਆਇ-2 ਵਿੱਚ ਰੋਜ਼ਾਨਾ 'ਅਜੀਤ' ਅਖਬਾਰ ਦੇ ਵੱਖ ਵੱਖ ਅੰਕਾਂ ਵਿਚ ਸਮੇਂ ਸਮੇਂ ਪ੍ਰਕਾਸ਼ਿਤ ਲੇਖ - ਢਾਈ ਸਦੀਆਂ ਗੰਗਾ ਸਾਗਰ ਦੇ ਦਰਸ਼ਨ ਕਰਵਾਉਂਦੇ ਰਹੇ ਸਨ ਅਜ਼ੀਜ਼ ਉੱਲਾ ਦੇ ਪੁਰਖੇ; ਜਦੋਂ ਗੰਗਾ ਸਾਗਰ ਪ੍ਰਵਾਸੀ ਬਣਿਆ; ਜੱਦੀ ਹਵੇਲੀ ਵਿਚ ਰਾਏ ਅਜ਼ੀਜ਼ ਉੱਲਾ ਖਾਨ ਦੇ ਜ਼ਜਬਾਤੀ ਪਲ; ਸੰਗਤਾਂ ਦੀ ਗੰਗਾ ਸਾਗਰ ਲਈ ਤੜਫ ਇਕ ਦਿਨ ਜਰੂਰ ਰੰਗ ਵਖਾਏਗੀ; ਗੰਗਾ ਸਾਗਰ ਦੀ ਆਮਦ ਨੇ ਰਾਏਕੋਟ ਦੇ ਇਤਿਹਾਸ ਦਾ ਲਿਖਿਆ ਸੁਨਹਿਰੀ ਪੰਨਾ; ਪਵਿੱਤਰ ਗੰਗਾ ਸਾਗਰ ਦਾ ਵਾਰਿਸ 'ਰਾਏ ਪਰਿਵਾਰ' ਅਤੇ ਗੁਰੂ ਸਾਹਿਬ ਦੀ ਬਖ਼ਸ਼ਿਸ਼ ਨਿਸ਼ਾਨੀਆਂ ਦੀ ਸਾਂਭ ਸੰਭਾਲ - ਦੇ ਨਾਲ ਅੰਤਿਕਾ ਵਿਚ ਰਾਏ ਅਜੀਜ਼ ਉੱਲਾ ਦੀ ਸਿੱਖਿਆ, ਖੇਡਾਂ ਅਤੇ ਸਿਆਸਤ ਵਿਚ ਪ੍ਰਾਪਤੀ ਦਾ ਜ਼ਿਕਰ ਕੀਤਾ ਗਿਆ ਹੈ।

ਅਧਿਆਇ-3 ਵਿਚ “ਪਵਿੱਤਰ ਗੰਗਾ ਸਾਗਰ” ਬਾਰੇ ਰਾਏ ਅਜ਼ੀਜ਼ਉੱਲਾ ਖਾਨ ਦੇ ਦਿਲੀ ਉਦਗਾਰ 'ਇਕ ਪਿਆਰ ਭਰਿਆ ਖਤ', 'ਸ੍ਰੀ ਅਨੰਦਪੁਰ ਸਾਹਿਬ ਵਿਖੇ 1999 ਦੀ ਵਿਸਾਖੀ ਮੌਕੇ ਸਿੱਖ ਪੰਥ ਵਲੋਂ ਮਿਲਿਆ ਸਨਮਾਨ ਹਮੇਸ਼ਾ ਯਾਦ ਰਹੇਗਾ' 'ਪਾਕਿਸਤਾਨ ਨੈਸ਼ਨਲ ਅਸੰਬਲੀ ਦੀ ਚੋਣ ਜਿੱਤਣ ਪਿੱਛੋਂ' ਸੁਰਖੀਆਂ ਹੇਠ ਦਰਜ ਕੀਤੇ ਗਏ ਹਨ। ਰਾਏ ਅਜ਼ੀਜ਼ ਉਲਾ ਖ਼ਾਨ ਨੂੰ ਮਿਲੇ ਤਿੰਨ ਪੱਤਰ ਵੀ ਪੁਸਤਕ ਦਾ ਸ਼ਿੰਗਾਰ ਹਨ ਜੋ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ. ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ, ਸ. ਅਮਰਿੰਦਰ ਸਿੰਘ, ਪ੍ਰਧਾਨ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਨੇ ਉਨ੍ਹਾਂ ਨੂੰ ਲਿਖੇ। ਅੰਤਿਕਾ ਵਿੱਚ ਗੰਗਾ ਸਾਗਰ ਨਾਲ ਸਬੰਧਤ ਅਖਬਾਰੀ ਖ਼ਬਰਾਂ ਹਨ।

ਭਾਗ ਦੂਜਾ ਵਿਚ “ਪਵਿੱਤਰ ਗੰਗਾ ਸਾਗਰ” ਦੇ ਸੇਵਕ ਪਰਿਵਾਰ ਬਾਰੇ ਜਾਣਕਾਰੀ ਦਰਜ ਹੈ। ਇਸ ਵਿਚ ਪਰਿਵਾਰ ਦਾ ਕੁਰਸੀਨਾਮਾ ਤੇ ਕੁਝ ਹੋਰ ਵੇਰਵੇ ਹਨ, ਜਿੰਨ੍ਹਾਂ ਵਿੱਚ ਅੰਗਰੇਜ਼ੀ ਲਿਖਤਾਂ Tracing the roots; Riakot: The State and its Rulers;

City of Fairdkot: Past and Present ਅਤੇ ਰਾਏ ਕੋਟ ਦਾ ਇਤਿਹਾਸ ਸ਼ਾਮਿਲ ਹਨ। ਪੂਰਕ ਜਾਣਕਾਰੀ ਵਿੱਚ ਬਾਬਾ ਨੰਦ ਸਿੰਘ ਜੀ ਦੀਆਂ ਜੀਵਨ ਝਲਕੀਆਂ: ਅਨੰਦ ਚਮਤਕਾਰ, ਅਨੰਦ ਸਰੋਵਰ: ਜੀਵਨ ਸੰਤ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ, ਜੀਵਨ ਇਲਾਹੀ ਜੋਤ ਬਾਬਾ ਨੰਦ ਸਿੰਘ ਜੀ ਮਹਾਰਾਜ (ਕਲੇਰਾਂ ਵਾਲੇ): ANAND SAROVAR (The Holy Pond of Blissful Joy), (Biography of Sant Baba Nand Singh Ji Kaleran wale), ਇਤਿਹਾਸ ਗੁਰਦੁਆਰਾ ਟਾਹਲੀਆਣਾ ਸਾਹਿਬ ਰਾਏਕੋਟ (ਲੁਧਿਆਣਾ) ਸ਼ਾਮਿਲ ਹਨ।

2.

ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ 300 ਸਾਲਾ ਸਮਾਗਮਾਂ ਵੇਲੇ 2004 ਵਿੱਚ ਰਾਏ ਅਜ਼ੀਜ਼ਉਲਾ ਖ਼ਾਨ ਜਦ ਕਦੇ ਵੀ ਮਿਲੇ ਹਨ, ਦੇਸ਼ ਵੰਡ ਦੇ ਦਰਦਨਾਮੇ ਵਿੱਚ ਉਹ ਹਰ ਵਾਰ ਰਾਏਕੋਟ ਦੀਆਂ ਯਾਦਾਂ ਜ਼ਰੂਰ ਜੋੜਦੇ ਹਨ। ਪੰਜਾਬ ਫੇਰੀ ਦੌਰਾਨ ਰਾਏ ਅਜ਼ੀਜ਼ ਉਲਾ ਖ਼ਾਨ ਸਾਹਿਬ ਨਾਲ ਕਈ ਮੁਲਾਕਾਤਾਂ ਹੋਈਆਂ। ਪਵਿੱਤਰ ਗੰਗਾ ਸਾਗਰ ਦੇ ਨਿਕਟ ਦਰਸ਼ਨ ਕੀਤੇ। ਮੇਰੇ ਪਰਿਵਾਰ ਦੇ ਜੀਆਂ ਤੇ ਸੱਜਣ ਪਿਆਰਿਆਂ ਨੇ ਗੰਗਾ ਸਾਗਰ ਦੀ ਛੋਹ ਪ੍ਰਾਪਤ ਕੀਤੀ। ਰਾਤ ਦਾ ਕਿਆਮ ਰਾਏਕੋਟ ਵਾਲੇ ਸ. ਆਤਮਾ ਸਿੰਘ ਜੀ ਦੇ ਸਪੁੱਤਰ ਸ. ਗੁਰਚਰਨ ਸਿੰਘ ਸ਼ਿੰਗਾਰ ਸਿਨੇਮਾ ਵਾਲਿਆਂ ਦੇ ਘਰ ਗੁਰਦੇਵ ਨਗਰ ਲੁਧਿਆਣਾ ਵਿੱਚ ਸੀ। ਅੱਧੀ ਰਾਤ ਤੀਕ ਰਾਏ ਸਾਹਿਬ ਨਾਲ ਅਸੀਂ ਗੱਲਾਂ ਕਰਦੇ ਰਹੇ। ਮੇਰੇ ਮਿੱਤਰ ਤੇਜ ਪ੍ਰਤਾਪ ਸਿੰਘ ਸੰਧੂ ਨੇ ਯਾਦਗਾਰੀ ਤਸਵੀਰਾਂ ਕਲਿੱਕ ਕੀਤੀਆਂ। ਆਲਮਗੀਰ ਤੋਂ ਰਾਏਕੋਟ ਜਾਣ ਲਈ ਕਾਰ ਤੇ ਸਿਰਫ਼ ਪੰਜਾਹ ਮਿੰਟ ਲੱਗਦੇ ਨੇ ਪਰ ਕਾਫ਼ਲਾ 11 ਘੰਟਿਆਂ ਵਿੱਚ ਪੁੱਜਿਆ। ਦਰਸ਼ਨ ਅਭਿਲਾਸ਼ੀ ਸੜਕ ਦੇ ਦੋਹੀਂ ਪਾਸੀਂ ਤੋੜੋ ਤੋੜ ਕਤਾਰਾਂ ਬੰਨ੍ਹ ਕੇ ਖੜ੍ਹੇ ਸਨ। ਆਸਥਾ ਦਾ ਸਮੁੰਦਰ ਸੀ ਜੀਕੂੰ। ਜਦ ਰਾਏ ਸਾਹਿਬ ਵਾਪਸ ਪਾਕਿਸਤਾਨ ਪਰਤੇ ਤਾਂ ਉਨ੍ਹਾਂ ਦੇ ਨੇਤਰ ਨਮ ਸਨ। ਉਹ ਨਮ ਨੇਤਰ ਮੈਨੂੰ ਇਹ ਨਜ਼ਮ ਲਿਖਣ ਦਾ ਸਬੱਬ ਦੇ ਗਏ।

ਧਰਤੀ ਮਾਏ ਸਾਂਭ ਕੇ ਰੱਖੀਂ,
ਇਹ ਜੋ ਅੱਥਰੂ ਚਾਰ ਕੁ ਮੇਰੇ।
ਮੈਂ ਤਾਂ ਚੱਲਿਆਂ ਦੂਰ ਦੇਸ ਤੋਂ,
ਸਾਰਾ ਬਾਗ ਹਵਾਲੇ ਤੇਰੇ।

ਤੇਰੀ ਕੁਖ਼ ਦਾ ਜੰਮਿਆ ਜਾਇਆ,
ਅੱਜ ਅਚਾਨਕ ਤੁਰ ਚੱਲਿਆ ਹਾਂ।
ਤੂੰ ਹੀ ਮੈਨੂੰ ਵੱਡਿਆਂ ਕੀਤਾ,
ਤੇਰੇ ਹੁੰਦਿਆਂ ਭੁਰ ਚੱਲਿਆ ਹਾਂ।
ਮੀਂਹ ਵਾਂਗੂੰ ਘਟਨਾਵਾਂ ਝੰਬਿਆ,
ਟਿੱਕੀ ਵਾਂਗੂੰ ਖੁਰ ਚੱਲਿਆ ਹਾਂ।

ਅਗਲਾ ਸਫ਼ਰ ਖ਼ਬਰ ਨਹੀਂ ਮੈਨੂੰ,
ਕਿੱਥੇ ਜਾ ਕੇ ਲੱਗਣੇ ਡੇਰੇ।

ਖੰਭ ਕੁਤਰ ਕੇ ਹੁਕਮ ਸੁਣਾਇਆ,
ਚੱਲ ਪੰਛੀਆ ਮਾਰ ਉਡਾਰੀ।
ਪੈਰਾਂ ਵਿਚ ਉਲਝੀਆਂ ਡੋਰਾਂ,
ਬਣੀ ਮੁਸੀਬਤ ਸਿਰ ਤੇ ਭਾਰੀ।
ਕਿਰਚਾਂ ਵਰਗੇ ਬੰਦੇ ਹੋਏ,
ਸਾਂਝਾਂ ਦੇ ਮੁੱਢ ਫਿਰ ਗਈ ਆਰੀ।
ਆਲ੍ਹਣਿਆਂ ਨੂੰ ਤੋੜ ਤਾੜ ਕੇ,
ਬੋਟ ਅਲੂੰਏਂ ਕਾਵਾਂ ਘੇਰੇ।

ਨਾ ਪੜ੍ਹਿਆ ਨਾ ਸੁਣਿਆ ਕਿਧਰੇ,
ਜੋ ਇਤਿਹਾਸ ਅਸਾਂ ਸੰਗ ਕੀਤਾ।
ਦਰਿਆਵਾਂ ਨੂੰ ਬੰਨ੍ਹ ਮਾਰ ਕੇ,
ਕਿਹੜੇ ਯੁਗ ਦਾ ਬਦਲਾ ਲੀਤਾ।
ਧਰਮ-ਕਰਮ ਨੂੰ ਪਿੱਛੇ ਛੱਡ ਕੇ,
ਸਾਡਾ ਖ਼ੂਨ ਪਿਆਲੀਂ ਪੀਤਾ।
ਲੀਕਾਂ ਵਾਲੇ ਆਖ ਰਹੇ ਨੇ,
ਤੁਸੀਂ ਨਹੀਂ ਕੁਝ ਲੱਗਦੇ ਮੇਰੇ।

ਕਾਹਦਾ ਮਾਏ ਮਾਣ ਕਿ ਤੇਰੀ,
ਬੁੱਕਲ ਦੇ ਵਿਚ ਰਹਿ ਨਹੀਂ ਸਕਦਾ।
ਪਲਕੀਂ ਅੱਥਰੂ ਮਣ ਮਣ ਭਾਰੇ,
ਦਰਦ ਕਹਾਣੀ ਕਹਿ ਨਹੀਂ ਸਕਦਾ।
ਜਿਸ ਮੰਜੇ ਨੂੰ ਹੱਥੀਂ ਉਣਿਆ,
ਉਸਦੀ ਬਾਹੀ ਬਹਿ ਨਹੀਂ ਸਕਦਾ।
ਅੱਜ ਤੋਂ ਬਾਅਦ ਨਾ ਏਥੇ ਰਹਿ ਕੇ,
ਤੱਕਣੇ ਰਾਤ ਦਿਵਸ ਦੇ ਫੇਰੇ।
ਅੰਤਿਮ ਇਸ ਗਲਵੱਕੜੀ ਦਾ ਨਿੱਘ,
ਰੱਬ ਵੀ ਮੈਥੋਂ ਖੋਹ ਨਹੀਂ ਸਕਦਾ।

ਰਾਤੋ ਰਾਤ ਬਦਲ ਜਾਂ ਅੱਖੀਆਂ,
ਏਨਾ ਕਾਫ਼ਰ ਹੋ ਨਹੀਂ ਸਕਦਾ।
ਆ ਓ ਵੀਰਾ! ਰਲ ਕੇ ਰੋਈਏ,
ਭਾਰ ਮੈਂ 'ਕੱਲਾ ਢੋ ਨਹੀਂ ਸਕਦਾ।
ਤਖ਼ਤਾਂ ਵਾਲੇ ਤਖ਼ਤ ਸੰਭਾਲਣ,
ਆ ਜਾ ਤੂੰ ਗਲ ਲੱਗ ਜਾ ਮੇਰੇ।
ਮੈਂ ਤਾਂ ਚੱਲਿਆ ਦੂਰ ਦੇਸ 'ਤੋਂ
ਸਾਰਾ ਬਾਗ ਹਵਾਲੇ ਤੇਰੇ।

ਪਵਿੱਤਰ "ਗੰਗਾ ਸਾਗਰ" ਦੇ ਹਵਾਲੇ ਨਾਲ ਰਾਏ ਸਾਹਿਬ ਨਾਲ ਸਾਡੇ ਰਿਸ਼ਤੇ ਕਿੰਨੇ ਗੂੜ੍ਹੇ ਹੋ ਗਏ, ਇਹ ਵੀ ਕਮਾਲ ਹੀ ਹੈ। ਸੁਪਨੇ ਵਿੱਚ ਵੀ ਕਈ ਵਾਰ ਪਵਿੱਤਰ "ਗੰਗਾ ਸਾਗਰ" ਦੇ ਦਰਸ਼ਨ ਕਰਦਾ ਹਾਂ।

ਪਰ ਉਦਾਸ ਪਹਿਲੂ ਇਹ ਹੈ ਕਿ ਰਾਏਕੋਟ ਵਿੱਚ ਬਹੁਤ ਯਤਨਾਂ ਦੇ ਬਾਵਜੂਦ ਰਾਏ ਕੱਲ੍ਹਾ ਜੀ ਦੀ ਕੋਈ ਮਹੱਤਵ ਪੂਰਨ ਯਾਦਗਾਰ ਨਹੀਂ ਹੈ। 2012 ਵਿੱਚ ਨਗਰ ਪਾਲਿਕਾ ਦੇ ਪ੍ਰਧਾਨ ਸ. ਅਮਨਦੀਪ ਸਿੰਘ ਗਿੱਲ ਨੇ ਦੋ ਏਕੜ ਜ਼ਮੀਨ ਦਾ ਮਤਾ ਪਾ ਕੇ ਚਾਰਦੀਵਾਰੀ ਵੀ ਕਰਵਾ ਦਿੱਤੀ ਸੀ ਕਿ ਇਸ ਸਥਾਨ ਤੇ ਰਾਏ ਕੱਲ੍ਹਾ ਜੀ ਯਾਦਗਾਰੀ ਲਾਇਬਰੇਰੀ ਤੇ ਮਿਉਂਸਪਲ ਪਾਰਕ ਬਣੇ। ਸਰਕਾਰ ਦੀ ਬੇਰੁਖ਼ੀ ਕਾਰਨ ਲਾਇਬਰੇਰੀ ਹੋਂਦ ਵਿੱਚ ਨਹੀਂ ਆ ਸਕੀ, ਪਰ ਆਸ ਤੇ ਹੀ ਜੱਗ ਜਿਉਂਦਾ ਹੈ। ਅਰਦਾਸ ਕਰੋ ਕਿ ਉਹ ਦਿਨ ਜਲਦੀ ਆ ਜਾਵੇ ਜਦ ਰਾਏਕੋਟ ਵਿੱਚ ਅਸੀਂ ਰਾਏ ਕੱਲ੍ਹਾ ਯਾਦਗਾਰੀ ਲਾਇਬਰੇਰੀ ਦਾ ਨਿਰਮਾਣ ਕਰਾਉਣ ਵਿੱਚ ਕਾਮਯਾਬ ਹੋ ਸਕੀਏ।

ਡਾ. ਗੁਰਦੇਵ ਸਿੰਘ ਸਿੱਧੂ ਜੀ ਨੂੰ ਇਹ ਵਡਮੁੱਲੇ ਇਤਿਹਾਸਕ ਮਹੱਤਵ ਵਾਲੀ ਪੁਸਤਕ ਲਿਖਣ ਤੇ ਮੈਂ ਮੁਬਾਰਕ ਦਿੰਦਾ ਹਾਂ। ਉਮੀਦ ਹੈ ਪਾਠਕ ਇਸਦਾ ਭਰਪੂਰ ਸਵਾਗਤ ਕਰਨਗੇ।



*ਗੁਰਭਜਨ ਸਿੰਘ ਗਿੱਲ (ਪ੍ਰੋ.)*
*ਚੇਅਰਮੈਨ*
*ਪੰਜਾਬੀ ਲੋਕ ਵਿਰਾਸਤ ਅਕਾਡਮੀ*
*ਲੁਧਿਆਣਾ।*

# ਠੰਢੇ ਬੁਰਜ ਵਿਚ
# ਇੱਕ ਦਿਨ ਦਾਦੀ ਮਾਤਾ



ਠੰਢੇ ਬੁਰਜ ਵਿਚ ਇੱਕ ਦਿਨ ਦਾਦੀ ਮਾਤਾ,
ਪਈ ਹੱਸ ਹੱਸ ਬੱਚਿਆਂ ਨੂੰ ਤੋਰੇ।
ਨਾਲੇ ਦੇਵੇ ਪਈ ਤਸੱਲੀਆਂ, ਮਾਸੂਮਾਂ ਨੂੰ, ਜਿੰਦੇ ਨੀ
ਨਾਲੇ ਵਿੱਚੇ ਵਿਚ ਆਂਦਰਾਂ ਨੂੰ ਖ਼ੋਰੇ।

ਮੂੰਹੋਂ ਆਖੇ ਮੇਰੇ ਫੁੱਲੋ ਵੇ ਤੁਹਾਨੂੰ,
ਤੱਤੀ ਵਾਅ ਪੱਤਝੜ ਦੀ ਨਾ ਲੱਗੇ।
ਨਾਲੇ ਚੁੰਮ ਚੁੰਮ ਮੂੰਹ ਮੀਟੇ ਕਲੀਆਂ ਦੇ
ਲਾਵੇ ਮੌਤ ਮਰ ਜਾਣੀ ਦੇ ਪਈ ਅੱਗੇ।

ਆਖੇ ਮੰਜ਼ਿਲਾਂ ਦੁਰਾਡੀਆਂ ਦੇ ਰਾਹੀਓ,
ਪੰਧ ਬਿਖੜੇ 'ਚ ਨਹੀਂ ਜੇ ਘਬਰਾਣਾ।
ਮਿਲਦਾ ਸਮਾਂ ਨਹੀਂ ਜੇ ਲੱਖੀਂ ਤੇ ਕਰੋੜੀਂ,
ਹੱਥ ਆਇਆ ਹੈ ਤੇ ਇਹਨੂੰ ਨਹੀਂ ਗਵਾਣਾ।

ਮੇਰੇ ਸੋਹਣੇ ਦਸਮੇਸ਼ ਦਿਓ ਹੀਰਿਓ,
ਮੁੱਲ ਤੇਗਾਂ ਉੱਤੇ ਆਪਣਾ ਪਵਾਣਾ।
ਚਿੱਟੀ ਉੱਜਲੀ ਹੈ ਪੱਗ ਤੁਹਾਡੇ ਬਾਬੇ ਦੀ,
ਮੇਰੇ ਬੱਚਿਓ ਨਾ ਦਾਗ ਕਿਧਰੇ ਲਾਣਾ।

ਜੇ ਕੋਈ ਮਾਰੇ ਮੌਤ ਚੰਦਰੀ ਦਾ ਦਾਬਾ,
ਉਹਨੂੰ ਕਹਿਣਾ ਇਹ ਤਾਂ ਸਾਡੇ ਘਰ ਦੀ ਗੋਲੀ।
ਅਸਾਂ ਬੰਨ੍ਹ ਕੇ ਸ਼ਹੀਦੀਆਂ ਦੇ ਗਾਨੇ,
ਏਸੇ ਮੌਤ ਦੀ ਲਿਆਉਣੀ ਅੱਜ ਡੋਲੀ।
ਜੇ ਕੋਈ ਫਾਂਸੀ ਵਾਲਾ ਡਰ ਭੈੜਾ ਦੱਸੇ,
ਉਹਨੂੰ ਕਹਿਣਾ ਇਹ ਜ਼ਿੰਦਗੀ ਦੀ ਬੂਟੀ।
ਇਹ ਪੀਂਘ ਮਨਸੂਰ ਦੀ ਪੁਰਾਣੀ,
ਸਾਡੇ ਵੱਡਿਆਂ ਨੇ ਲੱਖਾਂ ਵਾਰੀ ਝੂਟੀ।

*-ਕਰਤਾਰ ਸਿੰਘ ਬਲੱਗਣ*

# ਪਿਛੋਕੜ

ਸਮਾਂ ਬੜਾ ਬਲਵਾਨ ਹੈ। ਅਨੇਕ ਮਹੱਤਵਪੂਰਨ ਘਟਨਾਵਾਂ ਅਤੇ ਵਿਰਾਸਤੀ ਵਸਤਾਂ ਜੋ ਆਪਣੇ ਕਾਲ ਦੌਰਾਨ ਅਤੇ ਪਿੱਛੋਂ ਵੀ ਮਹੱਤਵਪੂਰਨ ਰਹੀਆਂ ਹੋਣ, ਜਦ ਸਮੇਂ ਦੀ ਧੂੜ ਹੇਠ ਦੱਬ ਜਾਣ ਤਾਂ ਲੋਕਾਈ ਉਹਨਾਂ ਨੂੰ ਭੁੱਲ ਭੁਲਾ ਜਾਂਦੀ ਹੈ। ਅਜਿਹਾ ਕੁੱਝ ਵਾਪਰਿਆ ਹੈ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਆਪਣੇ ਅਨਿੰਨ ਸੇਵਕ ਰਿਆਸਤ ਰਾਇਕੋਟ ਦੇ ਮਾਲਕ ਰਾਏ ਕੱਲ੍ਹਾ ਦੀ ਸੇਵਾ ਤੋਂ ਖੁਸ਼ ਹੋ ਕੇ ਉਸ ਨੂੰ ਬਖਸ਼ੀਆਂ ਨਿੱਜੀ ਵਸਤਾਂ - ਗੰਗਾ ਸਾਗਰ, ਰੇਹਲ ਅਤੇ ਕ੍ਰਿਪਾਨ - ਨਾਲ। ਪੁਰਾਤਨ ਲਿਖਤਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਰਾਇਕੋਟ ਪਧਾਰਨ ਅਤੇ ਰਾਏ ਕੱਲ੍ਹਾ ਦੀ ਸੇਵਾ ਤੋਂ ਖੁਸ਼ ਹੋ ਕੇ ਉਸ ਨੂੰ ਇਹ ਬਖਸ਼ਸ਼ਾਂ ਕਰਨ ਦੀ ਸਾਖੀ ਮਿਲਦੀ ਹੈ। ਅਠਾਰਵੀਂ ਉਨ੍ਹੀਵੀਂ ਸਦੀ ਵਿਚ ਲੱਕੜ ਦੇ ਰੱਖ ਰਖਾਉ ਵਾਸਤੇ ਦੁਆਈਆਂ ਦੀ ਵਰਤੋਂ ਨਾ ਹੋਣ ਕਾਰਨ ਲੱਕੜ ਦੀ ਰੇਹਲ ਅਉਧ ਪੂਰੀ ਹੋਣ ਉੱਤੇ ਪੂਰੀ ਹੋ ਗਈ, ਇਤਿਹਾਸਿਕ ਅਤੇ ਵਿਰਾਸਤੀ ਪੱਖੋਂ ਅਣਮੁੱਲੀ ਕ੍ਰਿਪਾਨ ਰਾਏ ਪਰਿਵਾਰ ਤੋਂ ਅੰਗਰੇਜ਼ ਹਾਕਮਾਂ ਨੇ ਹਥਿਆ ਲਈ, ਫ਼ਲਸਰੂਪ ਰਹਿ ਗਿਆ ਇਕੱਲਾ ਪਵਿੱਤਰ ਗੰਗਾ ਸਾਗਰ, ਜਿਸ ਨੂੰ ਰਾਏ ਪਰਿਵਾਰ ਨੇ ਪੂਰਨ ਸਤਿਕਾਰ ਨਾਲ ਅਤੇ ਜਿੰਦ ਜਾਨ ਨਾਲੋਂ ਪਿਆਰਾ ਸਮਝ ਕੇ ਸ਼ਰਧਾ ਨਾਲ ਸਾਂਭਿਆ। ਇਹ ਜਾਣਕਾਰੀ ਮਿਲਦੀ ਹੈ ਕਿ ਦੇਸ਼ ਵੰਡ ਤੋਂ ਪਹਿਲਾਂ ਗੁਰਦੁਆਰਾ ਟਾਹਲੀਆਣਾ ਸਾਹਿਬ, ਰਾਇਕੋਟ, ਵਿਖੇ ਸਜਣ ਵਾਲੇ ਸਾਲਾਨਾ ਜੋੜ-ਮੇਲੇ ਦੇ ਇਕ ਦਿਨ ਸਮੂਹ ਸੰਗਤ ਦਾ ਜਲੂਸ ਦੇ ਰੂਪ ਵਿਚ ਸ਼ਬਦ ਪੜ੍ਹਦਿਆਂ ਰਾਏ ਪਰਿਵਾਰ ਦੀ ਹਵੇਲੀ ਤੱਕ ਜਾਣ ਅਤੇ ਉੱਥੇ ਪਵਿੱਤਰ ਗੰਗਾ ਸਾਗਰ ਦੇ ਦਰਸ਼ਨ ਕਰਕੇ ਵਾਪਸ ਆਉਣ ਦੀ ਰਵਾਇਤ ਸੀ, ਪਰ ਜਾਪਦਾ ਹੈ ਕਿ ਦੇਸ਼-ਵੰਡ ਕਾਰਨ ਇਹਨਾਂ ਯਾਦਗਾਰੀ ਵਸਤਾਂ ਅਤੇ ਇਹਨਾਂ ਦੇ ਸੰਭਾਲਣਹਾਰ ਰਾਏ ਪਰਿਵਾਰ ਦੇ ਪਾਕਿਸਤਾਨ ਚਲੇ ਜਾਣ ਕਾਰਨ ਪ੍ਰਚੱਲਤ ਰਵਾਇਤ ਬੰਦ ਹੋ ਗਈ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਸਿੱਖ ਜਗਤ ਨੂੰ ਰਾਏ ਪਰਿਵਾਰ ਨਾਲ ਆਪਣੀ ਸਾਂਝ ਅਤੇ ਇਹਨਾਂ ਬਖਸ਼ਸ਼ਾਂ ਦੀ ਯਾਦ ਵਿਸਰ ਗਈ। ਸ਼ਾਇਦ ਇਹੋ ਕਾਰਨ ਸੀ ਕਿ ਸ. ਗੰਡਾ ਸਿੰਘ ਵੱਲੋਂ ਸੰਸਾਰ ਦੇ ਪ੍ਰਸਿੱਧ ਮਿਸਲਖਾਨਿਆਂ, ਲਾਇਬ੍ਰੇਰੀਆਂ, ਗੁਰਦੁਆਰਾ ਸਾਹਿਬਾਨ ਆਦਿਕ ਦੇ ਵਿਚ, ਅਤੇ ਨਾਲ ਹੀ ਪ੍ਰਮੁੱਖ ਸ਼ਖਸੀਅਤਾਂ ਕੋਲ ਸੁਰੱਖਿਅਤ ਗੁਰੂ ਸਾਹਿਬਾਨ ਨਾਲ ਸੰਬੰਧਿਤ ਯਾਦਗਾਰਾਂ ਦੀ ਬਣਾਈ ਸੂਚੀ, ਜਿਸ ਨੂੰ ਸਿੱਖ ਹਿਸਟਰੀ ਸੁਸਾਇਟੀ, ਅੰਮ੍ਰਿਤਸਰ ਨੇ ਜੂਨ 1950 ਵਿਚ ਪੁਸਤਕ "ਸਿੱਖ ਇਤਿਹਾਸਕ ਯਾਦਗਾਰਾਂ" ਵਿਚ ਪ੍ਰਕਾਸ਼ਿਤ ਕੀਤਾ, ਵਿਚ ਗੰਗਾ ਸਾਗਰ ਦਾ ਜ਼ਿਕਰ ਨਹੀਂ।

ਸਿੱਖ ਵਿਰਾਸਤ ਦੀ ਅਣਮੁੱਲੀ ਵਸਤ 'ਪਵਿੱਤਰ ਗੰਗਾ ਸਾਗਰ' ਨਾਲ ਸਿੱਖ ਸੰਗਤ

ਦੀ ਸਾਂਝ ਨੂੰ ਮੁੜ ਸੁਰਜੀਤ ਕਰਨ ਦਾ ਵਡਮੁੱਲਾ ਕਾਰਜ ਰਾਏ ਕੁਨਬੇ ਦੇ ਪਾਕਿਸਤਾਨ ਦੇ ਵਸਨੀਕ ਵਰਤਮਾਨ ਮੁਖੀ ਰਾਏ ਅਜ਼ੀਜ਼-ਉੱਲਾ-ਖਾਨ ਨੇ ਕੀਤਾ ਜਦ 1994 ਵਿਚ ਉਹ ਇੰਗਲੈਂਡ ਦੀ ਸਿੱਖ ਸੰਗਤ ਦੇ ਸੱਦੇ ਉੱਤੇ 'ਗੰਗਾ ਸਾਗਰ' ਲੈ ਕੇ ਇੰਗਲੈਂਡ ਗਏ। ਇੰਗਲੈਂਡ ਵਿਚ ਇਸ ਦੀ ਚਰਚਾ ਹੋਣ ਪਿੱਛੋਂ ਸੰਸਾਰ ਦੇ ਹਰ ਛੋਟੇ ਵੱਡੇ ਦੇਸ਼ ਵਿਚ ਵੱਸਦੇ ਸਿੱਖਾਂ ਦੇ ਮਨ ਵਿਚ ਇਸ ਪਵਿੱਤਰ ਗੰਗਾ ਸਾਗਰ ਦੇ ਦਰਸ਼ਨ ਕਰਨ ਦੀ ਤਾਂਘ ਉਪਜੀ ਜਿਸ ਨੂੰ ਪੂਰਾ ਕਰਨ ਵਿਚ ਰਾਏ ਅਜ਼ੀਜ਼ਉੱਲਾ ਖਾਨ ਨੇ ਪੂਰਾ ਸਹਿਯੋਗ ਦਿੱਤਾ। ਦੇਸ਼ ਵਿਦੇਸ਼ ਵਿਚ ਵਸਦੀ ਸਿੱਖ ਸੰਗਤ ਵੱਲੋਂ ਪਵਿੱਤਰ ਗੰਗਾ ਸਾਗਰ ਦੇ ਦਰਸ਼ਨ ਕਰਨ ਦੀ ਅਭਿਲਾਸ਼ਾ ਪ੍ਰਗਟਾਏ ਜਾਣ ਉੱਤੇ ਰਾਏ ਸਾਹਿਬ ਨੂੰ ਸੰਗਤ ਦੀ ਇੱਛਾ ਪੂਰਤੀ ਕਰਕੇ ਅਥਾਹ ਖੁਸ਼ੀ ਮਹਿਸੂਸ ਹੁੰਦੀ ਹੈ।

ਰਾਏ ਅਜ਼ੀਜ਼-ਉੱਲਾ ਖਾਨ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਰਾਏਕੋਟ ਤਸ਼ਰੀਫ ਲਿਆਉਣ ਦੀ ਸਾਖੀ ਨਾਲ ਖੱਬਤ ਦੀ ਹੱਦ ਤੱਕ ਲਗਾਉ ਹੈ। ਇਸ ਲਈ ਉਹਨਾਂ ਨੂੰ ਪੜ੍ਹਦਿਆਂ-ਸੁਣਦਿਆਂ ਜਿੱਥੇ ਕਿਧਰੇ ਵੀ ਇਸ ਸਾਖੀ ਦੇ ਲਿਖੇ ਹੋਣ ਦੀ ਸੋਅ ਮਿਲੀ, ਉਸ ਨੂੰ ਢੂੰਡ ਕੇ ਉਸ ਦੀ ਨਕਲ ਪ੍ਰਾਪਤ ਕਰਨੀ ਉਹਨਾਂ ਦਾ ਨਿਸ਼ਾਨਾ ਬਣ ਗਿਆ। ਆਪਣੀ ਇਸ ਲਗਨ ਸਦਕਾ ਉਹ ਅਜਿਹੀ ਚੋਖੀ ਸਮਗਰੀ ਇਕੱਤਰ ਕਰਨ ਵਿਚ ਸਫ਼ਲ ਹੋਏ। ਉਹਨਾਂ ਦੇ ਇਸ ਸੰਗ੍ਰਹਿ ਵਿਚ ਗੁਰਦੁਆਰਾ ਸ੍ਰੀ ਟਾਹਲੀਆਣਾ ਸਾਹਿਬ, ਪਾਃ 10, ਰਾਏਕੋਟ (ਲੁਧਿਆਣਾ) ਦੀ ਪ੍ਰਬੰਧਕੀ ਕਮੇਟੀ ਵੱਲੋਂ ਪ੍ਰਕਾਸ਼ਿਤ ਦੋਪੱਤਰੇ ਤੋਂ ਲੈ ਕੇ ਪ੍ਰੋ. ਪਿਆਰਾ ਸਿੰਘ ਪਦਮ ਵੱਲੋਂ ਸੰਪਾਦਿਤ ਭਾਈ ਸਵਰੂਪ ਸਿੰਘ ਕੌਸ਼ਿਸ਼ ਲਿਖਤ “ਗੁਰੂ ਕੀਆਂ ਸਾਖੀਆਂ” ਦੇ ਪੱਤਰੇ ਸ਼ਾਮਲ ਸਨ। ਉਹਨਾਂ ਦੀ ਇੱਛਾ ਇਸ ਸਮਗਰੀ ਨੂੰ ਪੁਸਤਕ ਰੂਪ ਵਿਚ ਸੰਭਾਲਣ ਦੀ ਸੀ। ਸਰੀ, ਕੈਨੇਡਾ, ਵਿਚ ਰਹਿ ਰਹੇ ਜਨਾਬ ਅਜ਼ੀਜ਼ਉੱਲਾ ਨੇ ਇਸ ਬਾਰੇ ਲੁਧਿਆਣੇ ਵਸਦੇ ਆਪਣੇ ਪਰਮ ਮਿੱਤਰ ਪ੍ਰੋਫ਼ੈਸਰ ਗੁਰਭਜਨ ਸਿੰਘ ਗਿੱਲ ਹੋਰਾਂ ਨਾਲ ਗੱਲ ਕੀਤੀ ਤਾਂ ਪ੍ਰੋ. ਗਿੱਲ ਨੇ ਰਾਏ ਜੀ ਨੂੰ ਇਸ ਕਾਰਜ ਵਿਚ ਮੇਰਾ ਸਹਿਯੋਗ ਲੈਣ ਦਾ ਸੁਝਾਅ ਦਿੱਤਾ। ਸਬੱਬ ਨਾਲ ਇਹਨੀਂ ਦਿਨੀਂ (2024 ਦੀਆਂ ਗਰਮੀਆਂ ਦੌਰਾਨ) ਮੈਂ ਵੀ ਸਰੀ (ਕੈਨੇਡਾ) ਵਿਚ ਸਾਂ। ਰਾਏ ਜੀ ਨੇ ਮਿਲ ਕੇ ਇਹ ਪ੍ਰਸਤਾਵ ਮੇਰੇ ਸਾਹਮਣੇ ਰੱਖਿਆ ਜਿਸ ਨੂੰ ਮੈਂ ਖੁਸ਼ੀ ਖੁਸ਼ੀ ਪ੍ਰਵਾਨ ਕਰ ਲਿਆ। ਨਤੀਜੇ ਵਜੋਂ ਰਾਏ ਜੀ ਨੇ ਆਪਣੇ ਪਾਸ ਪਈ ਲਿਖਤੀ ਸਮਗਰੀ ਮੈਨੂੰ ਸੌਂਪ ਦਿੱਤੀ। ਕੁੱਝ ਹੋਰ ਸੰਬੰਧਿਤ ਸਮਗਰੀ ਮੈਂ ਇਧਰੋਂ ਉਧਰੋਂ ਇਕੱਠੀ ਕੀਤੀ। ਇਸ ਸਮਗਰੀ ਨੂੰ ਸੰਕਲਿਤ ਕਰਕੇ ਪੁਸਤਕ “ਦਸਮੇਸ਼-ਪਿਤਾ ਬਖ਼ਸ਼ਿਸ਼ ਪਵਿੱਤਰ ਗੰਗਾ ਸਾਗਰ” ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ।

ਪੁਸਤਕ “ਦਸਮੇਸ਼-ਪਿਤਾ ਬਖ਼ਸ਼ਿਸ਼ ਪਵਿੱਤਰ ਗੰਗਾ ਸਾਗਰ” ਦੇ ਦੋ ਭਾਗ ਬਣਾਏ ਗਏ ਹਨ। ਪਹਿਲੇ ਭਾਗ “ਪਵਿੱਤਰ ਗੰਗਾ ਸਾਗਰ” ਵਿਚ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਰਾਏ ਕੱਲ੍ਹਾ ਨੂੰ ਇਹ ਬਖਸ਼ਸ਼ ਦੇਣ ਬਾਰੇ ਪ੍ਰਾਪਤ ਹਵਾਲੇ ਅਤੇ ਇਸ ਪਵਿੱਤਰ ਨਿਸ਼ਾਨੀ ਬਾਰੇ ਅਖਬਾਰੀ ਲੇਖ ਆਦਿ ਅਤੇ ਦੂਜੇ ਭਾਗ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਸ਼ ਦਾ ਪਾਤਰ ਬਣੇ ਰਾਏ ਘਰਾਣੇ ਦਾ ਇਤਿਹਾਸ ਬਿਆਨ ਕੀਤਾ ਗਿਆ ਹੈ।

ਪੁਸਤਕ ਦੀ ਰੂਪ ਰੇਖਾ ਅਨੁਸਾਰ ਪਹਿਲੇ ਭਾਗ ਦੇ ਪਹਿਲੇ ਅਧਿਆਇ ਵਿਚ ਦਸਮੇਸ਼ ਜੀ ਵੱਲੋਂ ਰਾਏ ਪਰਿਵਾਰ ਨੂੰ 'ਪਵਿੱਤਰ ਗੰਗਾ ਸਾਗਰ' ਬਖਸ਼ੇ ਜਾਣ ਬਾਰੇ ਮਿਲਦੀਆਂ ਪੁਰਾਤਨ ਅਤੇ ਨਵੀਨ ਸਾਖੀਆਂ ਸ਼ਾਮਲ ਕੀਤੀਆਂ ਗਈਆਂ ਹਨ। ਬੇਸ਼ੱਕ ਇਹਨਾਂ ਵਾਰਤਾਵਾਂ ਦਾ ਅੰਤ ਇਕੋ ਹੈ ਪਰ ਘਟਨਾਵਾਂ ਦਾ ਬਿਆਨ ਹਰ ਲੇਖਕ ਨੇ ਆਪਣੀ ਸਮਝ ਅਤੇ ਦ੍ਰਿਸ਼ਟੀ ਅਨੁਸਾਰ ਕੀਤਾ ਹੈ। ਪਾਠਕ ਤੁਲਨਾਤਮਿਕ ਦ੍ਰਿਸ਼ਟੀ ਤੋਂ ਇਹਨਾਂ ਘਟਨਾਵਾਂ ਨੂੰ ਵਾਚ ਕੇ ਸਾਖੀ ਨੂੰ ਇਕ ਲੜੀ ਵਿਚ ਰੱਖ ਕੇ ਸਮਝਣ ਦੇ ਯੋਗ ਬਣੇਗਾ। ਪਿਛਲੀ ਸਦੀ ਦੇ ਅੰਤਲੇ ਦਹਾਕੇ ਇਤਿਹਾਸਕਾਰ ਨਿਰੰਜਨ ਸਿੰਘ ਸਾਥੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਅਨੰਦਪੁਰ ਸਾਹਿਬ ਤੋਂ ਨਾਦੇੜ ਤੱਕ ਜਾਣ ਦੀ ਯਾਤਰਾ ਨੂੰ "ਚਰਨ ਚਲੋ ਮਾਰਗ ਗੋਬਿੰਦ" ਨਾਂ ਹੇਠ ਕਲਮਬੰਦ ਕੀਤਾ। ਪੰਜਾਬੀ ਦੇ ਅਖਬਾਰ "ਅਜੀਤ" ਨੇ ਇਸ ਨੂੰ ਲੜੀਵਾਰ ਪ੍ਰਕਾਸ਼ਿਤ ਕੀਤਾ। ਇਸ ਵਿਚ ਰਾਏਕੋਟ ਨਾਲ ਸੰਬੰਧਿਤ ਘਟਨਾਵਾਂ ਦਾ ਬਿਆਨ ਪੜ੍ਹਕੇ ਇਸ ਵਿਸ਼ੇ ਬਾਰੇ ਕੁੱਝ ਹੋਰ ਲੇਖ "ਅਜੀਤ" ਵਿਚ ਛਪੇ। ਇਹ ਲੇਖ ਇਸ ਪੁਸਤਕ ਦਾ ਦੂਜਾ ਅਧਿਆਇ ਬਣੇ ਹਨ। "ਪਵਿੱਤਰ ਗੰਗਾ ਸਾਗਰ" ਬਾਰੇ ਰਾਏ ਅਜ਼ੀਜ਼ਉੱਲਾ ਦੇ ਮਨੋ-ਭਾਵਾਂ ਦਾ ਬਿਆਨ ਤੀਜੇ ਅਧਿਆਇ ਵਿਚ ਦਰਜ ਹੈ।

ਸਿੱਖ ਗੁਰੂ ਸਾਹਿਬਾਨ ਵੱਲੋਂ ਆਪਣੇ ਸ਼ਰਧਾਲੂਆਂ ਨੂੰ ਬਖਸ਼ੀਆਂ ਪਵਿੱਤਰ ਨਿਸ਼ਾਨੀਆਂ ਪੰਜਾਬੀ ਵਿਰਸੇ ਦਾ ਮੁੱਲਵਾਨ ਹਿੱਸਾ ਹਨ। ਪੰਜਾਬੀਆਂ ਦੇ ਆਪਣੀ ਪਿਤਰੀ ਭੂਮੀ ਵਿਚੋਂ ਉੱਠ ਕੇ ਦੇਸ਼ ਵਿਦੇਸ਼ ਵਿਚ ਜਾ ਵਸਣ ਅਤੇ ਰਹਿਣ ਸਹਿਣ ਵਿਚ ਤਬਦੀਲੀ ਆਉਣ ਕਾਰਨ ਉਹ ਆਪਣੇ ਇਸ ਮਾਣ ਕਰਨ ਯੋਗ ਵਿਰਸੇ ਤੋਂ ਟੁੱਟਦੇ ਜਾ ਰਹੇ ਹਨ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਰਾਏਕੋਟ (ਜ਼ਿਲ੍ਹਾ ਲੁਧਿਆਣਾ) ਦੇ ਤਤਕਾਲੀ ਰਾਏ ਪਰਿਵਾਰ ਨੂੰ ਬਖਸ਼ੇ ਪਵਿੱਤਰ ਗੰਗਾ ਸਾਗਰ ਦੀ ਸਿੱਖ ਸੰਗਤ ਨਾਲ ਸਦੀਵੀ ਅਤੇ ਪੀਡੀ ਸਾਂਝ ਪਵਾਉਣ ਦੀ ਮਨਸ਼ਾ ਨਾਲ ਇਸ ਪਰਿਵਾਰ ਦੇ ਵਰਤਮਾਨ ਨੁਮਾਇੰਦੇ ਰਾਏ ਅਜ਼ੀਜ਼ ਉੱਲਾ ਜੀ ਦੀ ਮਨਸ਼ਾ ਅਨੁਸਾਰ ਪਵਿੱਤਰ ਗੰਗਾ ਸਾਗਰ ਨਾਲ ਸੰਬੰਧਿਤ ਲਿਖਤਾਂ ਨੂੰ ਪੁਸਤਕ ਰੂਪ ਵਿਚ ਸੰਭਾਲਣ ਦੇ ਯਤਨ ਵਜੋਂ ਇਹ ਪੁਸਤਕ ਪਾਠਕਾਂ ਦੇ ਹੱਥਾਂ ਵਿਚ ਦੇਣ ਦੀ ਖੁਸ਼ੀ ਪ੍ਰਾਪਤ ਕੀਤੀ ਜਾ ਰਹੀ ਹੈ।

*ਗੁਰਦੇਵ ਸਿੰਘ ਸਿੱਧੂ (ਡਾ.)*

# PRELUDE

## SEVA AT A DIFFICULT TIME A BRAVE AND NOBLE STEP BY RAI KALHA

In 1705 Guru Gobind Singh Ji went towards Machiwara after leaving the Fort of Anandpur Sahib. His two minor sons Baba Zorawar Singh Ji (9 years) and Baba Fateh Singh Ji (7 years) and his mother Mata Gujri Ji, got separated from him while crossing Sirsa nadi (river) during a dark cold night of December. Guru Sahib lost his two elder sons Baba Ajit Singh Ji (19 years) and Baba Jujhar Singh Ji (15 years) who attained martyrdom in the Battle of Chamkaur Sahib. In Machiwara, Ghani Khan and Nabi Khan, two Muslim horse dealers helped Guru Sahib by declaring him "Uch Da Peer", a very famous Muslim saint from South Punjab, providing him with essential items and carrying him with great honour and respect on a palanquin, assisted by a few Sikhs and Muslims so that Guru Sahib leaves the area respectfully.

In those days of severe hardship, even some of his followers were reluctant to offer help to Guru Sahib due to fear of death as Aurangzeb was after the life of Guru Sahib and his family. When Guru Sahib reached Raikot state, the Muslim Rajput Chief, Rai Kalha III welcomed him and felt honored in offering his services to Guru Sahib as his guest for as long as he wanted to stay. Guru Ji spent a few days with Rai Kalha.

Guru Sahib on reaching Raikot asked Noora Mahi, who was grazing buffaloes in the fields, to serve him milk in Ganga Sagar, a metal vessel which was a part of Guru Ji's personal belongings. Noora Mahi said that his buffaloes did not give milk. Guru Sahib told him to utter the name of God and start milking a buffalo. To

the surprise and amazement of Noora Mahi, the buffalo gave milk and he collected it in the Ganga Sagar.

On Guru Sahib's desire, Rai Kalha sent his trustworthy servant Noora Mahi to Sirhind, who brought back the most tragic news of the martyrdom of Guru Sahib's mother, Mata Gujri Ji and his two minor sons, who were bricked alive.

Before leaving Raikot, in appreciation and gratitude of the services and hospitality extended by Rai Kalha, a Muslim Chief who had risked his and his family's lives, Guru Gobind Singh ji presented Ganga Sagar, a sword and a Rehal (small wooden stand to read a religious book) to Rai Kalha as his personal gifts.

Till 1947 the Ganga Sagar was displayed annually by Rai Kalha's 7th generation descendant, Khan Bahadur Rai Inayat Khan (Honorary Magistrate, Sub- Registrar Jagraon Tehsil, 1912 to 1937) for darshan by sangat who used to walk from Gurdwara Tahliana Sahib to his haveli in Raikot, district Ludhiana.

The present custodian of Ganga Sagar is Rai Azizullah Khan (the 9th generation descendant of Rai Kalha III), grandson of Khan Bahadur Rai Inayat Khan and the heir of the Rai family who have kept this sacred gift of Guru Gobind Singh Ji with great respect and care for more than 300 years. Rai Azizullah Khan has one son, Rai Mohammad Ali Khan, born 1989.



ਗੁਰੂ ਗੋਬਿੰਦ ਸਿੰਘ ਜੀ ਨਾਲ ਸੰਗਤ ਕਰਦਿਆਂ ਰਾਏ ਕੱਲ੍ਹਾ ਤੇ ਸਾਥੀ

# ਭਾਗ ਪਹਿਲਾ: ਪਵਿੱਤਰ ਗੰਗਾ ਸਾਗਰ

ਅਧਿਆਇ-1

# ਪਵਿੱਤਰ ਗੰਗਾ ਸਾਗਰ: ਪ੍ਰਾਪਤ ਹਵਾਲੇ

## 1. ਗੁਰੂ ਕੀਆਂ ਸਾਖੀਆਂ

**(ਰਚਨਾ 1790 ਈ:)**

**ਕ੍ਰਿਤ**

**ਭਾਈ ਸਵਰੂਪ ਸਿੰਘ ਕੌਸ਼ਿਸ਼**

### ਸਾਖੀ ਕਨੇਚ ਸੇ ਆਲਮਗੀਰ ਤੇ ਹੇਹਰ ਜਾਨੇ ਕੀ ਚਾਲੀ

ਇਸ ਤਰ੍ਹਾਂ ਗੁਰੂ ਜੀ ਹੇਹਰ ਨਗਰੀ ਸੇ ਚਲੇ। .. ਸਤਿਗੁਰਾਂ ਰਾਸਤੇ ਮੇਂ ਯਹਾਂ ਪਾਲੀ ਭੈਂਸਾਂ ਚਾਰ ਰਹੇ ਥੇ ਵਹਾਂ ਏਕ ਟਾਹਲੀ ਕੇ ਨੀਚੇ ਜਾਇ ਡੇਰਾ ਕੀਆ। ਗੁਰੂ ਜੀ ਨੇ ਹਾਜੀ ਚਰਾਗ ਸ਼ਾਹ ਸੇ ਕਹਿ ਕੇ ਏਕ ਪਾਲੀ ਕੋ ਬੁਲਾਇਆ। ਉਸ ਆਏ ਪੀਰ ਜੀ ਕੋਲ ਸਜਦਾ ਕੀਆ। ਖਲਾ ਹੋਇ ਹਾਥ ਬਾਂਧ ਬੋਲਾ, ਸਾਈਂ ਜੀ! ਮੁਝੇ ਆਪਕਾ ਕਿਆ ਹੁਕਮ ਹੈ, ਫਰਮਾਈਏ। ਸਤਿਗੁਰਾਂ ਇਸ ਕੀ ਅਧੀਨਗੀ ਦੇਖ ਕਰ ਕਹਾ, ਬੇਟਾ! ਅਸਾਂ ਤੇਰੀ ਭੈਂਸ ਕਾ ਦੂਧ ਪੀਨਾ ਹੈ, ਪਿਲਾਈਏ। ਇਸ ਸਹਿਤ ਅਧੀਨਗੀ ਬਿਨੈ ਕੀ, ਪੀਰ ਜੀ! ਮੇਰੀ ਕਾਈ ਭੈਂਸ ਦੂਧ ਨਹੀਂ ਦੇਤੀ, ਜੇ ਕਾਈ ਥੋੜਾ ਬਹੁਤ ਦੇਤੀ ਹੈ ਮੇਰੇ ਪਾਸ ਦੂਧ ਦੋਹਨੇ ਕੇ ਲੀਏ ਕਾਈ ਬਰਤਨ ਨਹੀਂ। ਗੁਰੂ ਜੀ ਨੇ ਹਾਜੀ ਚਰਾਗ ਸ਼ਾਹ ਸੇ ਕਹਾ, ਇਸੇ ਹਮਾਰਾ ਲੋਟਾ ਦੀਜੀਏ। ਬਚਨ ਪਾਇ ਹਾਜੀ ਜੀ ਨੇ ਦੂਧ ਚੋਨੇ ਕੇ ਲੀਏ ਪਾਲੀ ਕੋ ਲੋਟਾ ਦੇ ਦੀਆ। ਇਸ ਲੋਟੇ ਮੇਂ ਇਕੋਤਰ ਸੌ ਛੇਕ ਥਾ, ਜਿਸੇ ਦੇਖ ਪਾਲੀ ਬੜਾ ਹੈਰਾਨ ਹੂਆ। ਜਬ ਦੂਧ ਨਿਕਾਲਾ ਤਉ ਇਨ ਛੇਕੋਂ ਸੇ ਦੂਧ ਬਾਹਰ ਨਾ ਆਇਆ ॥83॥

### ਸਾਖੀ ਰਾਏ ਕੱਲ੍ਹੇ ਤੇ ਆਲਮ ਖਾਂ ਕੀ ਰਾਏ ਕੋਟ ਮੇਂ ਆਨੇ ਕੀ ਚਾਲੀ

ਪ੍ਰਿਥਮੈ ਸਤਿਗੁਰਾਂ ਦੂਧ ਆਪ ਪੀਆ, ਉਪਰੰਤ ਦਯਾ ਸਿੰਘ ਆਦਿ ਸਭਨਾਂ ਮੁਰੀਦਾਂ ਨੇ ਪੀਆ। ਗੁਰੂ ਜੀ ਨੇ ਇਸੇ ਪਾਸ ਬਹਾਇ ਥਾਪਨਾਂ ਦਈ, ਕਹਾ, ਬੇਟਾ! ਆਪ ਕੇ ਗ੍ਰਿਹਿ ਮੇਂ ਦੂਧ ਆਦਿ ਕੀ ਕਮੀ ਨਹੀਂ ਰਹੇਗੀ। ਸਤਿਗੁਰਾਂ ਦਯਾ ਸਿੰਘ ਸੇ ਬਚਨ ਕੀਆ, ਤਿਆਰੀ ਕਰੀਏ। ਜਹਾਂ ਸੇ ਚਲ ਕੇ ਲੰਮੇ ਜੱਟਪੁਰੇ ਜਾਇ ਬਿਸਰਾਮ ਕੀਆ। ਪਾਲੀ ਨੇ ਏਸ ਵਾਕਿਆ ਕੀ ਚਰਚਾ ਸਾਰੇ ਰਾਏਕੋਟ ਮੇਂ ਜਾਇ ਕੀ, ਕਿਸੇ ਨੇ ਰਾਏ ਕੱਲ੍ਹੇ ਸੇ ਭੀ ਆਇ ਸੁਨਾਈ। ਅਗਲੇ ਦਿਵਸ ਸੁਬ੍ਹਾ ਹੋਤੇ ਹੀ ਰਾਏ ਕੱਲ੍ਹਾ ਆਪਨੇ ਦਾਮਾਦ ਆਲਮ ਖਾਂ ਵਾਸੀ ਕੋਟਲਾ ਨਿਹੰਗ ਕੇ ਹਮਰਾਹ ਗੁਰੂ ਜੀ ਕਾ ਆਇ ਦਰਸ਼ਨ ਪਾਇਆ। ਦੋਹਾਂ ਆਇ ਸਤਿਗੁਰਾਂ ਕੇ ਪਾਉਂ ਚੁੰਮੇਂ। ਆਲਮ ਖਾਂ ਨੇ ਗੁਰੂ ਜੀ ਕੀ ਤਰਫ ਦੇਖਾ, ਏਸ ਕੇ ਆਂਸੂ ਵਹਿ ਤੁਰੇ, ਗਲਾ ਰੁਕ ਗਿਆ, ਕੁਛ ਦੇਰ ਬਾਦ ਬੋਲਾ, ਜਗਤ ਕੇ ਸਾਈਆਂ! ਇਹ ਕਿਆ ਕੌਤਕ ਰਚਾ ਹੈ। ਮੇਰੀਆਂ ਇਨ

ਆਂਖੋਂ ਨੇ ਅਨੰਦਪੁਰ ਮੇਂ ਕਿਆ ਦੇਖਾ, ਕੋਟਲੇ ਮੇਂ ਕੀ ਸੀ, ਆਜ ਮੈਂ ਕਿਆ ਦੇਖ ਰਹਾ ਹੂੰ। ਆਗੇ ਸੇ ਸਤਿਗੁਰਾਂ ਕਹਾ, ਆਲਮ ਖਾਂ! ਇਹ ਸਭ ਉਸ ਕਰਤੇ ਕੀ ਰਜ਼ਾਇ ਮੇਂ ਹੋਇ ਰਹਾ ਹੈ। ਭਾਣਾ ਅਮਿਟ ਹੈ ਮਿਟ ਨਹੀਂ ਸਕਤਾ। ਦੇਖੀਏ ਆਗੇ ਬੜੇ ਬੜੇ ਅਵਤਾਰ-ਪੈਗੰਬਰ ਅਉਲੀਏ ਹੋਇ ਚੁੱਕੇ ਹੈਂ। ਸਭ ਨੇ ਭਾਣਾ ਮਾਨਾਂ, ਹਮ ਭੀ ਉਸ ਕੀ ਰਜ਼ਾਇ ਮੈਂ ਚਲ ਰਹੇ ਹੈਂ। ਇਤਨੇ ਮੇਂ ਪਰੋਹਤ ਦਯਾ ਸਿੰਘ ਨਿਰਬਾਣ ਭੇਸ ਮੇਂ ਆਇ ਪਹੁੰਚਾ, ਇਹ ਮਸਤਕ ਟੇਕ ਆਇ ਕੇ ਬੋਲਾ, ਮਹਾਰਾਜ! ਬੜੀ ਮਾਤਾ ਜੀ ਤੇ ਦੋਵੇਂ ਨਿਕੀਆਂ ਜਿੰਦਾਂ ਸਰਹੰਦ ਮੇਂ ਸ਼ਹੀਦੀਆਂ ਪਾਇ ਗਈਆਂ ਹਨ। ਸੂਬਾ ਸਰਹੰਦ ਨੇ ਇਨ੍ਹੇ ਭੂਕੇ ਰਾਖ ਦੀਰਘ ਕਸ਼ਟ ਦੇ ਕੇ ਨੀਹਾਂ ਬੀਚ ਚਿਨ ਕੇ ਮਾਰ ਦੀਆ ਹੈ। ਮੁਝੇ ਭਾਈ ਦੁਨਾ ਸਿੰਘ ਤਖਣੇਟੇ ਸਿਖ ਸਹੇੜੀ ਨਿਵਾਸੀ ਨੇ ਇਹ ਖਬਰ ਦੀ ਜੋ ਆਪ ਸੇ ਆਇ ਸੁਨਾਇ ਦਈ ਹੈ। ਨਿਕਟ ਬੈਠੇ ਰਾਏ ਕੱਲ੍ਹੇ ਨੇ ਗੁਰੂ ਜੀ ਤਰਫ ਦੇਖ ਬਿਨੈ ਕੀ, ਗਰੀਬ ਨਿਵਾਜ਼! ਮੈਂ ਅਪਨਾ ਬੰਦਾ ਸਰਹੰਦ ਭੇਜਤਾ ਹਾਂ ਜੋ ਸਾਰੀ ਵਾਕਫੀਅਤ ਲੈ ਕੇ ਵਾਪਸ ਆਇ ਜਾਤਾ ਹੈ। ਇਤਨੇ ਕਹਿ ਰਾਏ ਕੱਲ੍ਹੇ ਨੇ ਨੂਰੇ ਮਾਹੀ ਕੋ ਬੁਲਾਇ ਘੋੜ ਅਸਵਾਰ ਕਰ ਸਰਹੰਦ ਭੇਜਾ। ਇਹ ਪੰਧ ਮੁਕਾਇ ਦੀਵਾਨ ਟੋਡਰ ਮੱਲ ਕੇ ਗ੍ਰਿਹ ਮੇਂ ਜਾਇ ਪਹੁੰਚਾ। ਦੀਵਾਨ ਜੀ ਸੇ ਸਾਰੀ ਵਾਕਫੀਅਤ ਹਾਸਲ ਕਰ ਅਗਲੇ ਦਿਵਸ ਬੀਸ ਪੋਹ ਬੁਧਵਾਰ ਕੇ ਦਿਹੁੰ ਡੇਢ ਪਹਿਰ ਦਿਨ ਖਲੇ ਲੰਮੇ ਜੱਟ ਪੁਰੇ ਮੇਂ ਆਇ ਗਿਆ। ਏਸ ਨੇ ਆਇ ਕਹਾ, ਪੀਰ ਜੀ! ਚਮਕੌਰ ਮੇਂ ਮਾਤਾ ਜੀ ਤੇ ਛੋਟੇ ਸਾਹਿਬਜ਼ਾਦੇ ਕਰੀਮ ਬਖਸ਼ ਮਾਛੀ ਕੇ ਗ੍ਰਹਿ ਮੇਂ ਏਕ ਰਾਤ ਰਹਿ ਕੇ ਆਪ ਕੇ ਜਾਨੇ ਸੇ ਪਹਿਲੇ ਸਹੇੜੀ ਗਾਉਂ ਕੇ ਦੂੰਹ ਮਸੰਦਾਂ ਕੇ ਗੈਲ ਉਨ ਕੇ ਗਾਉਂ ਮੇਂ ਆਇ ਗਏ ਥੇ। ਰਾਤ ਸਮੇਂ ਇਨ੍ਹਾਂ ਮਸੰਦਾਂ ਮਾਤਾ ਜੀ ਕੇ ਪਾਸ ਕੀ ਮੋਹਰੋਂ ਕੀ ਏਕ ਥੈਲੀ ਚੁਰਾਏ ਲਈ। ਮਾਤਾ ਜੀ ਕੇ ਪੂਛਨੇ ਸੇ ਇਨ ਮਸੰਦਾਂ ਮੋਰੰਡੇ ਵਾਲੇ ਖਾਨ ਕੋ ਬੁਲਾਇ ਇਨ੍ਹੈ ਪਕੜਾਇ ਦੀਆ। ਮੁਰੰਡੇ ਵਾਲਿਆਂ ਮਾਤਾ ਜੀ ਤੇ ਦੂੰਹ ਸਾਹਿਬਜ਼ਾਦਿਆਂ ਕੋ ਠੰਢੇ ਬੁਰਜ ਮੇਂ ਬੰਦ ਕਰ ਕੇ ਦੁਹਾਂ ਸਾਹਿਬਜ਼ਾਦਿਆਂ ਕੋ ਦੀਵਾਨ ਸੁੱਚਾ ਨੰਦ ਕੇ ਹਵਾਲੇ ਕਰ ਦੀਆ। ਇਨ ਸਾਹਿਬਜ਼ਾਦਿਆਂ ਕੋ ਚਾਰ ਦਿਹੁੰ ਘਨਾ ਕਸ਼ਟ ਦੇ ਕੇ ਪਾਂਚਮੇ ਦਿਨ ਪੋਖ ਮਾਸੇ ਤੇਰਾਂ, ਸੋਮਵਾਰ ਕੇ ਦਿਵਸ ਸੂਬਾ ਸਰਹੰਦ ਕੇ ਹੁਕਮ ਸੇ ਨੀਹਾਂ ਮੇਂ ਚਿਨ ਕੇ ਸ਼ਹੀਦ ਕਰ ਦੀਆ। ਦੀਵਾਨ ਟੋਡਰ ਮੱਲ ਨੇ ਸ਼ਹੀਦ ਹੋਇ ਜਾਨੇ ਕੀ ਸਾਰੀ ਬਾਰਤਾ ਮਾਤਾ ਜੀ ਸੋ ਜਾਇ ਸੁਨਾਈ, ਜਿਸ ਤੇ ਮਾਤਾ ਜੀ ਹੀਰਾ ਚਾਟ ਕਰ ਪ੍ਰਾਣ ਤਿਆਗ ਦੀਏ ਸਨ।

ਇਸ ਘਟਨਾ ਉਪਰੰਤ ਦੀਵਾਨ ਟੋਡਰ ਮੱਲ ਕਪੂਰ ਤੇ ਇਸ ਕੇ ਛੋਟੇ ਭਾਈ ਨੇ ਗੈਲ ਹੋਇ ਬਸਤੀ ਸੇ ਬਾਹਰ ਇਨ ਤੀਨੋਂ ਕੀਆਂ ਲਾਸ਼ਾਂ ਲੈ ਜਾਇ ਕੇ ਸਸਕਾਰ ਕਰ ਦੀਆ ਥਾ। ਸਸਕਾਰ ਕੇ ਪਾਛੇ ਤੀਜੇ ਦਿਹੁੰ ਏਕ ਜੋਧ ਸਿੰਘ ਨਾਮੀ ਸਿੱਖ ਤੀਨੋਂ ਕੀ ਭਸਮ ਉਠਾਇ ਆਪਨੇ ਗਾਮ ਮੇਂ ਲੈ ਆਇਆ। ਬਾਹਰ ਝਿੜੀ ਮੇਂ ਲੈ ਜਾਇ ਏਕ ਗਾਗਰ ਮੇਂ ਪਾਇ ਜ਼ਿਮੀਂ ਮੇਂ ਦਬਾਇ ਦਈ। ਸਤਿਗੁਰੂ ਨੂਰੇ ਮਾਹੀ ਸੇ ਯਹ ਸਾਰੀ ਬਾਰਤਾ ਸੁਨ ਧੀਰੇ ਧੀਰੇ ਕਰਦ ਕੀ ਨੋਕ ਸੇ ਕਾਹੀ ਕਾ ਬੂਟਾ ਉਖਾੜਨੇ ਲਾਗੇ। ਰਾਏ ਕੱਲ੍ਹੇ ਨੇ ਹਾਥ ਬਾਂਧ ਕੇ ਪੂਛਾ, ਜਗਤ ਕੇ ਸਾਈਆਂ! ਇਹ ਕਿਆ ਕਰ ਰਹੇ ਹੋ ? ਆਗੇ ਸੇ ਗੁਰੂ ਜੀ ਨੇ ਕਹਾ, ਅਸਾਂ ਤੁਰਕ ਰਾਜ ਕੀਆਂ ਨੀਹਾਂ ਉਖੇੜ

ਰਹੇ ਹਾਂ। ਰਾਏ ਜੀ! ਇਹ ਤੁਰਕ-ਰਾਜ ਹੁਣ ਸਦਾ ਕਾਇਮ ਨਹੀਂ ਰਹੇਗਾ। ਸਮਾਂ ਪਾਇ ਕੇ ਇਹ ਰਾਜ ਖਤਮ ਹੋਇ ਜਾਇਗਾ, ਇਸ ਰਾਜ ਮੇਂ ਨਿਆਇ ਨਹੀਂ, ਅਨਿਆਇ ਹੋਇ ਰਹਾ ਹੈ। ਰਾਏ ਕੱਲ੍ਹਾ ਬੜਾ ਭੈ-ਭੀਤ ਹੂਆ। ਨਿਕਟ ਬੈਠੇ ਆਲਮ ਖਾਂ ਨੇ ਕਹਾ, ਰਾਏ ਸਾਹਿਬ, ਪੀਰ ਜੀ ਕਾ ਕਹਿਨਾ ਵਾਜਬ ਹੈ। ਇਹ ਹੋਇ ਕੇ ਰਹੇਗਾ, ਮਿਟ ਨਹੀਂ ਸਾਕੇਗਾ। ਗੁਰੂ ਜੀ ਨੇ ਆਲਮ ਖਾਂ ਕੀ ਤਰਫ ਦੇਖਾ, ਬਚਨ ਹੋਆ ਕਿ ਰਾਏ ਜੀ ਕਿਆ ਕਹਿ ਰਹੇ ਹੈਂ। ਆਗੇ ਸੇ ਆਲਮ ਖਾਂ ਬੋਲਾ ਕਿ ਇਹ ਕਹਿ ਰਹੇ ਹੈਂ ਕਿ ਮੈਂ ਵੀ ਤੁਰਕ ਹਾਂ, ਕਿਆ ਮੇਰੇ ਰਾਜ ਕੀਆਂ ਜੜਾਂ ਵੀ ਹਿਲ ਜਾਣਗੀਆਂ? ਸਤਿਗੁਰਾਂ ਕਹਾ- ਆਲਮ ਖਾਂ, ਰਾਏ ਜੀ ਕਾ ਘਰ ਗੁਰੂ ਨਾਨਕ ਦੇਵ ਜੀ ਕੇ ਦਰ ਕਾ ਸੇਵਕ ਹੈ। ਇਸੇ ਤੱਤੀ ਵਾਉ ਨਹੀਂ ਲਾਗੇਗੀ। ਅਸਾਂ ਉਸ ਮਹਾਂ ਕਾਲ ਕੀ ਦਰਗਾਹ ਸੇ ਏਸ ਘਰ ਕੋ ਬਖਸ਼ਾਇ ਦੀਆ ਹੈ ॥84॥

*(ਸ.ਪਿਆਰਾ ਸਿੰਘ ਪਦਮ ਦੁਆਰਾ ਸੰਪਾਦਿਤ)*

***

## 2.
## ਗੁਰ ਪ੍ਰਤਾਪ ਸੂਰਜ ਗ੍ਰੰਥ
## ਸੂਰਜ ਪ੍ਰਕਾਸ਼

**(ਰਚਨਾ 1843 ਈ:)**

**ਕ੍ਰਿਤ**

**ਭਾਈ ਸੰਤੋਖ ਸਿੰਘ**

**ਛੇਵੀਂ ਰੁਤਿ**

ਤੀਨਹੁੰ ਸਿੰਘ ਸੰਗ ਤਬਿ ਰਹੇ। ਸਾਧ ਕ੍ਰਿਪਾਲ ਦੇਖਿ ਇਮ ਲਹੇ।
ਚਾਹੈਂ ਰਹਯੋ ਅਬੈ ਬਲ ਮੇਰੇ। ਹੋਇ ਪਰਹਿੰਗੇ ਅਧਿਕ ਬਖੇਰੇ ॥40॥
ਬਰਾਬਾਦ ਡੇਰਾ ਹੁਇ ਜਾਇ। ਨੀਠ ਨੀਠ ਮੈਂ ਕੀਨ ਬਨਾਇ।
ਤੁਰਕ ਤ੍ਰਾਸ ਤੇ ਭਰਮਤਿ ਡੋਲਯੋ। ਰਹਯੋ ਨਾ ਦ੍ਰਿਢ ਨਿਸ ਮਹਿਂ ਇਮ ਬੋਲਯੋ ॥41॥
'ਸੁਨੀਅਹਿ ਸਤਿਗੁਰ ਦਯਾ ਨਿਧਾਨ। ਇਨ ਗ੍ਰਾਮਨ ਮਹਿਂ ਤੁਰਕ ਮਹਾਨ।
ਹਲਵਾਰੇੜਾ ਅਰ ਤਲਵੰਡੀ। ਮੁਸਲਮਾਨ ਕੇ ਪਿੰਡ ਅਖੰਡੀ ॥42॥
ਰਹੈਂ ਹਜ਼ਾਰਹੁ, ਸੁਨਿ ਸੁਧਿ ਜਬੈ। ਚਢਿ ਆਵੈਂ ਗਨ ਤੁਰਕਨ ਤਬੈ।
ਮੋ ਤੇ ਨਹਿਂ ਕਿਮ ਰਾਖੇ ਜਾਇਂ। ਯਾਂ ਤੇ ਲਖਹੁ ਨ ਰਹਿਬੇ ਥਾਇਂ ॥43॥
ਲੰਮੇ ਗ੍ਰਾਮ ਆਪ ਚਲ ਜਾਈਏ। ਸੋ ਰਾਖਹਿਂ ਤੁਮ ਕੋ ਕਰਿ ਦਾਈਏ।
ਨਰ ਸੁ ਹਜ਼ਾਰਹੁੰ ਦਾਦੇ ਪੋਤੇ। ਲਰਿਬੈ ਦ੍ਰਿਢ ਡਰ ਧਰਹਿਂ ਨ ਕੋਤੇ ॥44॥
॥ ਅੰਸੂ 48 ॥

ਦੋਹਰਾ:

ਆਗੇ ਗਮਨੇ ਸਤਿਗੁਰੂ, ਉਲੰਘੇ ਕੇਤਿਕ ਕੋਸ।
ਜਗਰਾਵਾਂ ਪੁਰ ਕੋਟ ਕੋ, ਰਾਏ ਹੁਤੋ ਬਡ ਹੋਸ਼ ॥1॥

## ਨਿਸ਼ਾਨੀ ਛੰਦ:

ਜਨਮ ਤੁਰਕ ਹਿੰਦੂ ਧਰਮ, ਜਿਨ ਧਾਰਨ ਕੀਨਾ।
ਦਯਾ ਧਰਮ ਪੁਨ ਆਤਮਾ, ਸ਼ੁਭ ਮਗ ਮਨ ਭੀਨਾ।
ਸਕਲ ਭੇਵ ਗੁਰਦੇਵ ਕੋ, ਸੁਨਿ ਸੇਵ ਉਮਾਹਾ।
ਲੈ ਸੈਨਾ ਸੰਗ ਤੀਨ ਸੈ, ਚਲਿ ਦਰਸ਼ਨ ਚਾਹਾ। 2।
ਆਇ ਅਗਾਰੀ ਸੋ ਮਿਲਯੋ, ਅਵਿਲੋਕੇ ਸਵਾਮੀ।
ਨੀਲੇ ਬਸਤ੍ਰ ਪ੍ਰਯੰਕ ਪਰ, ਥਿਰ ਅੰਤਰਜਾਮੀ।
ਤਜਯੋ ਤੁਰੰਗਮ ਦੂਰ ਹੀ,ਪਾਇਨ ਸੋ ਆਯੋ।
ਹਾਥ ਜੋਰਿ ਸਨਮੁਖ ਗਯੋ, ਬਹੁ ਸੀਸ ਨਿਵਾਯੋ॥3॥
ਕਦਮ ਪਦਮ ਸਮ ਸੁਖ ਸਦਨ, ਪਰਸੇ ਕਰ ਦੋਊ।
ਬਦਨ ਬਿਲੋਚਨ ਭਾਲ ਪਰ, ਫਿਰ ਫੇਰਿਤ ਸੋਊ।
ਆਪ ਸਾਥ ਰਣ ਗਾਥ ਬਡ, ਹੇ ਨਾਥ! ਅਸੰਭੈ।
ਤਊ ਬਿਲੋਕਿ ਬਹਾਦਰੀ, ਸਭਿ ਤੁਰਕ ਅਚੰਭੈ॥4॥
ਕਰਾਮਾਤ ਸਾਹਿਬ ਬਡੇ, ਸਮਰਥ ਸਭ ਭਾਂਤੀ।
ਚਹੋ ਬਨਾਵੋ ਛਿਣਕ ਮਹਿਂ, ਅਨਬਨ ਬਨਿ ਜਾਤੀ।
ਨਰ ਲੀਲਾ ਕਲ ਕਾਲ ਕੀ, ਕਰਿ ਜਗ ਦਿਖਰਾਵੋ।
ਹਰਖ ਸ਼ੋਕ ਨਹਿਂ ਬਯਾਪ ਹੀ, ਤਿਲ ਲੇਪ ਨ ਲਾਵੋ॥5॥
ਹਮ ਲੋਕਨ ਕੌ ਦੀਖਤੀ, ਜਬਰੀ ਤੁਰਕੇਸ਼ਾ।
ਕਰਯੋ ਬੁਰਾ ਤਿਨ ਅਪਨ ਸਭਿ, ਤੁਮ ਸੋਂ ਰਚਿ ਦਵੈਸ਼ਾ।
ਸੁਨਿ ਕੇ ਸ਼੍ਰੀ ਮੁਖ ਤੇ ਕਹਯੋ, ਇਮ ਹੋਵਨਹਾਰੀ।
ਮਿਟਤਿ ਨ ਕੋਟ ਉਪਾਵ ਤੇ, ਨਰ ਹਵੈ ਕੈ ਨਾਰੀ॥6॥
ਮਾਨਨੀਯ ਸਭਿ ਸੀਸ ਪਰ, ਸੁਰ ਅਸੁਰਨਿ ਕੇਰੀ।
ਨਰ ਬਪੁਰੇ ਕੀ ਕਹਾਂ ਗਤਿ, ਜੋ ਫੇਰੈ ਫੇਰੀ।
ਬਹੁਰ ਕਹਯੋ ਸ਼੍ਰੀ ਬਦਨ ਤੇ, ਸੁਨਿ ਕੱਲਾ ਰਾਊ।
ਹਯ ਅਰੂਢਿ ਗਮਨੀਜੀਏ, ਕੁਛ ਚਲੈਂ ਅਗਾਊਂ॥7॥
ਮਾਨਿ ਹੁਕਮ ਕੋ ਹਯ ਚਢਯੋ, ਪੁਨ ਸਤਿਗੁਰ ਪਯਾਨੇ।
ਲੰਮੇ ਗ੍ਰਾਮ ਪੁਨ ਪਹੁੰਚ ਕੇ, ਬਚ ਰਾਏ ਬਖਾਨੇ।
ਉਤਰਹੁ ਕਰਹੁ ਅਰਾਮ ਕੁਛ, ਆਏ ਬਹੁ ਦੂਰੀ।
ਮੁਝ ਪਰ ਕਰੁਨਾ ਕੀਜੀਅਹਿ, ਦ੍ਰਿਸ਼ਟੀ ਦਿਖਿ ਰੂਰੀ॥8॥
ਲੰਮੇ ਗ੍ਰਾਮ ਬਿਰਾਜੀਏ, ਆਯਹੁ ਮੈਂ ਸੰਗੀ।
ਬੈਠਿ ਬਿਤਾਵਹੁ ਸਮਾ ਕੁਛ, ਮਮ ਪੂਰਹੁ ਉਮੰਗੀ।
ਸੁਨਿ ਕਰ ਬੋਲੇ ਸਤਿਗੁਰੂ, ਕੋ ਸ਼ੀਘ੍ਰ ਬਿਸਾਲਾ।

ਸੁਧਿ ਕੋ ਲਿਯਾਇ ਸਿਰੰਦ ਤੇ, ਮਗ ਜਾਇ ਉਤਾਲਾ ॥9॥
ਤਬਿ ਲਗ ਥਿਰ ਇਸ ਥਲ ਰਹੈਂ, ਪੁਨ ਜਾਇਂ ਅਗਾਊਂ।
ਮਾਤਾ ਗੁਜਰੀ ਉਤ ਗਈ, ਮਗ ਪਾਇ ਨ ਕਾਊਂ।
ਕਹਿ ਕੱਲਾ 'ਸ੍ਰੀ ਪ੍ਰਭੁ! ਸੁਨਹੁ, ਦਸ ਜੋਜਨ ਜਾਨਹੁ।
ਪੁਰਿ ਸਿਰੰਦ ਇਸ ਥਾਨ ਤੇ, ਸਭਿ ਕਹੌਂ ਬਖਾਨਹੁ ॥10॥
ਬਨਹਿ ਨ ਜਾਨ ਸਊਰ ਕੋ, ਲਖਿ ਤੁਰਕ ਪਛਾਨੈ।
ਇਕ ਮਾਹੀ ਹਮਰੇ ਰਹੈ, ਸੋ ਇਤੈ ਪਯਾਨੈਂ।
ਹੁਕਮ ਕਰਹੁ ਭੇਜੈਂ ਤਿਸੈ, ਦਸ ਜੋਜਨ ਜਾਵੈ।
ਦਿਵਸ ਦੂਸਰੇ ਤਿਤਿਕ ਚਲ, ਸੁਧਿ ਆਨਿ ਸੁਨਾਵੈ ॥11॥
'ਪਠਹੁ ਤਿਸੈ' ਸ੍ਰੀ ਗੁਰ ਕਹਯੋ, 'ਸੋ ਸ਼ੀਘ੍ਰ ਪਯਾਨੈ।
ਸੁਧਿ ਲੇ ਕਰਿ ਪੁਰ ਬੀਚ ਤੇ, ਪਹੁੰਚੈ ਇਸ ਥਾਨੈ।
ਇਮ ਕਹਿ ਕੈ ਸ਼੍ਰੀ ਬਦਨ ਤੇ, ਉਤਰਾਏ ਪ੍ਰਯੰਕਾ।
ਥਿਰੇ ਤਿਸੀ ਥਲ ਮਹਿਂ ਤਬੈ, ਗੁਰ ਹੀਨ ਅਤੰਕਾ ॥12॥
ਪਠਯੋ ਹਕਾਰ ਸੁ ਮਾਹਖੀ, ਚਲਿ ਸ਼ੀਘ੍ਰ ਸਿਖਾਯੋ।
ਬਖਸ਼ਹਿਂ ਧਨ ਬਿਨ ਬਿਲਮ ਜੇ, ਪਹੁੰਚਹਿਂ ਮਗ ਧਾਯੋ।
ਹੁਤੋ ਸਮਾ ਤਬਿ ਪ੍ਰਾਤਿ ਕੋ, ਗਮਨਯੋ ਜਬਿ ਮਾਹੀ।
ਬਾਯੁ ਬੇਗ ਸ਼ੀਘ੍ਰ ਚਲਿ, ਧਾਯੋ ਮਗ ਮਾਹੀਂ ॥13॥
॥ਅੰਸ਼ੂ 49 ॥

ਦੋਹਰਾ:

ਬੈਠੇ, ਮਾਹੀ ਕੇ ਗਏ, ਬਾਤੈਂ ਕਰਤਿ ਬਿਤਾਇ।
ਭਯੋ ਦੁਪਹਿਰਾ ਆਨ ਕਰਿ, ਥਿਰਿ ਪ੍ਰਯੰਕ ਸੁਖਦਾਇ ॥1॥

ਨਿਸ਼ਾਨੀ ਛੰਦ:

ਨਿਕਟ ਰਾਏ ਕੱਲ੍ਹਾ ਥਿਰਯੋ, ਤ੍ਰੈ ਸੈ ਭਟ ਸਾਥਾ।
ਅਪਰ ਲੋਕ ਥਿਰ ਸੈਂਕਰੇ, ਦਰਸਤਿ ਹੈਂ ਨਾਥਾ।
ਭਰਿ ਅਹੈ ਬਹੁ ਨਰਨਿ ਕੀ, ਥਿਰ ਦੂਰਹਿਂ ਦੂਰੀ।
ਆਨਿ ਆਨਿ ਬੰਦਨ ਕਰਹਿਂ, ਪਿਖ ਮੂਰਤਿ ਰੂਰੀ ॥2॥
ਦੇਖਿ ਦੁਪਹਿਰੇ ਦਿਸ਼ਾ ਗੁਰ, ਸ਼੍ਰੀ ਬਦਨ ਬਖਾਨਾ।
'ਸੁਨਹੁ ਰਾਏ ਕੱਲ੍ਹਾ! ਅਬੈ ਮਾਹੀ ਪ੍ਰਸਥਾਨਾ।
ਪਹੁੰਚਯੋ ਆਇ ਕਿ ਨਹੀਂ ਸੋ, ਦੇਖਹੁ ਤਿਸ ਘਾਈ।
ਬੀਤ ਗਏ ਦੋ ਪਹਿਰ ਤਿਹ, ਆਵਹਿ ਕਰ ਧਾਈ ॥3॥
ਬੋਲਯੋ ਕੱਲਾ ਜੋਰਿ ਕਰ, 'ਕਿਮ ਗਮਨ ਸਕਾਰੇ।
ਪਹੁੰਚਹਿ ਚਾਲੀ ਕੋਸ ਸੋ, ਚਲਿ ਬਾਸੁਰ ਸਾਰੇ।

ਅਗਲੇ ਦਿਨ ਪਹੁੰਚੇ ਇਹਾਂ, ਸਭਿ ਬਾਤ ਬਤਾਵੈ।
ਮਾਰਗ ਅੱਸੀ ਕੋਸ ਕੋ, ਬਲ ਕੇ ਜੁਤਿ ਆਵੈ॥4॥ ..
ਦਵੈ ਘਟਕਾ ਬੀਤੀ ਬਹੁਰ, ਇੱਤਯਾਦਿ ਕਹੰਤੇ।
ਅਕਸਮਾਤ੍ਰ ਸ਼੍ਰੀ ਸਤਿਗੁਰੂ, ਇਮ ਬਚਨ ਭਨੰਤੇ।
'ਮਨੁਜ ਚੜ੍ਹਾਵਹੁ ਤਰੂ ਪਰ, ਪਗ ਦੇਖਹਿ ਸੋਈ।
ਆਵਤ ਮਾਹੀ ਕੈ ਨਹੀਂ, ਸੁਧਿ ਪਾਵਹਿ ਜੋਈ॥6॥
ਪੁਨਹਿ ਰਾਏ ਕੱਲ੍ਹਾ ਕਹੈ, 'ਪਹੰਚਯੋ ਭਿ ਨ ਸੋਊ।
ਕਹਾਂ ਹੋਇ ਆਵਗਨ ਅਬਿ, ਕਯਾ ਤਰੁ ਪਰ ਜੋਊ।
ਸੰਧਯਾ ਅਗਲੇ ਦਿਵਸ ਹੀ, ਹੋਵਤਿ ਸੋ ਆਵੈ।
ਥਿਰਹਿ ਨ ਪੁਰਿ ਅਰੁ ਮਗ ਬਿਖੈ, ਤੂਰਨ ਹੀ ਧਾਵੈ'॥7॥
ਸੁਨਿ ਪੁਨ ਗੁਨ ਗਨ ਖਾਨਿ ਗੁਰ, ਪਰਚੇ ਅਨ ਖਯਾਲਾ।
ਡੂਢ ਪਹਿਰ ਦਿਨ ਜਬ ਰਹਯੋ, ਬੈਠੇ ਤਿਸ ਕਾਲਾ।
ਬਾਕ ਤੀਸਰੋ ਕਹਿਤ ਭੇ, ਸਭਿ ਬਿਖੈ ਸੁਨਾਯੋ।
'ਚਢੌਂ ਬ੍ਰਿਛ ਮਾਹੀ ਪਿਖਹੁ, ਆਯੋ ਕਿ ਨ ਆਯੋ॥8॥
ਸੁਨਤਿ ਰਾਏ ਕੱਲ੍ਹਾ ਕਹੈ, ਨਿਜ ਨਰਨਿ ਮਝਾਰਾ।
'ਪੁਰਸ਼ੋਤਮ ਪੂਰਨ ਪੁਰਖ, ਤ੍ਰੈ ਬਾਰਿ ਉਚਾਰਾ।
ਕਹਾਂ ਹਮਾਰੋ ਖਰਚ ਹੁਇ, ਚਢਿ ਤਰੁ ਪਰ ਹੇਰੋ।
ਬਚਨ ਸਾਚ ਇਨ ਕੋ ਸਦਾ, ਨਿਸਚੈ ਬਹੁਤੇਰੋ॥9॥
ਇਕ ਨਰ ਤਰੁ ਪਰ ਤੁਰਤ ਹੀ, ਕਹਿ ਰਾਏ ਚਢਾਯੋ।
ਚਢਿ ਕਰਿ ਤੁੰਗ ਸਕੰਧ ਪਰ, ਸੋ ਮਗ ਦਰਸਾਯੋ।
ਮਾਹੀ ਆਵਤਿ ਦੂਰ ਤੇ, ਤਿਨ ਦੇਖਨਿ ਕੀਨਾ।
ਬਿਸਮਾਵਤਿ ਬੋਲਯੋ ਤਬੈ, 'ਆਯਹੁ ਮੈਂ ਚੀਨਾ'॥10॥
ਨਿਕਟ ਪਹੁੰਚਯੋ ਜਬਿ ਲਗੌ, ਰਹਿ ਦੇਖਤਿ ਸੋਊ।
ਉਤਰਯੋ ਤਰੁ ਪਰ ਤੇ ਤਰੇ, ਸੁਨਿ ਕਰਿ ਸਭਿ ਕੋਊ।
ਗਮਨਯੋ ਜੋਜਨ ਬੀਸ ਮਗ, ਮਨ ਮਾਹਿਂ ਬਿਸਮਾਏ।
ਕਰਾਮਾਤ ਸਾਹਿਬ ਗੁਰੂ, ਅਚਰਜ ਦਿਖਾਏ॥11॥
ਇਤਨੇ ਮਹਿਂ ਮਾਹੀ ਆਯੋ, ਕਰ ਬੰਦਨ ਬੈਸਾ।
ਕਹਯੋ 'ਸਿਰੁੰਦ ਬ੍ਰਿਤੰਤ ਕੋ, ਦੇਖਯੋ ਤਹਿਂ ਕੈਸਾ?'
ਹਾਥ ਜੋਰਿ ਕਰਿ ਤਬਿ ਕਹਯੋ, 'ਜੁਗ ਸਾਹਿਬਜ਼ਾਦੇ।
ਮਹਾਂ ਮਲੇਛਨ ਹਤਿ ਦਏ, ਕਰਿ ਦੀਰਘ ਬਾਦੇ'॥12॥
ਸੁਨਿ ਕਰਿ ਸ਼੍ਰੀ ਗੁਰ ਬਾਕ ਬਖਾਨਾ। 'ਭਯੋ ਨਾਸ਼ ਅਬਿ ਸਭਿ ਤੁਰਕਾਨਾ।
ਇਕ ਮਲੇਰੀਅਨ ਕੀ ਜੜ੍ਹ ਰਹੈ। ਅਪਰ ਤੁਰਕ ਸਭਿ ਹੀ ਜਰ ਦਹੈ॥47॥

ਇਮ ਕਹਿ ਮੁਖ ਤੇ ਕਰਦ ਚਲਾਈ। ਕਾਹੂ ਬੂਟ ਜੜ੍ਹ ਕਾਟਿ ਗਵਾਈ।
'ਜਿਮ ਇਸ ਕੀ ਜੜ੍ਹ ਕਾਟਿ ਉਖਾਰੀ। ਤਥਾ ਤੁਰਕ ਕੀ ਬਿਨਸਹਿ ਸਾਰੀ॥48॥
ਕੇਤਿਕ ਦਿਨ ਮਹਿਂ ਹੋਇ ਬਿਨਾਸ਼ਾ। ਬਿਸਮਾਵੈ ਜਗ ਦੇਖਿ ਤਮਾਸ਼ਾ। '
ਦਿਯੋ ਸ੍ਰਾਪ ਗੁਰ ਕੁਪੇ ਘਨੇਰੇ। ਰਾਜ ਤੇਜ ਕੇ ਮੂਲ ਉਖੇਰੇ॥49॥
॥ਅੰਸ਼ੂ 50 ॥

ਦੋਹਰਾ:

ਸੁਨਯੋ ਸ੍ਰਾਪ ਗੁਰ ਤੇ ਜਬੈ, ਬਿਸਮਯੋ ਕੱਲਾ ਰਾਏ।
ਮੈਂ ਸੰਗੀ ਤੁਰਕਨ ਕੋ, ਤਿਨਹੁਂ ਸੰਗ ਜੜ੍ਹ ਜਾਇ॥1॥

ਚੌਪਈ:

ਰਹਯੋ ਸਮੀਪ ਨਹੀਂ ਕਰ ਜੋਰੇ। ਨਹਿਂ ਬਖਸ਼ਾਯਹੁ ਗੁਰੂ ਨਿਹੋਰੇ।
ਅਬਿ ਭੀ ਸਮੋਂ ਲੇਉਂ ਬਖਸ਼ਾਇ। ਇਮ ਨਿਸਚੈ ਮਨ ਮਹਿਂ ਠਹਿਰਾਏ॥2॥
ਉਠਯੋ ਸਭਾ ਤੇ ਜੁਗ ਕਰ ਜੋਰੇ। 'ਸ਼੍ਰੀ ਪ੍ਰਭੁ, ਕ੍ਰਿਪਾ ਕਰਹੁ ਮਮ ਓਰੇ।
ਦਾਸ ਕਦੀਮੀ ਰਾਵਰ ਕੇਰਾ। 'ਤੁਰਕਨਿ ਸਨ ਕਿਛ ਹੇਤੁ ਨਹਿਂ ਮੇਰਾ॥3॥
ਤਿਨ ਕੇ ਸਾਥ ਨ ਮੋਹਿ ਮਿਲਾਓ। ਅਪਨ ਸ਼੍ਰਾਪ ਤੇ ਪ੍ਰਿਥਕ ਬਚਾਓ।
ਸ਼੍ਰੀ ਗੁਰ ਕਹੈਂ 'ਪ੍ਰਿਥਕ ਕੇ ਸਮੈ। ਅਪਨੇ ਹੇਤ ਕਹਿਨ ਥੋ ਹਮੈ॥4॥
ਦੇਤਿ ਸ਼੍ਰਾਪ ਕੋ ਲੇਤਿ ਬਚਾਇ। ਤੁਰਕਨ ਗਨ ਤੇ ਪ੍ਰਿਥਕ ਬਨਾਇ।'
ਸੁਨਤਿ ਰਾਏ ਕੱਲੇ ਤਬਿ ਕਹਯੋ। 'ਇਤੋ ਕੋਪ ਮੈਂ ਨਾਹਿਨ ਲਹਯੋ॥5॥
ਅਬਿ ਭੀ ਸ਼ਰਨ ਪਰੇ ਕੀ ਰਾਖਹੁ। ਦਾਸ ਜਾਨਿ ਬਖਸ਼ਨ ਅਭਿਲਾਖਹੁ।
ਮੇਰੋ ਰਾਜ ਤੇਜ ਰਖਿ ਲੀਜੈ। ਪਰਯੋ ਸ਼ਰਨ ਅਬਿ ਕਰੁਨਾ ਕੀਜੈ॥6॥
ਅਸ ਕਹਿਬੋ ਸੁਨਿ ਕਰਿ ਗੁਨ ਕਾਨ। ਹਮਰੇ ਬਚਨ ਪ੍ਰਤੀਤ ਮਹਾਨ।
ਦਯਾਸਿੰਧ ਤਬਿ ਦਯਾ ਢਰੈ ਹੈਂ। ਹਿਤ ਬਖਸ਼ਨ ਕੇ ਬਚਨ ਕਰੈਂ ਹੈਂ॥16॥
'ਜ਼ੋਰਾਵਾਰੀ ਕਰਤਿ ਹੈ ਰਾਏ। ਜੜ ਅਪਨੀ ਰਾਖਨ ਕੇ ਦਾਇ।
ਆਸਤਰਨ ਕੇ ਤਰ ਤਰਵਾਰ। ਤਹਿਂ ਤੇ ਸ੍ਰੀ ਪ੍ਰਭੁ ਲਈ ਨਿਕਾਰਿ॥17॥
ਨਿਜ ਕਰ ਮਹਿਂ ਧਰਿ ਬਾਕ ਬਖਾਨਾ। 'ਤੁਝ ਕੋ ਬਖਸ਼ਹਿਂ ਚਾਰੁ ਕ੍ਰਿਪਾਨਾ।
ਜਬਿ ਲਗਿ ਰਖਹੁ ਅਦਬ ਇਸ ਕੇਰਾ। ਰਹੈ ਬੰਸ, ਹੁਇ ਰਾਜ ਬਡੇਰਾ॥18॥
ਨਹਿਂ ਪੂਜਹੁ ਸਨਮਾਨਹੁ ਨਾਂਹੀ। ਕਿਧੋਂ ਪਾਇ ਲੇ ਕੋ ਗਰ ਮਾਹੀਂ।
ਬੰਸ ਰਾਜ ਤਿਸ ਦਿਨ ਤੇ ਛੀਨ। ਕਛੁ ਨਹਿਂ ਰਹੈ, ਸਾਚ ਲਿਹੁ ਚੀਨ'॥19॥
ਸੁਨਿ ਕਰਿ ਦੋਨਹੁਂ ਹਾਥ ਪਸਾਰੇ। ਸਤਿਗੁਰ ਕੇ ਹੁਇ ਨਿਕਟ ਅਗਾਰੇ।
'ਦੀਜਹਿ ਸਤਿਗੁਰ, ਪੂਜਹਿਂ ਸਦਾ। ਨਹੀਂ ਅਵੱਗਯਾ ਕਰਿਹੌਂ ਕਦਾ॥20॥
ਰਿਦੈ ਪ੍ਰਸੰਨ ਰਾਏ ਬਹੁ ਹੋਵਾ। ਸੁੰਦਰ ਖੜਗ ਬਿਕੀਮਤਿ ਜੋਵਾ।
'ਰਾਜ ਤੇਜ ਅਰ ਬੰਸ ਉਦਾਰਾ। ਆਯਹੁ ਰਾਖਨਹਾਰ ਹਮਾਰਾ'॥21॥
ਸ਼੍ਰੀ ਗੁਰ ਕਦਮ ਪਦਮ ਸਮ ਹੇਰੇ। ਬਾਰ ਬਾਰ ਬੰਦਹਿ ਤਿਸ ਬੇਰੇ।

ਹਾਥ ਜੋਰਿ ਕਰਿ ਖਰੋ ਅਗਾਰੀ। 'ਦਿਹੁ ਆਗਯਾ ਹੁਇ ਸੇਵ ਤੁਮਾਰੀ'॥22॥
ਸ੍ਰੀ ਗੁਰ ਕਹਯੋ 'ਗਮਨ ਹਮ ਚਾਹੈਂ। ਤੁਮ ਭੀ ਜਾਹੁ ਪਓਨਿ ਘਰ ਮਾਹੈਂ।
ਜੰਗਲ ਦੇਸ਼ ਹਮਾਰੇ ਸਿੱਖ। ਤਹਾਂ ਬਿਤਾਵਹਿਂ ਸਮਾਂ ਭਵਿੱਖ॥23॥
ਅਬਿ ਸੇਵਾ ਕੀ ਚਾਹ ਨ ਕੋਈ। ਜਿਸ ਹਿਤ ਕਹੈਂ ਤੋਹਿ ਕੋ ਸੋਈ।
ਇਮ ਕਹਿ ਪਲੰਘ ਤਬੈ ਉਠਿਵਾਯੋ। ਰਾਏ ਚਮੂੰ ਜੁਤਿ ਸੀਸ ਨਿਵਾਯੋ॥24॥
॥ ਅੰਸੂ 53 ॥

ਦੋਹਰਾ:

ਕੁਛ ਪ੍ਰਸੰਗ ਹੈ ਰਾਏ ਕੋ, ਦਈ ਗੁਰੂ ਤਰਵਾਰ।
ਸਨੀਅਹਿ ਸ੍ਰੋਤਾ ਪ੍ਰੀਤ ਧਰਿ, ਕਰਿ ਹੋਂ ਅਬੈ ਉਚਾਰ॥1॥

ਚੌਪਾਈ:

ਹਰਖਯੋ ਰਾਏ ਸਦਨ ਲੇ ਆਯੋ। ਸੁੰਦਰ ਏਕ ਪ੍ਰਯੰਕ ਡਸਾਯੋ।
ਚਾਰੁ ਵਿਛੌਨਾ ਊਪਰ ਛਾਏ। ਪੂਜਨ ਸੌਂਜ ਲਯਾਇ ਸਮੁਦਾਏ॥2॥
ਅਤਰ ਫੂਲ ਕੀ ਮਾਲ ਬਿਸਾਲਾ। ਚੰਦਨ ਅਤਿ ਸੁੰਦਰ ਗੰਧਾਲਾ।
ਧੂਪ ਧੁਖਾਇ ਆਰਤੀ ਕੀਨਿ। ਚੰਦਨ ਚਰਚਿਤ ਸੁਮਨਸੁ ਲੀਨਿ॥3॥
ਤਿਸ ਪ੍ਰਿਯੰਕ ਪਰ ਖੜਗ ਟਿਕਾਯੋ। ਪੂਜਹਿ ਸ਼ਰਧਾ ਭਾਵ ਵਧਾਯੋ।
ਦੀਪਕ ਘ੍ਰਿਤ ਪਾਏ ਨਿਤ ਜਾਰੇ। ਨਿਤ ਹੀ ਫੂਲ ਮਾਲ ਕੋ ਚਾਰੇ॥4॥
ਖੀਨਖਾਵ ਕੀ ਤੂਲ ਰਜਾਈ ਕਰੀ। ਹਿਮ ਰੁਤਿ ਮਹਿਂ ਅਸਿ ਊਪਰ ਧਰੀ।
ਰਹੈ ਅੰਗੀਠੀ ਆਗੈ ਧਰੀ। ਫਿਰਹਿ ਚੌਰ ਸੁੰਦਰ ਸਭਿ ਘਰੀ॥5॥
ਗ੍ਰੀਖਮ ਰੁਤ ਮਹਿਂ ਪੋਸ਼ਿਸ਼ ਧਰੀ। ਪਟ ਬਨਾਰਸੀ ਦੁਪਟਾ ਜਰੀ।
ਘਨੀ ਸੁਗੰਧ ਅਤਰ ਤੇ ਆਦਿ। ਨਿਤ ਪ੍ਰਤਿ ਪੂਜਹਿ ਕਰਿ ਅਹਲਾਦ॥6॥
ਬਾਯੁ ਕਰਹਿ ਬਿਜਨਾ ਕੋ ਫੇਰੈ। ਇਸ ਬਿਧਿ ਧਾਰਿਹ ਭਾਉ ਵਡੇਰੈ।
ਬਯ ਕੋ ਭੋਗਿ ਭਾਉ ਚਿਤ ਲੋਰ। ਕੱਲੇ ਰਾਏ ਦਯੋ ਤਨ ਛੋਰਿ॥7॥
ਤਿਸ ਪਾਛੈ ਸੁਤ ਗਾਦੀ ਬੈਸਾ। ਧਰਯੋ ਭਾਉ ਗੁਰ ਅਸਿ ਮਹਿਂ ਤੈਸਾ।
ਅਨਿਕ ਭਾਂਤਿ ਕੀ ਪੂਜਾ ਕਰੈ। ਸੀਸ ਨਿਵਾਵੈ ਸ਼ਰਧਾ ਧਰੈ॥8॥
ਸੋ ਭੀ ਭੋਗਿ ਆਰਬਲਾ ਮਰਯੋ। ਤਿਸ ਪੌਤ੍ਰਾ ਗਾਦੀ ਪਰ ਥਿਰਯੋ।
ਸੰਗਤਿ ਪਾਏ ਮੌਲਾਨਨਿ ਕੇਰੀ। ਬਿਗਰਯੋ ਸ਼ਰਧਾ ਘਟੀ ਘਨੇਰੀ॥9॥
ਮਿਲਹਿਂ ਤੁਰਕ ਗਨ ਉਚਾਰਹਿਂ। 'ਇਹ ਕਾਫਰ ਕੀ ਰੀਤਿ ਬਿਚਾਰਹਿਂ।
ਹਿੰਦੂਨਿ ਗੁਰ ਕੇ ਸਿਖ ਤੁਮ ਰਹੇ। ਵਹਿਰ ਸ਼ਰ੍ਹਾ ਤੇ ਪੁਸ਼ਤਨਿ ਲਹੇ॥10॥
ਦੋਜਕ ਪਰਹੁ ਅਗਾਰੀ ਜਾਇ। ਕਯਾਮਤ ਮਹਿਂ ਤੁਮ ਲਹੋ ਸਜਾਇ।
ਨੀਕੋ ਖੜਗ ਗਰੇ ਨਹਿਂ ਪਾਵਹੁ। ਨਿਸ ਦਿਨ ਧਰੇ ਪ੍ਰਿਯੰਕ ਪੁਜਾਵਹੁ॥11॥
ਇਤਯਾਦਿਕ ਤਿਹੁ ਬਹੁ ਸਮਝਾਯੋ। ਰਾਏ ਪੌਤ੍ਰ ਲੇ ਗਲ ਮਹਿਂ ਪਾਯੋ।
ਤਿਸ ਹੀ ਦਿਨ ਸੋ ਚਢਯੋ ਅਖੇਰਾ। ਕਿਮ ਰਹਿ ਸਕਹਿ ਕਾਲ ਜੋ ਪ੍ਰੇਰਾ॥12॥

ਵਹਿਰ ਝੀਲ ਬਡ ਮਹਿਂ ਜਬਿ ਗਯੋ। ਨਿਕਸਯੋ ਮ੍ਰਿਗ ਅਵਿਲੋਕਤਿ ਭਯੋ।
ਸਕਲ ਸੈਨ ਕੋ ਥਿਰ ਤਹਿਂ ਕਰਿ ਕੈ। ਗਯੋ ਇਕਾਂਕੀ ਗਰਬ ਸੁ ਧਰਿ ਕੈ ॥13॥
ਭਯੋ ਨੇਰ ਤਰਵਾਰ ਨਿਕਾਰੀ। ਝੁਕਿ ਝਟ ਪਟ ਮਿਰਗ ਊਪਰਿ ਝਾਰੀ।
ਸੋ ਬਚ ਗਯੋ ਛਾਲ ਕਰਿ ਆਗੀ। ਬਹਿਕ ਹਾਥ ਉਰੂ ਪਰ ਲਾਗੀ ॥14॥
ਇਮ ਸ਼ਮਸ਼ੇਰ ਸਾਫ ਹੁਇ ਬਹੀ। ਕਟਯੋ ਉਰੂ ਕੁਛ ਬਾਕੀ ਰਹੀ।
ਤਰ ਗਿਰ ਪਰਯੋ ਤੁਰੰਗ ਢਿਗ ਖਰਯੋ। ਸਭਿ ਸੈਨਾ ਤਬਿ ਟੋਰਨਿ ਕਰਯੋ ॥15॥

ਦੋਹਰਾ

'ਹਾਇ ਹਾਇ' ਮੁਖ ਭਨਤਿ ਹੈ, ਸੁਨਿ ਆਏ ਸਹਸਾਇ।
ਕਟਯੋ ਪਰਯੋ ਅਵਲੋਕ ਕਰਿ, ਸਿਵਕਾ ਲਯੋ ਚਢਾਇ ॥16॥

ਨਿਸ਼ਾਨੀ ਛੰਦ

ਪੰਥ ਬਿਖੈ ਹੀ ਮਰਿ ਗਯੋ, ਨਹਿਂ ਘਰ ਮਹਿਂ ਆਵਾ।
ਕਵਿ ਭਾਖੈ ਹਮ ਅਲਪ ਬਯ, ਜਬਿ ਇਹ ਸੁਨਿ ਪਾਵਾ।
ਗੁਰ ਕ੍ਰਿਪਾਨ ਤੇ ਕਟਿ ਮਰਯੋ, ਬਨ ਗਏ ਅਖੇਰਾ।
ਰਾਜਬੰਸ ਅਰੁ ਤੇਜ ਸਭਿ, ਜੁਤਿ ਮੂਲ ਉਖੇਰਾ॥17॥

॥ ਅੰਸੂ 54॥

***

3.

# ਪੰਥ ਪ੍ਰਕਾਸ਼

**(ਰਚਨਾ 1874 ਈ:)**

## ਕ੍ਰਿਤ

## ਗਿਆਨੀ ਗਿਆਨ ਸਿੰਘ

ਦੋਹਰਾ:

ਮਾਛੀਵਾੜਯੋਂ ਚਲ ਗੁਰੂ, ਪਹੁੰਚੇ ਗਾਮ ਕਨੇਚ।
ਫੱਤੇ ਪੈਂਚ ਮਸੰਦ ਨੇ, ਕੀਨੇ ਗੁਰੂ ਸੈਂ ਪੇਚ॥

ਦਵੈਯਾ ਛੰਦ:

ਦੋ ਘੋੜੀ ਥੀ ਤਿਸਕੇ ਘਰ ਮੈਂ ਗੁਰ ਅਸਵਾਰੀ ਚਾਹੀ।
ਏਕ ਦਮਾਦ ਲੈ ਗਯੋ ਕਹਿ ਵਹਿ ਇਕ ਬਿਮਾਰ ਸੁਆਹੀ।
ਨੀਤਿ ਫਲੈ ਤੁਮਰੀ ਇਮ ਕਹਿਕੇ ਆਗੇ ਚਲੇ ਗੁਸਾਂਈ।
ਘੋੜੀ ਹਾਥਾਂ ਤੈ ਗਈ ਦੋਂਦੀ ਫਿਰ ਪਛਤਾਯੋ ਭਾਈ।
ਗਨੀ ਨਬੀ ਖਾਂ ਕੋ ਗੁਰ ਤਹਿ ਤੈ ਮੋੜ ਦਯੋ ਪਿਛਵਾਈ।
ਪਿੰਡਨ ਕੈਂ ਪੈਂਚਨ ਸਿਰ ਆਗੇ ਲੀਨੋ ਮੰਚ ਚਲਾਈ।
ਹੇਹਰ ਪਿੰਡ ਕ੍ਰਿਪਾਲ ਉਦਾਸੀ ਸਾਧੂ ਕਾ ਥਾ ਡੇਰਾ।

ਤਹਾਂ ਜਾਇ ਕਰ ਉਤਰੇ ਜਬ ਗੁਰ ਤਿਸ ਮਹੰਤ ਟਿਮ ਟੇਰਾ।
ਤੁਮ ਪਾਤਸ਼ਾਹੀ ਚੋਰ ਫਿਰਤ ਹੋ ਜੇ ਹਮ ਡੇਰੇ ਬਾੜੈਂ।
ਹਮ ਕੋ ਪਕੜ ਤੁਰਕ ਦਿਹ ਫਾਂਸੀ ਡੇਰਾ ਏਹੁ ਉਜਾੜੈਂ।
ਬੋਲੇ ਗੁਰ ਡੇਰਾ ਸਦ ਬਸ ਹੈ ਤੁਮ ਕੌ ਥੈਹੇ ਫਾਂਸੀ।
ਤਬ ਲੌਂ ਆਇ ਚੌਧਰੀ ਪਿੰਡ ਨੇ ਗਹੇ ਚਰਨ ਸੁਖ ਰਾਸੀ।
ਡੇਰਾ ਦੀਓ ਸੇਵਾ ਕੀਨੀ ਬਰ ਲੀਨੋ ਪਿੰਡ ਬਾਸੈ।
ਦੂਤੀ ਦਿਵਸ ਜਬ ਚਲੇ ਤਹਾਂ ਤੈ ਤਿਸੀ ਪਿੰਡ ਕੇ ਪਾਸੈ।
ਸਿਖ ਸੁਦਾਗਰ ਚਾਰ ਅਸੂ ਲੈ ਬੇਚਨ ਚਲਯੋ ਕਿਥਾਂਈ।
ਦੂਲਟ ਜੱਟ ਨਗਾਹੀਆ ਸਿੰਘ ਥਾ ਮਨੀ ਸਿੰਘ ਕਾ ਭਾਈ।
ਏਕ ਤੁਰੰਗ ਗੁਰੂ ਕੇ ਲਾਇਕ ਉਸਨੇ ਭੇਟਾ ਕੀਆ।
ਭੋਗ ਮੋਖ ਤਿਸ ਤਈਂ ਬਖਸ਼ ਗੁਰ ਮੰਜਾ ਤਹਿ ਤਜ ਦੀਆ।
ਹੋਇ ਸਵਾਰ ਅੱਸੂ ਪਰ ਚਾਲੇ ਪੁਜੇ ਜਟ ਪੁਰੇ ਲੰਮੇ।
ਰਾਏ ਕੋਟ ਵਾਰੋ ਰਾ ਕੱਲਾ ਮਿਲਯੋ ਤਹੀ ਤਿਸ ਸੰਮੇ।
ਸਾਦਰ ਗੁਰ ਕੋ ਤਾਂਹਿ ਟਿਕਾਯੋ ਬਿਨੈ ਜੋਰ ਕਰ ਕੀਨੀ।
ਬਾਂਛਿਤ ਸੇਵਾ ਕਹੋ ਦਾਸ ਕੋ ਸੋਈ ਕਰਹੋ ਪੀਨੀ।
ਗੁਰੂ ਕਹਯੋ ਲਘੁ ਸਾਹਿਬਜ਼ਾਦੇ ਗਏ ਸਰੰਦਹਿ ਓਰੀ।
ਉਨਕੀ ਖਬਰ ਮੰਗਾਵੋ ਤਬ ਲੌ ਹਮ ਠਹਿਰੈਂ ਇਸ ਠੌਰੀ।
ਰਾਏ ਤੁਰਕ ਹਲਕਾਰਾ ਭੇਜਯੋ ਨਿਜ ਵਕੀਲ ਕੇ ਪਾਸੈਂ।
ਇਤ ਗੁਰੁ ਕਲਾ ਰਾਏ ਰਹੇ ਤਹਿੰ ਕਰਤ ਅਨੇਕ ਬਿਲਾਸੈਂ।
ਧਾਵਨ ਧਸਿਓ ਸਰੰਦ ਜਬੈ ਤਬ ਸੁਨਿਓ ਹਾਹਾਕਾਰੈ।
ਸਾਹਿਬਜ਼ਾਦੇ ਤਿਸੀ ਦਿਵਸ ਮੇਂ ਕਰੇ ਸ਼ਹੀਦ ਚੰਡਾਰੈ।
ਰੋਵਤ ਸਿਖ ਇਕ ਮਿਲਯੋ ਤਾਹਿ ਕੋ ਸਭੀ ਹਵਾਲ ਸੁਨਾਯੋ।
ਔਰ ਰਾਏ ਕੇ ਮਾਤਬਰੋਂ ਤੈਂ ਲਿਖਵਾ ਪੀਛੇ ਆਯੋ।
ਸਰਬ ਹਵਾਲ ਆਨ ਉਨ ਗੁਰੁ ਪੈ ਭਾਖਯੋ ਨੈਨ ਚੁਚਾਤੇ।
ਸੁਨ ਗੁਰੁ ਰਹੇ ਮੌਨ ਅਚਰਜ ਸੇ ਰਾਏ ਕਰੇ ਦਿਰਗ ਤਾਤੇ।
ਕਹਯੋ ਨਸ਼ਟ ਹੋਹੈ ਪਾਤਸ਼ਾਹੀ ਐਸੇ ਪਾਪੋਂ ਤੈਹੈਂ।
ਇਸੀ ਸੋਚ ਮੈਂ ਗੁਰੂ ਕਰਦ ਸੈਂ ਕਾਹੀ ਪੇਡ ਪੁਟੈਹੈਂ।
ਕਹਯੋ ਨਗਾਰ ਬੰਦ ਤੁਰਕਨ ਕੀ ਇਹੁ ਪੁਟੀ ਜੜ ਮੈਂ ਹੈਂ।
ਇਟ ਇਟ ਹੋਇ ਸਰੰਦ ਸ਼ਹਿਰ ਕੀ ਨਾਜਮ ਦੁਖੀ ਮਰੈ ਹੈਂ।
ਹਾਥ ਜੋਰ ਕਲੇ ਨੇ ਆਖਯੋ ਮੈਂ ਭੀ ਤੁਰਕ ਸਦੈਹੋਂ।
ਤੇਗ ਬਖਸ਼ ਗੁਰੁ ਭਾਖਯੋ ਜਬ ਲੌਂ ਇਸੈ ਪੂਜਤੇ ਰੈਹੋਂ।
ਤਬ ਲੌਂ ਰੈਹੈਂ ਰਾਜ ਤੁਮਾਰਾ ਸਦਾ ਮਲੇਰੀ ਰੈਹੇਂ।

ਧਰਮ ਪਛਾਨ ਕਹਯੋ ਜਿਨ ਸੂਬਹਿ ਸੀਰਖੋਰ ਕਯੋਂ ਮਰੈਹੈਂ।
ਬਚਨ ਏਹੁ ਗੁਰੂ ਕੇ ਸਚ ਥੀਏ ਹਮ ਪੇਖੇ ਅਜਮਾਈ।
ਰਾਜ ਰਾਏ ਕਾ ਰਹਯੋ ਤਬੀ ਲੌਂ ਜਬ ਲੌਂ ਤੇਗ ਪੁਜਾਈ।
ਰਾਏ ਅਲਯਾਸ ਕਲੇ ਕਾ ਪੋਤਰਾ ਜਿਸ ਦਿਨ ਕਮਰ ਬੰਧੈਹੈ।
ਗਯੋ ਸ਼ਿਕਾਰ ਸ਼ਿਕਾਰ ਭਯੋ ਮ੍ਰਿਤ ਬਿਨ ਔਲਾਦ ਤਬੈਹੈ।
ਕੁਛ ਦਿਨ ਰਾਜ ਕਰਯੋ ਤਿਸ ਰਾਣੀ ਫਿਰ ਲਵਪੁਰ ਪਤਿ ਆ ਕੈ।
ਛੀਨ ਰਾਜ ਉਨ ਕਾ ਸਬ ਲੀਨੋ ਦਯੋ ਗੁਜਾਰਾ ਵਾਕੈ।
ਰਾਜ ਮਲੇਰੀ ਅਬ ਲੌਂ ਕਰਹੈਂ ਗੁਰੁ ਬਰ ਤੈ ਪਹਿਚਾਨੋ।
ਗਾਥਾ ਗਾਇ ਧਯਾਇ ਇਹ ਇਸ਼ਠਾ ਪੂਰਨ ਹੋਯੋ ਮਾਨੋ।

(ਇਤਿ ਗੁਰ ਪੰਥ ਪਰਕਾਸ਼ੇ ਗਯਾਨ ਸਿੰਘ ਵਿਰਚਿਤੇ ਮਾਛੀਵਾੜੇ ਕਲੇ ..ਨਨੰ ਨਾਮ ਤੇਤੀਸਮੋ ਨਿਵਾਸ॥)

***

4.

# ਸ੍ਰੀ ਕਲਗੀਧਰ ਚਮਤਕਾਰ - ਉਤ੍ਰਾਰਧ- ਦੂਜਾ ਅੱਧ ਅਰਥਾਤ ਜੀਵਨ ਚਰਿਤ੍ਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ

(ਰਚਨਾ 1925 ਈ:)

ਕ੍ਰਿਤ

ਭਾਈ ਵੀਰ ਸਿੰਘ

## ਰਾਏ ਕਲਾ

ਪਿਛੇ ਦੱਸ ਆਏ ਹਾਂ ਕਿ ਗੁਰੂ ਜੀ ਮਾਲਵੇ ਨੂੰ ਜਾ ਰਹੇ ਹੇਹਰ ਪਹੁੰਚੇ ਸਨ। ਹੇਹਰ ਕ੍ਰਿਪਾਲ ਉਦਾਸੀ ਦਾ ਡੇਰਾ ਸੀ ਜਿਸ ਥਾਂ ਨੂੰ ਆਪਣਾ ਜਾਣ ਕੇ ਗੁਰੂ ਜੀ ਡੇਰੇ ਪਹੁੰਚੇ ਤੇ ਮੁਕਾਮ ਕੀਤਾ। ਜਦ ਗੁਰੂ ਜੀ ਡੇਰੇ ਵਿਚ ਗਏ ਤਾਂ ਕ੍ਰਿਪਾਲ ਦੇ ਡੇਰੇ ਦੇ ਮਹੰਤ ਨੇ ਜਾਤਾ ਕਿ ਗੁਰੂ ਜੀ ਜੇ ਪੱਕੇ ਏਥੇ ਰਹਿ ਪਏ, ਅਤੇ ਉੱਤੇ ਆ ਚੜ੍ਹੇ ਤੁਰਕ, ਤਾਂ ਨਾ ਅਸੀਂ ਤੇ ਨਾ ਡੇਰਾ। ਇਹ ਸੋਚਕੇ ਉਸਨੇ ਇਕ ਨਾਲ ਦੇ ਸਿਖ ਪਾਸ ਅਰਜ਼ ਕੀਤੀ ਕਿ ਕਿਵੇਂ ਸਾਹਿਬਾਂ ਨੂੰ ਏਥੋਂ ਅੱਗੇ ਲੈ ਜਾਓ। ਸਿੰਘ ਨੇ ਕਿਹਾ:- ਭਾਈ ਮਹੰਤਾ, ਤੱਕੜਾ ਹੋ, ਗੁਰੂ ਜੀ ਰਾਤ ਸਮੇਂ ਤੇਰੇ ਡੇਰੇ ਅੱਪੜੇ ਹਨ, ਕਿਸੇ ਨੂੰ ਸੂੰਹ ਨਹੀਂ ਲੱਗੀ। ਨਾਂਹੀਂ ਉਨ੍ਹਾਂ ਏਥੇ ਰਹਿਣਾ ਹੈ। ਤੁਸੀਂ ਸਿੱਖ ਹੋ, ਉਹ ਗੁਰੂ ਹਨ। ਤੁਹਾਡੇ ਜੀ ਵਿੱਚ ਪਿਆਰ ਲੋੜੀਏ, ਉਨ੍ਹਾਂ ਦੇ ਜੀ ਵਿਚ ਤੁਹਾਡੀ ਸੁਖ ਦਾ ਫਿਕਰ ਹੈ, ਪਿਆਰ ਹੈ।"

ਪਰ ਮਹੰਤ ਦੇ ਜੀਅ ਠੇਰ ਨਾ ਬੱਝੀ। ਜਦ ਸਿੰਘ ਜੀ ਨੇ ਸਤਿਗੁਰਾਂ ਅੱਗੇ ਬੇਨਤੀ ਕੀਤੀ ਤਾਂ ਆਪ ਬੋਲੇ: ਪਿਆਰ ਹੋਵੇ ਫਿਰ ਭਾਵੇਂ ਪਿਆ ਡਰੇ ਤਾਂ ਗੱਲ ਹੋਰ ਹੈ, ਪਰ ਇਨ੍ਹਾਂ ਲੋਕਾਂ

ਦੀ ਮੱਤ ਪੂਜਾ ਦੇ ਧਾਨ ਨੇ ਮੈਲੀ ਕਰ ਰਖੀ ਹੈ। ਚਲੋ ਸਵੇਰੇ ਕੂਚ ਕਰੀਏ। ਮਹੰਤ ਨੂੰ ਆਖ ਦਿਓ 'ਭੈ' 'ਵਿਪਦਾ ਨੂੰ ਵਾਜਾਂ ਮਾਰਦਾ ਹੈ, 'ਭਰਮ' 'ਕਲੇਸ਼ਾਂ' ਨੂੰ ਨਿਉਂਦਾ ਦੇਂਦਾ ਹੈ। ਭੈ ਤੇ ਭਰਮ ਹੀ ਦੁੱਖਾਂ ਤੇ ਰੋਗਾਂ ਨੂੰ ਜਨਮ ਦੇਂਦੇ ਹਨ। ਸੁਖਮਨੀ ਪੜ੍ਹਕੇ ਸੁਣਕੇ, ਤੁਸਾਂ ਨਾਮ ਨਹੀਂ ਜਪਿਆ, ਨਿਰਭੈ ਨਹੀਂ ਹੋਏ - ਦੂਖ ਰੋਗ ਬਿਨਸੈ ਭੈ ਭਰਮ'। ਹਾਂ ਤੁਸੀਂ ਨਹੀਂ ਪੜ੍ਹੇ ਕਿ 'ਭੈ ਤੇ ਭਰਮ ਅਰ ਇਨ੍ਹਾਂ ਦੇ ਫਲ 'ਦੁਖ ਤੇ ਰੋਗ' ਨਾਮ ਅਰਾਧਨ ਨਾਲ ਮਿਟਦੇ ਹਨ। ਪਿਆਰ ਬੀ ਨਹੀਂ ਹੈ, ਪਿਆਰ ਦੀ ਅੰਸ਼ ਹੋਵੇ ਫੇਰ ਕੁਛ ਮਨ ਡਰੇ ਤਾਂ ਸਾਈਂ ਮੇਹਰ ਕਰ ਹੀ ਦੇਂਦਾ ਹੈ। ਸੋ ਚੰਗਾ ਵਾਹ ਵਾਹ! ਭੈ ਨੇ ਮਹੰਤ ਨੂੰ, ਜਿਸ ਗਲੋਂ ਡਰਦਾ ਹੈ, ਉਸੇ ਵਿੱਚ ਫਸਾ ਦੇਣਾ ਹੈ। ਭੰਡਾਰੀ ਨੇ ਤੜਕੇ ਵਿਦੈਗੀ ਵੇਲੇ ਆ ਮੱਥਾ ਟੇਕਿਆ, ਕੁਛ ਭੇਟ ਧਰਨ ਲੱਗਾ, ਆਪ ਬੋਲੇ: "ਮੁੱਠ ਮੀਟੀ ਰੱਖ, ਕਦੇ ਖੁੱਲ੍ਹੇਗੀ, ਡੇਰਾ ਵਸਦਾ ਰਹੇਗਾ, ਸਾਡੇ ਕ੍ਰਿਪਾਲ ਦਾ ਹੈ। ਮਹੰਤ ਡਰਦਾ ਰਿਹਾ ਤਾਂ ਮਰੇਗਾ।"

ਇਥੋਂ ਟੁਰਕੇ ਆਪ ਲੰਮੇ ਪਿੰਡ ਆਏ*। ਜਗਰਾਵਾਂ ਦੇ ਇਲਾਕੇ ਦਾ ਇਕ ਜਾਤੋਂ ਰਾਜਪੂਤ ਪਰ ਜਨਮੋਂ ਮੁਸਲਮਾਨ ਚੌਧਰੀ ਉਸ ਇਲਾਕੇ ਦਾ ਮਾਨੋ ਰਾਜਾ ਸੀ, ਉਸ ਨੂੰ 'ਰਾਏ ਕੱਲ੍ਹਾ' ਕਹਿੰਦੇ ਸਨ।

ਇਹ ਸਖਸ ਆਪਣੇ ਭਰੋਸੇ ਵਿਚ ਪੱਕਾ ਮੁਸਲਮਾਨ ਨਹੀਂ ਸੀ, ਸਗੋਂ ਹਿੰਦੂ ਸੀ, ਅਹ ਸਿੱਖ ਧਰਮ ਦੀ ਬੜੀ ਇੱਜਤ ਕਰਦਾ ਸੀ, ਹਰ ਮਤ ਦੇ ਫਕੀਰਾਂ ਵਿਚੋਂ ਕਣੀ ਵਾਲੇ ਦੀ ਢੂੰਡ ਰਖਦਾ ਸੀ। ਇਸ ਦਾ ਡੇਰਾ ਸੀਲੋਆਣੀ** ਪਿੰਡ ਪਿਆ ਸੀ, ਇਹ ਪਿੰਡ ਲੰਮੇ ਤੋਂ ਨੇੜੇ ਹੀ ਸੀ। ਇਹ ਅੱਗੋਂ ਹੋ ਕੇ ਲੰਮੇ ਜਾ ਮਿਲਿਆ ਤੇ ਬੜੇ ਸਤਿਕਾਰ ਨਾਲ ਆਪਣੇ ਡੇਰੇ ਵਿੱਚ ਡੇਰਾ ਕਰਾ ਕੇ ਖੁਸ਼ ਹੋਇਆ, ਪਰ ਸਾਰੇ ਜੰਗ ਤੇ ਕਸ਼ਟਣੀਆਂ ਦੇ ਹਾਲ ਸੁਣਕੇ ਰੋਇਆ, ਅਰ ਪਹਿਲੇ ਤੇ ਵਧੀਕ ਦਰਦੀ ਤੇ ਪਿਆਰ ਵਾਲਾ ਹੋ ਗਿਆ ਸੀ। ਏਥੇ ਕੁਛ ਸਿੱਖ ਆ ਮਿਲੇ, ਸਤਿਗੁਰੂ ਜੀ ਦਾ ਆਦਰ ਤੇ ਖਾਤਰ ਬਹੁਤ ਕੀਤੀ ਤੇ ਕੋਈ ਖਾਸ ਸੇਵਾ ਪੁੱਛੀ। ਆਪ ਨੇ ਕਿਹਾ "ਛੋਟੇ ਸਾਹਿਬਜਾਦੇ ਤੇ ਸਾਡੀ ਮਾਈ ਉਸ ਰਾਤ ਵਿਛੁੜੇ ਹਨ, ਕਿਸੇ ਨੂੰ ਘੱਲੋ ਜੋ ਸਰਹਿੰਦ ਤੋਂ ਸੂੰਹ ਲਿਆਵੇ।" ਰਾਏ ਨੇ ਅਪਣੇ ਨਿਜ ਦੇ ਹਲਕਾਰੇ 'ਮਾਹੀ' ਨੂੰ ਘੱਲਿਆ। ਸਰਹਿੰਦ ਏਥੋਂ ਚਾਲੀ ਕੁ ਕੋਹ ਪੱਕੇ ਹੈ। ਉਹ ਹਲਕਾਰਾ ਚਲਾ ਗਿਆ ਤੇ ਥੋੜੇ ਚਿਰ ਬਾਦ ਹੀ ਹੋਣੀ ਦੀ ਖਬਰ ਲੈ ਕੇ ਵਾਪਸ ਆ ਗਿਆ। ਜਾਣੀ ਜਾਣ ਜੀ ਦੀਆਂ ਆਂਦਰਾਂ ਦੇ ਸਨੇਹ ਤਾਂ ਹੋਣਹਾਰ ਹੋ ਚੁਕੀ ਨੂੰ ਲਖ ਰਹੇ ਸਨ, ਪਰ ਜਦ ਮਾਹੀ ਨੇ ਆ ਕੇ ਵਰਤੰਤ ਦੱਸੇ ਤਾਂ ਸਭ ਨੂੰ ਸਰਹਿੰਦ ਦੇ ਨਵਾਬ ਦੀ ਦੁਸ਼ਟਤਾ ਤੇ ਕਹਿਰ ਦੇ ਜੁਲਮ ਪਰ ਕਸ਼ਟ ਹੋਇਆ।

ਸਾਹਿਬ ਇਸ ਵੇਲੇ ਇਕ ਡਡਰੇ ਘਾਹ ਦੀ ਮਲਗੁਜ਼ਾਰ ਵਿਚ ਬੈਠੇ ਸਨ। ਹੱਥ ਵਿੱਚ ਤ੍ਰਿਖਾ ਖੰਜਰ ਸੀ, ਇਸਦੀ ਨੋਕ ਨਾਲ ਘਾਹ ਨਾਲ ਚੋਜ ਕਰ ਰਹੇ ਸਨ। ਜਦੋਂ ਇਹ ਦਰਦਨਾਕ ਪ੍ਰਸੰਗ ਹੋ ਚੁਕਾ ਤਾਂ ਆਪ ਦੇ ਨੈਣ ਮੁੰਦ ਗਏ, ਖੰਜਰ ਦੀ ਨੋਕ ਹਿਲਣੋਂ ਬੰਦ ਹੋ ਗਈ, ਇਹ

---

*ਸੂਰਜ ਪ੍ਰ: ਤੋਂ ਇਉਂ ਜਾਪਦਾ ਹੈ ਕਿ ਲੰਮੇ ਠਹਿਰ ਗਏ ਤੇ ਏਥੋਂ ਦੀਨੇ ਗਏ, ਪਰ ਰਾਏ ਆਪ ਨੂੰ ਇਥੋਂ ਰਾਏਕੋਟ ਲੈ ਆਇਆ ਸੀ, ਜਿਥੇ ਗੁਰੂ ਜੀ ਠਹਿਰੇ ਸੇ, ਉਥੇ ਰਾਏਕੋਟ ਤੋਂ ਮੀਲ ਭਰ ਪਰੇ ਟਾਲ੍ਹੀਆਣਾ ਗੁਰਦੁਵਾਰਾ ਹੈ, ਸਾਹਿਬਜ਼ਾਦਿਆਂ ਦੀ ਖਬਰ ਏਥੇ ਆਈ ਜਾਪਦੀ ਹੈ। ਏਥੋਂ ਵਿਦਾ ਹੋ ਕੇ ਆਪ ਦੀਨੇ ਗਏ ਸੀ।

**ਲੰਮੇ ਤੇ ਸੀਲੋਆਣੀ ਦੁਹੀਂ ਥਾਈਂ ਗੁਰੂ ਜੀ ਦੇ ਠਹਿਰਨ ਦੇ ਥਾਵੇਂ ਗੁਰਦੁਆਰੇ ਹਨ।

ਘਾਹ ਦੇ ਬੂਟੇ ਦੀ ਜੜ੍ਹ ਉਖੜ ਚੁਕੀ ਸੀ। ਦੇਰ ਤਕ ਨੈਣ ਬੰਦ ਰਹੇ ਪਰ ਰਾਏ ਸਮੇਤ ਪਾਸ ਬੈਠੇ ਹੋਰ ਸਾਰੇ ਰੋ ਰਹੇ ਸੇ, ਕੋਈ ਘੜੀ ਬਾਦ ਆਪ ਦੇ ਇਲਾਹੀ ਨੈਣ ਖੁੱਲੇ, ਬਚਨ ਹੋਇਆਃ-

"ਲਾਲ ਅਮਰ ਸਨ, ਅਮਰਾਪੁਰੀ ਤੋਂ ਆਏ ਸਨ, ਅਮਰਾਪੁਰੀ ਨੂੰ ਚਲੇ ਗਏ। ਦੇਹਾਂ ਬਿਨਸਨਹਾਰ ਹਨ, ਬਿਨਸਨੀਆਂ ਸਨ, ਬਿਨਸ ਗਈਆਂ, ਅਜ ਕੀ ਤੇ ਕੱਲ ਕੀ? ਪਰ ਲਾਲ ਧਰਮ ਪੁਰ ਜਾਨਾਂ ਖੇਡ ਗਏ, ਮਜ਼ਲੂਮਾਂ ਵਿਚ ਜਾਨ ਭਰ ਗਏ, ਗਿਰਿਆਂ ਨੂੰ ਚਾ ਗਏ, ਗੁਲਾਮਾਂ ਨੂੰ ਸੁਤੰਤ੍ਰਤਾ ਦਾ ਚਾਨਣ ਮੁਨਾਰਾ ਦੇ ਗਏ, ਪਰਜਾ ਵਿਚ ਰਾਜ ਦਾ ਮਦ ਭਰ ਗਏ, ਮੂਰਤਾਂ ਵਿਚ ਜਾਨ ਪਾ ਗਏ, ਜ਼ਾਲਮਾਂ ਦੇ ਜ਼ੁਲਮ ਦਾ ਪਿਆਲਾ ਲਬਰੇਜ਼ ਕਰ ਗਏ ਅਤੇ ਜ਼ੁਲਮ ਰਾਜ ਦਾ 'ਮੌਤ ਨਗਾਰਾ' ਵਜਾ ਗਏ। ਜੜ੍ਹ ਖੋਖਲੀ ਹੋ ਗਈ, ਇੱਟ ਨਾਲ ਇੱਟ ਖੜਕ ਗਈ। ਮੇਰੇ ਪੁੱਤ, ਹਾਂ ਮੇਰੇ ਪੁੱਤ ਕੋਈ ਨਹੀਂ ਮੋਏ। ਜ਼ਾਲਮ ਦਾ ਕਾਇਰਤਾ ਵਾਲਾ ਵਾਰ ਖਾਲੀ ਗਿਆ, ਮੇਰੇ ਪੁੱਤ ਮੇਰੇ ਪਾਸ ਪੈਠੇ ਹਨ, ਮੇਰੇ ਪੁੱਤ ਦੇਸ ਦੇਸ ਗਿਰਾਂ ਗਿਰਾਂ ਬੈਠੇ ਹਨ। ਹਾਂ ਮੇਰੇ ਪੁੱਤ, ਓਹ ਜੋ ਜ਼ਾਲਮ ਨੇ ਸਰਦ ਮਿਹਰੀ ਨਾਲ ਸਰਦ ਖ਼ੂਨ ਵਿਚ ਕੋਹੇ ਉਹ ਅਮਰ ਸਨ, ਮਰ ਸਕਦੇ ਹੀ ਨਹੀਂ ਸਨ, ਉਹ ਮਰੇ ਹੀ ਨਹੀਂ, ਪਿਤਾ ਦੇ ਦੇਸ ਜੀਉਂਦੇ ਹਨ, ਇਸ ਲੋਕ ਵਿਚ ਸੁਜੱਸ ਨਾਲ ਬੀਰਤਾ ਦੇ 'ਚਾਨਣ ਮੁਨਾਰੇ' ਬਣਕੇ ਜੀਉਂਦੇ ਹਨ, ਓਹ ਜੋ ਮੇਰਾ ਪੁਤ ਇਸ ਲੋਕ ਵਿਚ ਬੀ ਅਮਰ ਹੈ, ਸੋ ਖਾਲਸਾ ਹੈ। ਹਾਂ, ਚਾਰ ਟੁਰ ਗਏ, ਚਾਲੀ ਟੁਰ ਗਏ, ਸੈਂਕੜੇ ਤੇ ਹਜਾਰਾਂ ਟੁਰ ਗਏ, ਪਰ ਅਜੇ ਲਖਾਂ ਜੀਉਂਦੇ ਹਨ ਤੇ ਲੱਖਾਂ ਜੀਉਂਦੇ ਰਹਿਣਗੇ।* ਮੇਰਾ ਵਿਹੜਾ, ਮੇਰਾ ਖੇੜਾ, ਮੇਰੀ ਗੋਦ ਹਰੀ ਹੈ, ਮੇਰਾ ਪੁੱਤ - ਖਾਲਸਾ - ਇਸ ਲੋਕ ਵਿੱਚ ਅਮਰ ਹੈ, ਜੀ ਰਿਹਾ ਹੈ ਤੇ ਸਦਾ ਇਸ ਲੋਕ ਵਿਚ ਜੀਵੇਗਾ। ਮੈਂ ਇਸ ਲੋਕ ਦਾ ਨਹੀਂ ਮੈਂ ਪ੍ਰੀਤਮ ਦੇ ਹੇਮਕੁੰਟ ਦਾ ਵਾਸੀ, ਇਸ ਲੋਕ ਵਿਚ ਬਾਪੂ ਦਾ ਹੁਕਮ ਚਲਾਉਣ ਆਇਆ ਹਾਂ। ਮੇਰਾ ਕਉਣ ਤੇ ਮੈਂ ਕਿਸ ਦਾ? ਮੇਰਾ ਬਾਪੂ, ਮੈਂ ਬਾਪੂ ਦਾ, ਬਾਪੂ ਬੇਟਾ ਇਕੋ, ਦੋਹਾਂ ਵਿੱਚ ਪ੍ਰੀਤ ਤਾਰ ਅਤੁੱਟ, ਬਾਪੂ ਦਾ ਹੁਕਮ।

ਮੇਰਾ ਕੰਮ, ਜੇ ਮੈਂ ਹਸ ਹਸ ਕੇ ਨਿਬਾਹੁਣਾ ਹੈ, ਮੇਰਾ ਮੋਹ ਕਿਸ ਨਾਲ? ਪਿਆਰੇ ਦੇ - ਬਾਪੂ ਜੀ ਦੇ - ਹੁਕਮ ਨਾਲ। ਹਾਂ, ਹੁਕਮ ਹੈ ਬਾਪੂ ਜੀ ਦੇ ਪਿਆਰ ਦੇ ਪ੍ਰਚਾਰ ਦਾ, ਹੁਕਮ ਹੈ ਇਸ ਸਦੀਆਂ ਤੋਂ ਮਜ਼ਲੂਮ ਤੋਂ ਗੁਲਾਮ ਧਰਤੀ ਨੂੰ ਜ਼ਾਲਮਾਂ ਤੋਂ ਛੜਾਉਣ ਦਾ ਤੇ ਸੂਤੰਤਰ, ਸਵੈ-ਸਤਿਕਾਰੀ, ਆਨ, ਸ਼ਾਨ, ਉੱਚੀ ਸ਼ਾਨ ਵਾਲਾ ਕਰ ਦੇਣ ਦਾ, ਇਸ ਰੁਲ ਗਈ, ਮਰ ਮਿਟੀ ਪਰਜਾ ਵਿੱਚ ਰੂਹ ਫੂਕ ਦੇਣ ਦਾ। (ਉੱਪਰ ਤੱਕਕੇ) ਹਾਂ, ਬਾਪੂ ਜੀ, ਮੁਰਦੇ ਬੜੇ ਔਖੇ ਜੀਉਂਦੇ ਹਨ। (ਚਾਰ) ਪੁੱਤਰ ਕੀ ਹਜਾਰ ਪੁੱਤਰ ਬਲੀ ਦੇ ਕੇ ਜੇ ਆਪ ਦਾ ਹੁਕਮ ਸਿਰੇ ਚੜ ਜਾਵੇ ਤਾਂ ਸਸਤਾ ਵਿਉਪਾਰ ਹੈ? (ਚੁਫੇਰੇ ਤੱਕ ਕੇ) ਨਾ ਰੋਵੋ ਮੇਰੇ ਪੁੱਤਰੋ - ਮੇਰੇ ਪੁੱਤਰ ਤੁਸੀਂ ਹੋ ਜੋ ਨਹੀਂ ਮੋਏ, ਮੈਂ ਅਕਾਲ ਦਾ ਪੁੱਤਰ ਹਾਂ, ਤੁਸੀਂ ਮੇਰੇ ਪੁੱਤਰ ਹੋ, ਨਾ ਰੋਵੋ ਦੋਹ ਲਈ ਜੋ ਸਰਹਿੰਦ ਸਾਕਾ ਕਰ ਗਏ, ਨਾ ਰੋਵੇ ਦੋਹ ਲਈ ਜੋ ਚਮਕੌਰ ਤੇਗਾਂ ਮਾਰ ਗਏ, ਓਹ ਚਾਰ ਤੇ ਤੁਸੀਂ ਸਾਰੇ ਮੈਨੂੰ ਨਿਖੇੜਵੇਂ ਨਾ ਦਿੱਸੋ, ਤੁਸੀਂ ਸਾਰੇ ਮੇਰੇ ਆਪਣੇ ਪੁੱਤਰ ਹੋ, ਹਜ਼ਾਰਾਂ ਮੇਰੇ ਪੁੱਤਰ ਅਨੰਦਪੁਰ ਦੇ ਜੰਗ ਵਿਚ, ਅਨੰਦਪੁਰੋਂ ਨਿਕਲਣ ਵਾਲੀ ਰਾਤ ਰਸਤੇ ਵਿਚ, ਚਮਕੌਰ

*ਇਨ ਪੁਤ੍ਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ। ਚਾਰ ਮੂਏ ਤੋ ਕਿਆ ਭਹਿਆ ਇਹ ਜੀਵਤ ਕਈ ਹਜ਼ਾਰ।

ਵਿੱਚ ਸ਼ਹੀਦ ਹੋ ਗਏ, ਚਾਰ ਨਿੱਖੜੇ ਨਾ ਗਿਣੋਂ, ਚੌਂਹ ਲਈ ਨਾ ਰੋਵੋ, ਸਾਰਿਆਂ ਲਈ ਖੁਸ਼ ਹੋਵੋ। ਮੇਰੇ ਸਾਰੇ ਪੁੱਤਰ ਮੌਤ ਪਰ ਫਤਹ ਪਾ ਗਏ, ਫਤਹਯਾਬਾਂ ਲਈ ਖੁਸ਼ ਹੋਵੋ, ਹਾਂ, ਖੁਸ਼ ਹੋਵੋ ਕਿ ਮਾਤਾ ਜੀ ਦਾ ਸਰੀਰ ਬੀ ਜਗਤ ਜਗਵੇਦੀ ਪਰ ਬਲੀ ਹੋ ਗਿਆ।”

ਰਾਏ ਕੱਲ੍ਹਾ - ਪਾਤਸ਼ਾਹ! ਰੋਣ ਨਹੀਂ ਰੁਕਦਾ, ਆਪਦੇ ਇਲਾਹੀ ਰੰਗ ਇਲਾਹੀ ਹਨ, ਆਪ ਅੱਲਾ ਦਾ ਨੂਰ ਹੋ। ਗੱਲਾਂ ਨਾਲ ਨਹੀਂ, ਖੁਸ਼ਾਮਦ ਨਾਲ ਨਹੀਂ, ਮੈਂ ਸੱਚ ਕਹਿ ਰਿਹਾ ਹਾਂ, ਜੋ ਕੁਛ ਮੈਂ ਦੇਖ ਰਿਹਾ ਹਾਂ, ਸੱਚੀ ਮੁੱਚੀ ਦੇਖ ਰਿਹਾ ਹਾਂ ਕਿ ਤੁਸੀਂ ਪੂਰਨ ਪੁਰਖ ਹੋ, ਕੋਈ ਓਹ ਉੱਚਾ ਇੰਦੀਆ (ਆਦਰਸ਼) ਤੁਹਾਡਾ ਹੈ ਜੋ ਨਾ ਡਿੱਠਾ ਨਾ ਸੁਣਿਆ ਹੈ। ਇਤਨਾ ਐਸ਼ਵਰਜ, ਧਨ ਧਾਮ, ਪੁੱਤਰ ਪਰਵਾਰ ਗੁਆ ਕੇ, ਸ਼ੀਰ ਖੋਰ ਬੱਚੇ ਕੁਹਾ ਕੇ, ਆਪਣੇ ਰੱਬੀ ਰੰਗ ਵਿਚ ਹੋ। ਫੇਰ ਪੱਥਰ ਵਾਂਙੂ ਨਿਰਮੋਹ ਨਹੀਂ ਹੋ, ਪ੍ਰੇਮ ਨਾਲ ਗਦ ਗਦ ਹੋ ਪਰ ਸਭ ਹੋਣਹਾਰ ਨੂੰ ਰੱਬੀ ਰੰਗ ਵਿਚ ਤੱਕ ਰਹੇ ਹੋ। ਅਹਿੱਲ ਹੋ, ਅਡੋਲ ਹੋ, ਅਜਿੱਤ ਹੋ। ਸਾਨੂੰ ਆਪਦੇ ਪੂਰਨਿਆਂ ਪੁਰ ਟੁਰਨਾ ਚਾਹੀਦਾ ਹੈ। ਪਰ ਪਾਤਸ਼ਾਹ! ਸੱਚੇ ਪਾਤਸ਼ਾਹ!! ਰੋਣਾ ਇਸ ਗੱਲ ਦਾ ਹੈ ਕਿ ਸ਼ੀਰਖੋਰ ਬੱਚੇ ਜਾਲਮਾਂ ਨੇ ਕੁਹਕੇ ਪੀਟ ਲਿਆ? ਬੱਚਿਆਂ ਦੀ ਮਰਦਾਨਗੀ ਸੁਣਕੇ ਰਗਾਂ ਵਿਚ ਜੋਸ਼ ਭਰਦਾ ਹੈ, ਪਰ ਉਨ੍ਹਾਂ ਦਾ ਤਸੀਹਾ ਸੁਣ ਕੇ ਨੈਣ ਨਹੀਂ ਰੁਕਦੇ। ਇਹ ਸਮਝ ਨਹੀਂ ਪੈਂਦੀ ਕਿ ਜਾਲਮਾਂ ਨੇ ਬੱਚੇ ਮਾਸੂਮ ਮਾਰ ਕੇ ਕੀਹ ਖੱਟਿਆ?

ਗੁਰੂ ਜੀ ਇਕ ਅਹਿਲ ਅਡੋਲ, ਪਰ ਗੰਭੀਰ, ਗਰਜਵੀਂ, ਟਿਕਵੀਂ ਅਵਾਜ ਵਿੱਚ ਬੋਲੇ, “-ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥ-। ਸਰਹਿੰਦ ਦੀ ਇੱਟ ਨਾਲ ਇੱਟ ਖੜਕ ਗਈ, ਮੁਗਲ ਰਾਜ ਦੀ - ਤੁਰਕ ਰਾਜ ਦੀ - ਹਿੰਦ ਵਿਚੋਂ ਜੜ੍ਹ ਕਟ ਗਈ।* ਰਾਏ ਜੀ! ਤੁਸੀਂ ਕੀ ਸਮਝਦੇ ਹੋ? ਜ਼ੁਲਮ ਨਾਲ ਮਜ਼ਲੂਮ ਮਰਦਾ ਹੈ? ਨਹੀਂ ਨਹੀਂ, ਇਹ ਰੱਬੀ ਕਾਨੂੰਨ ਯਾਦ ਰੱਖੋ, ਜ਼ਾਲਮ ਦੇ ਹਰ ਜੁਲਮ ਦੇ ਕਰਤੱਵ ਨਾਲ ਉਸਦੀ ਆਪਣੀ ਤਬਾਹੀ ਦਾ ਪਿਆਲਾ ਭਰਦਾ ਹੈ, ਅਰ ਨਾਮ ਵਾਲੇ, ਰੱਬ ਵਿਚ ਜੀ ਉੱਠੇ, ਜਾਗਦੀ ਸੁਰਤ ਵਾਲੇ ਬੰਦਿਆਂ ਤੇ ਜੋ ਜ਼ੁਲਮ ਹੁੰਦਾ ਹੈ ਉਸਦੀ ਝਰਨਾਟ ਸਾਈਂ ਤੱਕ ਅੱਪੜਦੀ ਹੈ, ਫੇਰ ਸਾਈਂ ਦੀ ਤਾਕਤ ਜ਼ਾਲਮ ਦੇ ਜ਼ੁਲਮ ਨੂੰ ਕਟਦੀ ਹੈ। ਸੋ ਰਾਏ ਜੀ! ਤੁਰਕ ਰਾਜ ਦੀ ਜੜ੍ਹ ਕਟ ਗਈ ਹੈ। ਸਾਈਂ ਨੂੰ ਜ਼ੁਲਮ ਨਹੀਂ ਭਾਉਂਦਾ, ਪੈਮਾਨਾ ਲਬਰੇਜ਼ ਹੋ ਗਿਆ ਹੈ। ਪਾਪ ਨੂੰ ਇਹੋ ਫਲ ਲਗਿਆ ਕਰਦਾ ਹੈ।”

ਰਾਏ ਕੰਬਿਆ, ਡਰਿਆ: ਮੈਂ ਬੀ ਹੁਣ ਮੁਸਲਮਾਨਾਂ ਵਿਚ ਸ਼ੁਮਾਰ ਹਾਂ, ਕੀ ਮੇਰਾ ਰਾਜ ਬੀ ਗਿਆ ? ਇਹ ਸੋਚ ਕੇ ਬੋਲਿਆ: “ਪਾਤਸ਼ਾਹ! ਮੈਨੂੰ ਰੱਖ ਲਿਆ ਜੇ!"

---

*ਹੋਨਹਾਰ ਤੁਰਕਨ ਘਰ ਖੇਵਾ। ਨਿਤ ਅਪਰਾਧ ਕਰਤ ਹੀ ਜੇਵਾ।
ਨਹੀਂ ਨਗਾਰਬੰਦ ਕੇ ਰਹੇ। ਤੇਜ ਛੀਨਤਾ ਨਿਤ ਪ੍ਰੀਤ ਲਹੇ।
ਅਬ ਇਕੀ ਸੈ ਕੋਸਨਿ ਰਾਜ। ਚੱਕ੍ਰਵਰਤਿ ਕੇ ਸਿਰ ਪਰ ਰਾਜ।
ਥੋਰੇ ਦਿਨ ਮਹਿਂ ਇਮ ਹੁਇ ਹਾਨਾ। ਨੀਠ ਨੀਠ ਇਨ ਕੀ ਗੁਜਰਾਨਾ।
ਜਿਹ ਸਿਰੰਦ ਮਹਿਂ ਸਾਹਿਬਜਾਦੇ। ਕਰੀ ਅਵੱਗਯਾ ਤਰਕਨ ਬਾਦੇ।
ਬਡੀ ਖਸਹਿ ਕੋ ਮਨ ਲਗ ਹੋਈ। ਧਨੀ ਘਨੀ ਮਹਿਲਾਇਤ ਹੋਈ।
ਸਕਲ ਸਦਨ ਕੀ ਜਰਾਂ ਉਪਰਿ ਹੈਂ। ਖੇਤੀ ਬਾਹਨ ਬੇਵਨ ਕਰਿ ਹੈ।
ਅਸਲ ਫਲ ਪ੍ਰਾਪਤ ਪਾਪਨ ਕੇਰਾ। ਤੁਰਕ ਰਾਜ ਕੋ ਦੇਇ ਨਿਬੇਰਾ। (ਸੂ: ਪ੍ਰ:)

ਗੁਰੂ ਜੀ- ਦੇਖ ਕੱਲਾ! ਮਲੇਰਕੋਟ ਨੂੰ, ਜਿਸਨੇ ਉਸ ਜ਼ੁਲਮ ਵੇਲੇ ਇਨਸਾਫ ਦੀ ਅਵਾਜ਼ ਦਿੱਤੀ, ਸਾਈਂ ਨੇ ਰਖ ਲਿਆ ਹੈ। ਤੂੰ ਸਾਨੂੰ ਪਿਆਰ ਕੀਤਾ ਹੈ, ਤੈਨੂੰ ਰੱਖ ਲਿਆ ਹੈ। ਆਹ ਲੈ ਸ਼ਮਸ਼ੇਰ, ਇਸ ਦਾ ਸਤਿਕਾਰ ਰੱਖਣਾ, ਤੁਸੀਂ ਇਸ ਦੇ ਸਤਿਕਾਰ ਆਸਰੇ ਬਚੇ ਰਹੋਗੇ। ਖਬਰਦਾਰ! ਇਹ ਖਾਲਸਈ ਕ੍ਰਿਪਾਨ ਹੈ, ਇਸਦਾ ਨਿਰਾਦਰ ਨਹੀਂ ਕਰਨਾ, ਸਦਾ ਸਤਿਕਾਰ ਨਾਲ ਸਾਂਭਕੇ ਰੱਖਣਾ, ਖਬਰਦਾਰ।

***

5.

## ਗੁਰੁਸ਼ਬਦ ਰਤਨਾਕਰ
## ਮਹਾਨ ਕੋਸ਼

(ਰਚਨਾ 1930)

**ਸੰਪਾਦਕ**

**ਭਾਈ ਕਾਨ੍ਹ ਸਿੰਘ ਨਾਭਾ**

### ਕਲ੍ਹਾ ਰਾਏ/ ਕੱਲਾਰਾਯ

ਰਾਏਕੋਟ (ਜਿਲ੍ਹਾ ਲੁਧਿਆਣਾ) ਦਾ ਸਰਦਾਰ, ਜੋ ਜਗਰਾਵਾਂ ਦੇ ਪਾਸ ਦੇ ਤਿਹਾੜੇ ਇਲਾਕੇ ਦਾ ਰਾਜਾ ਸੀ, ਇਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸੇਵਕ ਸੀ। ਮਾਛੀਵਾੜੇ ਤੋਂ ਉੱਚਪੀਰ ਦੀ ਸ਼ਕਲ ਵਿਚ ਦਸ਼ਮੇਸ਼ ਰਾਏਕੋਟ ਪਹੁੰਚੇ। ਕੱਲੇ ਨੇ ਤਨ ਮਨ ਤੋਂ ਸੇਵਾ ਕੀਤੀ, ਆਪਣਾ ਚਰਵਾਹਾ ਨੂਰੂ ਸਰਹੰਦ ਭੇਜ ਕੇ ਛੋਟੇ ਸਾਹਿਬਜਾਦਿਆਂ ਦੇ ਸ਼ਹੀਦ ਹੋਣ ਦੀ ਖਬਰ ਇਸੇ ਨੇ ਮੰਗਵਾਈ ਸੀ। ਕਲਗੀਧਰ ਨੇ ਕਲ੍ਹਾ ਰਾਯ ਨੂੰ ਇਕ ਖੜਗ ਬਖਸ਼ਿਆ ਅਤੇ ਹੁਕਮ ਦਿੱਤਾ ਕਿ ਇਸ ਨੂੰ ਸਨਮਾਨ ਨਾਲ ਰੱਖਣਾ, ਕਲ੍ਹੇ ਨੇ ਹੁਕਮ ਦੀ ਪੂਰੀ ਪਾਲਣਾ ਕੀਤੀ ਪਰ ਉਸ ਦੇ ਪੋਤੇ ਨੇ ਦਸ਼ਮੇਸ਼ ਦਾ ਖੜਗ ਪਹਿਰ ਲਿਆ ਅਤੇ ਉਸੇ ਦਿਨ ਸ਼ਿਕਾਰ ਵਿਚ ਘੋੜੇ ਤੋਂ ਡਿੱਗ ਕੇ ਦਸ਼ਮੇਸ਼ ਦੇ ਖੜਗ ਨਾਲ ਜਖਮੀ ਹੋ ਕੇ ਮੋਇਆ। ਕੱਲ੍ਹੇ ਦੀ ਬਿਰਾਦਰੀ ਦੇ ਲੋਕ ਹੁਣ ਰਾਯਕੋਟ ਵਿਚ ਹਨ, ਕਲਗੀਧਰ ਦੀਆਂ ਦੋ ਵਸਤੂਆਂ ਉਨ੍ਹਾਂ ਪਾਸ ਹਨ, ਇਕ ਗੰਗਾ ਸਾਗਰ ਅਤੇ ਇੱਕ ਪੋਥੀ ਖੋਲਣ ਦੀ ਰੇਹਲ।

***

6.

## ਦੁਸ਼ਟ ਦਮਨ ਪ੍ਰਕਾਸ਼

(ਰਚਨਾ 1930)

**ਕ੍ਰਿਤ**

**ਗਿਆਨੀ ਕਰਤਾਰ ਸਿੰਘ ਕਲਾਸਵਾਲੀਆ**

ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਇਕੋ ਇਕ ਅਜਿਹਾ ਕਵੀ ਹੈ ਜਿਸ ਨੇ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਸ਼ੁਰੂ ਕਰਕੇ ਗੁਰੂ ਕਾ ਬਾਗ ਦੇ ਮੋਰਚੇ ਤੱਕ ਦੇ ਸਿੱਖ ਇਤਿਹਾਸ ਨੂੰ ਕਾਵਿ-ਰੂਪ ਵਿਚ ਬਿਆਨ ਕੀਤਾ ਹੈ। ਉਸ ਨੇ ਆਪਣੀਆਂ ਤਿੰਨ ਕਾਵਿ

ਰਚਨਾਵਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਬਿਰਤਾਂਤ ਬਿਆਨ ਕੀਤਾ ਹੈ। ਇਹ ਰਚਨਾਵਾਂ ਹਨ ਦਸਮੇਸ਼ ਪ੍ਰਕਾਸ਼ (1915 ਈ:), ਅਕਾਲੀ ਜੋਤ (1916 ਈ:) ਅਤੇ ਦੁਸ਼ਟ ਦਮਨ ਪ੍ਰਕਾਸ਼ (1930 ਈ:)। ਤਿੰਨਾਂ ਹੀ ਰਚਨਾਵਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਰਾਏ ਕੱਲੇ ਨਾਲ ਮੁਲਾਕਾਤ ਅਤੇ ਉਸ ਨੂੰ ਗੰਗਾ ਸਾਗਰ ਬਖਸ਼ਣ ਦੀ ਕਹਾਣੀ ਥੋੜੇ ਬਹੁਤੇ ਅੰਤਰ ਨਾਲ ਲਿਖੀ ਗਈ ਹੈ। ਇੱਥੇ 'ਦੁਸ਼ਟ ਦਮਨ ਪ੍ਰਕਾਸ਼' ਵਿਚੋਂ ਲਈ ਸਾਖੀ ਦਰਜ ਕੀਤੀ ਗਈ ਹੈ।

## ਸੀਲ਼ੋਆਣੀ ਰਾਏ ਕੱਲੇ* ਦਾ ਮਿਲਾਪ

ਏਸੇ ਤਰ੍ਹਾਂ ਸਤਿਗੁਰੂ ਜੀ ਚਲੇ ਜਾਂਦੇ ਮੰਜਾ ਚੌਂਹ ਜਣਿਆ ਮੋਢੀਂ ਚਾਇਆ ਹੋਇਆ।
ਨੀਲੇ ਕੱਪੜੇ ਪਾਇ ਸਨ ਸਾਰਿਆਂ ਨੇ ਹੈਸੀ ਰੂਪ ਅਜੀਬ ਬਣਾਇਆ ਹੋਇਆ।
ਲੋਕ ਸਿਰ ਝੁਕਾ ਕੇ ਲੰਘ ਜਾਂਦੇ ਸ਼ਾਹੀ ਪੀਰ ਕੋਈ ਸਮਝਦੇ ਆਇਆ ਹੋਇਆ।
ਏਹ ਇਲਾਕਾ ਜਗਰਾਵਾਂ ਦੇ ਪ੍ਰਗਣੇ ਦਾ ਰਾਏ ਕੱਲੇ ਦਾ ਰਾਜ ਲਖਾਇਆ ਹੋਇਆ।
ਤਿੰਨ ਚਾਰ ਸੌ ਨਾਲ ਅਸਵਾਰ ਓਹਦੇ ਸੀਲੋਆਣੀ ਡੇਰਾ ਉਸ ਲਾਇਆ ਹੋਇਆ।
ਓਸੇ ਰਾਹ ਗੁਰ ਪਏ ਕਰਤਾਰ ਸਿੰਘਾ ਜਿੱਥੇ ਰਾਏ ਸੀ ਕੈਂਪ ਜਮਾਇਆ ਹੋਇਆ।

ਤਥਾ

ਨੀਲੇ ਕੱਪੜੇ ਮੰਜੇ ਤੇ ਬੈਠੇ ਹੋਏ ਕੋਈ ਫਕੀਰ ਜਾਂਦਾ ਅਟਕਾਵੰਦਾ ਏ।
ਬੜੇ ਪਿਆਰ ਪਰੇਮ ਦੇ ਨਾਲ ਆ ਕੇ ਰਾਏ ਕਦਮੀ ਸੀਸ ਝੁਕਾਵੰਦਾ ਏ।
ਚੰਗੀ ਤਰ੍ਹਾਂ ਜਦ ਫੇਰ ਪਛਾਨ ਕੀਤੀ ਇਹ ਨੇ ਸਤਿਗੁਰੂ ਜੀ ਭੇਦ ਪਾਵੰਦਾ ਏ।
ਇਥੇ ਉਤਰੋ ਦੇਹੋ ਦੀਦਾਰ ਮੈਨੂੰ ਬੜੀ ਸ਼ਰਧਾ ਨਾਲ ਸਨਾਵੰਦਾ ਏ।
ਗੁਰਾਂ ਕਿਹਾ ਅੱਗੇ ਜਾ ਕੇ ਉਤਰਾਂਗੇ ਰਾਏ ਨਾਲ ਹੀ ਕਦਮ ਉਠਾਵੰਦਾ ਏ**।
ਗੱਲਾਂ ਸੁਣ ਕੇ ਸਾਰੀਆਂ ਜੰਗਾਂ ਦੀਆਂ ਡਾਢਾ ਰੋਇ ਕੇ ਦੁਖ ਮਨਾਵੰਦਾ ਏ।
ਗੱਲਾਂ ਕਰਦਿਆਂ ਹੀ ਲੰਮੇ ਪਿੰਡ ਪਹੁੰਚੇ ਇਥੇ ਉਤਰੋ ਰਾਏ ਜਤਾਵੰਦਾ ਏ।
ਡੇਰਾ ਓਥੇ ਹੋ ਗਿਆ ਕਰਤਾਰ ਸਿੰਘਾ ਰਾਏ ਪਿੱਛੋਂ ਵਹੀਰ ਬੁਲਾਵੰਦਾ ਏ।

## ਰਾਏ ਕੱਲੇ ਦੀ ਬੇਨਤੀ

ਡੇਰਾ ਹੋ ਗਿਆ ਰਾਏ ਮੁੜ ਕਰੇ ਬਿਨਤੀ ਖਿਦਮਤ ਹੋਇ ਕੋਈ ਮੈਨੂੰ ਬਤਾਓ ਛੇਤੀ।
ਗੁਰਾਂ ਆਖਿਆ ਆਦਮੀ ਖਾਸ ਕੋਈ ਵਲ ਸਰਹੰਦ ਦੁੜ੍ਹਾਓ ਛੇਤੀ।
ਛੋਟੇ ਸਾਹਿਬਜ਼ਾਦੇ ਮਾਤਾ ਗਈ ਵਿਛੜ ਪਹੁੰਚੇ ਹੋਣ ਓਥੇ ਪਤਾ ਲਾਓ ਛੇਤੀ।
ਲੱਗੇ ਦੇਰ ਨਾ ਹੁਣ ਕਰਤਾਰ ਸਿੰਘਾ ਓਸ ਥਾਂ ਦੀ ਖਬਰ ਮੰਗਾਉ ਛੇਤੀ।

---

*ਕੱਲ੍ਹਾ ਜ਼ਾਤ ਦਾ ਮੁਸਲਮਾਨ ਰਾਜਪੂਤ ਤੇ ਨਿਸਚੇ ਦਾ ਪੱਕਾ ਸਿੱਖ ਸੀ। ਤਿਹਾੜੇ ਤੇ ਤਲਵੰਡੀ ਵਾਲੇ ਮੁਸਲਮਾਨਾਂ ਨਾਲ ਗਊ ਬੱਧ ਤੋਂ ਕਈ ਵਾਰੀ ਇਸਦੀਆਂ ਲੜਾਈਆਂ ਹੋ ਚੁੱਕੀਆਂ ਸਨ। ਮੁਢ ਤੋਂ ਗੁਰੂ ਘਰ ਦਾ ਸ਼ਰਧਾਲੂ ਸੀ।

**ਇੱਥੇ ਕਵੀ ਨੇ ਗੰਗਾ ਸਾਗਰ ਬਾਰੇ ਇਹ ਜਾਣਕਾਰੀ ਦਿੱਤੀ ਹੈ। "ਰਾਏ ਦੇ ਨਾਲ ਜਦ ਗੁਰੂ ਜੀ ਜਾ ਰਹੇ ਸਨ ਤਾਂ ਅੱਗੇ ਇੱਕ ਗੁਜਰ ਮੱਝੀਆਂ ਚਾਰ ਰਿਹਾ ਸੀ। ਉਸ ਨੂੰ ਸਤਿਗੁਰਾਂ ਨੇ ਕਿਹਾ ਕਿ ਸਾਨੂੰ ਦੁੱਧ ਪਿਲਾ। ਤਾਂ ਗੁੱਜਰ ਬੋਲਿਆ ਕਿ ਸਾਹਿਬ ਸਾਰੀਆਂ ਮੱਝਾਂ ਸੂਣ ਵਾਲੀਆਂ ਹਨ। ਗੁਰਾਂ ਨੇ ਇੱਕ ਬੂਰੀ ਝੋਟੀ ਵੱਲ ਇਸ਼ਾਰਾ ਕਰਕੇ ਹੁਕਮ ਦਿੱਤਾ ਕਿ ਇਸ ਨੂੰ ਚੋ ਲੈ। ਥਾਪੀ ਮਾਰ ਕੇ ਗੁਜਰ ਥੱਲੇ ਬੈਠ ਗਿਆ। ਉਹ ਪਸਮ ਪਈ ਤੇ ਸਾਹਿਬਾਂ ਨੇ ਉਸਦਾ ਦੁੱਧ ਪੀਤਾ। ਸੁਣਿਆ ਹੈ ਕਿ ਜਿਸ ਲੋਟੇ ਵਿੱਚ ਦੁੱਧ ਚੋਇਆ ਉਹ ਛੇਕੋ ਛੇਕ ਸੀ ਪਰ ਜਦ ਭਰ ਜਾਂਦਾ ਸੀ ਤਾਂ ਫਿਰ ਉਹ ਚੋਂਦਾ ਨਹੀਂ ਸੀ।

## ਰਾਏ ਨੇ ਮਾਹੀ ਗੁਜਰ ਨੂੰ ਭੇਜ ਕੇ ਪਤਾ ਮੰਗਾਣਾ

ਮਾਹੀ ਨਾਮ ਗੁਜਰ ਇਕ ਬਹੁਤ ਤਕੜਾ ਰਾਏ ਓਸਦੇ ਤਾਈਂ ਤਆਰ ਕੀਤਾ।
ਉਹਨੂੰ ਆਖਿਆ ਜਾਹ ਸਰਹੰਦ ਨੂੰ ਤੂੰ ਸਾਰੀ ਗੱਲ ਦਾ ਉਹ ਵਾਕਿਫਕਾਰ ਕੀਤਾ।
ਪੰਧ ਚਾਲੀਆ ਕੋਹਾਂ ਦਾ ਓਸ ਥਾਂ ਤੋਂ ਮਾਹੀ ਚਲਿਆ ਮਨ ਉਡਾਰ ਕੀਤਾ।
ਇਧਰ ਟਹਲ ਸੇਵਾ ਵਿੱਚ ਰਾਏ ਲੱਗਾ ਸਚੇ ਸਿਦਕ ਦੇ ਨਾਲ ਪਿਆਰ ਕੀਤਾ।
ਮਾਹੀ ਦੂਸਰੇ ਦਿਨ ਹੀ ਮੁੜ ਆਇਆ ਰੋਇ ਰੋਇ ਕਿੱਸਾ ਇਜ਼ਹਾਰ ਕੀਤਾ।

ਵਾਕ ਕਵੀ

ਜਿਵੇਂ ਜਿਵੇਂ ਇਹ ਗੁੱਜਰ ਸੁਣਾਂਦਾ ਰਿਹਾ ਜਿੰਨੇ ਬੈਠੇ ਹੈਸਨ ਨਰ ਨਾਰ ਓਥੇ।
ਭੁੱਬਾਂ ਮਾਰ ਕੇ ਰੋਵੰਦੇ ਰਹੇ ਸਾਰੇ ਕਰਣਾ ਰਸ ਛਾਇਆ ਇਕੋ ਵਾਰ ਓਥੇ।
ਬੂਟਾ ਕਾਹੀ ਦਾ ਖੋਦਦੇ ਰਹੇ ਸਤਿਗੁਰ ਉੱਤੇ ਮੰਜੇ ਦੇ ਬੈਠੇ ਦਾਤਾਰ ਓਥੇ।
ਪਤਾ ਨਹੀਂ ਕੀਹ ਬੀਤਿਆ ਦਿਲ ਉੱਤੇ ਦਿਲ ਵਿਚ ਹੀ ਗਏ ਸਹਾਰ ਓਥੇ।
ਜਦ ਮਾਹੀ ਸਾਰੀ ਗੱਲ ਖਤਮ ਕੀਤੀ ਬੂਟਾ ਸੁੱਟਿਆ ਜੜੋਂ ਉਖਾਰ ਓਥੇ।
ਆਹ, ਤੁਰਕਾਂ ਦੀ ਜੜ੍ਹ ਕਰਤਾਰ ਸਿੰਘਾ ਪੁੱਟੀ ਗਈ ਇਉਂ ਕਿਹਾ ਉਚਾਰ ਓਥੇ।

## ਸ਼ੇਰ ਮੁਹੰਮਦ ਹੋਰਾਂ ਮਲੇਰੀਏ ਤੇ ਖੁਸ਼ੀ ਅਤੇ ਸਰਹੰਦ ਨੂੰ ਸਰਾਪ ਦੇਣਾ

ਬੱਚੇ ਅਮਰ ਹੈ ਸਨ ਉਹ ਤਾਂ ਅਮਰ ਹੋ ਗਏ ਸੂਬਾ ਬਦਲਾ ਏਸ ਦਾ ਪਾਇਗਾ ਹੁਣ।
ਮੇਰਾ ਪੰਥ ਜਦ ਆਣ ਜਵਾਨ ਹੋਵੇ ਤੁਰਕ ਰਾਜ ਦੀ ਜੜ੍ਹ ਪੁਟਾਏਗਾ ਹੁਣ।
ਇੱਟ ਇੱਟ ਸਰਹੰਦ ਦੀ ਪੁੱਟ ਦੇਵੇ ਕਿਲੇ ਕੋਟਾਂ ਤੇ ਹਲ ਚਲਾਏਗਾ ਹੁਣ।
ਫੜ ਸਣੇ ਪਰਿਵਾਰ ਵਜੀਦ ਖਾਂ ਨੂੰ ਸਾਰਾ ਨਾਮ ਨਿਸ਼ਾਨ ਗਵਾਏਗਾ ਹੁਣ।
ਹੁਣ ਇਹ ਪਵਿੱਤਰ ਖੂਨ ਕਰਤਾਰ ਸਿੰਘ ਭਰਿਆ ਜ਼ੁਲਮ ਦਾ ਬੇੜਾ ਡੁਬਾਏਗਾ ਹੁਣ।

ਤਥਾ

ਹਾਮੀ ਭਰੀ ਇਨਸਾਫ ਮਲੇਰੀਏ ਨੇ ਕਾਇਮ ਸਦਾ ਲਈ ਖਾਨਦਾਨ ਰਹਿਸੀ।
ਮੇਰੇ ਪੰਥ ਦਾ ਹੋਏਗਾ ਰਾਜ ਜਦੋਂ ਝੂਲਦਾ ਓਹਨਾਂ ਦਾ ਵਿੱਚ ਨਿਸ਼ਾਨ ਰਹਿਸੀ।
ਦੇਸ਼ ਵਿਚ ਇਕ ਬਿਨਾਂ ਮਲੇਰੀਆਂ ਦੇ ਹੋਰ ਤੁਰਕ ਨਾ ਕੋਈ ਹੁਕਮਰਾਨ ਰਹਿਸੀ।
ਇਹ ਨੇਕੀ ਦੀ ਯਾਦ ਕਰਤਾਰ ਸਿੰਘ ਚਿਰ ਤੱਕ ਅਟੱਲ ਜਹਾਨ ਰਹਿਸੀ।

## ਰਾਏ ਕੱਲ੍ਹੇ ਨੇ ਸਰਾਪ ਤੋਂ ਡਰ ਕੇ ਬੇਨਤੀ ਕਰਨੀ

ਤੁਰਕ ਰਾਜ ਦੀ ਜੜ੍ਹ ਹੋ ਨਸ਼ਟ ਜਾਵੇ ਇਹ ਸੁਣ ਕੇ ਕੰਬਿਆ ਰਾਏ ਕੱਲ੍ਹਾ।
ਮੈਨੂੰ ਨਾਲ ਰਲਾਓ ਨਾ ਸਾਰਿਆਂ ਦੇ ਮੈਂ ਤਾਂ ਪਕੜਿਆ ਆਪਦਾ ਆਇ ਪੱਲਾ।
ਗੁਰਾਂ ਆਖਯਾ ਹੋਣਾ ਸੋ ਹੋ ਗਿਆ ਏ ਸ਼ੌਹ ਵਗਦੇ ਕੋਈ ਨਾ ਲਾਇ ਠੱਲਾ।
ਪੈਰੀਂ ਡਿਗ ਕਹਿੰਦਾ ਕਰਤਾਰ ਸਿੰਘਾ ਮੈਨੂੰ ਰੱਖ ਲੌ ਵਾਸਤਾ ਪਾਇ ਅੱਲਾ।

## ਰਾਏ ਕੱਲ੍ਹੇ ਦਾ ਪ੍ਰੇਮ ਵੇਖ ਕੇ ਸਾਹਿਬਾਂ ਨੇ ਵਰ ਦੇਣਾ

ਗੁਰਾਂ ਆਖਯਾ ਰਾਏ ਜੀ ਜੋਰਾਂਵਰੀ ਜੜ੍ਹ ਰੱਖ ਲਈ ਤੁਸਾਂ, ਨਾ ਜਾਇਗੀ ਇਹ।
ਦਿੱਤੀ ਕੱਢ ਸਰ੍ਹਾਣਯੋਂ ਤੇਗ ਸੋਹਣੀ ਤੁਹਾਡੀ ਜੜ੍ਹ ਦੇ ਤੱਈਂ ਬਚਾਏਗੀ ਇਹ।

ਇਹਨੂੰ ਰੱਖਯੋ ਅਦਬ ਦੇ ਨਾਲ ਸਦਾ ਦੋਖੀ ਦੁਸ਼ਮਣਾਂ ਤਂਈਂ ਖਪਾਏਗੀ ਇਹ।
ਜੇ ਬੇਅਦਬੀ ਕਰੋ ਕਰਤਾਰ ਸਿੰਘ ਜੜ੍ਹਾਂ ਮੁਢ ਤੋਂ ਪੁੱਟ ਗੁਵਾਇਗੀ ਇਹ*।

***

## 7.
# ਮਾਲਵਾ ਇਤਿਹਾਸ (ਜਿਲਦ ਪਹਿਲੀ)

### (ਰਚਨਾ 1954)

### ਕ੍ਰਿਤ

### ਦਾਸ ਵਿਸਾਖਾ ਸਿੰਘ ਸੰਤ ਸਿਪਾਹੀ ਜਨੇਤਪੁਰਾ

### ਗੁ: ਰਾਏਕੋਟ (ਟਾਹਲੀਆਣਾ)**

ਸ੍ਰੀ ਗੁਰੂ ਜੀ ਦੇ ਦਰਸ਼ਨ ਨੂਰੇ ਮਾਹੀ ਨੂੰ ਮੱਝਾਂ ਚਾਰਨ ਆਏ ਨੂੰ ਹੋਏ ਤਾਂ ਪਿਆਰ ਵਿਚ ਵੈਹਵਿਲ ਹੋਇਆ ਨੂਰਾ ਸ੍ਰੀ ਦਸਮੇਸ਼ ਜੀ ਦੇ ਚਰਨਾਂ ਤੇ ਢਠਾ ਅਤੇ ਪ੍ਰੇਮ ਸਹਿਤ ਨਮਸਕਾਰ ਕਰਕੇ ਬੇਨਤੀ ਕੀਤੀ, "ਜੀ ਹਜ਼ੂਰ ਕੋਈ ਸੇਵਾ ਦਸੋ" ਤਾਂ ਸ੍ਰੀ ਗੁਰੂ ਜੀ ਨੇ ਦੁਧ ਮੰਗਿਆ। ਅਗੋਂ ਨੂਰੇ ਨੇ ਰਸ ਭਿੰਨੇ ਸ਼ਬਦਾਂ ਵਿਚ ਉਤਰ ਦਿੱਤਾ, "ਜੀ ਪਾਤਸ਼ਾਹ ਮੇਰੀਆਂ ਝੋਟੀਆਂ (ਮਝਾਂ) ਸਾਰੀਆਂ ਔਸਰ ਹਨ।" ਤਾਂ ਚੋਜੀ ਪ੍ਰੀਤਮ ਨੇ 111 ਗਲੀਆਂ ਵਾਲਾ ਇਕ ਗੰਗਾ ਸਾਗਰ ਨੂਰੇ ਨੂੰ ਦਿਤਾ ਅਤੇ ਹੁਕਮ ਕੀਤਾ, "ਜਿਹੜੀ ਝੋਟੀ ਤੇਰੇ ਅਗੇ ਆਵੇ ਉਸ ਨੂੰ ਚੋ ਲੈ।" ਤਾਂ ਅਗੋਂ ਨੂਰੇ ਨੇ ਕਿਹਾ, "ਦਾਤਾ ਗੰਗਾ ਸਾਗਰ ਵਿਚ ਛੇਕ ਹਨ।" ਸਾਹਿਬ ਫੁਰਮਾਇਆ "ਏਸ ਵਿਚੋਂ ਰੇਤਾ ਨਿਕਲ ਜਾਏਗਾ ਤੇ ਦੁਧ ਨਹੀਂ ਨਿਕਲੇਗਾ, ਛੇਤੀ ਨਾਲ ਚੋਣ ਦੀ ਕਰ।" ਹੁਣ ਨੂਰਾ ਗੁਰੂ ਜੀ ਦਾ ਹੁਕਮ ਮੰਨ ਕੇ ਦੁਧ ਚੋਣ ਲਗਾ ਤਾਂ ਝੋਟੀ ਪਸਮੀ ਅਗੇ ਖੜੀ ਤੇ ਨੂਰੇ ਨੇ ਛੇਤੀ ਛੇਤੀ ਦੁਧ ਚੋ ਕੇ ਗੁਰੂ ਜੀ ਨੂੰ ਛਕਾਇਆ। ਸ੍ਰੀ ਗੁਰੂ ਜੀ ਦੁਧ ਛਕ ਕੇ ਨਿਹਾਲ ਹੋਏ ਤੇ ਨੂਰੇ ਨੂੰ ਅਸੀਸ ਦਿਤੀ। ਹੁਣ ਨੂਰਾ ਨਿਹਾਲ ਹੋਇਆ ਹੋਇਆ ਚਾਈਂ ਚਾਈਂ ਪਿੰਡ ਪੁਜਾ ਤੇ ਰਾਏ ਕਲੇ ਨੂੰ ਜਾ ਕੇ ਸਾਰੀ ਅਸਚਰਜ ਕਹਾਣੀ ਸੁਣਾਈ, ਜਿਸ ਨੂੰ ਸੁਣ ਕੇ ਰਾਏ ਬੜਾ ਹੈਰਾਨ ਹੋਇਆ।

---

*ਇਸ ਬਾਰੇ ਫੁਟ ਨੋਟ ਵਿਚ ਕਵੀ ਨੇ ਲਿਖਿਆ ਹੈ, "ਸਤਿਗੁਰਾਂ ਦੇ ਬਚਨ ਅਟੱਲ ਹਨ। ਬੰਦੇ ਬਹਾਦਰ ਤੇ ਮਿਸਲਾਂ ਦੇ ਵੇਲੇ ਰਾਏ ਕੱਲੇ ਦਾ ਰਾਜ ਬਚਿਆ ਰਿਹਾ ਪਰ ਰਾਏ ਦੇ ਪੋਤਰੇ ਰਾਏ ਅਲਿਆਸ ਨੇ ਉਹ ਤੇਗ ਕਾਜ਼ੀਆਂ ਦੇ ਆਖੇ ਲੱਗ ਕੇ ਇਕ ਮਾਮੂਲੀ ਕ੍ਰਿਪਾਨ ਸਮਝ ਕੇ ਆਪਣੇ ਗਾਤਰੇ ਪਾ ਲਈ। ਇਕ ਦਿਨ ਸ਼ਿਕਾਰ ਨੂੰ ਗਿਆ ਤੇ ਹਰਨ ਉੱਤੇ ਵਾਰ ਕਰਨ ਲੱਗਿਆਂ ਘੋੜੇ ਦੀ ਕੁਝ ਮੋਸ ਵੱਜਣ ਕਰਕੇ ਕ੍ਰਿਪਾਨ ਇਲਿਆਸ ਦਾ ਗਿੱਟਾ ਛਾਂਗ ਗਈ ਤੇ ਉਹ ਘੋੜਿਓਂ ਡਿਗ ਕੇ ਮਰ ਗਿਆ। ਉਸਦਾ ਇਲਾਕਾ ਵੀ ਮਹਾਰਾਜੇ ਰਣਜੀਤ ਸਿੰਘ ਨੇ ਆਪਣੇ ਰਾਜ ਨਾਲ ਮਿਲਾ ਲਿਆ ਤਾਂ ਗੁਰਾਂ ਦੇ ਵਾਕ ਪੂਰੇ ਹੋ ਗਏ।

**ਇਸ ਗੁਰ ਦਰਬਾਰ ਦੀ ਸੇਵਾ ਸੰਤ ਮਘਰ ਸਿੰਘ ਜੀ ਨੇ ਕਰਾ ਕੇ ਬਹੁਤ ਰੌਣਕ ਦਿੱਤੀ ਹੈ॥ ਸਰੋਵਰ ਤੇ ਨਿਸ਼ਾਨ ਸਾਹਿਬ ਦੀ ਸੇਵਾ ਸੰਤ ਜੀ ਦੇ ਜਥੇ ਨੇ (ਖਾਸ ਸਿੰਘਾਂ ਦੇ ਨਾਉਂ ਜ: ਸੰਤਾ ਸਿੰਘ ਜੀ, ਸੰਤ ਚੰਨਣ ਸਿੰਘ ਜੀ, ਸੰਤ ਸ਼ੇਰ ਸਿੰਘ ਜੀ, ਸੰਤ ਨੰਦ ਸਿੰਘ ਜੀ, ਸੰਤ ਬਚਨ ਸਿੰਘ ਜੀ, ਸੰਤ ਪ੍ਰਤਾਪ ਸਿੰਘ ਜੀ, ਸੰਤ ਨਰਿੰਜ ਸਿੰਘ ਜੀ, ਸੰਤ ਅਮਰ ਸਿੰਘ ਜੀ, ਸੰਤ ਬਚਨ ਸਿੰਘ ਜੀ, ਸੰਤ ਕਰਤਾਰ ਸਿੰਘ ਜੀ, ਸ੍ਰੀਮਾਨ ਸੰਤ ਸਿੰਘ ਜੀ, ਸ੍ਰੀਮਤੀ ਬੇਬੇ ਭਾਨ ਕੌਰ ਜੀ) ਨੇ ਕਰਾਈ ਹੈ॥ ਜਥੇਦਾਰ ਸੰਤਾ ਸਿੰਘ ਜੀ ਨੇ ਖਰੀਦ ਕੇ ਕਾਫੀ ਜ਼ਮੀਨ ਗੁ: ਦੇ ਨਾਉਂ ਕਰਾਈ ਹੈ।

- ਘੁਮਾਂ ਪਹਿਲੇ ਸੀ॥ ਸੰਤ ਜੀ ਦੀ ਯਾਦ ਵਿਚ ਗਰਲਜ਼ ਹਾਈ ਸਕੂਲ, ਜਿਸ ਦੇ ਬਾਨੀ ਸੰਤ ਨਿਰੰਜਨ ਸਿੰਘ ਜੀ ਹਨ। ਹਰ ਪੂਰਨਮਾਸ਼ੀ ਤੁਰਕ ਰਾਜ ਦੀ ਜੜ੍ਹ ਪੁਟਣ ਵਾਲੇ ਦਿਹਾੜੇ ਸਲਾਨਾ ਜੋੜ ਮੇਲੇ ਹੁੰਦੇ ਹਨ॥

ਅਗਲੇ ਦਿਨ ਇਕ ਘੋੜਾ, ਇਕ ਪੁਸ਼ਾਕ ਅਤੇ 500 ਰੁਪਏ ਤੇ ਸਾਥ ਨੂਰੇ ਨੂੰ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਦੇ ਆ ਭੇਟ ਕੀਤਾ, ਸ੍ਰੀ ਗੁਰੂ ਜੀ ਅਸਤਰ ਸ਼ਸਤਰ ਤੇ ਬਹੁਤ ਪ੍ਰਸੰਨ ਹੁੰਦੇ ਸਨ, ਇਸ ਕਰਕੇ ਤੇ ਰਾਏ ਦੀ ਸ਼ਰਧਾ ਭਾਵਨਾ ਦੇਖ ਕੇ ਅਤਿ ਪ੍ਰਸੰਨ ਹੋਏ। ਤਾਂ ਅਗੋਂ ਰਾਏ ਕਲੇ ਨੇ ਹੱਥ ਜੋੜ ਬੇਨਤੀ ਕੀਤੀ "ਸ੍ਰੀ ਗੁਰੂ ਜੀ, ਦਾਸ ਨੂੰ ਕੋਈ ਸੇਵਾ ਦਸੋ।" ਸ੍ਰੀ ਗੁਰੂ ਜੀ ਨੇ ਬਚਨ ਕੀਤਾ ਕਿ ਸਰਹੰਦ ਤੋਂ ਸ੍ਰੀ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਖਬਰ ਮੰਗਾਓ। ਹੁਣ ਕੱਲੇ ਨੇ ਨੂਰੇ ਮਾਹੀ ਨੂੰ ਭੇਜਿਆ। ਇਹ ਸ੍ਰੀ ਗੁਰੂ ਜੀ ਦੀ ਕਿਰਪਾ ਨਾਲ ਚਾਰ ਪਹਿਰਾਂ ਵਿਚ ਚਾਲੀ ਕੋਸ ਦੇ ਪੰਧ ਤੋਂ ਆ ਖਬਰ ਦਿੱਤੀ ਕਿ ਸੂਬਾ ਸਰਹਿੰਦ ਨੇ ਦੋਨੋਂ ਛੋਟੇ ਸਾਹਬਿਜ਼ਾਦੇ ਸ਼ਹੀਦ ਕਰ ਦਿੱਤੇ ਅਤੇ ਜਗਤ ਮਾਤਾ ਜੀ ਸਰਦ ਬੁਰਜ ਵਿਚ ਸਚਖੰਡ ਪਧਾਰ ਗਏ ਹਨ।

ਤੁਰਕ ਰਾਜ ਦੀਆਂ ਜੜਾਂ ਪੁਟਣੀਆਂ:- ਮਾਸੂਮ ਸਾਹਿਬਜ਼ਾਦਿਆਂ ਦਾ ਸ਼ਹੀਦ ਹੋਣਾ ਸੁਣ ਕੇ ਸ੍ਰੀ ਕਲਗੀਧਰ ਜੀ ਨੇ ਸੁਤੇ ਸਿਧ ਤੀਰ ਨਾਲ ਇਕ ਕਾਹੀ ਦਾ ਬੂਟਾ ਪੁਟਣਾ ਸ਼ੁਰੂ ਕੀਤਾ, ਨਾਲ ਹੀ ਬਚਨ ਕੀਤਾ "ਅਜ ਤੋਂ ਅਸੀਂ ਤੁਰਕ ਰਾਜ ਦੀਆਂ ਜੜਾਂ ਪੁਟ ਸਿਟੀਆਂ॥ ਸਾਡੇ ਸਿੰਘ ਸਰਹਿੰਦ ਦੀ ਇੱਟ ਇੱਟ ਕਰਨਗੇ। ਇੱਟਾਂ ਸਤਲੁਜ ਵਿਚ ਸਿਟਣਗੇ। ਗੁਰੂ ਮਾਰੀ ਸਰਹੰਦ ਦਾ ਥੇਹ ਬਨਾਣਗੇ॥

ਰਾਏ ਕਲੇ ਨੇ ਸ੍ਰੀ ਦਸਮੇਸ਼ ਜੀ ਦੇ ਮੁਖਾਰਬਿੰਦ ਤੋਂ ਇਹ ਬਚਨ ਸੁਣਕੇ ਅਰਜ਼ ਕੀਤੀ, "ਜੀ ਹਜ਼ੂਰ ਮੈਂ ਤੁਹਾਡਾ ਦਾਸ ਭੀ ਤੁਰਕਾਂ ਵਿਚੋਂ ਹਾਂ, ਮੈਨੂੰ ਆਪ ਦੀ ਦਾ ਸੇਵਕ ਜਾਣ ਕੇ ਬਖਸ਼ ਲਵੋ।"

ਤਦ ਸ੍ਰੀ ਗੁਰੂ ਕਲਗੀਧਰ ਪਾਤਸ਼ਾਹ ਜੀ ਨੇ ਰਾਏ ਕਲੇ ਨੂੰ ਇਕ ਖੰਡਾ, ਇਕ ਗੰਗਾ ਸਾਗਰ, ਇਕ ਰੇਹਲ ਪੋਥੀ ਪੜਨ ਵਾਲੀ ਦੇ ਕੇ ਬਚਨ ਕੀਤਾ ਜਦ ਤਕ ਇਹਨਾਂ ਗੁਰ ਵਸਤਾਂ ਦਾ ਪ੍ਰੇਮ ਸਹਿਤ ਅਦਬ ਰਖੋਗੇ ਉਨਾਂ ਚਿਰ ਸੁਖ ਤੇ ਰਾਜ ਤੇਜ ਵਧੇਗਾ ਤੇ ਰਾਏ ਕਲਾ ਗੁਰੂ ਜੀ ਨੂੰ ਅਧਿਕ ਹੀ ਪ੍ਰੇਮ ਨਾਲ ਨਮਸਕਾਰ ਕੀਤੀ ਅਤੇ ਬਹੁਤ ਹੀ ਪ੍ਰਸੰਨਤਾਈ ਨਾਲ ਆਪਣੇ ਘਰ ਸ੍ਰੀ ਗੁਰੂ ਜੀ ਦੀਆਂ ਬਖਸ਼ਿਸਾਂ ਬੜੇ ਅਦਬ ਨਾਲ ਲਜਾ ਕੇ ਸਤਿਕਾਰ ਨਾਲ ਰਖੀਆਂ ਅਤੇ ਸਾਰੇ ਪਰਿਵਾਰ ਸਮੇਤ ਸ੍ਰੀ ਗੁਰੂ ਜੀ ਦੇ ਸੇਵਕ ਬਣ ਗਏ। ਤੀਜੀ ਪੀੜ੍ਹੀ ਰਾਏ ਕਲੇ ਦੇ ਪੋਤਰੇ ਰਾਏ ਉਲਾਸ ਨੇ ਕਾਜ਼ੀਆਂ ਦੇ ਆਖੇ ਲਗਕੇ ਸ੍ਰੀ ਗੁਰੂ ਜੀ ਦਾ ਬਖ਼ਸਿਆ ਹੋਇਆ ਖੰਡਾ ਗਾਤਰੇ ਸਜਾ ਕੇ ਸ਼ਿਕਾਰ ਗਿਆ ਜੋ ਸਬੱਦੀ ਖੁਰਦ ਤੇ ਸ਼ੇਰ ਪੁਰਾ ਕਲਾਂ ਦੇ ਕੋਲ ਜਦ ਆਇਆ ਤਾਂ ਘੋੜਾ ਸੁਤੇ ਹੀ ਤਾਂਹ ਨੂੰ ਬੁੜ੍ਹਕਿਆ (ਤਬਕਿਆ) ਅਤੇ ਮਿਆਨ ਵਿਚੋਂ ਖੰਡਾ ਉਛਲ ਕੇ ਰਾਏ ਉਲਾਸ ਦੀ ਬਖੀ ਵਿਚ ਧਸ ਗਿਆ ਤੇ ਘੋੜਾ ਤਾਬੜ ਤੋੜ ਭਜਣ ਤੇ ਰਾਏ ਉਲਾਸ ਘੋੜੇ ਤੋਂ ਡਿਗ ਪਿਆ ਅਤੇ ਪੈਰ ਰਕਾਬ ਵਿਚ ਫਸ ਗਿਆ। ਇਸ ਤਰ੍ਹਾਂ ਘੜੀਸਦੇ ਦਾ ਸਿਰ ਧਰਤੀ ਤੇ ਬਜ ਬਜ ਕੇ ਫਟਣ ਤੇ ਮਰ ਗਿਆ, ਜਿਥੇ ਘੋੜਾ ਖੜ੍ਹਿਆ ਸੀ ਉਹ ਜਗ੍ਹਾ ਤਪੜ ਤੇ ਰਾਮਗੜ੍ਹ ਦੇ ਦਰਮਿਆਨ ਕੁਝ ਨਿਸ਼ਾਨੀ ਅਜੇ ਹੈ। ਰਾਜ ਤੇਜ ਖਤਮ ਹੋ ਗਿਆ।

ਗੰਗਾ ਸਾਗਰ ਉਨ੍ਹਾਂ ਦੀ ਉਲਾਦ ਰਾਏ ਅਨਾਇਤ ਪਾਸ ਹੈ॥ ਜਿਸ ਵਿਚ ਸੌ ਤੋਂ ਉਪਰ

ਗਲੀਆਂ ਹਨ। ਰੇਤਾ ਪਾਈਏ ਤਾਂ ਨਿਕਲ ਜਾਂਦੀ ਹੈ ਜੇ ਪਾਣੀ ਦਾ ਭਰ ਦੇਈਏ ਤਾਂ ਪਾਣੀ ਨਹੀਂ ਨਿਕਲਦਾ। (ਅਜ ਕਲ ਅਨਾਇਤ ਖਾਂ ਪਾਕਿਸਤਾਨ ਲੈ ਗਿਆ ਹੈ॥) ਇਕ ਦਫਾ ਸ੍ਰੀ ਸੰਤ ਮਘਰ ਸਿੰਘ ਜੀ ਰਾਮਗੜ੍ਹ ਵਾਲਿਆਂ ਪਾਸ ਰਾਏ ਅਨਾਇਤ ਖਾਂ ਨੇ ਆ ਕੇ ਸ੍ਰੀ ਸੰਤ ਜੀ ਦੇ ਪਾਸ ਬਹੁਤ ਹੀ ਗਰੀਬੀ ਜ਼ਾਹਿਰ ਕੀਤੀ ਤਾਂ ਸ੍ਰੀ ਸੰਤ ਜੀ ਨੇ ਬਚਨ ਕੀਤਾ ਕਿ ਰਾਏ ਸਾਹਿਬ ਸ੍ਰੀ ਗੁਰੂ ਜੀ ਦੀਆਂ ਜੋ ਬਖਸ਼ਸਾਂ ਹਨ ਉਨ੍ਹਾਂ ਦਾ ਪ੍ਰੇਮ ਭਾਵਨਾ ਨਾਲ ਸਤਿਕਾਰ ਕਰੋ ਤੁਹਾਡੇ ਘਰੋਂ ਗਰੀਬੀ ਚਲੀ ਜਾਏਗੀ। ਰਾਏ ਜੀ ਨੇ ਉਸ ਦਿਨ ਤੋਂ ਇਕ ਸਾਫ ਕਮਰੇ ਵਿਚ ਸਾਫ ਰੁਮਾਲੇ ਵਿਚ ਸੰਤੋਖ ਕੇ ਧੂਪ ਦੀਪ ਕਰਨਾ ਸ਼ੁਰੂ ਕੀਤਾ। ਰਾਏ ਜੀ ਕੁਝ ਦਿਨਾਂ ਦੇ ਅੰਦਰ ਹੀ ਤਹਿਸੀਲਦਾਰ ਬਣ ਗਿਆ ਅਤੇ ਘਰ ਵਿਚ ਮੁੜ ਬਰਕਤਾਂ ਆਈਆਂ॥

*(ਪੰਨਾ 183-85)*

ਸਰਦਾਰ ਰਾਏ ਕੱਲ੍ਹਾ ਪਾਸ ਸ੍ਰੀ ਦਸਮੇਸ਼ ਜੀ ਦੀਆਂ ਬਖ਼ਸ਼ਿਸ਼ਾਂ (1) ਗੰਗਾ ਸਾਗਰ, (2) ਪੋਥੀ ਪੜਨ ਵਾਲੀ ਰੇਹਲ, (3) ਖੜਗ, ਅਤੇ ਹੁਕਮ ਦਿਤਾ ਸੀ ਕਿ ਇਸ ਨੂੰ ਸਨਮਾਨ ਨਾਲ ਰੱਖਣਾ। ਕੱਲੇ ਨੇ ਹੁਕਮ ਦੀ ਪੂਰੀ ਪਾਲਨਾ ਕੀਤੀ। ਉਸ ਦੇ ਪੋਤੇ ਨੇ ਦਸਮੇਸ਼ ਦਾ ਖੜਗ ਪਹਿਰ ਲਿਆ। ਉਸ ਦਿਨ ਸ਼ਿਕਾਰ ਵਿਚ ਘੋੜਾ ਤਬਕਣ ਤੇ ਘੋੜਾ ਉਛਲ ਕੇ ਉਸ ਦੀ ਬਖੀ ਵਿਚ ਬਜਿਆ ਅਰ ਆਪ ਘੋੜੇ ਤੋਂ ਡਿਗ ਪਿਆ। ਪੈਰ ਰਕਾਬ ਵਿਚ ਰਹਿਣ ਤੇ ਸਿਰ ਜ਼ਮੀਨ ਤੇ ਬਜ ਬਜ ਫਿਸ ਗਿਆ ਜੋ ਬੁਰੀ ਹਾਲਤ ਨਾਲ ਮੋਇਆ। ਜੋ ਖੜਗ ਹੈ ਨਾਭੇ ਸਿਰੋ ਪਾਉ ਗੁ: ਸਾ: ਵਿਚ ਹੈ।

*(ਪੰਨਾ 315)*

***

## 8.
## ਪ੍ਰਸੰਗ ਰਾਏ ਕੱਲ੍ਹਾ

**(ਰਚਨਾ 1956 ਈ:)**

**ਕ੍ਰਿਤ**

**ਭਾਈ ਸ਼ੇਰ ਸਿੰਘ 'ਰਸੀਲਾ'**

**ਦੋਹਰਾ:**

**ਨੂਰਾ ਮਾਹੀ ਆਖਦਾ ਰਾਏ ਕੱਲੇ ਨੂੰ ਜਾਇ।**
**ਇਕ ਦੇਖਿਆ ਅਜ ਪੀਰ ਮੈਂ, ਦੇਵਾਂ ਸਿਫਤ ਸੁਣਾਏ।**

**ਤਰਜ਼ ਚੰਨਾ:**

ਰਾਏ ਸਾਹਿਬ ਜੀ ਸੁਣੋ ਮੇਰੀ ਅਰਜ਼ ਹੈ।
ਚੰਨਾ ਸੱਚੀ ਮੁੱਚੀ ਛੰਦ ਦੀ ਤਰਜ਼ ਹੈ।
ਰਾਏ ਸਾਹਿਬ ਮੈਨੂੰ ਲਗਿਆ ਚਰਜ ਹੈ।
ਮੇਰਾ ਦੱਸਦੇ ਦਾ ਕੰਬਦਾ ਸਰੀਰ ਰਾਏ ਜੀ।
ਮੈਂ ਨੇ ਦੇਖਿਆ ਪੀਰਾਂ ਦਾ ਅੱਜ ਪੀਰ ਰਾਏ ਜੀ॥

ਐਥੋਂ ਤੁਰਗੇ ਅੱਗੇ ਨੂੰ ਥੋੜੇ ਚਿਰ ਦੇ।
ਜਾਣੋਂ ਕਿਸੇ ਦੀ ਤਲਾਸ਼ ਵਿਚ ਫਿਰਦੇ।
ਜਦੋਂ ਬੋਲਦਾ ਮੁੱਖੋਂ ਹੈਂ ਫੁਲ ਕਿਰਦੇ।
ਜਾਂ ਤਾਂ ਹੋਵਣਾ ਹੈ ਹੱਸਣਾ ਵਜ਼ੀਰ ਰਾਏ ਜੀ।
ਮੈਂ ਨੇ ਦੇਖਿਆ ਪੀਰਾਂ ਦਾ ਅੱਜ ਪੀਰ ਰਾਏ ਜੀ॥

ਜਾਂ ਮੈਂ ਉਸ ਦੇ ਮੱਥੇ ਦੀ ਦੇਖੀ ਰੇਖ ਸੀ।
ਕਰਾਮਾਤ ਉਸ ਦੀ ਮੈਂ ਲਈ ਦੇਖ ਸੀ।
ਕੋਲੇ ਲੋਟਾ ਉਹਦੇ ਵਿਚ ਕਈ ਛੇਕ ਸੀ।
ਉਹਦੇ ਵਿਚੋਂ ਡੁੱਲ ਸਕਦਾ ਨਾ ਨੀਰ ਰਾਏ ਜੀ।
ਮੈਂ ਨੇ ਦੇਖਿਆ ਪੀਰਾਂ ਦਾ ਅੱਜ ਪੀਰ ਰਾਏ ਜੀ॥

ਸੁਣੋ ਰਾਏ ਜੀ ਹਮਾਰੀ ਸੱਚ ਬਾਤ ਹੈ।
ਉਹਦੇ ਲੋਟੇ ਵਿਚ ਕੋਈ ਕਰਾਮਾਤ ਹੈ।
ਮੈਨੂੰ ਦਿਸਦਾ ਖੁਦਾ ਦੀ ਜਾਣੋਂ ਜਾਤ ਹੈ।
ਉਹ ਹੈ ਰਾਜਾ ਜੋਗੀ, ਨਹੀਂਗਾ ਫਕੀਰ ਰਾਏ ਜੀ।
ਮੈਂ ਨੇ ਦੇਖਿਆ ਪੀਰਾਂ ਦਾ ਅੱਜ ਪੀਰ ਰਾਏ ਜੀ॥

ਨੀਲੇ ਕੱਪੜੇ ਚੌਹਾਂ ਦੇ ਸਨ ਤਨ ਕੇ।
ਔਸਰ ਝੋਟੀ ਬਿਰਛ ਨਾਲ ਬੰਨ ਕੇ।
ਚੋਣ ਲੱਗਿਆ ਹੁਕਮ ਉਹਦਾ ਮੰਨ ਕੇ।
ਓਹਦੇ ਆ ਗਿਆ ਥਣਾਂ 'ਚੋਂ ਝਟ ਸੀਰ ਰਾਏ ਜੀ।
ਮੈਂ ਨੇ ਦੇਖਿਆ ਪੀਰਾਂ ਦਾ ਅੱਜ ਪੀਰ ਰਾਏ ਜੀ॥

## ਰਾਏ ਕੱਲੇ ਦਾ ਗੁਰੂ ਜੀ ਨੂੰ ਮਿਲਣਾ ਅਤੇ ਗੁਰੂ ਜੀ ਦਾ ਕਹਿਣਾ

ਗੁਰੂ ਸਾਹਿਬ ਕਹਿੰਦੇ ਸੁਣੀਂ ਰਾਏ ਕੱਲਿਆ, ਤੂੰ ਅਸਾਂ ਦੇ ਬੋਲ ਜੀ।
ਅਸਾਂ ਤੈਨੂੰ ਕੋਈ ਨਾ ਸੁਨੇਹਾ ਘੱਲਿਆ, ਤੂੰ ਆਪੇ ਆ ਗਿਆ ਕੋਲ ਜੀ।
ਹਾਲ ਹੈ ਮਲੂਮ ਸਾਨੂੰ ਘਾਟੇ ਵਾਧਿਆਂ ਦਾ, ਉਹ ਫਸੇ ਹੈ ਫੰਦ ਮੇਂ।
ਪਤਾ ਮੰਗਵਾ ਦੇ ਸਾਡੇ ਸਾਹਿਬਜ਼ਾਦਿਆਂ ਦਾ, ਰਹਿ ਗਏ ਦੋ ਸਰਹੰਦ ਮੇਂ।
ਵੱਡਾ ਨੌ ਕੁ ਸਾਲ ਛੋਟਾ ਸੱਤ ਸਾਲ ਦਾ, ਸਾਥ ਮਾਤਾ ਗੁਜਰੀ।
ਤੁਰਗੀ ਹੁਕਮ ਮੰਨ ਕੇ ਅਕਾਲ ਦਾ, ਦੁੱਖਾਂ ਦੇ ਵਿੱਚ ਗੁਜਰੀ।

ਕੌਣ ਦੁਖ ਸੁਣੇ ਉਹਨਾਂ ਦੇ ਇਰਾਦਿਆਂ ਦਾ, ਦੁਖੀ ਫਰਜੰਦ ਮੈਂ।
ਪਤਾ ਮੰਗਵਾ ਦੇ ਸਾਡੇ ਸਾਹਿਬਜ਼ਾਦਿਆਂ ਦਾ, ਰਹਿ ਗਏ ਦੋ ਸਰਹੰਦ ਮੈਂ।

## ਨੂਰੇ ਮਾਹੀ ਨੇ ਵਾਪਸ ਮੁੜ ਕੇ ਰਾਏਕੋਟ ਗੁਰੂ ਸਾਹਿਬ ਨੂੰ ਦੱਸਣਾ ਹਾਲ

ਦੋਹਰਾ:

ਨੂਰਾ ਮਾਹੀ ਪਹੁੰਚ ਗਿਆ ਗੁਰੂ ਸਾਹਿਬ ਦੇ ਪਾਸ।
ਹੌਲੀ ਹੌਲੀ ਬੋਲਦਾ ਸੀ ਦਿਲ ਬੜਾ ਉਦਾਸ।

ਮਨੋਹਰ ਭਵਾਨੀ ਛੰਦ:

ਗੁਰੂ ਜੀ ਦੇ ਪਾਸ ਨੂਰਾ ਮਾਹੀ ਬੋਲਦਾ, ਵਾਰਤਕ ਬਾਲਾਂ ਦੀ।
ਬੋਲੇ ਥਥਲਾ ਕੇ ਨੈਣੋਂ ਨੀਰ ਡੋਲਦਾ, ਕਹਾਣੀ ਸੁਣੋ ਲਾਲਾਂ ਦੀ।
ਕੀਤੇ ਹੈਂ ਜੁਲਮ ਗੰਗੂ ਜਿਹੇ ਗੀਦੀਆਂ, ਤੇ ਫਸਾਤੇ ਵਿੱਚ ਫੰਦ ਦੇ।
ਦੋਵੇਂ ਸਾਹਿਬਜ਼ਾਦੇ ਪਾ ਗਏ ਨੇ ਸ਼ਹੀਦੀਆਂ, ਵਿੱਚ ਸਰਹੰਦ ਦੇ।

ਜੋਰ ਨਾਲ ਫਤਿਹ ਸੂਬੇ ਨੂੰ ਬੁਲਾਉਂਦੇ ਰਹੇ, ਨਾ ਸਲਾਮ ਆਖੀ ਐ।
ਵਾਹਿਗੁਰੂ ਦੀ ਬਾਣੀ ਮੁਖ ਵਿੱਚੋਂ ਗਾਉਂਦੇ ਰਹੇ, ਸਾਡਾ ਗੁਰੂ ਸਾਖੀ ਹੈ।
ਅੱਖੀਆਂ ਅਕਾਲ ਵੱਲ ਰਹੀਆਂ ਸਿੱਧੀਆਂ, ਦਿਲ ਫਰਜ਼ੰਦ ਦੇ,
ਦੋਵੇਂ ਸਾਹਿਬਜ਼ਾਦੇ ਪਾ ਗਏ ਨੇ ਸ਼ਹੀਦੀਆਂ, ਵਿੱਚ ਸਰਹੰਦ ਦੇ।

ਮਾਤਾ ਗੁਜਰੀ ਵੀ ਸੁਰਗ ਸੁਧਾਰਗੀ, ਤਿਆਗ ਗਈ ਪਰਾਨਾਂ ਨੂੰ।
ਠੰਡੇ ਹੀ ਬੁਰਜ ਉੱਤੋਂ ਛਾਲ ਮਾਰਗੀ, ਸੁਣ ਕੇ ਨਦਾਨਾਂ ਨੂੰ।
ਕਰਦਾ ਗੁਰੂ ਜੀ ਤੂੰ ਉਡੀਕਾਂ ਜੀਹਦੀਆਂ ਸਪੂਤ ਬਲਵੰਦ ਦੇ।
ਦੋਵੇਂ ਸਾਹਿਬਜ਼ਾਦੇ ਪਾ ਗਏ ਨੇ ਸ਼ਹੀਦੀਆਂ, ਵਿੱਚ ਸਰਹੰਦ ਦੇ।

## ਗੁਰੂ ਜੀ ਨੇ ਇਹ ਕਥਾ ਸੁਣ ਕੇ ਜ਼ੁਲਮ ਰਾਜ ਦੀਆਂ ਜਿਹੜਾ ਪਟਣੀਆਂ

ਤੋਟਕ ਛੰਦ:

ਨੂਰਾ ਜਦ ਵਰਨਣ ਕਰਨ ਲੱਗਾ, ਗੁਰ ਕੇ ਪਗ ਪਰ ਸਿਰ ਧਰਨ ਲੱਗਾ,
ਮਾਹੀ ਸਰਹੰਦ ਦੀ ਕਥਾ ਪੜੀ, ਸੱਜੇ ਹੱਥ ਗੁਰ ਨੇ ਕਰਦ ਫੜੀ,
ਕਾਹੀ ਨਜ਼ਦੀਕ ਜਾਂ ਡਟਣ ਲੱਗੇ, ਜੜ੍ਹ ਜੁਲਮ ਰਾਜ ਦੀ ਪਟਣ ਲੱਗੇ।

ਨਹੀਂ ਰਾਜ ਜੁਲਮ ਸਰਹੰਦ ਰਹੂ, ਨਹੀਂ ਸੂਬਾ ਸੁੱਚਾ ਨੰਦ ਰਹੂ,
ਨਹੀਂ ਗੰਗੂ ਕਾਜੀ ਰਹਿਣ ਏਥੇ, ਕਿਸੇ ਦਿਨ ਨੂੰ ਪੈਣਗੇ ਵੈਣ ਏਥੇ,
ਦਿਨ ਜੁਲਮ ਰਾਜ ਦੇ ਘਟਣ ਲੱਗੇ, ਜੜ ਜ਼ੁਲਮ ਰਾਜ ਦੀ ਪੱਟਣ ਲੱਗੇ।

ਪੱਟ ਸਿੱਟੀਆਂ ਜੜਾਂ ਸਰਹੰਦ ਦੀਆਂ, ਸੂਬੇ ਤੇ ਸੁੱਚਾ ਨੰਦ ਦੀਆਂ,
ਸੁਣ ਨੂਰਾ ਹੋਇ ਅਚੰਭ ਗਿਆ, ਰਾਏ ਸਾਹਿਬ ਖਲੋਤਾ ਕੰਬ ਗਿਆ,
ਜੜ ਪਟ ਕਾਹੀ ਦੀ ਸੱਟਣ ਲੱਗੇ, ਜੜ ਜੁਲਮ ਰਾਜ ਦੀ ਪੱਟਣ ਲੱਗੇ।

## ਰਾਈ ਕੱਲੇ ਨੇ ਕਹਿਣਾ ਕਿ ਪਾਤਸ਼ਾਹ ਬਖਸ਼ ਲਓ

ਬੈਂਤ:

ਰਾਏ ਕੱਲੇ ਨੂੰ ਆਖਿਆ ਸਤਿਗੁਰਾਂ ਨੇ,
ਆ ਲੈ ਖੰਡਾ ਤੇ ਦਿਨੇ ਹੈ ਰੇਹਲ ਤੈਨੂੰ।
ਪੀਰਾਂ ਵਾਂਗ ਤੂੰ ਇਸ ਨੂੰ ਰਹੀਂ ਮੰਨਦਾ,
ਖੇਲਣ ਵਾਸਤੇ ਦਿੱਤੀ ਨਾ ਖੇਲ ਤੈਨੂੰ।

ਆਹ ਲੈ ਖੰਡਾ ਤੇ ਇਸ ਦੀ ਕਰੀਂ ਪੂਜਾ,
ਵਧਣ ਵਾਸਤੇ ਦਿੱਤੀ ਹੈ ਵੇਲ ਤੈਨੂੰ।
ਜੇਕਰ ਇਸ ਨੂੰ ਕਿਤੇ ਚਲਾ ਬੈਠਾ,
ਤਾਂ ਫਿਰ ਮਿਲੂਗੀ ਇਹ ਸਖਤ ਜੇਲ ਤੈਨੂੰ।

ਕਲਗੀ ਵਾਲੇ ਨੇ ਕੀਤੀਆਂ ਬਖ਼ਸ਼ਿਸ਼ਾਂ ਜੋ,
'ਸ਼ੇਰ' ਸੰਗਤਾਂ ਦਾ ਸੇਵਾਦਾਰ ਦੱਸਦਾ।
ਇਟ ਇਟ ਸਰਹੰਦ ਦੀ ਖੜਕ ਜੂ ਗੀ,
ਟੋਡਰ ਮੱਲ ਦਾ ਰਹੂ ਬਾਜ਼ਾਰ ਵਸਦਾ।

ਨੀਲਾ ਬਾਣਾ ਤੇ ਉੱਚ ਦਾ ਪੀਰ ਬਣਿਆ,
ਰੰਗ ਦਿੱਤਾ ਲਲਾਰੀ ਦੀਆਂ ਮੱਟੀਆਂ ਨੇ।
ਸਾਹਿਬਜ਼ਾਦਿਆਂ ਦਾ ਪਤਾ ਮੰਗਵਾਇਆ ਏਥੇ,
ਸੁਣ ਕੇ ਵਾਰਤਕ ਤੇ ਚੁੱਪਾਂ ਵੱਟੀਆਂ ਨੇ।

ਗੁਰਾਂ ਆਖਿਆ ਮਾਰ ਮਸੂਮ ਬੱਚੇ,
ਕੀ ਜਾਲਮਾਂ ਖੱਟੀਆਂ ਖੱਟੀਆਂ ਨੇ।
ਸ਼ੇਰ ਸਿੰਘਾ ਰਾਏਕੋਟ ਦੀ ਜੂਹ ਅੰਦਰ,
ਜੜਾਂ ਏਥੇ ਸਰਹੰਦ ਦੀਆਂ ਪੱਟੀਆਂ ਨੇ।

***

## 9.

## THE ENCYCLOPEDIA OF SIKHISM (VOL. II) (Year 1996)

**Chief Editor**

**Harbans Singh**

KALHA, RAI, Feudatory chief of Raikot in Ludhiana district of the Punjab, was a contemporary of Guru Gobind Singh (1666 - 1708). Converted from Hinduism to Islam, the Rai's family were still among the admirars of the Gurus. When Guru Gobind Singh, after his escape from Chamkaur, was passing through his territory, Rai Kalha received him warmly and served him with devotion. He sent one of his own men to Sirhand to bring news of the Guru's mother and his two younger sons, while he himself attended upon the Guru who was then putting up at Lamma- Jatpura. As the messenger returned and narrated how the Guru's sons had been executed under the orders of the Sirhand official, Rai Kalha was overwhelmed with grief. Guru Gobind Singh consoled him and before departing bestowed upon him three gifts - a sword, a water-jug and rack to hold a religious book for recitation. Kalha kept these articles as sacred relics and so did his son after him. But his grandson is said to have put on the sword during chase. According to Bhai Santokh Singh, Sri Gur Pratap Suraj Granth, he heart himself with it while attempting to kill a deer and died of the wound thus sustained. In British days, a descendent of the family presented the sword to the English Deputy Commissioner of Ludhiana. It was ultimately sent to England, where it was kept in the British Museum. The other two relics were preserved in the family until 1947 when it migrated to Pakistan.

***

## 10.
# ਰਾਏਕੋਟ ਸਰਵੇ ਪੁਸਤਕ
### (ਰਚਨਾ 1971)
### ਭਾਸ਼ਾ ਵਿਭਾਗ, ਪੰਜਾਬ
### ਗੁਰੂ ਗੋਬਿੰਦ ਸਿੰਘ ਜੀ ਦੇ (ਰਾਏਕੋਟ ਆਉਣ ਦੇ ਬਿਰਤਾਂਤ ਦੇ ਆਧਾਰ ਤੇ)

ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਚਮਕੌਰ ਦੇ ਭਿਆਨਕ ਜੰਗ ਮਗਰੋਂ ਮਾਛੀਵਾੜੇ ਦੇ ਜੰਗਲ ਵਿੱਚ ਚਲੇ ਗਏ ਸਨ। ਉਥੋਂ ਹੀ ਉੱਚ ਦਾ ਪੀਰ ਬਣ ਕੇ ਸਭ ਤੋਂ ਪਹਿਲਾਂ ਉਦਾਸੀ ਮਹੰਤ ਕਿਰਪਾਲ ਦੇ ਡੇਰੇ ਵਿੱਚ ਪੁੱਜੇ ਸਨ। ਮਹੰਤ ਨੇ ਮੁਗਲ ਸੈਨਾ ਤੋਂ ਡਰਦਿਆਂ ਗੁਰੂ ਜੀ ਨੂੰ ਨਿਵਾਸ ਨਾ ਦਿੱਤਾ। ਇਸ ਤੋਂ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਰਾਏਕੋਟ ਪਹੁੰਚੇ। ਉੱਥੋਂ ਦੇ ਜਾਗੀਰਦਾਰ ਰਾਏ ਕੱਲ੍ਹਾ, ਜੋ ਰਾਏਕੋਟ ਦੇ ਮੋਢੀ ਰਾਏ ਅਹਿਮਦ ਦਾ ਭਤੀਜਾ ਸੀ, ਨੇ ਗੁਰੂ ਜੀ ਨੂੰ ਬੜਾ ਮਾਣ ਤੇ ਸਤਿਕਾਰ ਦਿੱਤਾ ਅਤੇ ਕਈ ਦਿਨ ਆਪਣੇ ਪਾਸ ਠਹਿਰਾਇਆ ਅਤੇ ਬੜੀ ਸ਼ਰਧਾ ਨਾਲ ਗੁਰੂ ਜੀ ਦੀ ਸੇਵਾ ਕੀਤੀ। ਰਾਏ ਕੱਲ੍ਹਾ ਦੀ ਮਾਤਾ ਗੁਰੂ ਜੀ ਵਿੱਚ ਭਾਰੀ ਸ਼ਰਧਾ ਰੱਖਦੀ ਸੀ। ਰਾਏ ਕੱਲ੍ਹਾ ਗੁਰੂ ਜੀ ਤੋਂ ਜੰਗ ਦੀਆਂ ਘਟਨਾਵਾਂ ਬਾਰੇ ਸੁਣ ਕੇ ਬਹੁਤ ਰੋਇਆ ਅਤੇ ਉਸਨੇ ਗੁਰੂ ਜੀ ਦੇ ਕਹਿਣ ਤੇ ਇਸੇ ਸਥਾਨ ਤੋਂ ਗੁਰੂ ਜੀ ਦੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਦੇ ਸਮਾਚਾਰ ਸਰਹੰਦ ਤੋਂ ਮੰਗਾਉਣ ਲਈ ਮਾਹੀ ਨਾਂ ਦੇ ਇਕ ਵਿਸ਼ਵਾਸੀ ਮੁਸਲਮਾਨ ਨੂੰ ਭੇਜਿਆ। ਸਾਹਿਬਜਾਦਿਆਂ ਨਾਲ ਜੋ ਜੋ ਘਟਨਾ ਬੀਤੀ ਸੀ, ਗੁਰੂ ਜੀ ਨੇ ਇਸੇ ਸਥਾਨ ਤੇ ਐਡੀ ਦੁੱਖ ਭਰੀ ਖਬਰ ਆਪਣੇ ਆਪ ਨੂੰ ਬੇਮਿਸਾਲ ਸਬਰ, ਧੀਰਜ ਤੇ ਠਰੰਮੇ ਵਿਚ ਰੱਖਦਿਆਂ ਸੁਣੀ ਤੇ ਉਸੇ ਵੇਲੇ ਕਿਹਾ “ਮੇਰੇ ਪੁੱਤਰ ਮਰੇ ਨਹੀਂ, ਉਹ ਇਕ ਸਦੀਵੀ ਜੀਵਨ ਪ੍ਰਾਪਤ ਕਰ ਗਏ ਹਨ। ਉਹਨਾਂ ਨੇ ਧਰਮ ਨਾਲੋਂ ਜੀਵਨ ਨੂੰ ਵਧੇਰੇ ਪਿਆਰਾ ਨਹੀਂ ਸਮਝਿਆ। ਸਾਹਿਬਜਾਦੇ ਸੁਰਜੀਤ ਹਨ ਪਰ ਸਰਹੰਦ ਨੇਸਤੋ ਨਾਬੂਦ ਹੋ ਕੇ ਰਹੇਗਾ।” ਜਦ ਮਾਹੀ ਤੋਂ ਵਿਥਿਆ ਸੁਣ ਰਹੇ ਸਨ ਤਾਂ ਆਪਣੇ ਤੀਰ ਨਾਲ ਬੈਠੇ ਬੈਠੇ ਸਹਿਜ ਸੁਭਾਇ ਦੱਬ ਦੇ ਬੂਟੇ ਦੀਆਂ ਜੜ੍ਹਾਂ ਫੋਲ ਰਹੇ ਸਨ। ਗੱਲ ਮੁੱਕਣ ਤੇ ਤੀਰ ਦੀ ਨੋਕ ਨਾਲ ਦੱਭ ਦਾ ਬੂਟਾ ਜੜ੍ਹੋਂ ਪੁੱਟ ਕੇ ਸੁੱਟ ਦਿੱਤਾ ਤੇ ਕਿਹਾ “ਮੁਗਲਾਂ ਦੀਆਂ ਜੜ੍ਹਾਂ ਇਉਂ ਪੁੱਟੀਆਂ ਜਾਣਗੀਆਂ।”

ਗੁਰੂ ਜੀ ਨੇ ਰਾਏ ਨੂੰ ਇਕ ਕ੍ਰਿਪਾਨ ਬਖਸ਼ ਕੇ ਫਰਮਾਇਆ ਕਿ ਜਦ ਤੱਕ ਇਸਦਾ ਸਨਮਾਨ ਕਰੋਗੇ, ਤੁਹਾਡਾ ਰਾਜ ਭਾਗ ਕਾਇਮ ਰਹੇਗਾ। ਪ੍ਰੰਤੂ ਇੱਕ ਵਾਰੀ ਉਸਦਾ ਪੋਤਾ ਇਹ ਕ੍ਰਿਪਾਨ ਪਹਿਨ ਕੇ ਸ਼ਿਕਾਰ ਕਰਨ ਗਿਆ ਅਤੇ ਘੋੜੇ ਤੋਂ ਡਿੱਗ ਕੇ ਉਸੇ ਕ੍ਰਿਪਾਨ ਨਾਲ ਜ਼ਖਮੀ ਹੋ ਕੇ ਮਰ ਗਿਆ। ਬਾਅਦ ਵਿੱਚ ਇਹ ਕ੍ਰਿਪਾਨ ਰਿਆਸਤ ਨਾਭੇ ਦੇ ਸਿਰੋਪਾਉ ਗੁਰਦੁਆਰੇ ਵਿੱਚ ਰਹੀ। ਕਲਗੀਧਰ ਦੀ ਇਹ ਕ੍ਰਿਪਾਨ, ਜੋ ਰਾਏ ਕੱਲ੍ਹਾ ਨੂੰ ਦਿੱਤੀ ਗਈ ਸੀ, ਕੋਟਲੇ ਵਾਲੇ ਨਵਾਬ ਦੇ ਰਾਹੀਂ ਮਹਾਰਾਜਾ ਜਸਵੰਤ ਸਿੰਘ ਨਾਭਾ ਨੂੰ ਦੇ ਦਿੱਤੀ ਗਈ ਸੀ।

ਇਹ ਵੀ ਕਿਹਾ ਜਾਂਦਾ ਹੈ ਕਿ ਗੁਰੂ ਜੀ ਮਾਛੀਵਾੜੇ ਤੋਂ ਚੱਲ ਕੇ ਇੱਕ ਛੱਪੜੀ ਤੇ ਠਹਿਰੇ ਅਤੇ ਟਾਹਲੀ ਹੇਠ ਬਿਰਾਜੇ ਜਿੱਥੇ ਹੁਣ ਟਾਹਲੀਆਣਾ ਗੁਰਦੁਆਰਾ ਬਣਿਆ ਹੋਇਆ ਹੈ। ਰਾਏ ਕੱਲ੍ਹਾ ਦੇ ਪਿੰਡ ਤੋਂ ਚੱਲ ਕੇ ਗੁਰੂ ਜੀ ਦੀਨੇ ਪਹੁੰਚੇ।

## ਰਾਏ ਕੱਲ੍ਹਾ

ਰਾਏ ਕੱਲ੍ਹਾ ਇਸ ਅਸਥਾਨ ਦਾ ਹਾਕਮ ਸੀ। ਰਾਏਕਿਆਂ ਦੇ ਨਾਂ ਤੇ ਇਸ ਦਾ ਨਾਉਂ ਰਾਏ ਕੋਟ ਪਿਆ ਹੈ। ਸ਼ਹਿਰ ਦੇ ਆਲੇ ਦੁਆਲੇ ਇਕ ਫਸੀਲ ਹੁੰਦੀ ਸੀ। ਰਾਏ ਕੱਲੇ ਦੀ ਰਿਹਾਇਸ਼-ਗਾਹ ਇਕ ਕਿਲ੍ਹੇ ਵਿੱਚ ਸੀ। ਇਹ ਉਸ ਸਮੇਂ ਇਸ ਪਰਗਣੇ ਦਾ ਮਾਲਕ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਤੋਂ ਚਲ ਕੇ ਟਾਲ੍ਹੀਆਣੇ ਸਾਹਿਬ ਵਾਲੀ ਥਾਂ ਤੇ ਆਏ। ਇਸ ਅਸਥਾਨ ਤੇ ਰਾਏ ਕੱਲੇ ਦਾ ਇਕ ਨੌਕਰ ਟਾਲ੍ਹੀਆਣਾ ਸਾਹਿਬ ਦੇ ਕੋਲ ਮੱਝਾਂ ਚਾਰਦਾ ਫਿਰਦਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਉਸ ਨੂੰ ਕਹਿਣ ਲਗੇ ਕਿ ਸਾਨੂੰ ਪਾਣੀ ਪਿਲਾ। ਪਰ ਇਸ ਨੇ ਕਿਹਾ ਕਿ ਮਹਾਰਾਜ ਇਥੇ ਤਾਂ ਪਾਣੀ ਦਾ ਨਾਂ ਨਿਸ਼ਾਨ ਨਹੀਂ। ਗੁਰੂ ਜੀ ਨੇ ਕਿਹਾ 'ਚੰਗਾ ਜੇਕਰ ਪਾਣੀ ਨਹੀਂ ਤਾਂ ਮੱਝ ਦਾ ਦੁੱਧ ਹੀ ਚੋ ਦੇ।" ਨੂਰੇ ਮਾਹੀ ਨੇ ਬੇਨਤੀ ਕੀਤੀ ਕਿ ਮਹਾਰਾਜ ਮੈਂ ਮਝਾਂ ਚੋ ਕੇ ਆਇਆ ਹਾਂ। ਗੁਰੂ ਜੀ ਨੇ ਔਸਰ ਝੋਟੀ ਵਲ ਇਸ਼ਾਰਾ ਕਰ ਕੇ ਕਿਹਾ ਕਿ ਇਹ ਤਾਂ ਨਹੀਂ ਚੋਈ, ਇਸੇ ਥਲੋਂ ਚੋ ਦੇਹ। ਨੂਰੇ ਮਾਹੀ ਨੇ ਮੁੜ ਆਜਜ਼ੀ ਨਾਲ ਬੇਨਤੀ ਕੀਤੀ 'ਹਜੂਰ ਮੇਰੇ ਕੋਲ ਤਾਂ ਕੋਈ ਬਰਤਨ ਵੀ ਨਹੀਂ ਹੈ।' ਗੁਰੂ ਸਾਹਿਬ ਨੇ ਇਸ ਨੂੰ ਗੰਗਾ ਸਾਗਰ ਦਿੱਤਾ ਜਿਸ ਵਿੱਚ ਸੁਣਿਆ ਹੈ ਕਿ ਢਾਈ ਕੁ ਸੌ ਮੋਰੀਆਂ ਸਨ। ਨੂਰੇ ਮਾਹੀ ਨੇ ਕਿਹਾ 'ਮਹਾਰਾਜ ਇਸ ਵਿੱਚੋਂ ਤਾਂ ਦੁੱਧ ਵਗ ਜਾਵੇਗਾ' ਪਰ ਗੁਰੂ ਜੀ ਨੇ ਕਿਹਾ ਕਿ ਤੂੰ ਦੁੱਧ ਚੋ, ਦੁੱਧ ਨਹੀਂ ਵਗੇਗਾ। 'ਸੋ, ਨੂਰੇ ਮਾਹੀ ਨੇ ਜਦੋਂ ਮੱਝ ਨੂੰ ਥਾਪੀ ਦਿੱਤੀ ਤਾਂ ਔਸਰ ਝੋਟੀ ਪਸਮ ਪਈ। ਇਹ ਕਰਾਮਾਤ ਵੇਖ ਕੇ ਨੂਰਾ ਮਾਹੀ ਹੈਰਾਨ ਹੋ ਗਿਆ ਤੇ ਦੁੱਧ ਛਕਾ ਕੇ ਵਾਪਸ ਸ਼ਹਿਰ ਨੂੰ ਪਰਤ ਆਇਆ।

ਇਸ ਨੇ ਰਾਏ ਕੱਲੇ ਨੂੰ ਦਸਿਆ ਕਿ ਇਕ ਹਿੰਦੂਆਂ ਦਾ ਪੀਰ ਆਇਆ ਹੈ ਜਿਹੜਾ ਕਿ ਬਹੁਤ ਕਰਾਮਾਤੀ ਹੈ। ਉਸ ਨੇ ਸਾਰੀ ਵਿਥਿਆ ਜਿਹੜੀ ਉਸ ਨਾਲ ਵਾਪਰੀ ਸੀ, ਰਾਏ ਕੱਲੇ ਨੂੰ ਸੁਣਾਈ। ਰਾਏ ਕੱਲ੍ਹਾ ਆਪਣੇ ਅਹਿਲਕਾਰਾਂ ਸਮੇਤ ਗੁਰੂ ਜੀ ਨੂੰ ਮਿਲਣ ਵਾਸਤੇ ਗਿਆ। ਇੱਥੇ ਹੀ ਗੁਰੂ ਜੀ ਨੇ ਰਾਏ ਕੱਲੇ ਨੂੰ ਸਾਹਿਬਜ਼ਾਦਿਆਂ ਦੀ ਖਬਰ ਲਿਆਉਣ ਦਾ ਪ੍ਰਬੰਧ ਕਰਨ ਵਾਸਤੇ ਕਿਹਾ। ਰਾਏ ਕੱਲੇ ਨੇ ਨੂਰੇ ਮਾਹੀ ਨੂੰ ਹੀ ਸਰਹੰਦ ਭੇਜਿਆ ਅਤੇ ਇਸ ਨੇ ਪੂਰੀ ਖਬਰ ਲਿਆ ਕੇ ਦਿੱਤੀ ਕਿ ਛੋਟੇ ਸਾਹਿਬਜ਼ਾਦੇ ਸ਼ਹੀਦ ਕਰ ਦਿੱਤੇ ਗਏ ਹਨ।

ਰਾਏ ਕੱਲੇ ਨੂੰ ਗੁਰੂ ਜੀ ਨੇ ਇਕ ਗੰਗਾ ਸਾਗਰ, ਇਕ ਰੇਹਲ ਅਤੇ ਇਕ ਖੰਡਾ ਬਖਸ਼ਿਆ ਸੀ। ਇਹ ਖੰਡਾ, ਉਨ੍ਹਾਂ ਕਿਹਾ ਸੀ ਕਿ ਜਦੋਂ ਕੋਈ ਬਾਦਸ਼ਾਹ ਚੜ੍ਹਾਈ ਕਰ ਕੇ ਆਵੇ ਤਾਂ ਇਸ ਦੀ ਵਰਤੋਂ ਕਰਨੀ ਹੈ, ਆਮ ਸ਼ਿਕਾਰ ਆਦਿ ਕਰਨ ਵਾਸਤੇ ਨਹੀਂ। ਪਰ ਰਾਏ ਕੱਲੇ ਦੇ ਪੋਤਰੇ ਨੇ ਇਹ ਬਚਨ ਪੂਰਾ ਨਾ ਨਿਭਾਇਆ ਅਤੇ ਸ਼ਿਕਾਰ ਜਾਣ ਸਮੇਂ ਇਸ ਖੰਡੇ ਨੂੰ ਨਾਲ ਲੈ ਗਿਆ। ਸੁਣਨ ਵਿੱਚ ਆਇਆ ਹੈ ਕਿ ਨਾ ਤਾਂ ਉਸ ਦੀ ਲਾਸ਼ ਦਾ ਪਤਾ ਲਗਿਆ ਅਤੇ ਨਾ ਹੀ ਖੰਡੇ ਦਾ। ਜਿਸ ਘੋੜੇ ਤੇ ਸ਼ਿਕਾਰ ਵਾਸਤੇ ਗਿਆ ਸੀ ਉਹ ਸਣੇ ਕਾਠੀ ਵਾਪਸ ਕਿਲ੍ਹਾ ਰਾਏ ਕੋਟ ਪਰਤ ਆਇਆ।

ਇਸ ਖਾਨਦਾਨ ਕੋਲ ਅਜੇ ਤਕ ਗੁਰੂ ਜੀ ਦਾ ਗੰਗਾ ਸਾਗਰ ਮੌਜੂਦ ਹੈ। ਇਸ ਖ਼ਾਨਦਾਨ ਨਾਲ ਸਬੰਧਤ ਲੋਕ ਅੱਜ ਕੱਲ੍ਹ ਕਮਾਲਪੁਰ (ਪਾਕਿਤਾਨ) ਵਿੱਚ ਚਲੇ ਗਏ ਹਨ ਅਤੇ ਉਹ ਇਸ ਨੂੰ ਨਾਲ ਹੀ ਲੈ ਗਏ ਹਨ।

ਜਦੋਂ ਗੁਰੂ ਜੀ ਨੇ ਕਾਹੀ ਦਾ ਬੂਟਾ ਪੁੱਟ ਕੇ ਮੁਗਲ ਰਾਜ ਦੇ ਅੰਤ ਹੋਣ ਦਾ ਸੰਕੇਤ ਕੀਤਾ ਤਾਂ ਰਾਏ ਨੇ ਬੇਨਤੀ ਕੀਤੀ ਕਿ ਮਹਾਰਾਜ ਮੈਂ ਵੀ ਤਾਂ ਉਹਨਾਂ ਵਿੱਚੋਂ ਹੀ ਹਾਂ। ਗੁਰੂ ਜੀ ਨੇ ਕਿਹਾ ਭਾਈ ਜਿਹੜਾ ਜ਼ੁਲਮ ਕਰੇਗਾ ਉਹ ਨਹੀਂ ਬਚ ਸਕਦਾ। ਤੂੰ ਜ਼ੁਲਮ ਕਰੇਂਗਾ ਤਾਂ ਤੂੰ ਵੀ ਇਸ ਦਾ ਭਾਗੀ ਹੋਵੇਂਗਾ।

## ਰਾਏ ਇਨਾਇਤ ਖਾਂ

ਆਪ ਬਹੁਤ ਸੁਲਹਕੁਲ ਸਨ। ਆਪ ਰਾਏ ਕੋਟ ਮਿਉਂਸਪਲ ਕਮੇਟੀ, ਜੋ 1886 ਈ: ਵਿਚ ਕਾਇਮ ਹੋਈ, ਦੇ ਪਹਿਲੇ ਪ੍ਰੈਜ਼ੀਡੈਂਟ ਰਹੇ ਤੇ ਦਰਬਾਰੀ ਵੀ। ਇਨ੍ਹਾਂ ਨੂੰ ਅੰਗਰੇਜਾ ਨੇ 1911 ਵਿੱਚ ਰਾਏ ਦਾ ਖਤਾਬ ਦਿੱਤਾ ਤੇ ਮਿਉਂਸਪਲ ਕਮੇਟੀ ਦਾ ਚੰਗਾ ਕੰਮ ਕਰਨ ਕਰਕੇ ਗਵਰਨਰ ਦੀ ਸਨਦ ਪ੍ਰਾਪਤ ਹੋਈ। 1912 ਵਿੱਚ ਸਬ-ਰਜਿਸਟਰਾਰ ਜਗਰਾਉਂ ਤਹਿਸੀਲ ਮੁਕੱਰਰ ਹੋਏ ਤੇ ਉਸੇ ਸਾਲ ਆਨਰੇਰੀ ਮੁਨਸਫ ਬਣ ਗਏ। ਪਹਿਲੇ ਸੰਸਾਰ ਯੁੱਧ ਵਿੱਚ ਰਾਏ ਇਨਾਇਤ ਖਾਂ ਨੇ ਭਰਤੀ ਤੇ ਕਰਜਾ ਇਕੱਠੇ ਕਰਨ ਵਿੱਚ ਸਰਕਾਰ ਦੀ ਮਦਦ ਕੀਤੀ ਤੇ ਕਮਿਸ਼ਨਰ ਦਾ ਪ੍ਰਮਾਣ-ਪੱਤਰ ਪ੍ਰਾਪਤ ਕੀਤਾ ਤੇ ਜੰਗ ਦੇ ਅੰਤ ਤੇ ਸੂਬਾ ਦਰਬਾਰੀ ਬਣੇ। 1928 ਵਿੱਚ 'ਖਾਨ ਬਹਾਦਰ' ਦਾ ਖਤਾਬ ਮਿਲਿਆ ਤੇ ਆਨਰੇਰੀ ਮੈਜਿਸਟ੍ਰੇਟ ਤੇ 500 ਰੁਪਏ ਤਕ ਦੇ ਦੀਵਾਨੀ ਮੁਕੱਦਮੇ ਸੁਣਨ ਦਾ ਅਧਿਕਾਰ ਮਿਲਿਆ। 1916 ਵਿੱਚ ਦਸ ਮੁਰੱਬੇ ਜ਼ਮੀਨ ਸਰਕਾਰ ਵਲੋਂ ਮਿੰਟਗੁਮਾਰੀ ਵਿੱਚ ਮਿਲੀ।

ਗੁਰੂ ਗੋਬਿੰਦ ਸਿੰਘ ਜੀ ਦਾ ਦਿੱਤਾ ਹੋਇਆ ਗੰਗਾ ਸਾਗਰ ਇਨ੍ਹਾਂ ਕੋਲ ਸੀ। ਇਹ, ਜਿਸ ਵੇਲੇ ਟਾਲ੍ਹੀਆਣਾ ਸਾਹਿਬ 1,2,3 ਜਨਵਰੀ ਨੂੰ ਧਾਰਮਿਕ ਦੀਵਾਨ ਲਗਦਾ ਸੀ ਤਾਂ ਦੀਵਾਨ ਵਾਲੇ ਦਿਨ ਸਾਰੀ ਸੰਗਤ ਟਾਲੀਆਣਾ ਸਾਹਿਬ ਤੋਂ ਚੱਲ ਕੇ ਰਾਏ ਕੋਟ ਦੇ ਬਾਜ਼ਾਰਾਂ ਵਿੱਚੋਂ ਦੀ ਹੁੰਦੀ ਹੋਈ ਇਕ ਜਲੂਸ ਦੀ ਸ਼ਕਲ ਵਿੱਚ ਇਸ ਦੀ ਜਾਏ ਰਿਹਾਇਸ਼ ਤੇ ਪੁੱਜਦੀ। ਇਹ ਸਾਰੀ ਸੰਗਤ ਦੇ ਸਾਹਮਣੇ ਗੰਗਾ ਸਾਗਰ ਮਹਿਲ ਦੇ ਉਪਰ ਲਿਜਾ ਕੇ ਪਾਣੀ ਪਾ ਕੇ ਵਿਖਾਇਆ ਕਰਦੇ। ਜਿੰਨੀ ਦੇਰ ਤਕ ਇਹ ਗੰਗਾ ਸਾਗਰ ਪੂਰੀ ਤਰ੍ਹਾਂ ਨਾ ਭਰਦਾ ਥੋੜ੍ਹਾ ਥੋੜ੍ਹਾ ਪਾਣੀ ਉਸ ਵਿੱਚੋਂ ਟਪਕਦਾ ਰਹਿੰਦਾ ਪਰੰਤੂ ਜਦ ਇਹ ਗੰਗਾ ਸਾਗਰ ਸਾਰਾ ਭਰ ਜਾਂਦਾ, ਤਾਂ ਪਾਣੀ ਦਾ ਇਕ ਤੁਪਕਾ ਭੀ ਨਹੀਂ ਸੀ ਡੁਲ੍ਹਦਾ। ਦਸ਼ਮੇਸ਼ ਪਿਤਾ ਜੀ ਦੀ ਇਸ ਅਦੁੱਤੀ ਬਖਸ਼ਸ਼ ਦੇ ਦਰਸ਼ਨ ਕਰਨ ਉਪਰੰਤ ਸਾਰੀ ਸੰਗਤ ਉਸੇ ਤਰ੍ਹਾਂ ਜਲੂਸ ਦੀ ਸ਼ਕਲ ਵਿੱਚ ਵਾਪਸ ਗੁਰਦੁਆਰਾ ਟਾਲ੍ਹੀਆਣਾ ਸਾਹਿਬ ਪਹੁੰਚ ਜਾਂਦੀ।

ਪਾਕਿਸਤਾਨ ਬਣਨ ਤੋਂ ਪਹਿਲਾਂ ਇਰਦ ਗਿਰਦ ਦੇ ਲੋਕਾਂ ਨੇ ਦਿਲੀ-ਪਿਆਰ ਦਾ ਸਬੂਤ ਦਿੰਦਿਆਂ ਹੋਇਆਂ, ਇਨ੍ਹਾਂ ਨੂੰ ਬੇਨਤੀ ਕੀਤੀ ਕਿ ਆਪ ਕਿਰਪਾ ਕਰਕੇ ਸਮੇਂ ਦੇ ਹਾਲਾਤ ਨੂੰ ਮੁੱਖ ਰਖਦਿਆਂ ਇਥੋਂ ਪਾਕਿਸਤਾਨ ਚਲੇ ਜਾਓ ਕਿਉਂਕਿ ਹਾਲਾਤ ਦਿਨੋਂ ਦਿਨ ਬੜੇ ਖਰਾਬ ਹੁੰਦੇ ਜਾ ਰਹੇ ਹਨ, ਇਸ ਵਾਸਤੇ ਅਸੀਂ ਨਹੀਂ ਚਾਹੁੰਦੇ ਕਿ ਸਾਡੇ ਹੁੰਦਿਆਂ ਤੁਹਾਡੇ ਤੇ ਕੋਈ ਵਾਰ ਕਰੇ। ਇਸ ਵਾਸਤੇ ਸ਼ਹਿਰ ਤੇ ਇਰਦ ਗਿਰਦ ਦੇ ਲੋਕਾਂ ਦੀ ਦਿਲੀ-ਭਾਵਨਾ ਨੂੰ ਭਾਂਪਦੇ ਹੋਇਆਂ ਇਹ ਸਣੇ ਸਾਜ-ਸਮਾਨ ਦੇ ਮੁਕੰਮਲ ਹਿਫਾਜਤ ਵਿੱਚ, ਪਾਕਿਸਤਾਨ ਪਹੁੰਚ ਗਏ ਅਤੇ ਬਖਸ਼ਸ ਗੁਰੂ ਗੋਬਿੰਦ ਸਿੰਘ ਜੀ ਭੀ ਨਾਲ ਹੀ ਲੈ ਗਏ।

ਪਾਕਿਸਤਾਨ ਜਾਣ ਤੋਂ ਪਹਿਲਾਂ ਇਥੇ ਦੀ ਜਨਤਾ ਨੇ ਗੰਗਾ ਸਾਗਰ ਮੰਗਿਆ ਪਰੰਤੂ ਉਨ੍ਹਾਂ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਇਹ ਸਾਨੂੰ ਸਾਡੇ ਗੁਰੂਆਂ ਦੀ ਬਖਸ਼ਸ਼ ਹੈ, ਇਸ ਵਿੱਚ ਕਿਸੇ ਹੋਰ ਦਾ ਅਧਿਕਾਰ ਨਹੀਂ, ਜਿਥੇ ਅਸੀਂ ਜਾਵਾਂਗੇ ਉਥੇ ਹੀ ਇਹ ਪਵਿੱਤਰ ਯਾਦਗਾਰ ਜਾਵੇਗੀ। ਸੁਣਨ ਵਿੱਚ ਆਇਆ ਹੈ ਕਿ ਉਹ ਪਾਕਿਸਤਾਨ ਵਿੱਚ ਸੁਰਗਵਾਸ ਹੋ ਗਏ ਹਨ ਅਤੇ ਉਨ੍ਹਾਂ ਦਾ ਇਕ ਲੜਕਾ ਸੀ ਜਿਹੜਾ ਕਿ ਸ਼ਿਕਾਰ ਖੇਡਦਾ ਹੋਇਆ ਚਲਾਣਾ ਕਰ ਗਿਆ ਹੈ। ਪਰੰਤੂ ਇਹ ਗੰਗਾ ਸਾਗਰ ਉਨ੍ਹਾਂ ਦੇ ਖਾਨਦਾਨ ਵਿੱਚ ਹੀ ਕਿਸੇ ਵਿਅਕਤੀ ਕੋਲ ਹੈ। *(ਪੰਨਾ 37-38)*

**ਗੰਗਾ ਸਾਗਰ**

ਇਸ ਪਵਿੱਤਰ ਯਾਦਗਾਰ ਦੇ ਦਰਸ਼ਨ ਕਰਨ ਦਾ ਮਾਣ ਰਾਏਕੋਟ ਦੇ ਸਭ ਲੋਕਾਂ ਨੂੰ ਪ੍ਰਾਪਤ ਹੈ ਪਰ 1947 ਵਿੱਚ ਇਨਾਇਤ ਖਾਂ ਇਸ ਨੂੰ ਆਪਣੇ ਨਾਲ ਪਾਕਿਸਤਾਨ ਨੂੰ ਲੈ ਗਿਆ। ਇਸ ਦੀ ਸ਼ਕਲ ਸੁਰਾਹੀ ਵਰਗੀ ਸੀ ਇਸ ਵਿੱਚ 286 ਦੇ ਕਰੀਬ ਚਾਰ ਚੁਫੇਰੇ ਮੋਰੂ ਸਨ। ਜੇ ਇਸ ਵਿੱਚ ਰੇਤਾ ਪਾਇਆ ਜਾਂਦਾ ਤਾਂ ਉਹ ਕਿਰ ਜਾਂਦਾ ਸੀ ਪਰ ਜੇ ਪਾਣੀ ਜਾਂ ਦੁੱਧ ਪਾਇਆ ਜਾਂਦਾ ਉਹ ਪਾਉਂਦੇ ਪਾਉਂਦੇ ਭਾਵੇਂ ਕੁੱਝ ਚੋਂਦਾ ਸੀ ਪਰ ਜਦੋਂ ਭਰ ਜਾਂਦਾ ਉਦੋਂ ਇਕ ਤੁਪਕਾ ਵੀ ਨਹੀਂ ਸੀ ਚੋਂਦਾ।

ਗੰਗਾ ਸਾਗਰ ਰਾਏ ਖਾਨਦਾਨ ਦੇ ਕਬਜ਼ੇ ਵਿੱਚ ਹੀ ਰਿਹਾ। ਇਸਨੂੰ ਮਹਿਲਾਂ ਵਿੱਚ ਹੀ ਰੱਖਿਆ ਜਾਂਦਾ ਸੀ। ਇਕ ਛੋਟਾ ਜਿਹਾ ਚਾਰ ਪੰਜ ਫੁੱਟ ਦਾ ਲੱਕੜ ਦਾ ਗੁਰਦੁਆਰਾ ਬਣਾ ਕੇ ਅਤੇ ਉਸ ਵਿੱਚ ਰੁਮਾਲਿਆਂ ਵਿੱਚ ਲਪੇਟ ਕੇ ਉਸ ਨੂੰ ਟਿਕਾਇਆ ਹੋਇਆ ਸੀ। ਹਰ ਸਾਲ ਇਕ, ਦੋ, ਤਿੰਨ ਜਨਵਰੀ ਨੂੰ ਗੁਰਦੁਆਰਾ ਟਾਹ੍ਲੀਆਣਾ ਸਾਹਿਬ ਦੀਵਾਨ ਲੱਗਣ ਸਮੇਂ ਨਗਰ ਕੀਰਤਨ ਦੀ ਸਮਾਪਤੀ ਤੋਂ ਉਪਰੰਤ ਸਾਰਾ ਜਲੂਸ ਰਾਏ ਦੇ ਮਹਿਲਾਂ ਵਿੱਚ ਜਾਂਦਾ ਸੀ ਅਤੇ ਉੱਥੇ ਸੰਗਤਾਂ ਨੂੰ ਗੰਗਾ ਸਾਗਰ ਦੇ ਦਰਸ਼ਨ ਕਰਵਾਏ ਜਾਂਦੇ ਸਨ ਅਤੇ ਇਸ ਵਿੱਚ ਜਲ ਭਰ ਕੇ ਲੋਕਾਂ ਵਿੱਚ ਅੰਮ੍ਰਿਤ ਵੰਡਿਆ ਜਾਂਦਾ ਸੀ।

ਲੋਕਾਂ ਨੇ ਕਈ ਵਾਰ ਰਾਏ ਇਨਾਇਤ ਤੋਂ ਮੰਗ ਕੀਤੀ ਕਿ ਗੰਗਾ ਸਾਗਰ ਗੁਰਦੁਆਰਾ ਟਾਹ੍ਲੀਆਣਾ ਵਿੱਚ ਰੱਖਿਆ ਜਾਣਾ ਚਾਹੀਦਾ ਹੈ। ਗੁਰਦੁਆਰਾ ਇਨਾਇਤ ਖਾਂ ਦੇ ਮਾਮੇ ਵਲੀ ਮੁਹੰਮਦ ਦੀ ਜਮੀਨ ਵਿੱਚ ਬਣਾਇਆ ਹੋਇਆ ਹੈ। ਇਨਾਇਤ ਖਾਂ ਦੀ ਜਮੀਨ ਉਸ ਨਾਲ ਲੱਗਦੀ ਸੀ ਤੇ ਉਹ ਨਹੀਂ ਸੀ ਚਾਹੁੰਦਾ ਕਿ ਗੁਰੂ ਜੀ ਦੀ ਬਖਸ਼ੀ ਯਾਦਗਾਰ ਉਸਦੀ ਜਮੀਨ ਵਿੱਚ ਜਾਵੇ। ਇਸ ਲਈ ਉਸਨੇ ਗੰਗਾ ਸਾਗਰ ਗੁਰਦੁਆਰਾ ਟਾਹ੍ਲੀਆਣਾ ਸਾਹਿਬ ਨੂੰ ਭੇਟ ਕਰਨ ਤੋਂ ਲੋਕਾਂ ਨੂੰ ਇਨਕਾਰ ਕਰ ਦਿੱਤਾ। ਉਸਨੇ ਇਹ ਕਹਿ ਦਿੱਤਾ ਸੀ ਕਿ ਗੁਰਦੁਆਰਾ ਮੇਰੇ ਹੀ ਬਾਗ ਵਿੱਚ ਬਣਵਾ ਲਵੋ ਤੇ ਉੱਥੇ ਗੰਗਾ ਸਾਗਰ ਨੂੰ ਦਰਸ਼ਨ ਲਈ ਰੱਖ ਲਵੋ।

ਰਾਏ ਇਨਾਇਤ ਖਾਂ ਗੰਗਾ ਸਾਗਰ ਪ੍ਰਤੀ ਬਹੁਤ ਸ਼ਰਧਾ ਰੱਖਦਾ ਸੀ। ਉਹ ਪਾਕਿਸਤਾਨ ਬਣਨ ਤੋਂ ਤਿੰਨ ਮਹੀਨੇ ਪਹਿਲਾਂ ਹੀ ਉਧਰ ਆਪਣੇ ਮੁਰੱਬਿਆਂ ਵਿੱਚ ਚਲਾ ਗਿਆ ਤੇ ਗੰਗਾ ਸਾਗਰ ਨੂੰ ਵੀ ਨਾਲ ਹੀ ਲੈ ਗਿਆ। ਹੁਣ ਵੀ ਗੁਰੂ ਜੀ ਦੀ ਇਹ ਪਵਿੱਤਰ ਯਾਦਗਾਰ ਪਾਕਿਸਤਾਨ ਵਿੱਚ ਰਾਏ ਖਾਨਦਾਨ ਦੇ ਹੀ ਕਿਸੇ ਵਿਅਕਤੀ ਕੋਲ ਦੱਸੀ ਜਾਂਦੀ ਹੈ। (ਪੰਨਾ 32-33)

***

## 11.
## THE SIKH REFERENCE BOOK
## (1997)
## Editor
## Dr. Harjinder Singh Dilgeer

KALLHA, RAI, - Bhai Kalla Rai, a landlord of Raikot (district Ludhiana), the chief of the area of Tihara-Jagraon, was the son of Rai Ahmed, and grand son of Tulsi Ram, a Rajput. His daughter was married to Bhai Aalam Khan, son of Bhai Nihang Khan, chief of village Kot NIhang Khan (neae Ropar). When Guru Gobind Singh Sahib reached Lamme-Jatpura from Machhiwara, on December 17, 1705, he welcomed Guru Sahib and provided every possible help. He sent Nura Mahi to Sirhind to confirm the news of the martyrdom of the two younger sons and the mother of Guru Sahib. When Nura Mahi returned and gave the information, Rai Kallha became sad. Guru Sahib told him that one must bow before the will of the Almighty. Before leaving village, Guru Sahib presented him a sword, a rack to place sacred books on it for reading purposes, and a splendid jug, named Ganga Sagar. In 1731, when he grew old, Baba Aala Singh Patiala attacked him and captured a lot of his territory. His family, however, remained in possession of a few villages. Once his grandson went out on a hunting tour and wore the sword presented by Guru Gobind Singh Sahib. While chasing a deer, he heart himself and died of the wound. Later one member of this family gave this sword to Deputy Commissioner of Ludhiana as a present. He sent that sword to the India office. Finally it reached the British Museum at London. Ilias was the last male in direct line of Bhai Rai Kallha. After this the jug and the rack remained with one of the relatives of Ilias. In 1947, they migrated to Chicha Watani (Pakistan). They took the Jag and the rack with them. They have still preserved these two things with them. In 1994, the family which had the

possession of Gangasagar traveled to England with this Jag. The Sikhs donated large sums of money to the family.

LAMMAN-JATPURA, - Lamman and Jatpura are two villages about 14 km from Raikot and about 12 km from Jagraon (district Ludhiana), visited by Guru Gobind Singh Sahib, on December 17, 1705, on his way from Machhiwara. Bhai Rai Kallha, the chief of Raikot, came to visit Guru Sahib, Bhai Rai Kallha was accompanied by his son-in-law Bhai Aalam Khan (son of Bhai Nihang Khan, of Kotla Nihang). Bhai Rai Kallha sent Nura Mahi to Sirhind to confirm the information about the martyrdom of Mata Gujari and the two younger Sahibzadas. Nura Mahi returned and narrated the martyrdom of Mata Gujri and the Sahibzadas. At that time Guru Sahib was looking towards ground. He plucked the root of a Dab plant and said, " Like this Dab, this unjust Turk reign shall not last long." At this Rai Kallha said, "Guru Sahib, I am also a Turk. Shall I too also be eliminated?" Guru Sahib told him, "You are a well-wisher of Guru Nanak Sahib's panth. Nobody will be able to harm you." Guru Sahib stayed here up to December 19, 1705. It was here that Guru Sahib presented a sword and a Jug, (named Ganga Sagar), to Bhai Rai Kallha. (Presently Ganga Sagar is with the descendants of Bhai Rai Kallha, who live at Chicha Watani, Pakistan.)

***

## 12.

# ਖਾਲਸਾ ਪੰਥ ਦੀ ਤੀਜੀ ਸਿਰਜਣਾ ਸ਼ਤਾਬਦੀ ਸਮੇਂ 1999 ਵਿਚ ਸ੍ਰੀ ਅਨੰਦਪੁਰ ਸਾਹਿਬ ਵਿਚ ਵੰਡਿਆ ਗਿਆ ਪੱਤਰ

## ਦਸਮ ਪਾਤਸ਼ਾਹ ਦੀ ਅਦੁੱਤੀ ਨਿਸ਼ਾਨੀ 'ਗੰਗਾ ਸਾਗਰ'

ਇਹ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਪਵਿੱਤਰ ਛੋਹ ਪ੍ਰਾਪਤ ਕਰਨ ਵਾਲਾ ਅਤੇ ਗੁਰੂ ਸਾਹਿਬ ਜੀ ਦੀ ਨਿੱਜੀ ਵਰਤੋਂ ਵਿੱਚ ਰਹਿਣ ਵਾਲਾ ਸੁਰਾਹੀਨੁਮਾ ਬਰਤਨ ਹੈ।

ਇਹ ਦਸੰਬਰ 1705 ਈ. ਦੀ ਗੱਲ ਹੈ, ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਮਾਛੀਵਾੜੇ ਜੰਗਲ ਵਿੱਚ ਬਿਰਾਜਮਾਨ ਸਨ। ਗੁਰੂ ਸਾਹਿਬ ਜੀ ਦੀ ਸੇਵਾ ਵਿੱਚ ਗਨੀ

ਖਾਨ ਤੇ ਨਬੀ ਖਾਨ ਹਾਜ਼ਰ ਸਨ। ਕਲਗੀਧਰ ਮਹਾਰਾਜ ਉੱਚ ਦੇ ਪੀਰ ਦਾ ਰੂਪ ਧਾਰਨ ਕਰ ਰਹੇ ਸਨ, ਜਦ ਕਿ ਦੋਵੇਂ ਮੁਸਲਮਾਨ ਸ਼ਰਧਾਲੂ ਗੁਰੂ ਸਾਹਿਬ ਜੀ ਦੀ ਸਵਾਰੀ ਸ਼ਿੰਗਾਰ ਰਹੇ ਸਨ।

ਹੁਣ ਦੇ ਇਤਿਹਾਸਕ ਸਥਾਨ ਗੁਰਦੁਆਰਾ ਟਾਹਲੀਆਣਾ ਸਾਹਿਬ ਰਾਏਕੋਟ, ਜਿਲਾ ਲੁਧਿਆਣਾ ਦੇ ਸਥਾਨ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਨੂਰਾ ਮਾਹੀ ਮਿਲਿਆ ਜੋ ਮੱਝਾਂ ਚਾਰ ਰਿਹਾ ਸੀ। ਗੁਰੂ ਸਾਹਿਬ ਨੇ ਨੂਰੇ ਮਾਹੀ ਨੂੰ ਕਿਹਾ ਕਿ ਸਾਨੂੰ ਦੁੱਧ ਛਕਾਓ। ਨੂਰੇ ਮਾਹੀ ਨੇ ਕਿਹਾ ਕਿ ਇਹ ਮੱਝਾਂ ਦੁੱਧ ਨਹੀਂ ਦੇਂਦੀਆ। ਗੁਰੂ ਸਾਹਿਬ ਨੇ ਕਿਹਾ ਕਿ ਰੱਬ ਦਾ ਨਾਂ ਲੈ ਕੇ ਥਾਪੀ ਦੇਹ। ਫਿਰ ਨੂਰਾ ਮਾਹੀ ਕਹਿਣ ਲੱਗਾ ਕਿ ਮੇਰੇ ਕੋਲ ਕੋਈ ਬਰਤਨ ਨਹੀਂ ਹੈ। ਗੁਰੂ ਸਾਹਿਬ ਨੇ ਇਹ 'ਗੰਗਾ ਸਾਗਰ' ਦੇ ਕੇ ਕਿਹਾ ਇਸ ਵਿਚ ਮੱਝ ਚੋਅ ਕੇ ਦੁੱਧ ਲੈ ਆ। ਨੂਰਾ ਮਾਹੀ ਛੇਕਾਂ ਵਾਲਾ ਬਰਤਨ ਦੇਖ ਕੇ ਹੈਰਾਨ ਹੋਇਆ। ਗੁਰੂ ਸਾਹਿਬ ਜੀ ਨੇ ਉਸਦੀ ਸ਼ੰਕਾ ਨਵਿਰਤ ਕਰਦਿਆਂ ਕਿਹਾ ਕਿ ਇਸ ਵਿਚੋਂ ਦੁੱਧ ਵਗੇਗਾ ਨਹੀਂ। ਫਿਰ ਨੂਰੇ ਮਾਹੀ ਨੇ ਝੋਟੀ ਇਸੇ 'ਗੰਗਾ ਸਾਗਰ' ਵਿਚ ਚੋਅ ਕੇ ਦੁੱਧ ਗੁਰੂ ਜੀ ਦੀ ਭੇਟ ਕੀਤਾ। ਨੂਰੇ ਮਾਹੀ ਨੇ ਇਸ ਅਲੌਕਿਕ ਨਜ਼ਾਰੇ ਦੀ ਵਿਥਿਆ ਰਾਏਕੋਟ ਰਿਆਸਤ ਦੇ ਮਾਲਕ ਰਾਏ ਕੱਲ੍ਹਾ ਜੀ ਨੂੰ ਦੱਸੀ। ਜਿਨ੍ਹਾਂ ਨੇ ਗੁਰੂ ਜੀ ਕੋਲ ਪਹੁੰਚ ਕੇ ਦਰਸ਼ਨ ਕੀਤੇ, ਬਾ-ਅਦਬ ਅਤੇ ਸਤਿਕਾਰ ਨਾਲ ਘਰ ਲਿਆ ਕੇ ਸੇਵਾ ਕੀਤੀ।

ਥੋੜ੍ਹਾ ਸਮਾਂ ਪਹਿਲਾਂ ਹੀ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਤੋਂ ਬਾਅਦ ਚਮਕੌਰ ਦੀ ਗੜ੍ਹੀ ਦੇ ਯੁੱਧ ਵਿਚ ਬੇਮਿਸਾਲ ਬਹਾਦਰੀ ਦਾ ਪ੍ਰਗਟਾਵਾ ਕਰਦੇ ਹੋਏ ਦਸਮ ਪਾਤਸ਼ਾਹ ਦੇ ਦੋਵੇਂ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਸ਼ਹੀਦੀਆਂ ਪ੍ਰਾਪਤ ਕਰ ਚੁੱਕੇ ਸਨ, ਜਦਕਿ ਦੋਵੇਂ ਛੋਟੇ ਸਾਹਿਜ਼ਾਦੇ ਅਤੇ ਮਾਤਾ ਗੁਜਰੀ ਜੀ, ਸਰਸਾ ਨਦੀ ਦੇ ਕਿਨਾਰੇ ਗੁਰੂ ਸਾਹਿਬ ਤੋਂ ਵਿੱਛੜ ਗਏ ਸਨ। ਉਸ ਸਮੇਂ ਔਰੰਗਜ਼ੇਬ ਦੀਆ ਫੌਜਾਂ ਗੁਰੂ ਸਾਹਿਬ ਜੀ ਨੂੰ ਭਾਲਦੀਆਂ ਫਿਰ ਰਹੀਆਂ ਸਨ। ਏਥੇ ਹੀ ਦਸਮ ਪਾਤਸ਼ਾਹ ਨੇ ਰਾਏ ਕੱਲ੍ਹਾ ਜੀ ਨੂੰ ਮਾਤਾ ਗੁਜਰੀ ਜੀ ਅਤੇ ਦੋਵਾਂ ਨਿੱਕੇ ਸਾਹਿਬਜ਼ਾਦਿਆਂ ਦੀ ਸਰਹਿੰਦ ਵੱਲੋਂ ਖਬਰ ਮੰਗਵਾਉਣ ਦਾ ਆਦੇਸ਼ ਦਿੱਤਾ। ਉਸ ਸਮੇਂ ਹੀ ਰਾਏ ਕੱਲ੍ਹਾ ਜੀ ਨੇ ਆਪਣੇ ਭਰੋਸੇ ਵਾਲੇ ਦੂਤ ਨੂਰੇ ਮਾਹੀ ਨੂੰ ਸਰਹਿੰਦ ਵੱਲ ਤੋਰ ਦਿੱਤਾ, ਜਿਹੜਾ ਬਾਅਦ ਵਿੱਚ ਇਹ ਦਰਦਨਾਕ ਖਬਰ ਲਿਆਇਆ ਕਿ ਦੋਵੇਂ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਸ਼ਹੀਦੀਆਂ ਪ੍ਰਾਪਤ ਕਰ ਚੁੱਕੇ ਹਨ। ਦੁੱਖ ਦੀਆ ਇਹਨਾਂ ਘੜੀਆਂ ਵਿੱਚ ਰਾਏ ਕੱਲ੍ਹਾ ਜੀ ਨੇ ਦਸਮ ਪਾਤਸ਼ਾਹ ਦੀ ਭਰਪੂਰ ਸੇਵਾ ਕੀਤੀ। ਇਹ ਨੇਕ ਕਦਮ ਚੁੱਕ ਕੇ ਰਾਏ ਕੱਲ੍ਹਾ ਜੀ ਨੇ ਇੱਕ ਸੱਚੇ ਅਤੇ ਸੁੱਚੇ ਮੁਸਲਮਾਨ ਹੋਣ ਦਾ ਸਬੂਤ ਦਿੱਤਾ। ਰਾਏ ਕੱਲ੍ਹਾ ਜੀ ਨੇ ਉਸ ਸਮੇਂ ਬੇਅੰਤ ਬੀਰਤਾ ਦਾ ਪ੍ਰਗਟਾਵਾ ਕੀਤਾ ਜਦ ਮੁਗਲ ਫੌਜਾਂ 1300 ਪਿੰਡਾਂ ਦੀ ਰਾਏਕੋਟ ਰਿਆਸਤ ਨੂੰ ਵੀ ਇਸ ਦੋਸ਼ ਵਿਚ ਤਬਾਹ, ਬਰਬਾਦ ਕਰ ਸਕਦੀਆਂ ਸਨ ਅਤੇ ਰਾਏ ਪਰਿਵਾਰ ਦੇ ਜੀਆਂ ਦੀਆਂ ਆਪਣੀਆ ਜਾਨਾਂ ਵੀ ਖਤਰੇ ਵਿੱਚ ਸਨ। ਰਾਏ ਕੱਲ੍ਹਾ ਜੀ ਦੀ ਸੇਵਾ ਤੋਂ ਖੁਸ਼ ਹੋ ਕੇ ਗੁਰੂ ਸਾਹਿਬ ਜੀ ਨੇ ਰਾਏਕੋਟ ਰਿਆਸਤ ਤੋਂ ਰਵਾਨਾ ਹੋਣ ਸਮੇਂ ਰਾਏ ਕੱਲ੍ਹਾ ਜੀ ਨੂੰ ਜੋ ਤੋਹਫੇ ਬਖਸ਼ੇ ਗੰਗਾ ਸਾਗਰ ਵੀ ਉਨ੍ਹਾਂ ਵਿੱਚੋਂ ਇੱਕ ਹੈ। ਕਮਾਲ ਮਹਾਰਤ ਨਾਲ ਬਣੇ ਇਸ

ਬਰਤਨ ਵਿੱਚ ਅਨੇਕਾਂ ਛੇਕਾਂ (ਥੱਲੇ ਤਲੇ ਵਿੱਚ ਅਤੇ ਪਾਸਿਆਂ ਉੱਤੇ) ਦੇ ਬਾਵਜੂਦ ਦੁੱਧ ਜਲ ਆਦਿ ਤਰਲ ਟਿਕੇ ਰਹਿੰਦੇ ਹਨ ਜਦ ਕਿ ਰੇਤ ਕਿਰ ਜਾਂਦੀ ਹੈ। ਨਾਲ ਹੀ ਵਰ ਵੀ ਦਿੱਤਾ ਕਿ ਜਦ ਤੱਕ ਏਨ੍ਹਾਂ ਬਖ਼ਸ਼ਿਸ਼ਾਂ ਦੀ ਸੇਵਾ ਸੰਭਾਲ ਕਰੋਗੇ ਤੁਹਾਡੇ ਪਰਿਵਾਰ ਦੇ ਮਾਣ ਵਿਚ ਹਮੇਸ਼ਾਂ ਬਰਕਤਾਂ ਪੈਣਗੀਆਂ।

(ਰਾਏ ਅਜੀਜ਼ ਉੱਲਾ ਖਾਂ ਮੈਂਬਰ ਨੈਸ਼ਨਲ ਅਸੰਬਲੀ, ਪਾਕਿਸਤਾਨ, ਰਾਏ ਕੱਲ੍ਹਾ ਜੀ ਦੀ ਨੌਂਵੀਂ ਪੀੜ੍ਹੀ ਦੇ ਵੰਸਜ਼ ਹਨ। ਰਾਏ ਅਜ਼ੀਜ਼ ਉਲਾ ਖਾਂ ਦੇ ਸਪੁੱਤਰ ਦਾ ਨਾਂ ਰਾਏ ਮੁਹੰਮਦ ਅਲੀ ਖਾਂ ਹੈ ਜਿਸ ਦਾ ਜਨਮ 1989 ਵਿਚ ਹੋਇਆ।)

***

13.

## ਸ੍ਰੀ ਗੁਰ ਸੂਰਜ ਪ੍ਰਕਾਸ਼ - ਪਦ ਟਿੱਪਣੀ,

(ਰਚਨਾ ਈ: 2005)

**ਲੇਖਕ**

**ਭਾਈ ਬਲਜਿੰਦਰ ਸਿੰਘ (ਰਾੜਾ ਸਾਹਿਬ)**

ਰਾਏ ਨੂੰ ਮਿਲਣ ਤੋਂ ਪਹਿਲੇ ਦਾ ਇਕ ਹੋਰ ਪ੍ਰਸੰਗ ਵੀ ਹੋਯਾ ਹੈ ਕਿ ਸ੍ਰੀ ਗੁਰੂ ਜੀ ਜਦ ਰਾਏ ਕੱਲੇ ਦੇ ਗਿਰਾਂ ਦੀਆਂ ਜੂਹਾਂ ਵਿਚ ਅੱਪੜੇ ਹਨ ਤਾਂ ਆਪ ਜੀ ਨੇ ਗੁੱਜਰਾਂ ਤੋਂ ਦੁੱਧ ਮੰਗਿਆ। ਗੁੱਜਰਾਂ ਨੇ ਮਖੌਲ ਕੀਤਾ ਤੇ ਕਿਹਾ, "ਅਸਾਂ ਦੇ ਡੰਗਰ ਲਵੇਰੇ ਨਹੀਂ। ਪਿੱਛੇ ਔਹ ਜੋ ਮਾਹੀ ਆ ਰਿਹਾ ਹੈ ਗੱਭਰੂ, ਉਸ ਦੀ ਗਾਂ ਦੁੱਧ ਦੇਂਦੀ ਹੈ।" ਗੁੱਜਰ ਲੰਘ ਗਏ, ਜਦੋਂ ਉਹ ਮਾਹੀ ਆਯਾ ਤਾਂ ਆਪ ਨੇ ਦੁੱਧ ਮੰਗਿਆ। ਉਹ ਹੱਥ ਜੋੜ ਕੇ ਕਹਿਣ ਲੱਗਾ "ਦੁੱਧ ਸਦਕੇ ਨਾ ਕਰਾਂ, ਪਰ ਮੇਰੀ ਗਾਂ ਤਾਂ ਦੁੱਧ ਨਹੀਂ ਦੇਂਦੀ। ਆਪ ਨੂੰ ਜੋ ਉਹ ਗੁੱਜਰ ਮੇਰੀ ਗਾਂ ਲਵੇਰੀ ਦੱਸ ਗਏ ਹਨ ਮਸ਼ਕਰੀ ਕਰ ਗਏ ਹਨ।" ਆਪ ਹੱਸੇ ਤੇ ਕਹਿਣ ਲੱਗੇ, "ਮਸ਼ਕਰੀਆਂ ਬੀ ਕਰਨ ਲਈ ਹੀ ਬਣੀਆਂ ਹਨ, ਤੂੰ ਲੈ ਲੋਟਾ ਤੇ ਚੋ ਗਾਂ, ਸਾਈਂ ਦੁੱਧ ਦੇਵੇਗਾ।" ਇਕ ਛੇਕੋ ਛੇਕ ਲੋਟਾ ਸੀ ਜੋ ਗੁਰਾਂ ਨੇ ਦਿੱਤਾ। ਮਾਹੀ, ਨਿਸਚੇ ਵਾਲਾ ਮਾਹੀ, ਬਹਿ ਗਿਆ; ਭੱਜੀ ਹੋਈ ਯਾ ਭੱਜ ਰਹੀ ਗਾਂ ਦੇ ਥਣਾਂ ਵਿਚ ਦੁੱਧ ਆ ਗਿਆ। ਮਾਹੀ ਦੁੱਧ ਚੋਵੇ, ਕੁਛ ਤੇ ਲੋਟੇ ਵਿਚ ਰਹਿਵੇ ਕੁਛ ਛੇਕਾਂ ਥਾਂਣੀ ਸਿੰਮੇ। ਆਖਰ ਭਰ ਗਿਆ ਲੋਟਾ। ਪਿਆਰ ਭਰੇ ਤੇ ਸ਼ਰਧਾ ਭਰੇ ਅਥਰੂਆਂ ਨਾਲ ਭਰਿਆ ਲੋਟਾ ਲੈ ਕੇ ਮਾਹੀ ਆਇਆ। ਆਪ ਨੇ ਦੁੱਧ ਲਿਆ, ਅਤੇ ਪੀਤਾ ਤੇ ਕਿਹਾ "ਬਿਸ਼ੰਵਰ ਹੈਂ!ਸਰਭੰਬਰ ਹੈਂ।" ਫਿਰ ਮਾਹੀ ਨੂੰ ਫਰਮਾਯਾ "ਮਾਹੀ! ਲੈ ਇਹ ਲੋਟਾ ਤੂੰ ਰੱਖ, ਤੂੰ ਰੱਜ ਖਾਵੇਂਗਾ।" ਕਹਿੰਦੇ ਹਨ ਕਿ ਇਹ ਲੋਟਾ ਅਜੇ ਤੱਕ ਰਾਏ ਕੱਲੇ ਦੇ ਖਾਨਦਾਨ ਵਿਚ ਰਾਏ ਇਨਾਯਤ ਖਾਂ ਜੀ ਸਬ ਜੱਜ ਪਾਸ ਹੈ, ਲੋਕੀਂ ਦੇਖਣ ਜਾਂਦੇ ਹਨ; ਦੇਖਣ ਵਾਲੇ ਦੱਸਦੇ ਹਨ ਕਿ ਲੋਟਾ ਛੇਕੋ ਛੇਕ ਹੈ ਪਰ ਜਦ ਭਰ ਜਾਏ ਤਾਂ ਪਾਣੀ ਫਿਰ ਨਹੀਂ ਸਿੰਮਦਾ। (ਪੰਨਾ 415)

***

14.

# ਚਰਨ ਚਲਉ ਮਾਰਗਿ ਗੋਬਿੰਦ

(ਰਚਨਾ ਈ: 2010)

**ਲੇਖਕ**

**ਨਿਰੰਜਨ ਸਿੰਘ 'ਸਾਥੀ'**

## ਗੁਰੂ ਗੋਬਿੰਦ ਸਿੰਘ ਜੀ ਰਾਏਕੋਟ ਵਿੱਚ*

ਗੁਰੂ ਗੋਬਿੰਦ ਸਿੰਘ ਜੀ ਦੇ ਚਮਕੌਰ ਤੋਂ ਤਲਵੰਡੀ ਸਾਬੋ ਤੱਕ ਦੇ ਲੰਮੇ, ਬਿਖੜੇ ਅਤੇ ਘਟਨਾ ਭਰਪੂਰ ਸਫਰ ਵਿੱਚ ਰਾਏਕੋਟ ਦਾ ਪੜਾਅ ਇੱਕ ਸਥਾਨ ਰੱਖਦਾ ਹੈ। ਇਹ ਕਸਬਾ ਲੁਧਿਆਣੇ ਤੋਂ ਜਗਰਾਉਂ ਵਾਲੇ ਪਾਸੇ 28 ਕਿਲੋਮੀਟਰ ਦੂਰ ਹੈ, ਲੁਧਿਆਣਾ ਤੋਂ 18 ਕਿਲੋਮੀਟਰ ਮੁੱਲਾਂਪੁਰ-ਦਾਖਾ ਤੇ ਮੁੱਲਾਂਪੁਰ ਤੋਂ 10 ਕਿਲੋਮੀਟਰ ਅੱਗੇ ਰਾਏਕੋਟ। ਜਗਰਾਉਂ ਅਤੇ ਰਾਏਕੋਟ ਦਾ ਇਲਾਕਾ ਰਾਏ ਕੱਲੇ ਦੀ ਜਗੀਰ ਸੀ। ਰਾਏ ਕੱਲ੍ਹਾ ਗੁਰੂ ਗੋਬਿੰਦ ਸਿੰਘ ਜੀ ਉੱਤੇ ਭਰਪੂਰ ਸ਼ਰਧਾ ਰੱਖਦਾ ਸੀ। ਉਸਨੇ ਮੁਗਲ ਸਰਕਾਰ ਦੇ ਡਰ ਭੈ ਤੋਂ ਮੁਕਤ ਹੋ ਕੇ ਨਿਸ਼ਚਿੰਤ ਹੋ ਕੇ ਕਈ ਦਿਨ ਗੁਰੂ ਜੀ ਨੂੰ ਆਪਣੇ ਕੋਲ ਰੱਖਿਆ ਅਤੇ ਹਰ ਤਰ੍ਹਾਂ ਨਾਲ ਉਹਨਾਂ ਦੀ ਸੇਵਾ ਕੀਤੀ।

ਰਾਏ ਕੱਲ੍ਹਾ ਭਾਵੇਂ ਆਦੀ-ਜੁਗਾਦੀ ਮੁਸਲਮਾਨ ਨਹੀਂ ਸੀ ਪਰ ਕਈ ਪੀੜ੍ਹੀਆਂ ਤੋਂ ਉਸਦੇ ਪਰਿਵਾਰ ਨੇ ਇਸਲਾਮ ਧਾਰਨ ਕੀਤਾ ਹੋਇਆ ਸੀ। ਇਸ ਖਾਨਦਾਨ ਦਾ ਪਿਛੋਕੜ ਰਾਣਾ ਮੋਕਲ ਤੋਂ ਸ਼ੁਰੂ ਹੁੰਦਾ ਹੈ। ਰਾਣਾ ਮੋਕਲ ਹਿੰਦੂ ਰਾਜਪੂਤ ਸੀ ਅਤੇ ਉਹ ਲਗਭਗ ਗਿਆਰਵੀਂ ਸਦੀ ਈਸਵੀ ਵਿੱਚ ਭਟਨੇਰ (ਜੈਸਲਮੇਰ) ਤੋਂ ਪੰਜਾਬ ਵੱਲ ਆਇਆ। ਉਸ ਨੂੰ ਸ਼ਹਿਰ ਫਰੀਦਕੋਟ ਦਾ ਮੋਢੀ ਮੰਨਿਆ ਜਾਂਦਾ ਹੈ। ਲੁਧਿਆਣਾ ਡਿਸਟ੍ਰਿਕਟ ਗਜ਼ਟੀਅਰ (1904) ਅਨੁਸਾਰ 12ਵੀਂ ਸਦੀ ਦੇ ਦੂਜੇ ਅੱਧ ਵਿੱਚ ਹਮਲਾਵਰ ਸ਼ਹਾਬ-ਉਦ-ਦੀਨ ਗੌਰੀ ਦੇ ਵੱਡੇ ਭਰਾ ਗਿਆਸਦੀਨ ਗੌਰੀ (ਮਿਰਤੂ 1204 ਈਸਵੀ) ਦੇ ਰਾਜਕਾਲ ਵਿੱਚ ਮੋਕਲ ਦੀ ਚੌਥੀ ਪੀੜੀ ਵਿੱਚ ਤੁਲਸੀ ਦਾਸ ਨੇ ਇਸਲਾਮ ਧਾਰਨ ਕਰ ਲਿਆ। ਰੋਜ਼ਾਨਾ ਅਜੀਤ (3 ਅਗਸਤ 1997) ਵਿੱਚ ਇਲਿਆਸ ਘੁੰਮਣ (ਲਾਹੌਰ) ਦੇ ਲੇਖ ਅਨੁਸਾਰ ਤੁਲਸੀ ਦਾਸ ਦਾ ਨਵਾਂ ਨਾਂ ਸ਼ੇਖ ਚੱਕੂ ਸੀ ਪਰ ਗਜ਼ਟੀਅਰ ਅਨੁਸਾਰ ਉਹ ਸ਼ੇਖ ਚਾਚੂ (Chachu) ਦੇ ਨਾਂ ਨਾਲ ਮਸ਼ਹੂਰ ਹੋਇਆ। ਸ਼ੇਖ ਚਾਚੂ ਦਾ ਇਕ ਪੁੱਤਰ ਭਾਰੂ ਸੀ। ਉਸ ਨੇ ਜਗਰਾਉਂ ਦੇ ਨੇੜੇ ਇਕ ਪਿੰਡ ਹਠੂਰ ਤੇ ਕਬਜ਼ਾ ਕਰ ਲਿਆ। ਭਾਰੂ ਦੀ ਸੱਤਵੀਂ ਪੀੜੀ ਵਿੱਚ ਰਾਏ ਕੱਲ੍ਹਾ ਪਹਿਲਾ ਹੋਇਆ ਜੋ 15ਵੀਂ ਸਦੀ ਦੇ ਸ਼ੁਰੂ ਵਿੱਚ ਦਿੱਲੀ ਦੇ ਬਾਦਸ਼ਾਹ ਅਲਾਉਦੀਨ ਦਾ ਜਾਗੀਰਦਾਰ ਬਣ ਗਿਆ। ਇਸ ਰਾਏ ਕੱਲੇ ਨੇ ਪਿੰਡ ਤਲਵੰਡੀ ਆਵਾਦ ਕੀਤਾ ਜੋ ਰਾਏਕੋਟ ਤੋਂ ਸਤ ਕਿਲੋਮੀਟਰ ਦੇ ਫਾਸਲੇ ਤੇ ਹੈ ਅਤੇ ਆਪਣਾ ਪਰਿਵਾਰ ਹਠੂਰ ਤੋਂ ਇਥੇ ਤਲਵੰਡੀ

---

*'ਸਾਥੀ' ਜੀ ਦੇ ਇਸ ਲੇਖ ਵਿਚ ਰਾਏਕੋਟ ਰਿਆਸਤ ਦਾ ਇਤਿਹਾਸ ਅਤੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਰਾਏ ਕੱਲ੍ਹੇ ਨੂੰ ਬਖਸ਼ੀਆਂ ਨਿਸ਼ਾਨੀਆਂ, ਵਿਸ਼ੇਸ਼ ਕਰਕੇ, ਗੰਗਾ ਸਾਗਰ ਵਾਲੀ ਸਾਖੀ, ਦੋਵਾਂ ਦਾ ਮਿਸ਼ਰਣ ਹੈ ਪਰ 'ਗੰਗਾ ਸਾਗਰ' ਵਾਲੀ ਸਾਖੀ ਨੂੰ ਮਹੱਤਵ ਦਿੰਦਿਆਂ ਇਸ ਨੂੰ ਪੁਸਤਕ ਦੇ ਇਸ ਭਾਗ ਵਿਚ ਸ਼ਾਮਲ ਕੀਤਾ ਗਿਆ ਹੈ।

ਲੈ ਆਇਆ। ਉਹ ਬਾਦਸ਼ਾਹ ਦਿੱਲੀ ਨੂੰ ਸਵਾ ਲੱਖ ਰੁਪਿਆ ਮਾਲੀਆ ਦਿੰਦਾ ਸੀ। ਬਾਦਸ਼ਾਹ ਨੇ ਉਸ ਨੂੰ ਰਾਏ ਦਾ ਖਿਤਾਬ ਬਖਸ਼ਿਆ। ਰਾਏ ਖਾਨਦਾਨ ਦੇ ਇਕ ਸਰਦਾਰ ਮੁਖੀ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ ਕਿਉਂਕਿ ਉਸਨੇ ਆਪਣੀ ਧੀ ਮੁਗਲ ਬਾਦਸ਼ਾਹ ਅਕਬਰ ਨਾਲ ਵਿਆਹੁਣ ਤੋਂ ਇਨਕਾਰ ਕਰ ਦਿੱਤਾ ਸੀ, ਜਿਸ ਤੋਂ ਇਸ ਖਾਨਦਾਨ ਵਿੱਚ ਰਾਜਪੂਤੀ ਖ਼ੂਨ ਦੀ ਲਾਲੀ ਅਤੇ ਅਣਖ ਹੋਣ ਦੀ ਗਵਾਹੀ ਮਿਲਦੀ ਹੈ। ਰਾਏ ਕੱਲ੍ਹਾ ਪਹਿਲਾ ਤੋਂ ਅੱਠ ਪੀੜੀਆਂ ਬਾਅਦ ਰਾਏ ਕੱਲ੍ਹਾ ਦੂਜਾ ਅਤੇ ਦੂਜੇ ਤੋਂ ਚਾਰ ਪੀੜੀਆਂ ਬਾਅਦ ਰਾਏ ਕੱਲ੍ਹਾ ਤੀਜਾ ਹੋਇਆ। ਗੁਰੂ ਗੋਬਿੰਦ ਸਿੰਘ ਜੀ ਦਾ ਮਿਲਾਪ ਰਾਏ ਕੱਲ੍ਹਾ ਤੀਜੇ ਨਾਲ ਹੋਇਆ। ਇਤਿਹਾਸ ਤੀਜੇ ਰਾਏ ਕੱਲ੍ਹੇ ਨੂੰ ਇਕ ਕਾਬਲ ਅਤੇ ਦਲੇਰ ਸ਼ਾਸਕ ਕਹਿੰਦਾ ਹੈ। ਅੱਠਾਰਵੀਂ ਸਦੀ ਦੇ ਆਰੰਭ ਵਿੱਚ ਉਸਦੇ ਸ਼ਾਸਨ ਸਮੇਂ ਰਿਆਸਤ ਰਾਏਕੋਟ ਦੀਆਂ ਹੱਦਾਂ ਇਕ ਪਾਸੇ ਲੁਧਿਆਣੇ ਨੂੰ ਅਤੇ ਦੂਜੇ ਪਾਸੇ ਫਿਰੋਜ਼ਪੁਰ ਨੂੰ ਜਾ ਲੱਗੀਆਂ। ਉਸਦੀ ਸੂਬੇਦਾਰ ਸਰਹਿੰਦ ਅਤੇ ਨਵਾਬ ਮਲੇਰ ਕੋਟਲਾ ਨਾਲ ਘੱਟ ਹੀ ਬਣਦੀ ਸੀ ਪਰ ਰਿਆਸਤ ਪਟਿਆਲਾ ਅਤੇ ਹੋਰ ਸਿੱਖ ਰਿਆਸਤਾਂ ਨਾਲ ਉਸ ਦੇ ਸਬੰਧ ਚੰਗੇ ਸਨ। ਇਸ ਸਥਿਤੀ ਦੇ ਕਾਰਨ ਭੂਗੋਲਿਕ ਅਤੇ ਰਾਜਨੀਤਿਕ ਹੋ ਸਕਦੇ ਹਨ ਪਰ ਇੱਕ ਕਾਰਨ ਇਹ ਵੀ ਸੰਭਵ ਹੈ ਕਿ ਇਸ ਖਾਨਦਾਨ ਦਾ ਖ਼ੂਨ ਸਮੇਂ ਸਮੇਂ ਆਪਣੇ ਹਿੰਦੂ ਪਿਛੋਕੜ ਵੱਲ ਉਛਾਲਾ ਮਾਰਦਾ ਸੀ। 'ਗੁਰੂ ਕੀਆਂ ਸਾਖੀਆਂ' ਅਨੁਸਾਰ ਰਾਏ ਕੱਲ੍ਹਾ ਕੋਟਲਾ ਨਿਹੰਗ ਖਾਨ (ਰੋਪੜ) ਦੇ ਪਠਾਣ ਚੌਧਰੀ ਨਿਹੰਗ ਖਾਨ ਦਾ ਕੁੜਮ ਸੀ, ਰਾਏ ਕੱਲ੍ਹਾ ਦੀ ਬੇਟੀ ਨਿਹੰਗ ਖਾਨ ਦੇ ਪੁੱਤਰ ਆਲਮ ਖਾਨ ਨੂੰ ਵਿਆਹੀ ਹੋਈ ਸੀ। (ਸਾਖੀ 84ਵੀਂ) ਰਾਏ ਕੱਲ੍ਹਾ ਖਾਨਦਾਨ ਦੇ ਵਾਰਸ ਰਾਏ ਅਜ਼ੀਜ਼ਉੱਲਾ ਖਾਨ ਅੱਜ ਕੱਲ (2008) ਲਾਹੌਰ ਰਹਿੰਦੇ ਹਨ ਅਤੇ ਪਾਕਿਸਤਾਨ ਦੀ ਨੈਸ਼ਨਲ ਅਸੈਂਬਲੀ ਦੇ ਮੈਂਬਰ ਹਨ। ਉਹ ਇਕ ਵਾਰ ਜਲੰਧਰ ਆਏ ਤਾਂ ਇਸ ਲੇਖਕ ਨੇ ਉਹਨਾਂ ਨੂੰ ਇਹ ਗੱਲ ਦੱਸੀ। ਰਾਏ ਅਜ਼ੀਜ਼ਉੱਲਾ ਨੇ ਇਕਦਮ ਇਸ ਰਿਸ਼ਤੇ ਤੋਂ ਇਨਕਾਰ ਕਰ ਦਿੱਤਾ। ਕਹਿੰਦੇ - ਰਾਏ ਖਾਨਦਾਨ ਦਾ ਪਿਛੋਕੜ ਹਿੰਦੂ ਰਾਜਪੂਤਾਂ ਵਾਲਾ ਹੈ, ਇਸ ਲਈ ਸਾਡੇ ਖਾਨਦਾਨ ਦੀ ਲੜਕੀ ਕਦੀ ਵੀ ਪਠਾਣ ਖਾਨਦਾਨ ਵਿੱਚ ਨਹੀਂ ਵਿਆਹੀ ਜਾ ਸਕਦੀ। 'ਗੁਰੂ ਕੀਆਂ ਸਾਖੀਆਂ' ਦੀ ਇਹ ਗੱਲ ਸਹੀ ਨਹੀਂ।

ਰਾਜੋਆਣਾ ਅਤੇ ਕਮਾਲਪੁਰ ਵੱਲੋਂ ਹੁੰਦੇ ਹੋਏ ਗੁਰੂ ਗੋਬਿੰਦ ਸਿੰਘ ਜਦੋਂ ਉੱਚ ਦੇ ਪੀਰ ਦੇ ਭੇਸ ਵਿੱਚ ਰਾਏਕੋਟ ਦੀ ਜੂਹ ਵਿੱਚ ਪਹੁੰਚੇ ਤਾਂ ਆਬਾਦੀ ਤੋਂ ਬਾਹਰ ਰਾਏ ਕੱਲ੍ਹੇ ਦਾ ਪਾਲੀ ਨੂਰਾ ਮਾਹੀ ਪਸੂ ਚਾਰ ਰਿਹਾ ਸੀ। ਗੁਰੂ ਜੀ ਨੇ ਟਾਹਲੀ ਦੇ ਇਕ ਰੁੱਖ ਹੇਠ ਉਤਾਰਾ ਕੀਤਾ। ਨੂਰੇ ਮਾਹੀ ਨੇ ਜਦੋਂ ਵੇਖਿਆ ਕਿ ਟਾਹਲੀ ਹੇਠਾਂ ਕੋਈ ਪੀਰ ਫਕੀਰ ਆ ਕੇ ਬੈਠਾ ਹੈ ਤਾਂ ਉਸਨੇ ਗੁਰੂ ਜੀ ਪਾਸ ਹਾਜ਼ਰ ਹੋ ਕੇ ਨਮਸਕਾਰ ਕੀਤੀ ਅਤੇ ਬੜੀ ਆਜਜ਼ੀ ਨਾਲ ਆਖਿਆ, "ਪੀਰ ਜੀ, ਮੈਨੂੰ ਕੋਈ ਖਿਦਮਤ ਦੱਸੋ।" ਨੂਰੇ ਮਾਹੀ ਦੇ ਸੇਵਾ ਭਾਵ ਅਤੇ ਭੋਲੇਪਨ ਨੂੰ ਵੇਖ ਕੇ ਦਸਮ ਪਿਤਾ ਨੇ ਉਸ ਨੂੰ ਆਪਣੇ ਕੋਲੋਂ ਇਕ ਗੰਗਾ ਸਾਗਰ ਦੇ ਕੇ ਆਖਿਆ, "ਨੂਰਿਆ, ਜੇ ਤੂੰ ਸੇਵਾ ਕਰਨੀ ਚਾਹੁੰਦਾ ਹੈ ਤਾਂ ਇਸ ਗੰਗਾ ਸਾਗਰ ਵਿੱਚ ਆਪਣੀ ਕੋਈ ਮੱਝ ਚੋ ਕੇ ਸਾਨੂੰ ਦੁੱਧ ਛਕਾ ਦੇ।" ਨੂਰੇ ਮਾਹੀ ਨੇ ਗੰਗਾ ਸਾਗਰ ਨੂੰ ਵੇਖਿਆ ਅਤੇ ਕਹਿਣ ਲੱਗਾ,

"ਪੀਰ ਜੀ, ਮੇਰੀਆਂ ਮੱਝਾਂ ਤਾਂ ਸਾਰੀਆਂ ਤੋਕੜ ਜਾਂ ਔਸਰ ਨੇ, ਕੋਈ ਵੀ ਦੁੱਧ ਨਹੀਂ ਦਿੰਦੀ। ਨਾਲੇ ਇਸ ਗੰਗਾ ਸਾਗਰ ਨੂੰ ਤਾਂ ਕਈ ਮੋਰੀਆਂ ਹਨ, ਇਸ ਵਿੱਚ ਦੁੱਧ ਕਿਵੇਂ ਟਿਕੇਗਾ?" ਗੁਰੂ ਜੀ ਬੋਲੇ, "ਨੂਰਿਆ, ਜਿਹੜੀ ਝੋਟੀ ਨੂੰ ਵੀ ਥਾਪੀ ਦੇ ਕੇ ਹੇਠਾਂ ਬੈਠ ਜਾਵੇਂਗਾ, ਦੁੱਧ ਦੇ ਦੇਵੇਗੀ, ਇਸ ਗੰਗਾ ਸਾਗਰ ਵਿੱਚੋਂ ਦੁੱਧ ਨਹੀਂ ਚੋਏਗਾ।" ਰਵਾਇਤ ਹੈ ਕਿ ਗੁਰੂ ਜੀ ਦੇ ਆਸ਼ੀਰਵਾਦ ਨਾਲ ਨੂਰੇ ਮਾਹੀ ਨੇ ਛੇਕਾਂ ਵਾਲੇ ਗੰਗਾ ਸਾਗਰ ਵਿੱਚ ਇਕ ਔਸਰ ਝੋਟੀ ਦਾ ਦੁੱਧ ਚੋਇਆ ਅਤੇ ਗੁਰੂ ਜੀ ਨੂੰ ਛਕਾਇਆ। ਉਹ ਗੁਰੂ ਜੀ ਦੇ ਦਰਸ਼ਨ ਦੀਦਾਰ ਅਤੇ ਬਚਨ ਬਿਲਾਸ ਤੋਂ ਬੇਹੱਦ ਪ੍ਰਭਾਵਿਤ ਹੋਇਆ। ਉਸਨੇ ਪਿੰਡ ਵਿੱਚ ਜਾ ਕੇ ਸਾਰੀ ਵਾਰਤਾ ਆਪਣੇ ਮਾਲਕ ਰਾਏ ਕੱਲ੍ਹੇ ਨੂੰ ਜਾ ਸੁਣਾਈ। ਨੂਰੇ ਮਾਹੀ ਦੇ ਹਾਵ ਭਾਵ ਵਿਚ ਹੈਰਾਨੀ ਭਰੀ ਹੋਈ ਸੀ।

ਰਾਏ ਕੱਲ੍ਹਾ ਇਕ ਦਮ ਸਾਵਧਾਨ ਹੋ ਗਿਆ। ਉਸ ਨੂੰ ਗੁਰੂ ਜੀ ਦੇ ਆਉਣ ਦੀ ਪਹਿਲਾਂ ਹੀ ਸੂਹ ਸੀ। ਉਹ ਆਪਣੇ ਪਰਿਵਾਰ ਦੇ ਅਤੇ ਕੁਝ ਹੋਰ ਬੰਦਿਆਂ ਨੂੰ ਨਾਲ ਲੈ ਕੇ ਗੁਰੂ ਜੀ ਪਾਸ ਹਾਜ਼ਰ ਹੋਇਆ, ਨਮਸਕਾਰ ਕੀਤੀ, ਹਾਲ ਚਾਲ ਤੇ ਸੇਵਾ ਪੁੱਛੀ। ਬੇਨਤੀ ਕੀਤੀ ਕਿ ਮੇਰੇ ਘਰ ਚਲੋ, ਉਥੇ ਵਿਸ਼ਰਾਮ ਕਰੋ। ਪਰ ਗੁਰੂ ਜੀ ਨੂੰ ਟਾਹਲੀ ਵਾਲਾ ਟਿਕਾਣਾ ਹੀ ਵਧੇਰੇ ਚੰਗਾ ਲੱਗਦਾ ਸੀ। ਉਹਨਾਂ ਨੇ ਪਿੰਡ ਤੋਂ ਬਾਹਰ ਇਸੇ ਅਸਥਾਨ ਤੇ ਰਾਤ ਬਤੀਤ ਕੀਤੀ। ਟਾਹਲੀ ਵਾਲੇ ਅਸਥਾਨ ਤੇ ਸੰਨ 1914 ਵਿੱਚ ਜਦੋਂ ਸੰਤ ਮੱਘਰ ਸਿੰਘ ਜੀ ਰਾਮਗੜ੍ਹ ਵਾਲਿਆਂ ਨੇ ਗੁਰਦੁਆਰਾ ਬਣਾਉਣ ਦੀ ਵਿਉਂਤ ਬਣਾਈ ਤਾਂ ਰਾਏ ਖਾਨਦਾਨ ਦੇ ਉਸ ਸਮੇਂ ਦੇ ਜਾਗੀਰਦਾਰ ਰਾਏ ਅਨਾਇਤ ਖਾਨ ਦੇ ਮਾਮੇ ਰਾਏ ਵਲੀ ਮੁਹੰਮਦ ਨੇ ਗੁਰਦੁਆਰੇ ਲਈ ਪੰਜ ਵਿੱਘੇ ਜਮੀਨ ਭੇਟ ਕੀਤੀ। ਹੁਣ ਇਸ ਅਸਥਾਨ ਤੇ ਗੁਰਦੁਆਰਾ ਮੰਜੀ ਸਾਹਿਬ ਟਾਹਲੀਆਣਾ ਸੁਸ਼ੋਭਤ ਹੈ। ਸੰਤ ਮੱਘਰ ਸਿੰਘ ਜੀ 4 ਦਸੰਬਰ 1924 ਨੂੰ ਚੜ੍ਹਾਈ ਕਰ ਗਏ। ਉਹਨਾਂ ਤੋਂ ਬਾਅਦ ਸੰਤ ਨਿਰੰਜਨ ਸਿੰਘ ਜੀ ਮੋਹੀ ਵਾਲੇ ਗੁਰਦੁਆਰੇ ਦੀ ਸੇਵਾ ਕਰਦੇ ਰਹੇ।

ਇਸ ਲੇਖਕ ਨੂੰ ਫਰਵਰੀ 1983 ਵਿੱਚ ਗੁਰਦੁਆਰਾ ਟਹਲੀਆਣਾ ਸਾਹਿਬ ਰਾਏਕੋਟ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਗੁਰਦੁਆਰਾ ਸਾਹਿਬ ਵਿੱਚ ਜਥੇਦਾਰ ਤੇਜਾ ਸਿੰਘ ਨਾਲ ਮੁਲਾਕਾਤ ਹੋ ਗਈ। ਜਥੇਦਾਰ ਤੇਜਾ ਸਿੰਘ ਅਕਾਲੀ ਲੀਡਰ ਸਰਦਾਰ ਜਗਦੇਵ ਸਿੰਘ ਤਲਵੰਡੀ ਦੇ ਵੱਡੇ ਸਾਂਢੂ ਅਤੇ ਉਸ ਸਮੇਂ 20 ਸਾਲ ਤੋਂ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਚਲੇ ਆ ਰਹੇ ਸਨ। ਉਹਨਾਂ ਨੇ ਗੁਰਦੁਆਰਾ ਟਾਹਲੀਆਣਾ ਸਾਹਿਬ ਅਤੇ ਰਾਏ ਖਾਨਦਾਨ ਬਾਰੇ ਲੇਖਕ ਨੂੰ ਬਹੁਤ ਸਾਰੀ ਜਾਣਕਾਰੀ ਪ੍ਰਦਾਨ ਕੀਤੀ।

ਗੁਰਦੁਆਰਾ ਟਾਹਲੀਆਣਾ ਸਾਹਿਬ ਵਿੱਚ ਦੋ ਵਿਸ਼ੇਸ਼ ਅਸਥਾਨ ਹੋਰ ਹਨ। ਜਿੱਥੇ ਨੂਰੇ ਮਾਹੀ ਨੇ ਔਸਰ ਝੋਟੀ ਚੋਈ ਸੀ ਉੱਥੇ ਮਧਰਾ ਜਿਹਾ ਇੱਕ ਰੁੱਖ ਹੁੰਦਾ ਸੀ, ਜਿਸ ਨੂੰ ਬੂਟਾ ਸਾਹਿਬ ਕਹਿੰਦੇ ਸਨ। ਕਹਿੰਦੇ ਹਨ ਕਿ 1965 ਤੱਕ ਇਹ ਬੂਟਾ ਹਰਾ ਸੀ, ਹੁਣ ਸੁੱਕ ਗਿਆ ਹੈ। ਕਿਸੇ ਦੀ ਮੱਝ ਗਾਂ ਜਾਂ ਕਿਸੇ ਹੋਰ ਪਸ਼ੂ ਨੂੰ ਕੋਈ ਦੁੱਖ ਤਕਲੀਫ ਹੋ ਜਾਵੇ ਤਾਂ ਲੋਕ ਇਸ ਬੂਟੇ ਹੇਠ ਲਕੜੀ ਦੇ ਛੋਟੇ ਛੋਟੇ ਕਿੱਲੇ, ਮਿੱਟੀ ਦੀਆਂ ਨਿੱਕੀਆਂ ਨਿੱਕੀਆਂ ਭੜੋਲੀਆਂ ਅਤੇ ਲੂਣ ਚੜ੍ਹਾਉਂਦੇ ਹਨ ਅਤੇ ਬੂਟੇ ਦੇ ਮੁੱਢ ਜਾਂ ਟਹਿਣੀਆਂ ਨਾਲ ਪੱਸ਼ਮ ਦੇ ਰੰਗ ਬਿਰੰਗੇ ਧਾਗੇ ਬੰਨ

ਦਿੰਦੇ ਹਨ। ਮਾਲਵੇ ਦੇ ਕਈ ਗੁਰਦੁਆਰਿਆਂ ਵਿੱਚ ਮਾਲ ਡੰਗਰ ਦੀ ਸੁੱਖ ਲਈ ਜਾਂ ਕਿਸੇ ਹੋਰ ਸੁੱਖਣਾ ਵਜੋਂ ਕਿਸੇ ਰੁੱਖ ਹੇਠ ਇਸ ਤਰ੍ਹਾਂ ਦੀਆਂ ਵਸਤਾਂ ਚੜ੍ਹਾਉਣ ਦਾ ਰਿਵਾਜ ਹੈ।

ਗੁਰਦੁਆਰਾ ਟਾਹਲੀਆਣਾ ਸਾਹਿਬ ਵਿੱਚ ਦੂਜਾ ਵਿਸ਼ੇਸ਼ ਸਥਾਨ ਉਹ ਹੈ ਜਿੱਥੇ ਕਹਿੰਦੇ ਹਨ ਕਿ ਦਸ਼ਮੇਸ਼ ਗੁਰੂ ਜੀ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖਬਰ ਸੁਣ ਕੇ ਤੀਰ ਨਾਲ ਕਾਹੀ ਦਾ ਇਕ ਬੂਟਾ ਪੁੱਟ ਕੇ ਬਚਨ ਕੀਤਾ ਸੀ ਕਿ ਅਸੀਂ ਜਾਲਮ ਤੁਰਕ ਰਾਜ ਦੀ ਜੜ੍ਹ ਪੁੱਟ ਦਿੱਤੀ ਹੈ। ਅਜਿਹੇ ਜ਼ੁਲਮ ਕਰਨ ਵਾਲਾ ਇਹ ਰਾਜ ਛੇਤੀ ਖਤਮ ਹੋ ਜਾਵੇਗਾ। ਪਰ ਇਸ ਘਟਨਾ ਦੇ ਸਥਾਨ ਬਾਰੇ ਮਤਭੇਦ ਹੈ ਕਿਉਂਕਿ ਲੰਮੇ ਜੱਟਪੁਰੇ ਦੇ ਗੁਰਦੁਆਰਾ ਸਾਹਿਬ ਵਿੱਚ ਵੀ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਜੜ੍ਹ ਪੁੱਟਣ ਵਾਲੀ ਘਟਨਾ ਇਸ ਲੰਮੇ ਜੱਟਪੁਰੇ ਵਾਲੇ ਅਸਥਾਨ ਤੇ ਹੋਈ ਸੀ। ਇਸ ਸਬੰਧ ਵਿੱਚ ਵਿਚਾਰ ਕਰਕੇ ਨਿਰਨਾ ਲੈਣ ਦੀ ਲੋੜ ਹੈ।

## ਲੰਮੇ ਜੱਟਪੁਰੇ ਵਿੱਚ ਨੂਰੇ ਮਾਹੀ ਦੀ ਉਡੀਕ

ਗੁਰੂ ਗੋਬਿੰਦ ਸਿੰਘ ਜਦੋਂ ਰਾਏਕੋਟ ਤਲਵੰਡੀ ਦੀ ਜੂਹ ਵਿੱਚ ਪਹੁੰਚੇ ਤਾਂ ਉਥੋਂ ਦੇ ਜਾਗੀਰਦਾਰ ਚੌਧਰੀ ਰਾਏ ਕੱਲ੍ਹੇ ਨੇ ਬੜੇ ਆਦਰ-ਸਤਿਕਾਰ ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਉਸਨੇ ਆਪਣੀ ਜਾਗੀਰ ਦੇ ਇਕ ਸੁਰੱਖਿਅਤ ਪਿੰਡ ਲੰਮੇ ਜੱਟ ਪੁਰੇ ਵਿੱਚ ਗੁਰੂ ਜੀ ਦਾ ਨਿਵਾਸ ਕਰਵਾਇਆ। ਲੰਮਾ ਤੇ ਜੱਟਪੁਰਾ ਦੋ ਪਿੰਡ ਹਨ ਪਰ ਆਪਸ ਵਿੱਚ ਜੁੜੇ ਹੋਣ ਕਾਰਨ ਇੱਕੋ ਪਿੰਡ ਵਾਂਗ ਮਸ਼ਹੂਰ ਹਨ। ਲੰਮੇ-ਜੱਟਪੁਰੇ ਦੇ ਬਾਹਰ ਰੁੱਖਾਂ ਦੀ ਇਕ ਸੰਘਣੀ ਝੰਗੀ ਵਿੱਚ ਗੁਰੂ ਜੀ ਦਾ ਪਲੰਘ ਉਤਾਰਿਆ ਗਿਆ। ਦਸ਼ਮੇਸ਼ ਪਿਤਾ ਹਮੇਸ਼ਾ ਆਬਾਦੀ ਤੋਂ ਬਾਹਰ ਖੁੱਲ੍ਹੀ ਥਾਂ ਰਹਿਣਾ ਹੀ ਪਸੰਦ ਕਰਦੇ ਸਨ। ਰਾਏ ਕੱਲ੍ਹੇ ਨੇ ਮੁਗਲਾਂ ਅਤੇ ਪਹਾੜੀਆਂ ਦੀ ਬੇਈਮਾਨੀ ਅਤੇ ਵਾਅਦਾ ਖਿਲਾਫੀ ਦਾ ਜ਼ਿਕਰ ਕਰਦਿਆਂ ਗੁਰੂ ਜੀ ਨੂੰ ਕਿਹਾ, "ਤੁਰਕਾਂ ਨੇ ਤੁਹਾਡੇ ਨਾਲ ਧੱਕਾ ਕੀਤਾ ਪਰ ਉਹਨਾਂ ਨੇ ਤੁਹਾਡੇ ਨਾਲ ਧੋਖਾ ਤੇ ਦਵੈਸ਼ ਕਰਕੇ ਆਪਣੇ ਪੈਰਾਂ ਤੇ ਹੀ ਕੁਹਾੜਾ ਮਾਰਿਆ ਹੈ।" ਗੁਰੂ ਜੀ ਨੇ ਫਰਮਾਇਆ, "ਹੋਣਹਾਰ ਹੋ ਕੇ ਰਹਿੰਦੀ ਹੈ, ਕਿੰਨੇ ਵੀ ਉਪਾਅ ਕਰੋ ਮਿਟਦੀ ਨਹੀਂ।" ਭਾਈ ਸੰਤੋਖ ਸਿੰਘ 'ਸੂਰਜ ਪ੍ਰਕਾਸ਼' ਵਿੱਚ ਇਸ ਕਥਨ ਨੂੰ ਇਹਨਾਂ ਸ਼ਬਦਾਂ ਵਿੱਚ ਲਿਖਦੇ ਹਨ:

ਹਮ ਲੋਕਨ ਕੋ ਦੀਖਤੀ ਜਬਰੀ ਤੁਰਕੇਸ਼ਾ।
ਕਰਯੋ ਬੁਰਾ ਤਿਨ ਅਪਨ ਸਭਿ ਤੁਮ ਸੋਂ ਰਚ ਦਵੇਸ਼ਾ।
ਸੁਨਿ ਕੇ ਸ੍ਰੀ ਮੁਖ ਤੇ ਕਹਯੋ 'ਇਮ ਹੋਵਨਹਾਰੀ।
ਮਿਟਤਿ ਨ ਕੋਟਿ ਉਪਾਵ 'ਤੇ ਨਰ ਹਵੈ ਕੇ ਨਾਰੀ।

ਫੇਰ ਗੁਰੂ ਜੀ ਨੂੰ ਸ਼ਾਇਦ ਕਨੇਚ ਵਿੱਚ ਸੁਣੀ ਹੋਈ ਖਬਰ ਚੇਤੇ ਆ ਗਈ। ਉਨ੍ਹਾਂ ਨੇ ਇਕ ਦਮ ਰਾਏ ਕੱਲ੍ਹੇ ਨੂੰ ਕਿਹਾ, "ਰਾਏ ਜੀ ਸਰਹਿੰਦ ਕੋਈ ਬੰਦਾ ਭੇਜੋ ਜਿਹੜਾ ਉਥੋਂ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਕੋਈ ਖਬਰ ਲਿਆਵੇ।" ਗੁਰੂ ਜੀ ਦੇ ਇਸ ਕਥਨ ਤੋਂ ਅਨੁਮਾਨ ਲੱਗਦਾ ਹੈ ਕਿ ਰਾਏਕੋਟ ਪੰਚੁਚਣ ਤੋਂ ਪਹਿਲਾਂ ਉਨ੍ਹਾਂ ਨੂੰ ਸਰਹਿੰਦ ਵਿੱਚ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਉੱਤੇ ਕੋਈ ਭਾਣਾ ਬੀਤ ਜਾਣ ਦੀ ਸੂਹ ਮਿਲ ਗਈ ਸੀ। ਰਾਏ ਕੱਲ੍ਹੇ ਨੇ ਨੂਰੇ ਮਾਹੀ ਨੂੰ ਸਰਹਿੰਦ ਭੇਜਿਆ। ਨੂਰਾ ਮਾਹੀ ਰਾਏ

ਕੱਲ੍ਹੇ ਦਾ ਭਰੋਸੇਯੋਗ ਵਾਗੀ ਸੀ। ਉਸ ਦੀ ਭੂਆ ਜਾਂ ਭੈਣ ਸਰਹਿੰਦ ਦੇ ਨੇੜੇ ਵਿਆਹੀ ਹੋਈ ਸੀ। ਉਹ ਇਕ ਤੇਜ ਤਰਾਰ ਘੋੜੀ ਉੱਤੇ ਸਰਪਟ ਸਰਹਿੰਦ ਨੂੰ ਦੌੜ ਗਿਆ। ਸਰਹਿੰਦ ਵਿੱਚ ਲੋਕ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਸਨ। ਕੋਈ ਕਹਿੰਦਾ ਸੀ, "ਗੁਰੂ ਬੜਾ ਬਹਾਦਰ ਨਿਕਲਿਆ, ਨਾ ਉਹ ਕਿਸੇ ਨੂੰ ਨਜ਼ਰ ਆਇਆ, ਨਾ ਕੋਈ ਉਸਨੂੰ ਫੜ ਸਕਿਆ। ਉਹ ਮੁਗਲ ਫੌਜਾਂ ਦੀ ਭੀੜ ਨੂੰ ਚੀਰ ਕੇ ਨਿਕਲ ਗਿਆ।" ਕੋਈ ਹੋਰ ਕਹਿੰਦਾ, "ਜੰਗ ਦੇ ਮੈਦਾਨ ਵਿੱਚ ਗੁਰੂ ਮਾਰਿਆ ਗਿਆ ਹੋਣਾ, ਲੱਖਾਂ ਲੋਥਾਂ ਵਿੱਚੋਂ ਉਸ ਦੀ ਦੇਹ ਨੂੰ ਲੱਭਣਾ ਕਿਹੜਾ ਸੌਖਾ ਹੈ।"

ਕੇਚਿਤ ਕਹੇ ਨਾ ਗੁਰ ਲਹਯੋ, ਨਹਿੰ ਕਿਨਹੂੰ ਕੇਰਾ।
ਗਯੋ ਸਭਨਿ ਕੇ ਬੀਚ ਤੇ, ਗੁਰ ਬੀਰ ਬਡੇਰਾ।
ਕੇਚਿਤ ਕਹਿੰ ਰਣ ਮਹਿੰ ਮਰਯੋ ਨਹਿੰ ਦੇਖਯੋ ਜਾਈ।
ਲਾਖਹੁੰ ਲੋਥਨਿ ਬੀਚ ਤੇ ਕਹੁ ਕਿਸ ਬਿਧਿ ਪਾਈ।

*(ਭਾਈ ਸੰਤੋਖ ਸਿੰਘ, ਸੂਰਜ ਪ੍ਰਕਾਸ਼)*

ਇਸ ਤੋਂ ਬਿਨਾ ਮੁਗਲਾਂ ਦੇ ਘਰਾਂ, ਪਿੰਡਾਂ ਅਤੇ ਮਹੱਲਿਆਂ ਵਿੱਚ ਮਾਤਮ ਛਾਇਆ ਹੋਇਆ ਸੀ। ਚਮਕੌਰ ਦੀ ਜੰਗ ਵਿੱਚ ਬੇਸ਼ੁਮਾਰ ਮੁਗਲ ਮਾਰੇ ਗਏ ਸਨ। ਦਿੱਲੀ ਤੋਂ ਲਾਹੌਰ ਤੱਕ ਅਤੇ ਕਾਬਲ ਤੋਂ ਕੰਧਾਰ ਤੱਕ ਰੋਣ ਪਿੱਟਣ ਪਿਆ ਹੋਇਆ ਸੀ।

ਦਿੱਲੀ ਆਦਿਕ ਉਤ ਨਗਰ ਇਤ ਲਵਪੁਰਿ ਰੋਵੈ।
ਕਾਬਲ ਅਰੁ ਕੰਧਾਰ ਲਗ ਮਨ ਕਸ਼ਟ ਪਰੋਵੈਂ।

*(ਸੂਰਜ ਪ੍ਰਕਾਸ਼)*

ਉਧਰ ਨੂਰਾ ਮਾਹੀ ਸਰਹਿੰਦ ਨੂੰ ਚਲਾ ਗਿਆ ਤੇ ਇਧਰ ਗੁਰੂ ਜੀ ਨੂਰੇ ਮਾਹੀ ਦੀ ਉਡੀਕ ਵਿੱਚ ਬੇਚੈਨ ਹੋ ਗਏ। ਕਿਹੜੀ ਘੜੀ ਨੂਰਾ ਆਵੇ ਤੇ ਛੋਟੇ ਸਾਹਿਬਜ਼ਾਦਿਆਂ ਦੀ ਕੋਈ ਖਬਰ ਸੁਣਾਵੇ। ਰਾਏ ਕੱਲ੍ਹੇ ਨੇ ਕਿਹਾ, "ਮਹਾਰਾਜ, ਸਰਹਿੰਦ ਇਥੋਂ ਚਾਲੀ ਕੋਹ ਹੈ। ਚਾਲੀ ਤੇ ਚਾਲੀ ਅੱਸੀ ਕੋਹ ਵਾਟ ਕਰਕੇ ਨੂਰਾ ਕਲ ਆਵੇਗਾ ਤੇ ਸਾਰੀ ਵਾਰਤਾ ਸੁਣਾਵੇਗਾ। ਅਗਲੇ ਦਿਨ ਦਾ ਦੁਪਹਿਰਾ ਵੀ ਬੀਤ ਗਿਆ ਤਾਂ ਗੁਰੂ ਜੀ ਬਹੁਤ ਕਾਹਲੇ ਪੈ ਗਏ। ਰਾਏ ਕੱਲ੍ਹੇ ਨੂੰ ਕਹਿਣ ਲੱਗੇ, "ਕੋਈ ਬੰਦਾ ਇਕ ਉੱਚੇ ਰੁਖ ਉੱਤੇ ਚੜ੍ਹਾਓ ਜਿਹੜਾ ਦੂਰ ਤੱਕ ਨਜ਼ਰ ਮਾਰ ਕੇ ਦੇਖੇ ਕਿ ਨੂਰਾ ਮਾਹੀ ਆਉਂਦਾ ਹੈ ਕਿ ਨਹੀਂ।" ਦੋ ਵਾਰ ਰਾਏ ਕੱਲ੍ਹੇ ਨੇ ਗੁਰੂ ਜੀ ਨੂੰ ਤਸੱਲੀ ਦਿੱਤੀ ਕਿ ਨੂਰਾ ਆਣ ਹੀ ਵਾਲਾ ਹੈ ਪਰ ਨੂਰਾ ਮਾਹੀ ਨਹੀਂ ਆਇਆ। ਗੁਰੂ ਜੀ ਨੇ ਤੀਜੀ ਵਾਰ ਅਧੀਰ ਹੋ ਕੇ ਫਿਰ ਆਖਿਆ, "ਓ ਭਾਈ, ਕੋਈ ਬੰਦਾ ਨੂਰੇ ਮਾਹੀ ਨੂੰ ਦੇਖੇ।" ਭਾਈ ਸੰਤੋਖ ਸਿੰਘ ਨੇ ਲਿਖਿਆ ਹੈ:

ਬਾਕ ਤੀਸਰੋ ਕਹਤਿ ਤੇ ਸਭਿ ਬਿਖੈ ਸੁਨਾਯੋ।
ਚਢੋ ਬ੍ਰਿਛ ਮਾਹੀ ਪਿਖਹੁ ਆਯੋ ਕਿ ਨ ਆਯੋ।

ਇਕ ਬੰਦੇ ਨੇ ਜੰਡ ਦੇ ਦਰੱਖਤ ਉੱਤੇ ਚੜ੍ਹ ਕੇ ਸਰਹਿੰਦ ਦੇ ਰਾਹ ਉੱਤੇ ਦੂਰ ਤੱਕ ਨਜਰ ਦੌੜਾਈ ਤਾਂ ਉਸਨੂੰ ਬਹੁਤ ਦੂਰ ਇਕ ਸਵਾਰ ਸਰਪਟ ਦੌੜਾ ਆਉਂਦਾ ਦਿਖਾਈ ਦਿੱਤਾ।

ਉਹ ਇਕਦਮ ਬੋਲ ਉਠਿਆ, "ਆ ਗਿਆ ਨੂਰਾ ਮਾਹੀ, ਆ ਗਿਆ ਨੂਰਾ ਮਾਹੀ।" ਕੁਝ ਦੇਰ ਬਾਅਦ ਨੂਰੇ ਮਾਹੀ ਨੇ ਗੁਰੂ ਜੀ ਦੇ ਡੇਰੇ ਦੇ ਨੇੜੇ ਆ ਕੇ ਘੋੜੀ ਦੀ ਵਾਗ ਖਿੱਚੀ ਅਤੇ ਛੜਪ ਦੇਣੀ ਥੱਲੇ ਛਾਲ ਮਾਰ ਕੇ ਗੁਰੂ ਜੀ ਦੇ ਚਰਨਾਂ ਉੱਤੇ ਨਮਸਕਾਰ ਕੀਤੀ ਅਤੇ ਰਾਏ ਕੱਲ੍ਹੇ ਤੇ ਹੋਰ ਹਾਜ਼ਰ ਸੱਜਣਾਂ ਨੂੰ ਸਲਾਮ ਆਖੀ। ਜਿੰਨੇ ਵੀ ਬੰਦੇ ਉਥੇ ਗੁਰੂ ਜੀ ਦੀ ਹਜ਼ੂਰੀ ਵਿੱਚ ਬੈਠੇ ਸਨ ਹੁਣ ਸਾਰੇ ਨੂਰੇ ਮਾਹੀ ਦੇ ਮੂੰਹ ਵੱਲ ਵੇਖ ਰਹੇ ਸਨ। ਗੁਰੂ ਜੀ ਨੇ ਫਰਮਾਇਆ, 'ਹਾਂ ਭਾਈ ਨੂਰਿਆ, ਸੁਣਾ ਕੀ ਖਬਰ ਲਿਆਇਆ ਹੈਂ?" ਨੂਰੇ ਮਾਹੀ ਦੇ ਬੁੱਲ੍ਹ ਕੰਬਣ ਲੱਗ ਪਏ। ਖਬਰ ਸੁਣਾਉਣ ਲਈ ਉਸਦਾ ਹੌਸਲਾ ਨਹੀਂ ਸੀ ਪੈ ਰਿਹਾ। ਆਖਰ ਉਸਨੇ ਹੱਥ ਜੋੜ ਕੇ ਕਿਹਾ, "ਸੱਚੇ ਪਾਤਸ਼ਾਹੋ, ਜ਼ਾਲਮਾਂ ਨੇ ਬਹੁਤ ਜ਼ੁਲਮ ਕੀਤਾ, ਦੋਵੇਂ ਲਾਲ ਸ਼ਹੀਦ ਕਰ ਦਿੱਤੇ। ਟੋਡਰ ਮੱਲ ਨੇ ਜਦੋਂ ਇਹ ਖਬਰ ਮਾਤਾ ਜੀ ਨੂੰ ਸੁਣਾਈ ਤਾਂ ਉਹ ਵੀ ਸਦਮਾ ਨਾ ਸਹਿੰਦੇ ਹੋਏ ਅੱਲਾ ਨੂੰ ਪਿਆਰੇ ਹੋ ਗਏ।"

ਗੁਰੂ ਜੀ ਨੇ ਸਾਰਾ ਬਿਰਤਾਂਤ ਬੜੇ ਧੀਰਜ ਨਾਲ ਸੁਣਿਆ ਤੇ ਨੂਰੇ ਮਾਹੀ ਨੂੰ ਪੁੱਛਿਆ, "ਮੁਗਲਾਂ ਦੀ ਉਸ ਸਭਾ ਵਿੱਚ ਮਲੇਰ ਕੋਟਲੇ ਦੇ ਨਵਾਬ ਤੋਂ ਬਿਨਾਂ ਕਿਸੇ ਹੋਰ ਨੂੰ ਮਾਸੂਮ ਬੱਚਿਆਂ ਉੱਤੇ ਦਇਆ ਨਹੀਂ ਆਈ।" ਨੂਰੇ ਦਾ ਨਾਂਹ ਵਿੱਚ ਉੱਤਰ ਸੁਣ ਕੇ ਗੁਰੂ ਜੀ ਨੇ ਆਪਣੇ ਹੱਥ ਵਿਚ ਫੜੇ ਇਕ ਤੀਰ ਦੀ ਨੋਕ ਨਾਲ ਕਾਹੀ ਦਾ ਇਕ ਬੂਟਾ ਜੜ੍ਹੋਂ ਪੁਟ ਦਿੱਤਾ ਅਤੇ ਫਰਮਾਇਆ, "ਜ਼ਾਲਮ ਤੁਰਕ ਰਾਜ ਦੀ ਜੜ੍ਹ ਪੁੱਟੀ ਗਈ ਹੈ, ਸਾਰੇ ਤੁਰਕ ਨਸ਼ਟ ਹੋ ਜਾਣਗੇ, ਇਕ ਮਲੇਰੀਆ ਦੀ ਜੜ੍ਹ ਹਰੀ ਰਹੇਗੀ।"

ਸੁਨਿ ਕਰ ਸ੍ਰੀ ਗੁਰ ਬਾਕ ਬਖਾਨਾ।
ਭਯੋ ਨਾਸ਼ ਅਬਿ ਸਭਿ ਤੁਰਕਾਨਾ।
ਇਕ ਮਲੇਰੀਅਨ ਕੀ ਜੜ੍ਹ ਰਹੈ।
ਅਪਰ ਤੁਰਕ ਸਭਿ ਹੀ ਜਰ ਦਹੈ।

*(ਭਾਈ ਸੰਤੋਖ ਸਿੰਘ, ਸੂਰਜ ਪ੍ਰਕਾਸ਼)*

ਦਸਮੇਸ਼ ਗੁਰੂ ਜੀ ਦੇ ਇਹ ਬਚਨ ਸੁਣ ਕੇ ਰਾਏ ਕੱਲ੍ਹਾ ਚਿੰਤਾ ਵਿੱਚ ਡੁੱਬ ਗਿਆ। ਹੱਥ ਜੋੜ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹੋ, ਉਂਝ ਤਾਂ ਮੈਂ ਵੀ ਤੁਰਕ ਹਾਂ ਪਰ ਮੇਰਾ ਤੁਰਕਾਂ ਨਾਲ ਕੋਈ ਹਿਤ ਨਹੀਂ। ਮੈਂ ਤੁਹਾਡਾ ਸੇਵਕ ਹਾਂ ਮੈਨੂੰ ਆਉਣ ਵਾਲੇ ਵਿਨਾਸ਼ ਤੋਂ ਬਚਾ ਲਓ।" ਗੁਰੂ ਜੀ ਨੇ ਰਾਏ ਕੱਲ੍ਹੇ ਨੂੰ ਆਪਣੇ ਗਾਤਰੇ ਦੀ ਇੱਕ ਕਿਰਪਾਨ ਅਤੇ ਛੇਕਾਂ ਵਾਲਾ ਗੰਗਾ ਸਾਗਰ ਬਖ਼ਸ਼ਿਸ਼ ਕੀਤਾ ਅਤੇ ਆਖਿਆ, "ਇਨ੍ਹਾਂ ਦੋਹਾਂ ਵਸਤਾਂ ਨੂੰ ਸਾਡੀ ਪਵਿੱਤਰ ਨਿਸ਼ਾਨੀ ਸਮਝਣਾ। ਜਦੋਂ ਤੱਕ ਆਪ ਦਾ ਖਾਨਦਾਨ ਇਨ੍ਹਾਂ ਦੋਹਾਂ ਵਸਤਾਂ ਦਾ ਆਦਰ ਸਤਿਕਾਰ ਕਰਦਾ ਰਹੇਗਾ ਤੁਹਾਡਾ ਰਾਜਭਾਗ ਬਣਿਆ ਰਹੇਗਾ।" ਰਾਏ ਕੱਲ੍ਹੇ ਨੇ ਇਹ ਦੋਵੇਂ ਵਸਤਾਂ ਆਪਣੇ ਸਿਰ ਨਾਲ ਲਾਈਆਂ ਅਤੇ ਗੁਰੂ ਜੀ ਦੇ ਚਰਨਾਂ ਉੱਤੇ ਨਮਸਕਾਰ ਕੀਤੀ।

ਹੁਣ ਇਸ ਗੱਲ ਉੱਤੇ ਵਿਚਾਰ ਕਰਨ ਦੀ ਲੋੜ ਹੈ ਕਿ ਤੁਰਕਾਂ ਦੀ ਜੜ੍ਹ ਪੁੱਟਣ ਵਾਲੀ ਘਟਨਾ ਰਾਏਕੋਟ ਹੋਈ ਸੀ ਜਾਂ ਲੰਮੇ ਜੱਟਪੁਰੇ। ਇਤਿਹਾਸ ਦੀਆਂ ਤਕਰੀਬਨ ਸਾਰੀਆਂ ਨਵੀਆਂ ਪੁਰਾਣੀਆਂ ਪੁਸਤਕਾਂ ਵਿੱਚ ਦਸਮ ਪਾਤਸ਼ਾਹ ਦੇ ਲੰਮੇ ਜੱਟਪੁਰੇ ਆ ਕੇ ਕੁਝ ਦਿਨਾਂ

ਲਈ ਵਿਸਰਾਮ ਕਰਨ ਦਾ ਜ਼ਿਕਰ ਆਉਂਦਾ ਹੈ। ਜਿਨ੍ਹਾਂ ਵਿੱਚ 'ਗੁਰੂ ਕੀਆਂ ਸਾਖੀਆਂ' (ਸਰੂਪ ਸਿੰਘ ਕੌਸ਼ਿਸ਼), ਮਹਿਮਾ ਪ੍ਰਕਾਸ਼ (ਸਰੂਪ ਦਾਸ ਭੱਲਾ), ਸਿੰਘ ਸਾਗਰ (ਵੀਰ ਸਿੰਘ ਬਲ), ਸੂਰਜ ਪ੍ਰਕਾਸ਼ (ਭਾਈ ਸੰਤੋਖ ਸਿੰਘ), ਦੀ ਸਿੱਖ ਰਿਲੀਜਨ (ਮੈਕਾਲਿਫ), ਹਿਸਟਰੀ ਆਫ ਦੀ ਸਿੱਖਸ (ਤੇਜਾ ਸਿੰਘ ਗੰਡਾ ਸਿੰਘ), ਐਨਸਾਈਲੋਪੀਡੀਆ ਆਫ ਸਿੱਖਇਜ਼ਮ - 2 (ਸੰਪਾ: ਹਰਬੰਸ ਸਿੰਘ) ਆਦਿ ਸ਼ਾਮਲ ਹਨ। ਗੁਰੂ ਜੀ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖਬਰ ਨੂਰੇ ਮਾਹੀ ਰਾਹੀਂ ਲੰਮੇ ਜੱਟਪੁਰੇ ਹੀ ਮਿਲੀ। ਸੋ ਸਪਸ਼ਟ ਹੈ ਕਿ ਤੁਰਕਾਂ ਦੀ ਜੜ੍ਹ ਪੁੱਟਣ ਵਾਲੀ ਘਟਨਾ ਵੀ ਇਥੇ ਲੰਮੇ ਜੱਟਪੁਰੇ ਹੀ ਹੋਈ ਸੀ।

ਰਾਏਕੋਟ ਦੀ ਗੱਲ ਕਿੱਥੋਂ ਚੱਲੀ? ਇਸ ਭੁਲੇਖੇ ਨੂੰ ਪ੍ਰਿੰਸੀਪਲ ਗੁਰਨਾਮ ਸਿੰਘ ਬਿੰਜਲ ਦਾ ਕਿਤਾਬਚਾ 'ਬਚਨ ਦੀ ਕਰਾਮਾਤ' ਸਾਫ ਕਰਦਾ ਹੈ। ਪ੍ਰਿੰਸੀਪਲ ਬਿੰਜਲ ਅਨੁਸਾਰ ਗੁਰਦੁਆਰਾ ਟਾਹਲੀਆਣਾ ਸਾਹਿਬ ਰਾਏਕੋਟ ਦੇ ਸੰਸਥਾਪਕ ਸੰਤ ਮੱਘਰ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਭਾਈ ਸੰਤਾ ਸਿੰਘ ਨੇ ਕਈ ਸਾਲ ਇਸ ਗੁਰਦੁਆਰੇ ਦੀ ਨਿਸ਼ਕਾਮ ਸੇਵਾ ਕੀਤੀ। ਉਨ੍ਹਾਂ ਨੇ ਬਿਨਾਂ ਕਿਸੇ ਖਾਸ ਮਨੋਰਥ ਦੇ ਕੇਵਲ ਸ਼ਰਧਾ-ਵੱਸ ਜੜ੍ਹ ਪੁੱਟਣ ਦਾ ਚਿਤਰ ਬਣਵਾ ਕੇ ਵੀ ਗੁਰਦੁਆਰਾ ਟਾਹਲੀਆਣਾ ਸਾਹਿਬ ਰਾਏਕੋਟ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ ਰੱਖ ਦਿੱਤਾ, ਜਿਸ ਨਾਲ ਰਾਏਕੋਟ ਵਿਖੇ ਇਹ ਘਟਨਾ ਹੋਣ ਦੀ ਚਰਚਾ ਚੱਲ ਪਈ। ਪਰ ਇਸ ਗੱਲ ਦਾ ਕੋਈ ਇਤਿਹਾਸਿਕ ਆਧਾਰ ਨਹੀਂ ਹੈ। ਇਸ ਲਈ ਬਹੁਗਿਣਤੀ ਇਤਿਹਾਸਿਕ ਹਵਾਲਿਆਂ ਨੂੰ ਮੱਦੇ ਨਜ਼ਰ ਰੱਖ ਕੇ ਤੁਰਕਾਂ ਦੀ ਜੜ੍ਹ ਪੁੱਟਣ ਵਾਲੀ ਘਟਨਾ ਲੰਮੇ ਜੱਟਪੁਰੇ ਹੋਈ ਹੀ ਪ੍ਰਵਾਨ ਕਰਨੀ ਚਾਹੀਦੀ ਹੈ। ਗੁਰਦੁਆਰਾ ਗੁਰੂਸਰ ਪੰਜੂਆਣਾ ਸਾਹਿਬ ਲੰਮਾ ਜੱਟਪੁਰਾ ਵਿੱਚ ਉਹ ਜੰਡ ਦਾ ਬ੍ਰਿਛ ਅੱਜ ਤੱਕ ਸੁਰੱਖਿਅਤ ਹੈ ਜਿਸ ਉੱਤੇ ਇਕ ਬੰਦੇ ਨੇ ਚੜ੍ਹ ਕੇ ਸਰਹਿੰਦ ਦੇ ਰਾਹ ਉੱਤੇ ਨੂਰੇ ਮਾਹੀ ਨੂੰ ਆਉਂਦਾ ਤੱਕਿਆ ਸੀ। ਪ੍ਰਿੰਸੀਪਲ ਗੁਰਨਾਮ ਸਿੰਘ ਬਿੰਜਲ ਅਨੁਸਾਰ ਨੂਰੇ ਮਾਹੀ ਦੇ ਲੰਮੇ ਜੱਟਪੁਰੇ ਨਾਲ ਸਬੰਧਤ ਹੋਣ ਦੀ ਪੁਸ਼ਟੀ ਇਸ ਗੱਲ ਤੋਂ ਵੀ ਹੁੰਦੀ ਹੈ ਕਿ ਇਸ ਪਿੰਡ ਦੇ ਲਹਿੰਦੇ ਪਾਸੇ ਦੇ ਰਕਬੇ ਨੂੰ "ਮਾਹੀਆਣਾ" ਕਹਿੰਦੇ ਹਨ। ਚੜ੍ਹਦੇ ਪਾਸੇ ਦੇ ਰਕਬੇ ਨੂੰ 'ਕੱਲੇਆਣਾ' ਆਖਿਆ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਲੰਮੇ ਜੱਟਪੁਰੇ ਵਿੱਚ ਆਪਣੇ ਨਿਵਾਸ ਸਮੇਂ ਦਿਨ ਵੇਲੇ ਪਿੰਡ ਤੋਂ ਬਾਹਰ ਗੁਰਦੁਆਰਾ ਗੁਰੂ ਸਾਹਿਬ ਪੰਜੂਆਣਾ ਸਾਹਿਬ ਦੇ ਸਥਾਨ 'ਤੇ ਰਹਿੰਦੇ ਸਨ ਅਤੇ ਰਾਤ ਨੂੰ ਪਿੰਡ ਦੇ ਅੰਦਰ ਬਾਬਾ ਰਾਮ ਦਿੱਤਾ ਢਿਲੋ ਦੇ ਚੁਬਾਰੇ ਵਿੱਚ ਸੌਂਦੇ ਸਨ। ਇਸ ਸਥਾਨ ਤੇ ਬਣੇ ਗੁਰੂ ਘਰ ਨੂੰ ਛੋਟਾ ਦਮਦਮਾ ਸਾਹਿਬ ਕਹਿੰਦੇ ਹਨ। ਇਸ ਪਿੰਡ ਵਿੱਚ ਇੱਕ ਵਾਰ ਗੁਰੂ ਹਰਗੋਬਿੰਦ ਸਾਹਿਬ ਵੀ ਪਧਾਰੇ ਸਨ। ਉਹਨਾਂ ਦੀ ਯਾਦ ਵਿੱਚ ਵੀ ਇਕ ਹੋਰ ਗੁਰਦੁਆਰਾ ਸਥਾਪਿਤ ਹੈ। ਇੰਜ ਲੰਮੇ-ਜੱਟਪੁਰੇ ਨੂੰ ਦੋ ਸੂਰਬੀਰ ਗੁਰੂ ਸਾਹਿਬਾਨ ਦੇ ਚਰਨਾਂ ਦੀ ਛੋਹ ਪ੍ਰਾਪਤ ਕਰਨ ਦਾ ਮਾਣ ਹਾਸਲ ਹੈ।

## ਗੁਰੂ ਗੋਬਿੰਦ ਸਿੰਘ ਜੀ ਦੀ ਇਤਿਹਾਸਿਕ ਕ੍ਰਿਪਾਨ

ਗੁਰੂ ਗੋਬਿੰਦ ਸਿੰਘ ਜੀ ਨੇ ਜਿਹੜੀ ਕ੍ਰਿਪਾਨ ਅਤੇ ਗੰਗਾ ਸਾਗਰ ਰਾਏਕੋਟ ਦੇ

ਜਿਮੀਂਦਾਰ ਰਾਏ ਕੱਲ੍ਹੇ ਨੂੰ ਬਖਸ਼ੇ, ਉਨ੍ਹਾਂ ਦਾ ਇਤਿਹਾਸ ਵੀ ਬੜਾ ਰੌਚਕ ਅਤੇ ਅਹਿਮੀਅਤ ਵਾਲਾ ਹੈ। ਮਹਾਂ ਕਵੀ ਭਾਈ ਸੰਤੋਖ ਸਿੰਘ ਕਹਿੰਦੇ ਹਨ:

ਕੁਛ ਪ੍ਰਸੰਗ ਹੈ ਰਾਏ ਕੋ ਦਈ ਗੁਰੂ ਤਰਵਾਰ।

ਲੰਮੇ ਜੱਟਪੁਰੇ ਵਿੱਚ ਨੂਰੇ ਮਾਹੀ ਦੇ ਮੂੰਹੋਂ ਜਦੋਂ ਦਸਮੇਸ਼-ਪਿਤਾ ਨੇ ਸਰਹਿੰਦ ਵਿੱਚ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਦਰਦਨਾਕ ਵਾਰਤਾ ਸੁਣੀ ਤਾਂ ਉਨ੍ਹਾਂ ਦੇ ਸੀਨੇ ਵਿੱਚ ਖੂਨ ਅਤੇ ਨੇਤਰਾਂ ਵਿੱਚ ਜਲ ਉਛਾਲੇ ਮਾਰਨ ਲੱਗ ਪਿਆ। ਉਸ ਸਮੇਂ ਉਹ ਆਪਣੇ ਹੱਥ ਵਿੱਚ ਫੜੇ ਇਕ ਤੀਰ ਦੀ ਨੋਕ ਨਾਲ ਕਾਹੀ ਦੇ ਬੂਟੇ ਦੀਆਂ ਜੜ੍ਹਾ ਫੋਲ ਰਹੇ ਸਨ। ਨੂਰੇ ਮਾਹੀ ਨੇ ਜਦੋਂ ਸ਼ਹੀਦੀ ਸਾਕੇ ਦੇ ਅੰਤ ਵਿੱਚ ਆਖਿਆ, "ਜ਼ਾਲਮਾਂ ਨੇ ਦੋਹਾਂ ਲਾਲਾਂ ਨੂੰ ਪਹਿਲਾਂ ਕੰਧ ਵਿੱਚ ਚਿਣਿਆ ਤੇ ਫੇਰ ਛੁਰੇ ਨਾਲ ਦੋਹਾਂ ਬਾਲਾਂ ਦੇ ਸਿਰ ਧੜਾਂ ਨਾਲੋਂ ਅਲੱਗ ਕਰ ਦਿੱਤੇ" ਤਾਂ ਦਸਮੇਸ਼-ਪਿਤਾ ਦਾ ਆਪ-ਮੁਹਾਰਾ ਹੱਥ ਤੀਰ ਦੇ ਪਿਛਲੇ ਸਿਰੇ ਉੱਤੇ ਦੱਬਿਆ ਗਿਆ। ਤੀਰ ਦੀ ਨੋਕ ਬੂਟੇ ਦੀ ਜੜ੍ਹ ਵਿੱਚ ਖੁਭ ਗਈ। ਗੁਰੂ ਜੀ ਨੇ ਰੋਹ ਨਾਲ ਜਦੋਂ ਤੀਰ ਨੂੰ ਉਤਾਂਹ ਚੁੱਕਿਆ ਤਾਂ ਕਾਹੀ ਦਾ ਬੂਟਾ ਜੜ੍ਹਾਂ ਤੋਂ ਪੁੱਟਿਆ ਗਿਆ। ਨਾਲ ਹੀ ਗੁਰੂ ਜੀ ਬੋਲੇ, "ਹੁਣ ਸਮਝੋ ਤੁਰਕਾਂ ਦੀ ਜੜ੍ਹ ਪੁੱਟੀ ਗਈ ਹੈ। ਜਿਹੜਾ ਰਾਜ ਮਾਸੂਮ ਬੱਚਿਆਂ ਉੱਤੇ ਵੀ ਜ਼ੁਲਮ ਕਰਨ ਤੋਂ ਗੁਰੇਜ਼ ਨਹੀਂ ਕਰਦਾ ਉਹ ਛੇਤੀ ਹੀ ਨਸ਼ਟ ਹੋ ਜਾਏਗਾ।" ਦਸਮ ਪਾਤਸ਼ਾਹ ਨੇ ਆਪਣੇ ਜੀਵਨ ਵਿੱਚ ਅਨੇਕਾਂ ਯੁੱਧ ਲੜੇ। ਸੈਂਕੜੇ ਸ਼ਹੀਦੀਆਂ ਹੋਈਆਂ। ਚਮਕੌਰ ਦੀ ਜੰਗ ਵਿੱਚ ਆਪਣੇ ਦੋ ਵੱਡੇ ਸਪੁੱਤਰਾਂ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਸ਼ਹੀਦ ਹੁੰਦੇ ਵੇਖਿਆ। ਉਨ੍ਹਾਂ ਨੇ ਇਹ ਸਭ ਕੁਝ ਬੜੇ ਧੀਰਜ ਅਤੇ ਅਡੋਲਤਾ ਨਾਲ ਸਹਿਣ ਕੀਤਾ ਪਰ ਛੋਟੇ ਸਾਹਿਬਜ਼ਾਦਿਆਂ ਦੀ ਬੇਰਹਿਮ ਸ਼ਹੀਦੀ ਨੂੰ ਦਸਮ ਪਿਤਾ ਕਦੀ ਵੀ ਨਹੀਂ ਭੁੱਲ ਸਕੇ। ਇਹੀ ਕਾਰਨ ਹੈ ਕਿ ਗੁਰੂ ਜੀ ਦੇ ਮੁਖਾਰਬਿੰਦ 'ਚੋਂ ਇੰਨੇ ਰੋਹ ਭਰੇ ਸ਼ਬਦ ਨਿਕਲੇ। ਉਸ ਸਮੇਂ ਦੇ ਸਿਦਕੀ ਤੇ ਵਿਸ਼ਵਾਸੀ ਸਿੱਖਾਂ ਨੂੰ ਆਪਣੇ ਗੁਰੂ ਦੇ ਬਚਨ ਸੱਚੇ ਸਾਬਤ ਹੋਣ ਉੱਤੇ ਏਨਾ ਦ੍ਰਿੜ ਭਰੋਸਾ ਸੀ ਕਿ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਡੇਢ ਸਾਲ ਬਾਅਦ ਹੀ ਉਨ੍ਹਾਂ ਨੇ ਆਪਣੇ ਨਿਸ਼ਚੇ ਤੇ ਕ੍ਰਿਪਾਨ ਦੇ ਜ਼ੋਰ ਨਾਲ 1710 ਈਸਵੀ ਵਿੱਚ ਸਰਹਿੰਦ ਦੀ ਇੱਟ ਨਾਲ ਇੱਟ ਵਜਾ ਦਿੱਤੀ। ਹੋਰ 50 ਸਾਲ ਬੀਤੇ ਤਾਂ ਲਾਹੌਰ ਨੂੰ ਜਿੱਤ ਕੇ ਖਾਲਸੇ ਨੇ ਆਪਣੇ ਨਾਂ ਦਾ ਸਿੱਕਾ ਜਾਰੀ ਕਰ ਦਿੱਤਾ ਅਤੇ 1762 ਈਸਵੀ ਵਿੱਚ ਸਰਹਿੰਦ ਨੂੰ ਦੂਜੀ ਵਾਰ ਜਿੱਤ ਕੇ ਪੰਜਾਬ ਵਿੱਚੋਂ ਮੁਗਲ ਰਾਜ ਦਾ ਸਫਾਇਆ ਕਰ ਦਿੱਤਾ।

ਗੁਰੂ ਗੋਬਿੰਦ ਸਿੰਘ ਦੇ ਭਵਿੱਖ ਵਾਕ ਸੁਣ ਕੇ ਰਾਏ ਕੱਲੇ ਨੂੰ ਆਪਣੇ ਭਵਿੱਖ ਦੀ ਚਿੰਤਾ ਹੋ ਗਈ। ਹੱਥ ਜੋੜ ਕੇ ਕਹਿਣ ਲੱਗਾ, "ਸੱਚੇ ਪਾਤਸ਼ਾਹੋ, ਭਾਵੇਂ ਮੈਂ ਵੀ ਤੁਰਕ ਹਾਂ ਪਰ ਤੁਹਾਡਾ ਸੇਵਕ ਹਾਂ। ਮੈਨੂੰ ਤੁਰਕਾਂ ਦੇ ਵਿਨਾਸ਼ 'ਚੋਂ ਬਚਾਅ ਲਓ।" ਦਸਮ ਪਾਤਸ਼ਾਹ ਨੇ ਰਾਏ ਕੱਲ੍ਹੇ ਨੂੰ ਆਪਣੇ ਗਾਤਰੇ ਦੀ ਕਿਰਪਾਨ ਅਤੇ ਛੇਕਾਂ ਵਾਲਾ ਗੰਗਾ ਸਾਗਰ ਦੇ ਕੇ ਫਰਮਾਇਆ, "ਰਾਏ ਜੀ, ਜਦੋਂ ਤੱਕ ਆਪ ਦਾ ਖਾਨਦਾਨ ਇਨ੍ਹਾਂ ਦੋਹਾਂ ਵਸਤਾਂ ਦਾ ਮਾਣ ਸਤਿਕਾਰ ਕਰਦਾ ਰਹੇਗਾ, ਆਪ ਦਾ ਰਾਜਭਾਗ ਬਣਿਆ ਰਹੇਗਾ।" ਰਾਏ ਕੱਲ੍ਹਾ ਜਦੋਂ ਤੱਕ ਜਿਉਂਦਾ ਰਿਹਾ, ਦੋਹਾਂ ਗੁਰੂ ਵਸਤਾਂ ਦਾ ਬੇਹਦ ਸਤਿਕਾਰ ਕਰਦਾ

ਰਿਹਾ। ਭਾਈ ਸੰਤੋਖ ਸਿੰਘ ਅਨੁਸਾਰ ਰਾਏ ਕੱਲ੍ਹੇ ਨੇ ਇੱਕ ਪਲੰਘ ਉੱਤੇ ਸੁੰਦਰ ਵਿਛਾਉਣਾ ਕਰਕੇ ਗੁਰੂ ਜੀ ਦੀ ਬਖ਼ਸ਼ੀ ਕ੍ਰਿਪਾਨ ਨੂੰ ਉਸ ਉੱਪਰ ਟਿਕਾ ਦਿੱਤਾ। ਉਹ ਹਰ ਰੋਜ਼ ਉਸ ਪਲੰਘ ਉੱਤੇ ਸੱਜਰੇ ਖਿੜੇ ਫੁੱਲ ਚੜ੍ਹਾਉਂਦਾ ਸੀ। ਧੂਫ ਬੱਤੀ ਕਰਦਾ ਸੀ, ਖੜਗ ਦੇ ਨਜ਼ਦੀਕ ਘਿਓ ਦੀ ਜੋਤ ਜਗਦੀ ਰਹਿੰਦੀ ਸੀ। ਸਰਦੀਆਂ ਵਿੱਚ ਕ੍ਰਿਪਾਨ ਨੂੰ ਕੀਮਖਾਬ ਦੀ ਰਜਾਈ ਨਾਲ ਢੱਕ ਕੇ ਰੱਖਿਆ ਜਾਂਦਾ ਸੀ। ਗਰਮੀ ਦੀ ਰੁੱਤ ਵਿੱਚ ਬਨਾਰਸੀ ਜਰੀ ਦਾ ਬਸਤਰ ਦਿੱਤਾ ਜਾਂਦਾ ਸੀ।

ਖੀਨਖਾਫ ਕੀ ਤੂਲ ਰਜਾਈ।
ਹਿਮ ਰੁਤਿ ਮਹਿੰ ਅਸ ਊਪਰ ਪਾਈ।

*(ਅਸਿ: ਕ੍ਰਿਪਾਨ)*

ਗ੍ਰੀਖਮ ਰੁਤ ਮਹਿੰ ਪੋਸ਼ਿਸ਼ ਧਰੀ।
ਪਟ ਬਨਾਰਸੀ ਦੁਪੱਟਾ ਜ਼ਰੀ।

*(ਸੂਰਜ ਪ੍ਰਕਾਸ਼)*

ਰਾਏ ਕੱਲ੍ਹੇ ਦੀ ਮੌਤ ਤੋਂ ਬਾਅਦ ਉਸਦਾ ਪੁੱਤਰ ਰਾਏ ਅਹਿਮਦ ਰਾਏਕੋਟ ਦਾ ਸ਼ਾਸਕ ਬਣਿਆ। ਉਹ ਵੀ ਆਪਣੇ ਪਿਤਾ ਵਾਂਗ ਗੁਰੂ ਵਸਤਾਂ ਦਾ ਸਤਿਕਾਰ ਕਰਦਾ ਰਿਹਾ ਪਰ ਰਾਏ ਅਹਿਮਦ ਨੂੰ ਕੁਦਰਤ ਨੇ ਥੋੜਾ ਸਮਾਂ ਹੀ ਰਾਜ ਕਰਨ ਦਾ ਮੌਕਾ ਦਿੱਤਾ। 1799 ਈਸਵੀ ਵਿੱਚ ਰਾਏ ਕੱਲ੍ਹੇ ਦਾ ਪੋਤਰਾ ਅਤੇ ਰਾਏ ਅਹਿਮਦ ਦਾ ਪੁੱਤਰ ਰਾਏ ਇਲਿਆਸ ਛੋਟੀ ਉਮਰ ਵਿੱਚ ਰਾਏਕੋਟ ਦਾ ਹਾਕਮ ਬਣਿਆ। ਉਮਰ ਛੋਟੀ ਹੋਣ ਕਰਕੇ ਉਸਦੇ ਅਹਿਲਕਾਰ ਤੇ ਮੁੱਲਾਂ-ਮੁਲਾਣੇ ਉਸ ਉੱਤੇ ਹਾਵੀ ਹੋ ਗਏ। ਕਹਿਣ ਲੱਗੇ, "ਤੁਸੀਂ ਚੰਗੇ ਮੁਸਲਮਾਨ ਹੋ, ਕਾਫਰਾਂ ਦੀ ਰੀਤੀ ਅਨੁਸਾਰ ਚਲਦੇ ਹੋ। ਤੁਸੀਂ ਹਿੰਦੂ ਗੁਰੂ ਦੇ ਸਿੱਖ ਬਣੇ ਬੈਠੇ ਹੋ। ਕਈ ਪੀੜ੍ਹੀਆਂ ਤੋਂ ਸ਼ਰ੍ਹਾ ਤੋਂ ਬਾਹਰ ਹੋ। ਤੁਹਾਨੂੰ ਦੋਜ਼ਖ ਵਿਚ ਸਜ਼ਾ ਮਿਲੇਗੀ। ਤੁਸੀਂ ਇਸ ਕ੍ਰਿਪਾਨ ਨੂੰ ਗਲ ਵਿੱਚ ਕਿਉਂ ਨਹੀਂ ਪਾਉਂਦੇ? ਪਲੰਗ ਉੱਤੇ ਰੱਖ ਕੇ ਇਸ ਦੀ ਪੂਜਾ ਕਰਦੇ ਰਹਿੰਦੇ ਹੋ।

*(ਸੂਰਜ ਪ੍ਰਕਾਸ਼, ਰੁਤ ਛੇਵੀ, ਅੰਸੂ 4)*

ਮੌਲਵੀਆਂ ਦੀ ਚੁੱਕ ਵਿੱਚ ਆ ਕੇ ਰਾਏ ਇਲਿਆਸ ਨੇ ਗੁਰੂ ਜੀ ਦੀ ਪੂਜਨੀਕ ਕ੍ਰਿਪਾਨ ਗਲ ਵਿੱਚ ਪਹਿਨਣੀ ਸ਼ੁਰੂ ਕਰ ਦਿੱਤੀ। ਇੱਕ ਦਿਨ ਇਲਿਆਸ ਜਗਰਾਉਂ ਦੇ ਨੇੜੇ ਪਿੰਡ ਸ਼ੇਰਪੁਰ ਦੇ ਪਾਸ ਸ਼ਿਕਾਰ ਖੇਡਣ ਚਲਾ ਗਿਆ। ਝੀਲ ਦੇ ਕਿਨਾਰੇ ਇੱਕ ਹਿਰਨ ਨੂੰ ਵੇਖ ਕੇ ਘੋੜਾ ਉਸਦੇ ਮਗਰ ਲਾ ਦਿੱਤਾ। ਹਿਰਨ ਦੇ ਨੇੜੇ ਜਾ ਕੇ ਇਲਿਆਸ ਨੇ ਕ੍ਰਿਪਾਨ ਮਿਆਨ ਵਿੱਚੋਂ ਕੱਢ ਲਈ। ਉੱਚੀ ਉਲਾਰ ਕੇ ਜਦੋਂ ਹਿਰਨ ਤੇ ਵਾਰ ਕੀਤਾ, ਹਿਰਨ ਅੱਗੇ ਕੁਦਾੜੀ ਮਾਰ ਗਿਆ, ਕ੍ਰਿਪਾਨ ਇਲਿਆਸ ਦੇ ਪੱਟ ਵਿੱਚ ਖੁੱਭ ਗਈ। ਉਹ ਘੋੜੇ ਤੋਂ ਡਿੱਗ ਪਿਆ। ਉਸਦੇ ਸਾਥੀ ਪਿੱਛੋਂ ਦੌੜ ਕੇ ਆਏ ਤੇ 'ਹਾਏ ਹਾਏ' ਕਰਦੇ ਇਲਿਆਸ ਨੂੰ ਮੰਜੇ ਉੱਤੇ ਪਾ ਕੇ ਘਰ ਵੱਲ ਤੁਰ ਪਏ। ਪਰ ਹੋਣੀ ਦਾ ਘੇਰਿਆ ਘਰ ਨਹੀਂ ਪਹੁੰਚ ਸਕਿਆ, ਰਾਹ ਵਿਚ ਹੀ ਚਲਾਣਾ ਕਰ ਗਿਆ। ਇਹ ਘਟਨਾ 1802 ਈਸਵੀ ਦੀ ਹੈ।

ਸੂਰਜ ਪ੍ਰਕਾਸ਼ ਦੇ ਰਚੈਤਾ ਮਹਾਂਕਵੀ ਭਾਈ ਸੰਤੋਖ ਸਿੰਘ (1178-1843 ਈਸਵੀ)

ਕਹਿੰਦੇ ਹਨ ਜਦੋਂ ਇਹ ਘਟਨਾ ਵਾਪਰੀ ਉਦੋਂ ਮੇਰੀ ਉਮਰ ਛੋਟੀ ਹੀ ਸੀ। ਮੈਂ ਆਪ ਕੁਝ ਲੋਕਾਂ ਤੋਂ ਇਹ ਗੱਲ ਸੁਣੀ:

ਪੰਥ ਬਿਖੈ ਹੀ ਮਰ ਗਯੋ ਨਹਿੰ ਗਰ ਲਗ ਆਵਾ।
ਕਵਿ ਭਾਖੈ ਹਮ ਅਲਪ ਬਯ ਜਬਿ ਇਹ ਸੁਨਿ ਪਾਵਾ।

ਰਾਏ ਇਲਿਆਸ ਦੀ ਕਬਰ ਪਿੰਡ ਸ਼ੇਰਪੁਰ ਦੇ ਨੇੜੇ ਬਣੀ ਹੋਈ ਹੈ। ਪ੍ਰਿੰਸੀਪਲ ਗੁਰਨਾਮ ਸਿੰਘ ਬਿੰਜਲ (ਲੇਖਕ ਕਿਤਾਬਚਾ 'ਬਚਨ ਦੀ ਕਰਾਮਾਤ) ਅਨੁਸਾਰ ਇਸ ਕਬਰ ਨੂੰ "ਨੌ ਗਜ਼ੀਏ" ਦੀ ਕਬਰ ਕਹਿੰਦੇ ਹਨ ਪਰ "ਨੌ ਗਜ਼ੀਆ" ਗਲਤ ਲਫਜ਼ ਹੈ। ਸਹੀ ਲਫਜ਼ 'ਗਾਜ਼ੀ' ਹੈ। "ਨੌ ਗਾਜ਼ੀ" ਦਾ ਅਰਥ ਹੈ "ਨਵਾਂ ਗਾਜ਼ੀ" ਭਾਵ ਨਵਾਂ ਬਣਿਆ ਮੁਸਲਮਾਨ। ਮੌਲਵੀਆਂ ਦੀ ਚੁੱਪ ਵਿੱਚ ਆ ਕੇ ਰਾਏ ਇਲਿਆਸ ਕਿਉਂਕਿ ਇਸਲਾਮੀ ਸ਼ਰ੍ਹਾ ਵਿਚ ਅਜੇ ਨਵਾਂ ਨਵਾਂ ਹੀ ਆਇਆ ਸੀ ਇਸ ਲਈ ਉਸਦੀ ਕਬਰ "ਨੌ ਗਾਜ਼ੀ ਦੀ ਕਬਰ" ਮਸ਼ਹੂਰ ਹੋ ਗਈ।

ਰਾਏ ਇਲਿਆਸ ਬੇਔਲਾਦ ਹੀ ਮਰ ਗਿਆ ਸੀ। ਰਿਆਸਤ ਨੂੰ ਸੰਭਾਲਣ ਲਈ ਹੁਣ ਪਿੱਛੇ ਦੋ ਵਿਧਵਾ ਔਰਤਾਂ ਹੀ ਰਹਿ ਗਈਆਂ। ਇਕ ਇਲਿਆਸ ਦੀ ਮਾਤਾ ਨੂਰ-ਉਲ-ਨਿਸ਼ਾ ਅਤੇ ਦੂਜੀ ਇਲਿਆਸ ਦੀ ਪਤਨੀ ਭਾਗ ਭਰੀ। ਪ੍ਰਬੰਧ ਢਿੱਲਾ ਪੈ ਗਿਆ ਅਤੇ ਸਾਰੇ ਇਲਾਕੇ ਵਿੱਚ ਅਫਰਾ-ਤਫਰੀ ਫੈਲ ਗਈ।

ਦੂਜੇ ਪਾਸੇ ਪੰਜਾਬ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਚੜ੍ਹਤ ਦਾ ਸਮਾਂ ਸੀ। ਮਹਾਰਾਜਾ ਰਿਆਸਤ ਪਟਿਆਲਾ ਅਤੇ ਨਾਭਾ ਦਾ ਇਕ ਝਗੜਾ ਨਿਬੇੜਨ ਲਈ ਮਾਲਵੇ ਵਿੱਚ ਆਇਆ ਤਾਂ ਉਸਨੂੰ ਰਾਏਕੋਟ ਦੀ ਮੰਦੀ ਹਾਲਤ ਦਾ ਪਤਾ ਲੱਗਾ। ਇਸ ਤੋਂ ਬਿਨਾਂ ਰਾਏਕੋਟ ਅਤੇ ਊਨੇ ਵਾਲੇ ਬਾਬਾ ਸਾਹਿਬ ਸਿੰਘ ਬੇਦੀ ਵਿਚਾਲੇ ਇੱਕ ਲੜਾਈ ਵੀ ਹੋ ਚੁੱਕੀ ਸੀ। ਮਹਾਰਾਜਾ ਰਣਜੀਤ ਸਿੰਘ ਨੇ ਰਾਏਕੋਟ ਦਾ ਸਾਰਾ ਇਲਾਕਾ ਆਢ ਗੁਆਂਢ ਦੇ ਸਿੱਖ ਰਾਜਿਆਂ ਨੂੰ ਵੰਡ ਦਿੱਤਾ ਅਤੇ ਰਾਣੀ ਨੂਰ-ਉਲ-ਨਿਸਾ ਕੋਲ ਗੁਜ਼ਾਰੇ ਲਈ ਕੇਵਲ ਪੰਜ ਪਿੰਡ ਰਾਏਕੋਟ, ਤਲਵੰਡੀ, ਹੇਹਰਾਂ, ਛੱਜਾਵਾਲ ਤੇ ਮੋਰ ਕਰੀਮਾ ਰਹਿ ਗਏ। ਨੂਰ-ਉਲ-ਨਿਸ਼ਾ ਤੋਂ ਬਾਅਦ ਰਾਣੀ ਭਾਗ ਭਰੀ ਰਾਏ ਪਰਿਵਾਰ ਦੀ ਮੁਖੀ ਬਣੀ।

ਇਕ ਵਾਰ ਮਹਾਰਾਜਾ ਰਣਜੀਤ ਸਿੰਘ ਨੇ ਕਪੂਰਥਲਾ ਦੇ ਅਹਿਲਕਾਰ ਚੌਧਰੀ ਕਾਦਰ ਬਖਸ਼ ਰਾਹੀਂ ਰਾਣੀ ਭਾਗ ਭਰੀ ਤੋਂ ਗੁਰੂ ਗੋਬਿੰਦ ਸਿੰਘ ਜੀ ਵਾਲੀ ਕ੍ਰਿਪਾਨ ਲੈਣੀ ਚਾਹੀ ਅਤੇ ਕ੍ਰਿਪਾਨ ਦੇ ਬਦਲੇ ਚੰਗੀ-ਚੋਖੀ ਜਾਗੀਰ ਦੇਣ ਦੀ ਪੇਸ਼ਕਸ਼ ਕੀਤੀ। ਪਰ ਰਾਏ ਪਰਿਵਾਰ ਇਸ ਕਿਰਪਾਨ ਦੀ ਕਰਾਮਾਤ ਦੇਖ ਚੁੱਕਾ ਸੀ। ਭਾਵੇਂ ਇਲਿਆਸ ਇਸ ਕਿਰਪਾਨ ਦੇ ਘਾਉ ਨਾਲ ਹੀ ਮਰਿਆ ਸੀ, ਫੇਰ ਵੀ ਇਹ ਪਰਿਵਾਰ ਇਸ ਕਿਰਪਾਨ ਨੂੰ ਪਵਿੱਤਰ ਸਮਝਦਾ ਸੀ ਅਤੇ ਆਪਣੇ ਨਾਲੋਂ ਵੱਖ ਨਹੀਂ ਕਰਨਾ ਚਾਹੁੰਦਾ ਸੀ। ਪ੍ਰਿੰਸੀਪਲ ਗੁਰਨਾਮ ਸਿੰਘ ਦੇ ਕਿਤਾਬਚੇ ਅਨੁਸਾਰ ਰਾਣੀ ਭਾਗ ਭਰੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਇਹ ਕਹਿ ਕੇ ਕ੍ਰਿਪਾਨ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਅਸੀਂ ਕੋਈ 'ਮਤਬੱਰਕ ਫਰੋਸ਼' ਨਹੀਂ ਹਾਂ ਭਾਵ ਅਸੀਂ ਪਵਿੱਤਰ ਚੀਜ਼ਾਂ ਵੇਚਣ ਵਾਲੇ ਨਹੀਂ। ਕੁਝ ਸਮੇਂ ਬਾਅਦ ਮਹਾਰਾਜਾ ਪਟਿਆਲਾ ਨੇ ਜਦੋਂ ਇਹੀ ਕ੍ਰਿਪਾਨ ਹਾਸਲ ਕਰਨ ਦੀ ਇੱਛਾ ਜ਼ਾਹਿਰ ਕੀਤੀ ਤਾਂ ਉਸ ਨੂੰ ਵੀ ਉਪਰਲਾ

ਇਨਕਾਰ ਵਾਲਾ ਉੱਤਰ ਹੀ ਮਿਲਿਆ। ਮਹਾਨ ਕੋਸ਼ ਭਾਈ ਕਾਹਨ ਸਿੰਘ ਨਾਭਾ ਅਨੁਸਾਰ ਜਿਸ ਮਨੋਰਥ ਵਿੱਚ ਮਹਾਰਾਜਾ ਰਣਜੀਤ ਸਿੰਘ ਅਤੇ ਮਹਾਰਾਜਾ ਪਟਿਆਲਾ ਸਫਲ ਨਹੀਂ ਹੋਏ ਉਸ ਵਿੱਚ ਨਾਭਾਪਤੀ ਮਹਾਰਾਜਾ ਜਸਵੰਤ ਸਿੰਘ (1775-1840 ਈਸਵੀ) ਕਾਮਯਾਬ ਹੋ ਗਏ। ਉਨ੍ਹਾਂ ਨੇ ਨਵਾਬ ਮਲੇਰਕੋਟਲਾ ਰਾਹੀਂ ਰਾਣੀ ਭਾਗ ਭਰੀ ਤੋਂ ਇਹ ਕ੍ਰਿਪਾਨ ਹਾਸਲ ਕਰ ਲਈ। ਅੱਜ ਕੱਲ੍ਹ ਇਹ ਕ੍ਰਿਪਾਨ ਗੁਰਦੁਆਰਾ ਸਰੋਪਾ ਸਾਹਿਬ ਨਾਭਾ ਵਿਖੇ ਸੁਸ਼ੋਭਤ ਹੈ। ਇਸ ਕ੍ਰਿਪਾਨ ਤੇ ਸ਼ਬਦ 'Genoa' ਉਕਰਿਆ ਹੋਇਆ ਹੈ।

ਪਰ ਦਸਮ ਪਾਤਸ਼ਾਹ ਦੀ ਇਸ ਕ੍ਰਿਪਾਨ ਬਾਰੇ ਇਕ ਹੋਰ ਸੂਚਨਾ ਵੀ ਮਿਲਦੀ ਹੈ। 1854 ਵਿੱਚ ਰਾਣੀ ਭਾਗ ਭਰੀ ਦਾ ਦੇਹਾਂਤ ਹੋ ਗਿਆ। ਇਸ ਸਮੇਂ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਚੁੱਕਾ ਸੀ। ਰਾਣੀ ਦੀ ਮੌਤ ’ਤੇ ਡਿਪਟੀ ਕਮਿਸ਼ਨਰ ਲੁਧਿਆਣਾ ਰਾਏਕੋਟ ਅਫਸੋਸ ਕਰਨ ਆਏ। ਰਾਣੀ ਦੇ ਪਾਲਿਤ ਪੁੱਤਰ ਅਤੇ ਵਾਰਸ ਰਾਏ ਇਮਾਮ ਬਖਸ਼ ਨੇ ਅੰਗਰੇਜ਼ ਡੀ. ਸੀ. ਨੂੰ ਗੁਰੂ ਸਾਹਿਬ ਵਾਲੀ ਇਤਿਹਾਸਿਕ ਕ੍ਰਿਪਾਨ ਇਸ ਖਿਆਲ ਨਾਲ ਭੇਟ ਕਰ ਦਿੱਤੀ ਕਿ ਸ਼ਾਇਦ ਅੰਗਰੇਜ਼ ਹਾਕਮ ਖੁਸ਼ ਹੋ ਕੇ ਉਸ ਨੂੰ ਕੋਈ ਬਖ਼ਸ਼ਿਸ਼ ਦੇ ਜਾਣਗੇ। ਡਿਪਟੀ ਕਮਿਸ਼ਨਰ ਨੇ ਇਹ ਕ੍ਰਿਪਾਨ 25 ਨਵੰਬਰ 1854 ਨੂੰ ਇੰਗਲੈਂਡ ਭਿਜਵਾ ਦਿੱਤੀ। ਇਸ ਪਰਿਵਾਰ ਦੇ ਫਲ ਉੱਤੇ ਇੱਕ ਪਾਸੇ ਗੁਰਮੁਖੀ ਵਿੱਚ ਇਹ ਸ਼ਬਦ ਉਕਰੇ ਹੋਏ ਹਨ:

'ਅਕਾਲ ਪੁਰਖ ਕੀ ਰਛਿਆ ਹਮ ਨੇ। ੧ੴ ਸਤਿਗੁਰੂ ਪ੍ਰਸਾਦ॥
ਉਤਰ ਖਾਸੇ ਪਾਤਸ਼ਾਹੀ ਦਸਵੀਂ। ਸਰਬ ਲੋਹ ਕੀ ਰਛਿਆ ਹਮ ਨੇ।

ਫਲ ਦੇ ਦੂਜੇ ਪਾਸੇ ਇਹ ਸ਼ਬਦ ਅੰਕਿਤ ਹਨ: 'ਸਰਬ ਕਾਲ ਕੀ ਰਛਿਆ ਹਮ ਨੈ।'

ਗੁਰੂ ਗੋਬਿੰਦ ਸਿੰਘ ਵਾਲੀ ਅਸਲੀ ਕ੍ਰਿਪਾਨ ਕਿਹੜੀ ਹੈ, ਇਸ ਦਾ ਨਿਰਨਾ ਕਰਨ ਲਈ ਇਤਿਹਾਸ ਦੀ ਕਾਫੀ ਛਾਣ-ਬੀਣ ਕਰਨ ਦੀ ਲੋੜ ਹੈ। ਪਰ ਇੱਕ ਗੱਲ ਸਿੱਧ ਹੈ ਕਿ ਜਿਨ੍ਹਾਂ ਵਸਤਾਂ ਨੂੰ ਮਹਾਂਪੁਰਸ਼ਾਂ ਅਤੇ ਪੈਗੰਬਰਾਂ ਦੀ ਛੋਹ ਪ੍ਰਾਪਤ ਹੋ ਜਾਂਦੀ ਹੈ ਉਹ ਸਾਧਾਰਨ ਤੋਂ ਅਸਾਧਾਰਨ ਅਤੇ ਅਲੌਕਿਕ ਬਣ ਜਾਂਦੀਆਂ ਅਤੇ ਉਹਨਾਂ ਦੇ ਦਰਸ਼ਨਾਂ ਲਈ ਜ਼ਮਾਨਾ ਸਦੀਆਂ ਤੱਕ ਬਿਹਬਲ ਰਹਿੰਦਾ ਹੈ।

***

## 15.
## ਨਵਾਂ ਮਹਾਨ ਕੋਸ਼

(ਰਚਨਾ ਈ: 2020)

**ਲੇਖਕ**

**ਡਾ: ਹਰਜਿੰਦਰ ਸਿੰਘ ਦਿਲਗੀਰ**

### ਕੱਲ੍ਹਾ ਰਾਏ

ਰਾਏ ਕਲ੍ਹਾ (ਪੁੱਤਰ ਰਾਏ ਅਹਿਮਦ ਅਤੇ ਪੋਤਾ ਤੁਲਸੀ ਰਾਮ), ਇਕ ਰਾਜਪੂਤ ਤੋਂ ਮੁਸਲਮਾਨ ਬਣੇ ਪਰਿਵਾਰ ਨਾਲ ਸਬੰਧ ਰਖਦਾ ਸੀ। ਉਸ ਦੀ ਰਿਹਾਇਸ਼ ਰਾਏਕੋਟ (ਹੁਣ ਜ਼ਿਲ੍ਹਾ ਲੁਧਿਆਣਾ) ਵਿਚ ਸੀ। ਉਹ ਤਿਹਾੜ-ਜਗਰਾਓਂ ਦੇ ਇਲਾਕੇ ਦਾ ਹਾਕਮ ਸੀ। ਉਸ ਦੀ

ਬੇਟੀ ਦੀ ਸ਼ਾਦੀ ਕੋਟਲਾ ਨਿਹੰਗ ਖ਼ਾਨ ਦੇ ਮੁਖੀ ਭਾਈ ਨਿਹੰਗ ਖ਼ਾਨ ਦੇ ਬੇਟੇ ਆਲਮ ਖ਼ਾਨ ਨਾਲ ਹੋਈ ਸੀ। ਅਨੰਦਪੁਰ ਸਾਹਿਬ ਛੱਡਣ (5-6 ਦਸੰਬਰ 1705) ਮਗਰੋਂ ਚਮਕੌਰ (7 ਦਸੰਬਰ 1705) ਅਤੇ ਮਾਛੀਵਾੜਾ ਵਿਚ (7 ਤੋਂ 10 ਦਸੰਬਰ ਤਕ) ਰੁਕਣ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਮਾਲਵੇ ਵਲ ਚਲ ਪਏ। ਉਹ 17 ਦਸੰਬਰ 1705 ਦੇ ਦਿਨ ਲੰਮਾ ਜੱਟਪੁਰਾ ਵਾਲੀ ਥਾਂ ’ਤੇ ਪੁੱਜੇ। ਏਥੇ ਭਾਈ ਰਾਏ ਕਲ੍ਹਾ ਨੇ ਗੁਰੂ ਜੀ ਨੂੰ ਜੀ ਆਇਆਂ ਕਿਹਾ ਅਤੇ ਉਨ੍ਹਾਂ ਦੀ ਸੇਵਾ ਕੀਤੀ। ਉਸ ਨੇ ਆਪਣੇ ਸਾਥੀ ਨੂਰਾ ਮਾਹੀ ਨੂੰ ਸਰਹੰਦ ਭੇਜ ਕੇ ਮਾਤਾ ਗੁਜਰੀ ਅਤੇ ਬੱਚਿਆਂ ਦੀ ਸ਼ਹੀਦੀ ਅਤੇ ਟੋਡਰ ਮੱਲ ਪ੍ਰਵਾਰ ਵੱਲੋਂ ਉਨ੍ਹਾਂ ਦਾ ਸਸਕਾਰ ਕੀਤੇ ਜਾਣ ਦੀ ਖ਼ਬਰ ਦੀ ਤਸਦੀਕ ਕਰਵਾਈ। ਜਦ ਗੁਰੂ ਜੀ ਨੂੰ ਇਹ ਖ਼ਬਰ ਮਿਲੀ ਤਾਂ ਰਾਏ ਕਲ੍ਹਾ ਨੇ ਬਹੁਤ ਅਫ਼ਸੋਸ ਜ਼ਾਹਿਰ ਕੀਤਾ। ਗੁਰੂ ਜੀ ਨੇ ਉਸ ਨੂੰ ਕਿਹਾ ਕਿ ਇਹ ਸਭ ਰੱਬ ਦਾ ਭਾਣਾ ਹੈ ਤੇ ਸਾਨੂੰ ਸਾਰਿਆਂ ਨੂੰ ਉਸ ਦੇ ਹੁਕਮ ਅੱਗੇ ਸਿਰ ਝੁਕਾਉਣਾ ਚਾਹੀਦਾ ਹੈ। ਇਸ ਸਮੇਂ ਗੁਰੂ ਜੀ ਨੇ ਕ੍ਰਿਪਾਨ ਦੀ ਨੋਕ ਨਾਲ ਜ਼ਮੀਨ ਵਿਚੋਂ ਇਕ ਕਾਹੀ ਦਾ ਬੂਟਾ ਉਖਾੜਨਾ ਸ਼ੁਰੂ ਕੀਤਾ। ਰਾਏ ਕਲ੍ਹਾ ਨੇ ਇਸ ਕੌਤਕ ਦਾ ਭਾਵ ਪੁੱਛਿਆ ਤਾਂ ਗੁਰੂ ਜੀ ਨੇ ਕਿਹਾ ਕਿ ਹੁਣ ਤੁਰਕ ਰਾਜ ਦੀਆਂ ਜੜ੍ਹਾਂ ਉਖੜ ਜਾਣਗੀਆਂ; ਇਨ੍ਹਾਂ ਦਾ ਰਾਜ ਨਹੀਂ ਰਹੇਗਾ। ਜਦ ਰਾਏ ਕਲ੍ਹਾ ਨੇ ਗੁਰੂ ਜੀ ਵਲ ਸਵਾਲੀਆ ਨਜ਼ਰਾਂ ਨਾਲ ਵੇਖਿਆ ਤਾਂ ਉਨ੍ਹਾਂ ਕਿਹਾ ਕਿ ਰਾਏਕੋਟ ਗੁਰੂ ਦੇ ਸੇਵਕ ਦਾ ਘਰ ਹੈ; ਇਸ ਦਾ ਕੁਝ ਨਹੀਂ ਵਿਗੜੇਗਾ। ਏਥੋਂ ਜਾਣ ਤੋਂ ਪਹਿਲਾਂ ਗੁਰੂ ਜੀ ਨੇ ਉਸ ਨੂੰ ਆਪਣੀ ਕ੍ਰਿਪਾਨ ਅਤੇ ਗੰਗਾ ਸਾਗਰ ਨਾਂ ਦਾ ਲੋਟਾ ਭੇਟ ਕੀਤਾ (ਇਹ ਕ੍ਰਿਪਾਨ ਮਗਰੋਂ ਉਸ ਦੇ ਪੋਤੇ ਨੇ ਲੁਧਿਆਣੇ ਦੇ ਇਕ ਡਿਪਟੀ ਕਮਿਸ਼ਨਰ ਨੂੰ ਦੇ ਦਿੱਤੀ ਸੀ, ਜੋ ਇੰਡੀਆ ਆਫ਼ਿਸ ਲੰਡਨ ਪਹੁੰਚਾ ਦਿੱਤੀ ਗਈ ਸੀ; ਇਸ ਮਗਰੋਂ ਉਸ ਦਾ ਕੁਝ ਪਤਾ ਨਹੀਂ ਲੱਗਾ; ਪਰ ਗੰਗਾ ਸਾਗਰ ਅਜ ਵੀ ਉਸ ਪਰਿਵਾਰ ਦੇ ਵਾਰਿਸਾਂ ਕੋਲ ਮੌਜੂਦ ਹੈ)। 1731 ਵਿਚ ਜਦ ਰਾਏ ਕਲ੍ਹਾ ਬਜ਼ੁਰਗ ਹੋ ਗਿਆ ਤਾਂ ਪਟਿਆਲਾ ਦੇ ਰਾਜਾ ਆਲਾ ਸਿੰਘ ਨੇ ਹਮਲਾ ਕਰ ਕੇ ਉਸ ਦਾ ਕੁਝ ਇਲਾਕਾ ਕਬਜ਼ੇ ਵਿਚ ਕਰ ਲਿਆ। ਰਾਏ ਇਲੀਆਸ ਇਸ ਪਰਿਵਾਰ ਦਾ ਆਖ਼ਰੀ ਹਾਕਮ ਸੀ। 1947 ਵਿਚ ਇਹ ਪਰਿਵਾਰ ਚੀਚਾ ਵਤਨੀ (ਪਾਕਿਸਤਾਨ) ਚਲਾ ਗਿਆ ਸੀ। ਹੁਣ ਇਨ੍ਹਾਂ ਦੇ ਪਰਿਵਾਰ ਦੇ ਕੁਝ ਘਰ ਪਾਕਿਸਤਾਨ ਤੇ ਕੁਝ ਵਿਦੇਸ਼ਾਂ ਵਿਚ ਰਹਿ ਰਹੇ ਹਨ।

***

**16.**

# Sri Sahib Ji Sahai

**(2024)**

**By**

**Gurbir Singh**

**Gagandeep Kaur**

**Rai Kalha**

Feudatory chief of Raikot in Ludhiana district of the Punjab,

was a contemporary of Guru Gobind Singh (1666-1708). Rai Kalha's daughter was married to Alam Khan, son of Nihang Khan and Guru Gobind Singh had attended the wedding. When Guru Gobind Singh, after his escape from Chamkaur Sahib, was passing through his territory, Rai Kalha received him warmly and served him with devotion. He sent one of his own men (Nura Mahi) to Sarhind to bring news of the Guru's mother and his two younger sons. While he himself attended upon the Guru who was then putting up at the Lamman-Jattpura. As the messenger returned and narrated how the Guru's sons had been executed under the orders of the Sarhind officials, Rai Kalha was overwhelmed with grief. Guru Gobind Singh consoled him and before departing bestowed upon him three gifts - a sword, Gangasagar (a pitcher) and a wooden rack to hold a religious book for recitation. Rai Kalha kept these articles as sacred relics and so did his son after him. In British days, the sword was appropriated by the staff of the English Deputy Commissioner of Ludhiana. It was ultimately sent to England where it was kept in the British Museum. The other two relics were preserved in the family until 1947 when it migrated to Pakistan.

The present custodian of Gangasagar is Rai Azizullah Khan, grandson of Khan Bahadur Rai Inayat Khan and the heir of the family. His illustrious family has kept this sacred gift of Guru Gobind Singh with great respect and care for more than 300 years. Real significance of the Gangasagar is not in any miracle that is sometimes attached to it. The real significance is in what the Gangasagar stands for. It represents an appreciation of fearless love and respect shown by the family towards the Guru. Even more remarkably, the Rai family accorded the Guru a warm welcome against the obvious risk of serious reprisals from rulers of the day, In this sense, the Gangasagar is a symbol of love. It reminds us and will continue to remind all those who are fortunate enough to see it

in the future, of love that transcends the artificial boundaries of religion, race or caste. It is a symbol of love that embraces the entire humanity. It expresses the oneness of humanity that was the essence of Guru Gobind Singh's life and teachings.

***

## 17.

## ਅਗਿਆਤ

ਪਿੰਡ ਮੋਹੀ ਤੋਂ ਗੁਰੂ ਜੀ ਪਿੰਡ ਹੇਰਾਂ ਮਹੰਤ ਕਿਰਪਾਲ ਉਦਾਸੀ (ਜਿਸਨੇ ਭੰਗਾਣੀ ਦੇ ਯੁੱਧ ਵਿਚ ਆਪਣੇ ਕੁੱਤਕੇ (ਡੰਡੇ) ਨਾਲ ਹੀ ਬੜੇ ਨਾਮੀ ਯੋਧੇ ਰਯਾਤ ਖਾਂ ਨੂੰ ਮੁਕਾਬਲਾ ਕਰਕੇ ਮਾਰ ਦਿੱਤਾ ਸੀ) ਦੇ ਡੇਰੇ ਪਹੁੰਚੇ, ਮਹੰਤ ਨੂੰ ਇੱਕ ਰਾਤ ਰਹਿਣ ਬਾਰੇ ਪੁੱਛਿਆ। ਵਕਤ ਦੀ ਜਾਲਮ ਸਰਕਾਰ ਤੋਂ ਡਰਦੇ ਮਹੰਤ ਨੇ ਨਾਂਹ ਕਰ ਦਿੱਤੀ। ਇਥੋਂ ਗੁਰੂ ਜੀ ਪਿੰਡ ਰਾਜੋਆਣਾ, ਕਮਾਲਪੁਰਾ ਹੁੰਦੇ ਹੋਏ ਸੀਲੋਆਣੀ ਪਹੁੰਚੇ।

ਇਸ ਇਲਾਕੇ ਦਾ ਮਾਲਕ ਰਾਜਿਆਂ ਵਾਂਗ ਅਮੀਰ ਰਾਏ ਕਲ੍ਹਾ ਜਾਂ ਕਲ੍ਹਾ ਰਾਏ ਇੱਕ ਧਰਮੀ ਨੇਕ ਦਿਲ ਸਿਦਕੀ ਇਨਸਾਨ ਸੀ। ਆਪਣੇ ਕੁੜਮ ਨਿਹੰਗ ਖ਼ਾਨ (ਨਿਹੰਗ ਮਾਨ ਦਾ ਪੁੱਤਰ ਆਲਮ ਖ਼ਾਨ ਰਾਏ ਕੱਲ੍ਹਾ ਦਾ ਜੁਆਈ ਸੀ) ਵਾਂਗੂੰ ਇਹ ਵੀ ਗੁਰੂ ਘਰ ਦਾ ਸ਼ਰਧਾਲੂ ਸੀ।

ਗੁਰੂ ਜੀ ਇੱਕ ਬੇਰੀ ਹੇਠ ਅਰਾਮ ਕਰਨ ਲਈ ਕੁਝ ਦੇਰ ਰੁਕੇ। ਨੱਗਰ ਵਲੋਂ ਚਰਵਾਹੇ ਆਉਂਦੇ ਤੱਕੇ। ਪਿਛੇ ਆ ਰਹੇ ਇੱਕ ਚਰਵਾਹੇ ਨੇ ਝਿੜੀ ਵਿੱਚ ਅਜਨਬੀ ਵੇਖ ਕੇ ਸੇਵਾ ਪੁੱਛੀ ਅਤੇ ਨਾਲ ਹੀ ਆਪਣੀ ਮਜਬੂਰੀ ਵੀ ਦੱਸੀ ਕਿ ਮੇਰੀਆਂ ਮਝਾਂ ਦੁੱਧ ਨਹੀਂ ਦਿੰਦੀਆਂ ਨਹੀਂ ਤਾਂ ਮੈਂ ਆਪ ਜੀ ਨੂੰ ਦੁੱਧ ਹੀ ਚੋ ਦਿੰਦਾ। ਆਖੋ ਤਾਂ ਵਾਪਸ ਪਿੰਡ ਤੋਂ ਜਾ ਕੇ ਕੁਝ ਖਾਣ ਲਈ ਲਿਆ ਦਿੰਦਾ ਹਾਂ।

ਗੁਰੂ ਜੀ ਹੱਸ ਕੇ ਆਖਣ ਲੱਗੇ 'ਭਲੇ ਪੁਰਖਾ, ਆਹ ਲੈ ਗੰਗਾ ਸਾਗਰ, ਰੱਬ ਦਾ ਨਾਮ ਲੈ ਕੇ ਕਿਸੇ ਵੀ ਮੱਝ ਹੇਠ ਚੋਣ ਲਈ ਬੈਠ ਜਾਹ, ਆਪੇ ਅਕਾਲ ਪੁਰਖ ਥਣਾਂ ਵਿਚ ਦੁੱਧ ਪਾ ਦੇਵੇਗਾ।' ਪਹਿਲਾਂ ਤਾਂ ਛੇਕਾਂ ਵਾਲਾ ਲੋਟਾ ਵੇਖ ਕੇ ਨੂਰਾ ਹੈਰਾਨ ਹੋਇਆ, ਪਰ ਸੋਚਿਆ ਸਾਂਈ ਲੋਕ ਹਨ ਇਸ ਵਿੱਚ ਵੀ ਕੋਈ ਭੇਦ ਹੋਣਾ ਹੈ। ਭਰੋਸੇ ਨਾਲ ਇੱਕ ਮੱਝ ਹੇਠ ਦੁੱਧ ਚੋਣ ਬੈਠ ਗਿਆ। ਕੁਝ ਦੁੱਧ ਡੁੱਲਿਆ ਪਰ ਜਦੋਂ ਲੋਟਾ ਭਰ ਗਿਆ ਤਾਂ ਡੁਲਣੋਂ ਬੰਦ ਹੋ ਗਿਆ। ਭਾਈ ਵੀਰ ਸਿੰਘ ਜੀ ਅਨੁਸਾਰ ਦੁੱਧ ਵਰਤ ਕੇ ਇਹ ਗੰਗਾ ਸਾਗਰ ਨੂਰੇ ਮਾਹੀ ਨੂੰ ਏਥੇ ਹੀ ਦੇ ਦਿੱਤਾ।

ਪਰ ਮਾਲਵਾ ਇਤਿਹਾਸ, ਮਹਾਨ ਕੋਸ਼ ਅਤੇ ਹੋਰ ਇਤਿਹਾਸਕਾਰ ਇਸ ਸਾਖੀ ਨੂੰ ਇਓਂ ਮੰਨਦੇ ਹਨ ਕਿ ਮਾਹੀ ਨੂਰਾ ਗੁਰੂ ਜੀ ਨੂੰ ਦੁੱਧ ਪਿਲਾ ਕੇ ਇਹ ਕੌਤਕ ਪਿੰਡ ਵਾਸੀਆਂ ਨੂੰ ਦੱਸਣ ਲਈ ਪਿਛਲੇ ਪੈਰੀਂ ਨੱਸਿਆ ਆਇਆ। ਆਪਣੇ ਮਾਲਕ ਰਾਏ ਸਾਹਿਬ ਨੂੰ ਸਾਰੀ ਅਸਚਰਜ ਕਹਾਣੀ ਆ ਸੁਣਾਈ। ਗੁਰੂ ਸਾਹਿਬ ਜੀ ਦਾ ਇਸ ਇਲਾਕੇ ਵੱਲ ਆਉਣ ਦਾ

ਆਪਣੇ ਕੁੜਮ ਨਿਹੰਗ ਖਾਨ ਦਾ ਸੁਨੇਹਾ ਵੀ ਮਿਲ ਗਿਆ। ਸੋਚਿਆ ਕਿ ਹੋਵੇ ਨਾ ਤਾਂ ਕਲਗੀਆਂ ਵਾਲਾ ਆਪ ਹੀ ਹੋਵੇ। ਇੱਕ ਵਧੀਆ ਘੋੜਾ, ਇੱਕ ਸੁੰਦਰ ਪੁਸ਼ਾਕ ਅਤੇ 500 ਰੁਪਏ ਲੈ ਨੂਰੇ ਮਾਹੀ ਨੂੰ ਨਾਲ ਲੈ ਕੇ ਗੁਰੂ ਮਹਾਰਾਜ ਜੀ ਦੇ ਚਰਨੀਂ ਆ ਮੱਥਾ ਟੇਕਿਆ।

ਪੰਥ ਪ੍ਰਕਾਸ਼ ਗਿ: ਗਿਆਨ ਸਿੰਘ ਜੀ ਅਨੁਸਾਰ:

ਹੋਇ ਸਵਾਰ ਅੱਸ ਪਰ ਚਾਲੇ ਪੁਗੇ ਜਟ ਪੁਰ ਲੰਮੇ।
ਰਾਏਕੋਟ ਵਾਰੋ ਰਾ ਕੱਲਾ ਮਿਲਯੋ ਤਹੀ ਤਿਸ ਸਮੇਂ।

ਬੜੇ ਆਦਰ, ਮਾਣ ਅਤੇ ਸ਼ਰਧਾ ਭਾਵਨਾ ਨਾਲ ਗੁਰੂ ਜੀ ਨੂੰ ਸਾਥੀਆਂ ਸਮੇਤ ਆਪਣੇ ਡੇਰੇ ਸੀਲੋਆਣੀ ਲੈ ਆਇਆ। ਆਏ ਮਹਿਮਾਨਾਂ ਨੂੰ ਬੈਠਣ ਲਈ ਪਲੰਗ ਡਾਹੇ ਗਏ। ਹੱਥ ਪੈਰ ਧੁਆ ਕੇ ਦੁੱਧ ਦੇ ਛੰਨਿਆਂ ਵਿਚ ਸ਼ੱਕਰ ਘੋਲ ਕੇ ਨੂਰਾ ਮਾਹੀ ਬਿਨ ਪੁੱਛਿਆਂ ਹੀ ਲੈ ਆਇਆ। ਗੁਰੂ ਜੀ ਨੇ ਲੋੜ ਅਨੁਸਾਰ ਦੁੱਧ ਪੀਤਾ। ਰਾਏ ਕੱਲ੍ਹੇ ਨੇ ਗੁਰੂ ਜੀ ਅੱਗੇ ਨਿਮਰਤਾ ਅਤੇ ਪਿਆਰ ਨਾਲ ਹੱਥ ਜੋੜ ਕੇ ਸਵਾਲ ਜੇਹੀ ਬੇਨਤੀ ਇਓਂ ਕੀਤੀ-

ਮੇਰੇ ਦਾਤਿਆ ਪੁੱਛਾਂ ਹੈਰਾਨ ਹੋ ਕੇ,
ਨੀਲਾ ਘੋੜਾ ਤੇ ਹੱਥ 'ਤੇ ਬਾਜ ਹੈ ਨਹੀਂ।
ਕਲਗੀ ਵਾਲੜਾ ਕਿਵੇਂ ਮੈਂ ਕਹਾਂ ਤੈਨੂੰ,
ਕਲਗੀ ਸੀਸ 'ਤੇ ਨਹੀਂ ਤੇ ਤਾਜ ਹੈ ਨਹੀਂ।
ਹੀਰੇ ਜੜ੍ਹਤ ਸਿੰਘਾਸਣ ਨਹੀਂ ਅੱਜ ਹੇਠਾਂ,
ਚੋਲਾ ਰੇਸ਼ਮੀ ਗਲੇ ਮਹਾਰਾਜ ਹੈ ਨਹੀਂ।
ਪ੍ਰਸਾਦੀ ਹਾਥੀ ਉਹ ਦਰਸ਼ਨੀ ਗਿਆ ਕਿਥੇ,
ਨਾਲ ਸਿੱਖੀ ਦਾ ਟਹਿਕਦਾ ਬਾਗ ਹੈ ਨਹੀਂ।

ਵਸਾਈ ਆਪ ਜੋ ਸਵਰਗ ਦਾ ਰੂਪ ਹੈ ਨਹੀਂ,
ਕੀਹਦੇ ਆਸਰੇ ਉਸ ਨੂੰ ਛੱਡਿਆ ਈ?
ਜਾਂ ਫਿਰ ਜ਼ੋਰ ਪਾ ਕੇ ਤੈਨੂੰ ਵੈਰੀਆਂ ਨੇ,
ਓਸ ਪੁਰੀ ਅਨੰਦ 'ਚੋਂ ਕੱਢਿਆ ਈ?

ਪੂਜਣ ਯੋਗ ਉਹ ਵਿਧਵਾ ਮਾਂ ਬੁੱਢੀ,
ਮੇਰੇ ਦਾਤਿਆ ਕਿੱਥੇ ਵਿਸਾਰ ਆਇਓਂ?
ਐਡਾ ਨਿਰਮੋਹੀ ਤਾਂ ਦਾਤਿਆ ਦਿਸਦਾ ਨਹੀਂ,
ਕਿਥੇ ਛੱਡ ਤੂੰ ਆਰ ਪਰਿਵਾਰ ਆਇਓਂ?
ਜਾਂ ਫਿਰ ਦਾਤਿਆ ਸਿੰਘਾਂ ਦੇ ਨਾਲ ਕਿਧਰੇ,
ਕਿਸੇ ਦੂਸਰੇ ਪਿੰਡ ਉਤਾਰ ਆਇਓਂ?
ਕੀ ਠਹਿਰ ਕੇ ਘੜੀ ਦੀ ਘੜੀ ਇਥੇ,

ਮੁੜਕੇ ਆਉਣ ਦਾ ਕਰ ਇਕਰਾਰ ਆਇਓਂ।
ਫਤਿਹ ਸਿੰਘ ਤੇ ਜੋਰਾਵਰ ਨਹੀਂ ਦਿੱਸਦੇ,
ਕਿੱਥੇ ਛੱਡ ਅਜੀਤ ਜੁਝਾਰ ਆਇਓਂ।
ਪਿਤਾ ਵਾਂਗ ਜਾਂ ਟੋਟੇ ਜਿਗਰ ਦੇ ਵੀ,
ਖਾਤਰ ਦੇਸ਼ ਦੇ ਕੌਮ ਲਈ ਵਾਰ ਆਇਓਂ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੁਝ ਦੇਰ ਚੁੱਪ ਰਹਿਣ ਤੋਂ ਬਾਅਦ ਰਾਏ ਸਾਹਿਬ ਨੂੰ ਆਪਣੀ ਹੱਡ ਬੀਤੀ ਇਉਂ ਦੱਸਣ ਲੱਗੇ-

ਰਾਏ ਕੱਲ੍ਹਿਆ ਅਲ੍ਹਾ ਦੇ ਪਿਆਰਿਆ ਓਏ,
ਮੇਰਾ ਮੁੱਢ ਤੋਂ ਜਿਗਰੀ ਯਾਰ ਹੈਂ ਤੂੰ।
ਮੇਰੇ ਦਿਲ ਅੰਦਰ ਤੇਰੀ ਕਦਰ ਦੂਣੀ,
ਦਿੱਤਾ ਰੱਜ ਕੇ ਜਿਵੇਂ ਪਿਆਰ ਹੈ ਤੂੰ।

ਕੀ ਨੇ ਬੀਤੀਆਂ ਅਤੇ ਕਿਵੇਂ ਬੀਤੀਆਂ ਨੇ,
ਗੱਲਾਂ ਕਰ ਲਈਏ ਕਿਤੇ ਇਕਾਂਤ ਬਹਿਕੇ।
ਮੇਰਾ ਦਿਲ ਵੀ ਚਾਹੁੰਦਾ ਏ ਕਰਾਂ ਗੱਲਾਂ,
ਦਿਲ ਦਿਲ ਦੀਆਂ ਹੋ ਜਾਏ ਸ਼ਾਂਤ ਕਹਿਕੇ।

ਜਗ ਜਾਣਦਾ ਹਿੰਦੂਆਂ ਲਈ ਪਹਿਲਾਂ,
ਛੋਟੀ ਉਮਰ ਸੀ ਪਿਤਾ ਜੀ ਵਾਰ ਦਿੱਤੇ।
ਧੜ ਦਿੱਲੀ ਅਤੇ ਅਨੰਦਪੁਰ ਸੀਸ ਉਦੋਂ,
ਵੱਖੋ ਵੱਖਰੀ ਥਾਈਂ ਸਸਕਾਰ ਦਿੱਤੇ।

ਛੱਡੀ ਪੁਰੀ ਅਨੰਦਾਂ ਦੀ ਆਖਰੀ ਮੈਂ,
ਸਰਸਾ ਨਦੀ 'ਤੇ ਹੋਈ ਲੜਾਈ ਮੁੜ ਕੇ।
ਛੋਟੇ ਲਾਡਲੇ ਤਾਰੇ ਦੋ ਅੱਖੀਆਂ ਦੇ,
ਬੁੱਢੀ ਮਾਤਾ ਵੀ ਨਜਰ ਨਾ ਆਈ ਮੁੜ ਕੇ।

ਰੌਲੇ ਗੌਲੇ 'ਚ ਸੁੰਦਰਾਂ ਗੁੰਮ ਹੋ ਗਈ,
ਚੱਕਰ ਭਾਵੀ ਦਾ ਐਸਾ ਚਲਿਆ ਸੀ।
ਪੱਤਾ ਪੱਤਾ ਸੀ ਵੈਰੀ ਹੋਇਆ ਉਦੋਂ,

ਭਾਣਾ ਮੰਨ ਮੈਂ ਖੁਸ਼ੀ ਨਾ' ਝੱਲਿਆ ਸੀ।
ਘੇਰੇ ਗਏ ਸੀ ਗੜ੍ਹੀ ਚਮਕੌਰ ਅੰਦਰ,
ਵੈਰੀ ਆ ਗਿਆ ਘੱਤ ਵਹੀਰ ਉਥੇ।
ਬਿਜਲੀ ਵਾਂਗ ਕ੍ਰਿਪਾਨਾਂ ਚਮਕੀਆਂ ਸੀ,
ਮੀਂਹ ਵਾਂਗਰਾਂ ਵਰ੍ਹੇ ਸੀ ਤੀਰ ਉੱਥੇ।

ਵਾਰੀ ਆਈ ਅਜੀਤ ਜੁਲਾਰ ਤੋਰੇ,
ਜੂਝੇ ਅੰਤ ਤੱਕ ਵੈਰੀਆਂ ਨਾਲ ਉਹੋ।
ਅਮਾਨਤ ਮੋੜ ਕੇ ਰੱਬ ਦੀ ਸ਼ੁਕਰ ਕੀਤਾ,
ਵਕਤ ਕੱਟਿਆ ਸਬਰ ਦੇ ਨਾਲ ਉਹੋ।

ਬੀਤੀ ਬੀਤੀ ਜੋ ਹੋਣੀ ਨਾਲ ਸਾਡੇ,
ਨਹੀਂ ਉਸ ਤੇ ਕੋਈ ਇਤਰਾਜ ਮੈਨੂੰ।
ਸਿੰਘਾਂ ਮੇਰਿਆਂ ਜਿਵੇਂ ਕ੍ਰਿਪਾਨ ਵਾਹੀ,
ਸਦਾ ਸਦਾ ਲਈ ਰਹੇਗਾ ਨਾਜ ਮੈਨੂੰ।

ਮਦਦ ਕਰੀ ਤੂੰ ਕਲ੍ਹਿਆ ਯਾਰ ਬਣਕੇ,
ਮੇਰੇ ਸਿਰ ਇਹ ਹੋਊ ਅਹਿਸਾਨ ਤੇਰਾ।
ਭਰੋਸੇ ਯੋਗ ਬੰਦਾ ਕੋਈ ਭੇਜ ਦੇ ਤੂੰ,
ਮਾਤਾ ਪੁੱਤਰਾਂ ਦੀ ਖਬਰ ਲਿਆਏ ਜਿਹੜਾ।

ਰਾਏ ਕੱਲ੍ਹਾ ਇਹ ਦਰਦ ਭਰੀ ਹੱਡਬੀਤੀ ਸੁਣ ਕੇ ਬੜਾ ਦੁਖੀ ਹੋਇਆ। ਅੱਖਾਂ ਵਿਚ ਆਏ ਹੰਝੂ ਰੁਕਣ ਤੇ ਹੀ ਨਾ ਆਉਣ। ਕੁਝ ਦੇਰ ਚੁਪ ਚਾਪ ਬੈਠਣ ਤੋਂ ਬਾਅਦ ਭਰੇ ਹੋਏ ਗਲੇ ਨਾਲ ਬੇਨਤੀ ਕਰਨ ਲੱਗਾ, ਸਾਹਿਬਾ, ਜੋ ਬੀਤ ਗਿਆ ਉਸ ਨੂੰ ਤਾਂ ਵਾਪਸ ਨਹੀਂ ਲਿਆਂਦਾ ਜਾ ਸਕਦਾ, ਤੇਰੀ ਰੰਗਲੀ ਦੁਨੀਆਂ ਉਨ੍ਹਾਂ ਫਰੇਬੀਆਂ ਨੇ ਉਜਾੜ ਦਿੱਤੀ ਹੈ।

ਸ੍ਰੀ ਗੁਰੂ ਜੀ ਆਖਣ ਲੱਗੇ, "ਰਾਏ ਸਾਹਿਬ ਕੋਈ ਆਪਣਾ ਭਰੋਸੇ ਵਾਲਾ ਬੰਦਾ ਸਰਹੰਦ ਵੱਲ ਭੇਜ ਕੇ ਵਿਛੜੇ ਸ੍ਰੀ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਕੋਈ ਖਬਰ ਮੰਗਾਓ।" ਜਿਸ ਦਾ ਵਰਨਣ ਗਿ. ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿੱਚ ਵੀ ਇਸ ਤਰ੍ਹਾਂ ਕੀਤਾ ਹੈ:

ਗੁਰੂ ਕਹਯੋ ਲਘੁ ਸਾਹਿਬਜਾਦੇ ਗਏ ਸਰਹੰਦ ਓਰੀ।
ਉਨਕੀ ਖਬਰ ਮੰਗਾਵੋ ਤਬ ਲੈ ਹਮ ਠਹਿਰੇਂ ਇਸ ਠੋਰੀ।

***

## ਅਧਿਆਇ-2

# 'ਅਜੀਤ' ਅਖਬਾਰ ਦੇ ਵਿਭਿੰਨ ਅੰਕਾਂ ਵਿਚ ਸਮੇਂ ਸਮੇਂ ਪ੍ਰਕਾਸ਼ਿਤ

1.

**3 ਅਤੇ 10 ਅਗਸਤ 1997**

## ਇਤਿਹਾਸ ਦੇ ਅਣਗੌਲੇ ਪੰਨੇ
## ਜਦੋਂ ਗੰਗਾ ਸਾਗਰ ਪ੍ਰਵਾਸੀ ਬਣਿਆ

(ਸਿੱਖ ਇਤਿਹਾਸ ਵਿਚ ਇਸ ਗੱਲ ਦਾ ਜ਼ਿਕਰ ਆਉਂਦਾ ਹੈ ਕਿ ਜਦੋਂ ਮਾਛੀਵਾੜੇ ਦੇ ਜੰਗਲਾਂ ਵਿਚੋਂ ਹੁੰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਰਾਏਕੋਟ ਰਿਆਸਤ ਵਿਚ ਪਹੁੰਚੇ ਤਾਂ ਉਹਨਾਂ ਦੀ ਮੁਲਾਕਾਤ ਮੱਝਾਂ ਚਾਰਦੇ ਨੂਰੇ ਮਾਹੀ ਨਾਲ ਹੋਈ। ਨੂਰੇ ਮਾਹੀ ਨੂੰ ਉਹਨਾਂ ਨੇ ਦੁੱਧ ਪਿਆਉਣ ਲਈ ਆਖਿਆ ਅਤੇ 'ਗੰਗਾ ਸਾਗਰ' ਨਾਂ ਦਾ ਬਰਤਨ ਦੁੱਧ ਚੋਣ ਲਈ ਦਿੱਤਾ। ਪਿੱਛੋਂ ਇਹੀ ਬਰਤਨ ਗੁਰੂ ਸਾਹਿਬ ਨੇ ਰਿਆਸਤ ਦੇ ਮਾਲਕ ਰਾਏ ਕੱਲ੍ਹਾ ਨੂੰ ਬਖਸ਼ ਦਿੱਤਾ। ਗੁਰੂ ਸਾਹਿਬ ਵੱਲੋਂ ਬਖਸ਼ੇ ਗਏ ਇਸ ਬਰਤਨ ਨੂੰ ਬਾਅਦ ਵਿਚ ਰਾਏ ਕੱਲ੍ਹਾ ਦੇ ਵਾਰਸਾਂ ਨੇ ਕਿਵੇਂ ਸੰਭਾਲਿਆ ਅਤੇ ਦੇਸ਼ ਦੀ ਵੰਡ ਸਮੇਂ 1947 ਵਿਚ 'ਗੰਗਾ ਸਾਗਰ' ਪ੍ਰਵਾਸੀ ਬਣ ਕੇ ਕਿਵੇਂ ਪਾਕਿਸਤਾਨ ਪੁੱਜਾ ਤੇ ਹੁਣ ਕਿਸ ਦੇ ਪਾਸ ਹੈ ਅਤੇ ਉਸ ਨੇ ਇਸ ਨੂੰ ਕਿਵੇਂ ਸੰਭਾਲਿਆ ਹੋਇਆ ਹੈ? ਇਸ ਸੰਬੰਧੀ ਰੋਚਿਕ ਤੇ ਖੋਜ ਭਰਪੂਰ ਜਾਣਕਾਰੀ ਮੁਹੱਈਆ ਕਰਵਾ ਰਹੇ ਹਨ **ਇਲਿਆਸ ਘੁੰਮਣ**)

ਗੰਗਾ ਸਾਗਰ ਦੀ ਮਹੱਤਤਾ ਸਮਝਣ ਲਈ ਇਹ ਜਾਣਨਾ ਹੀ ਕਾਫੀ ਹੋਏਗਾ ਕਿ ਜਲ ਆਦਿ ਪਾਉਣ ਲਈ ਸੁਰਾਹੀ ਦੀ ਸ਼ਕਲ ਵਾਲਾ ਇਹ ਧਾਤ ਦਾ ਬਣਿਆ ਬਰਤਨ ਕਿੰਨੇ ਹੀ ਚਿਰ ਤੱਕ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਿੱਜੀ ਵਰਤੋਂ ਵਿਚ ਰਿਹਾ ਤੇ ਫਿਰ ਗੁਰੂ ਸਾਹਿਬ ਨੇ ਆਪਣੇ ਕਰ-ਕਮਲਾਂ ਨਾਲ ਇਸ ਨੂੰ ਆਪਣੇ ਇਕ ਮੁਸਲਮਾਨ ਸ਼ਰਧਾਲੂ ਰਾਏ ਕਲ੍ਹਾ ਨੂੰ ਬਖਸ਼ਿਆ। ਸਤਿਗੁਰਾਂ ਉੱਤੇ ਆਪਣਾ ਧਨ, ਜਾਇਦਾਦ ਵਾਰਨ ਦੀ ਭਾਵਨਾ ਰੱਖਣ ਵਾਲੇ ਅਤੇ ਉਨ੍ਹਾਂ ਲਈ ਆਪਣੀ ਤੇ ਆਪਣੇ ਪਰਿਵਾਰ ਦੀ ਜਾਨ ਤੱਕ ਖਤਰੇ ਵਿਚ ਪਾਉਣ ਵਾਲੇ ਰਾਏ ਕਲ੍ਹਾ ਜੀ, ਰਾਏ ਕੋਟ ਰਿਆਸਤ ਦੇ ਮਾਲਕ ਸਨ। ਦੇਸ਼ ਦੀ ਵੰਡ ਤੋਂ ਪਹਿਲਾਂ ਸਦੀਆਂ ਤੱਕ ਇਹ ਰਾਏ ਪਰਿਵਾਰ ਜ਼ਿਲ੍ਹਾ ਲੁਧਿਆਣਾ ਦੀ ਤਹਿਸੀਲ ਜਗਰਾਉਂ ਵਿਚ ਪੈਂਦੇ ਇਤਿਹਾਸਕ ਨਗਰ ਰਾਏ ਕੋਟ ਵਿਚ ਰਹਿੰਦਾ ਰਿਹਾ। ਸਿੱਖ-ਮੁਸਲਿਮ ਸਾਂਝ ਸੰਬੰਧੀ ਇਸ ਪਰਿਵਾਰ ਦਾ ਇਤਿਹਾਸ ਸੋਨ-ਰੰਗੇ ਸ਼ਬਦਾਂ ਨਾਲ ਲਿਖਣ ਯੋਗ ਏ।

ਰਾਏ ਕੋਟ ਦੇ ਰਾਏ ਪਰਿਵਾਰ ਦਾ ਪਿਛੋਕੜ ਜੈਸਲਮੇਰ, ਰਾਜਿਸਥਾਨ ਨਾਲ ਜਾ ਜੁੜਦਾ ਏ, ਜਿਥੋਂ ਕਈ ਸੌ ਸਾਲ ਪਹਿਲਾਂ ਮੋਕਲ ਨਾਂ ਦਾ ਇਕ ਹਿੰਦੂ ਰਾਜਪੂਤ ਤੁਰਿਆ ਅਤੇ ਉਸ ਨੇ ਪੰਜਾਬ ਵਿਚ 'ਤਿਹਾੜੇ ਹਠੂਰ ਰਾਜ' ਵਿਚ ਪਿੰਡ 'ਚੱਕਰ' ਵਿਖੇ ਆ ਡੇਰੇ ਲਾਏ।

ਮੋਕਲ ਤੋਂ ਚਾਰ ਪੀੜ੍ਹੀਆਂ ਪਿੱਛੋਂ ਤੁਲਸੀ ਰਾਮ ਜਾਂ ਤੁਲਸੀ ਦਾਸ ਹੋਇਆ, ਜਿਸ ਨੇ ਇਸਲਾਮ ਕਬੂਲ ਕਰ ਲਿਆ, ਉਹ ਫਿਰ 'ਸ਼ੇਖ ਚੱਕੂ' ਕਰ ਕੇ ਜਾਣਿਆ ਗਿਆ। ਉਸ ਵੇਲੇ ਹਿੰਦੁਸਤਾਨ ਉੱਤੇ ਰਾਜ ਕਰਦੇ ਸੁਲਤਾਨ ਅਲਾਉਦੀਨ ਖਿਲਜੀ ਨਾਲ ਸ਼ੇਖ ਚੱਕੂ ਦੀ ਜੁੜਤ ਜੁੜੀ ਤਾਂ ਬਾਦਸ਼ਾਹ ਨੇ ਇਸ ਦੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਸਤਲੁਜ ਦਰਿਆ ਦੇ ਦੱਖਣੀ ਕੰਢੇ ਵਲ, ਰੋਪੜ ਤੋਂ ਲੈ ਕੇ ਜ਼ੀਰੇ ਤੱਕ ਦੇ 1300 ਪਿੰਡ ਇਸ ਨੂੰ ਦੇ ਦਿੱਤੇ। ਇਸੇ ਪਰਿਵਾਰ ਵਿਚੋਂ ਹੋਏ ਜਿਹੜੇ ਹੋਰ ਹਾਕਮ ਬਹੁਤ ਪ੍ਰਸਿੱਧ ਹੋਏ ਉਨ੍ਹਾਂ ਵਿਚ ਅੱਜ ਤੋਂ ਕਈ ਪੰਜ ਸੌ ਸਾਲ ਪਹਿਲਾਂ ਹੋ ਗੁਜ਼ਰਿਆ ਰਾਏ ਕਮਾਲ ਦੀਨ ਪਹਿਲਾ ਵੀ ਸੀ ਤੇ ਰਾਏ ਅਹਿਮਦ ਵੀ ਸੀ ਜਿਸ ਨੇ 1648 ਈ. ਨੂੰ ਰਾਏ ਕੋਟ ਆਬਾਦ ਕੀਤਾ ਸੀ ਫਿਰ ਰਾਏ ਕਮਾਲ ਦੀਨ ਦੂਸਰਾ ਵੀ ਸੀ, ਜਿਸ ਨੇ ਜਗਰਾਉਂ ਵਸਾਇਆ ਸੀ। ਵੇਲਾ ਲੰਘਣ ਦੇ ਨਾਲ-ਨਾਲ ਇਹ ਪਰਿਵਾਰ ਖੁਦਮੁਖਤਿਆਰ ਹੁੰਦਾ ਚਲਾ ਗਿਆ ਅਤੇ ਅਠਾਰਵੀਂ ਸ਼ਤਾਬਦੀ ਵਿਚ ਲੁਧਿਆਣੇ ਨੂੰ ਵੀ ਇਸ ਨੇ ਆਪਣੀ ਹਕੂਮਤ ਅਧੀਨ ਲੈ ਆਂਦਾ।

ਰਾਏ ਪਰਿਵਾਰ ਨਾਲ ਸੰਬੰਧ ਰੱਖਣ ਵਾਲੀ ਉਹ ਉੱਘੀ ਸ਼ਖਸੀਅਤ ਜਿਸ ਦਾ ਨਾਂ ਹਮੇਸ਼ਾ ਬੜੇ ਹੀ ਸਤਿਕਾਰ ਨਾਲ ਲਿਆ ਜਾਂਦਾ ਰਹੇਗਾ, ਉਹ ਰਾਏ ਕਲ੍ਹਾ ਜੀ ਸਨ। ਇਸ ਨਾਂ ਦੇ ਇਸ ਪਰਿਵਾਰ ਵਿਚ ਤਿੰਨ ਹਾਕਮ ਹੋ ਗੁਜਰੇ ਨੇ। ਕਲਗੀਧਰ ਜੀ ਨੂੰ ਆਪਣੇ ਪ੍ਰਾਹੁਣੇ ਬਣਾਉਣ ਅਤੇ ਕਈ ਪ੍ਰਕਾਰ ਨਾਲ ਮਹਾਰਾਜ ਦੀ ਸੇਵਾ ਕਰਨ ਦਾ ਮਾਣ ਰਾਏ ਕਲ੍ਹਾ ਤੀਸਰਾ ਨੂੰ ਮਿਲਿਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਰਾਏ ਕਲ੍ਹਾ ਦੀ ਮੁਲਾਕਾਤ ਸਬੰਧੀ ਇਕ ਦੰਦ ਕਥਾ ਪ੍ਰਸਿੱਧ ਹੈ ਕਿ ਚਮਕੌਰ ਦੇ ਖੂਨੀ ਯੁੱਧ ਉਪਰੰਤ ਸਤਿਗੁਰਾਂ ਮਾਛੀਵਾੜੇ ਦੇ ਜੰਗਲ ਵਿਚ ਕਿਆਮ ਕਰਨ ਪਿੱਛੋਂ ਉਦਾਸੀ ਮਹੰਤ ਕ੍ਰਿਪਾਲ ਦੇ ਡੇਰੇ ’ਤੇ ਤਸ਼ਰੀਫ ਲਿਆਏ। ਪਰ ਮੁਗਲ ਫੌਜਾਂ ਦੀ ਚੜ੍ਹਤ ਤੋਂ ਡਰੇ ਹੋਏ ਉਸ ਡੇਰੇ ਦੇ ਪੁਜਾਰੀ ਮਹੰਤ ਭੰਡਾਰੀ ਨੇ ਸਤਿਗੁਰਾਂ ਨੂੰ ਨਿਵਾਸ ਨਾ ਦਿੱਤਾ। ਇਥੋਂ ਕੂਚ ਕਰਕੇ ਆਪ ਆਪਣੇ ਕੁਝ ਪਿਆਰੇ ਸਿੰਘਾਂ ਸਮੇਤ ਰਾਏ ਕੋਟ ਕੋਲ ਉਸ ਸਥਾਨ ’ਤੇ ਤਸ਼ਰੀਫ ਲਿਆਏ ਜਿਥੇ ਹੁਣ ਗੁਰਦੁਆਰਾ ਟਾਹਲੀਆਣਾ ਸਾਹਿਬ ਬਣਿਆ ਹੋਇਆ ਨਜ਼ਰ ਆਉਂਦਾ ਏ। ਉਦੋਂ ਇਥੇ ਇਕ ਛਪੜੀ ਦੇ ਕੰਢੇ ਟਾਹਲੀ ਦਾ ਰੁੱਖ ਛਾਂ ਕਰੀ ਖਲੋਤਾ ਸੀ। ਇਸ ਬ੍ਰਿਛ ਥੱਲੇ ਬਿਰਾਜੇ ਸਾਹਿਬਾਂ ਦੀ ਪਾਵਨ ਨਜ਼ਰ ਲਾਗੇ ਹੀ ਮੱਝਾਂ ਚਾਰਦੇ ਇਕ ਛੇੜੂ ਉੱਤੇ ਪਈ ਤਾਂ ਆਪ ਨੇ ਉਸ ਨੂੰ ਕੋਲ ਬੁਲਾ ਕੇ ਪਾਣੀ ਪਿਲਾਉਣ ਲਈ ਕਿਹਾ। ਨੂਰੇ ਮਾਹੀ ਨੇ ਸਾਫ-ਸੁਥਰੇ ਜਲ ਦੀ ਉਥੇ ਅਣਹੋਂਦ ਬਾਰੇ ਜਗਤ ਗੁਰੂ ਨੂੰ ਦੱਸਿਆ ਤਾਂ ਆਪ ਨੇ ਫਰਮਾਇਆ 'ਚੰਗਾ ਜੇ ਪਾਣੀ ਨਹੀਂ ਤਾਂ ਮੱਝ ਦਾ ਦੁੱਧ ਹੀ ਚੋ ਦੇ।

ਨੂਰੇ ਮਾਹੀ ਫਿਰ ਹੱਥ ਜੋੜ ਕੇ ਅਰਜ਼ ਕੀਤਾ, 'ਮਹਾਰਾਜ! ਮੱਝਾਂ ਤੇ ਮੈਂ ਚੋ ਆਇਆ ਹਾਂ ਅਤੇ ਇਸ ਵੇਲੇ ਮੇਰੇ ਕੋਲ ਕੋਈ ਭਾਂਡਾ ਵੀ ਨਹੀਂ ਹੈ। ' ਗੁਰੂ ਜੀ ਨੇ ਇਕ ਔਸਰ ਝੋਟੀ ਵੱਲ ਇਸ਼ਾਰਾ ਕਰਕੇ ਆਖਿਆ 'ਇਹ ਤਾਂ ਨਹੀਂ ਚੋਈ। ' ਇਸ ਦੇ ਨਾਲ ਹੀ ਆਪ ਨੇ ਸੁਰਾਹੀ ਵਰਗਾ ਇਕ ਬਰਤਨ ਦੁੱਧ ਚੋਣ ਲਈ ਨੂਰੇ ਮਾਹੀ ਨੂੰ ਦੇ ਦਿੱਤਾ। ਇਸ ਪਵਿੱਤਰ ਭਾਂਡੇ ਥੱਲੇ ਅਨੇਕਾਂ ਮੋਰੀਆਂ ਨਿਕਲੀਆਂ ਹੋਈਆਂ ਨਜ਼ਰ ਆ ਰਹੀਆਂ ਸਨ। ਨੂਰਾ ਮਾਹੀ ਦੁਚਿੱਤੀ ਵਿਚ

ਥਾਪੀ ਦੇ ਕੇ ਔਸਰ ਝੋਟੀ ਥੱਲੇ ਬੈਠਾ ਤੇ ਉਹ ਤੁਰੰਤ ਪਸਮ ਪਈ, ਇਹ ਵੀ ਹੈਰਾਨੀ ਵਾਲੀ ਗੱਲ ਸੀ ਕਿ ਉਸ ਵੱਲੋਂ ਚੋਇਆ ਜਾਣ ਵਾਲਾ ਦੁੱਧ ਬਿਨਾਂ ਵਗੇ ਸਿੰਮੇ ਉਸ ਛੇਕਾਂ ਵਾਲੇ ਬਰਤਨ ਵਿਚ ਇਕੱਠਾ ਹੁੰਦਾ ਚਲਾ ਗਿਆ।

ਨੂਰੇ ਮਾਹੀ ਰਾਹੀਂ ਜਦ ਰਾਏ ਕਲ੍ਹਾ ਨੂੰ ਆਪਣੇ ਇਲਾਕੇ ਵਿਚ ਦਸਮ ਪਾਤਸ਼ਾਹ ਦੇ ਤਸ਼ਰੀਫ ਲਿਆਉਣ ਦੀ ਖਬਰ ਮਿਲੀ ਤਾਂ ਉਸੇ ਵੇਲੇ ਗੁਰੂਦੇਵ ਦੀ ਖਿਦਮਤ ਵਿਚ ਹਾਜ਼ਰ ਹੋ ਕੇ ਉਸ ਨੇ ਆਪਣੀ ਅਕੀਦਤ ਦੇ ਫੁੱਲ ਪੇਸ਼ ਕਰਕੇ ਕੋਈ ਖਾਸ ਸੇਵਾ ਵੀ ਪੁੱਛੀ। ਆਪਣੇ ਮਨ ਅੰਦਰ ਡਾਢੇ ਦੁੱਖਾਂ ਅੰਦੇਸਿਆਂ ਨੂੰ ਲੁਕਾਈ ਬੈਠੇ ਮਹਾਰਾਜ ਦਾ ਹੁਕਮ ਹੋਇਆ 'ਛੋਟੇ ਸਾਹਿਬਜ਼ਾਦੇ ਤੇ ਸਾਡੀ ਮਾਈ ਉਸ ਰਾਤ ਦੇ ਵਿਛੜੇ ਹਨ, ਕਿਸੇ ਨੂੰ ਘੱਲੋ ਜੋ ਸਰਹਿੰਦ ਤੋਂ ਸੂਹ ਲਿਆਵੇ।'

ਰਾਏ ਕਲ੍ਹਾ ਨੇ ਉਸੇ ਵੇਲੇ ਹੀ ਆਪਣੇ ਭਰੋਸੇ ਵਾਲੇ ਦੂਤ ਨੂਰੇ ਮਾਹੀ ਨੂੰ ਇਹ ਸੂਚਨਾ ਲੈਣ ਲਈ ਸਰਿਹੰਦ ਵੱਲ ਟੋਰ ਦਿੱਤਾ। ਇਹ ਵੀ ਦੱਸਿਆ ਜਾਂਦਾ ਹੈ ਕਿ ਨੂਰੇ ਮਾਹੀ ਦੀ ਭੈਣ ਸਰਹਿੰਦ ਲਾਗੇ ਦੇ ਕਿਸੇ ਪਿੰਡ ਵਿਚ ਵਿਆਹੀ ਹੋਈ ਸੀ। ਉਹ ਆਪਣੀ ਭੈਣ ਨੂੰ ਮਿਲਣ ਦੇ ਪੱਜ ਉਧਰ ਗਿਆ, ਇਸ ਲਈ ਸਰਹਿੰਦ ਦੇ ਹਾਕਮ ਦੇ ਸੂਹੇ ਉਸ ਉੱਤੇ ਸ਼ੱਕ ਨਾ ਕਰ ਸਕੇ।

ਪੂਰੀ ਉੱਘ-ਸੁੱਘ ਲੈ ਕੇ ਜਦ ਨੂਰਾ ਮਾਹੀ ਪਿਛਾਂਹ ਪਰਤਿਆ ਤੇ ਉਸ ਨੇ ਸਤਿਗੁਰਾਂ ਨੂੰ ਅਤਿ ਦਰਦਨਾਕ ਕਥਾ ਸੁਣਾਈ ਕਿ ਹੋਣੀ ਕਿਵੇਂ ਜਗ ਦੇ ਸ਼ਹਿਨਸ਼ਾਹ ਦੇ ਪਰਿਵਾਰ ਉੱਤੇ ਵਾਰ ਕਰ ਗਈ ਸੀ। ਦੋਹਾਂ ਮਾਸੂਮ ਸਾਹਿਬਜਾਦਿਆਂ ਦੀ ਜ਼ਾਲਮਾਂ ਹੱਥੋਂ ਸ਼ਹੀਦੀ ਅਤੇ ਮਾਤਾ ਗੁਜਰੀ ਜੀ ਦੇ ਜਾਨ ਦੇ ਦੇਣ ਦੀ ਖਬਰ ਸੁਣ ਕੇ ਰਾਏ ਕਲ੍ਹਾ ਸਮੇਤ ਉਥੇ ਬੈਠੇ ਸਾਰੇ ਲੋਕ ਹੀ ਜ਼ਾਰ-ਜ਼ਾਰ ਹੋ ਰਹੇ ਸਨ ਪਰ ਉਸ ਮਹਾਂਪੁਰਖ ਦੇ ਸੋਹਣੇ ਮੁਖੜੇ ਉੱਤੇ ਫੈਲੇ ਨੂਰ ਦੀ ਲੋਅ ਵਿਚ ਹੋਰ ਵੀ ਵਾਧਾ ਹੋ ਗਿਆ ਜਾਪਦਾ ਸੀ। ਹਾਂ, ਏਨਾ ਜ਼ਰੂਰ ਹੋਇਆ ਕਿ ਇਹ ਪੀੜ ਭਰੀ ਸੂਚਨਾ ਪ੍ਰਾਪਤ ਕਰਨ ਉਪਰੰਤ ਸਾਹਿਬਾਂ ਦੇ ਸੁੰਦਰ ਨੈਣ ਮੁੰਦੇ ਗਏ। ਉਥੇ ਬੈਠੇ ਆਪ ਦੇ ਸ਼ਰਧਾਲੂ ਆਪਣੀਆਂ ਹੰਝੂ ਵਹਾਉਂਦੀਆਂ ਅੱਖਾਂ ਨਾਲ ਉਨ੍ਹਾਂ ਇਲਾਹੀ ਨੈਣਾਂ ਨੂੰ ਪਿਆਰੀਆਂ ਪਲਕਾਂ ਦੇ ਪਰਦੇ ਓਹਲੇ ਵੇਖਦੇ ਰਹੇ। ਕੋਈ ਘੜੀ ਗੁਜ਼ਾਰ ਕੇ ਨੂਰ ਵਰ੍ਹਾਉਂਦਿਆਂ ਨੈਣਾਂ ਮੁੜ ਦਰਸ਼ਨ ਦਿੱਤੇ ਅਤੇ ਫਿਰ ਉਹ ਲੰਮਾ ਵਚਨ ਹੋਇਆ ਜਿਸ ਦਾ ਇਕ-ਇਕ ਸ਼ਬਦ ਇਤਿਹਾਸ ਦੇ ਪੰਨਿਆਂ ਉੱਤੇ ਹਮੇਸ਼ਾ ਚਮਕਾਂ ਮਾਰਦਾ ਰਹੇਗਾ। ਇਸ ਵਚਨ ਵਿਚ ਸ਼ਹੀਦਾਂ ਦੇ ਅਮਰ ਹੋਣ ਦੀ ਖੁਸ਼ਖਬਰੀ ਦੇ ਕੇ ਗੁਰੂ ਮਹਾਰਾਜ ਨੇ ਰੋਣ ਵਾਲਿਆਂ ਨੂੰ ਤਸੱਲੀ ਵੀ ਦਿੱਤੀ ਅਤੇ ਸਮੂਹ ਸਿੰਘਾਂ ਨੂੰ ਹੀ ਆਪਣੇ ਪੁੱਤਰ ਹੋਣ ਦਾ ਰੁਤਬਾ ਵੀ ਬਖਸ਼ਿਆ ਸੀ।

ਇਸ ਵਚਨ ਦੇ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਤੀਰ ਦੀ ਨੋਕ ਨਾਲ ਸਹਿਜੇ ਹੀ ਦੱਭ ਦੀ ਇਕ ਤਿੜ ਨੂੰ ਜੜ੍ਹੋਂ ਉਖਾੜ ਕੇ ਪਸ਼ੀਨਗੋਈ ਕੀਤੀ ਸੀ 'ਮੁਗਲਾਂ ਦੀ ਜੜ੍ਹ ਪੁੱਟੀ ਗਈ। ' ਇਹ ਵੀ ਗੁਰੂ ਸਾਹਿਬ ਦੀ ਮਹਾਨਤਾ ਹੀ ਸੀ ਕਿ ਡਾਢੇ ਦੁੱਖ ਦੀਆਂ ਇਨ੍ਹਾਂ ਘੜੀਆਂ ਵਿਚ ਵੀ ਸਾਰੇ ਮੁਸਲਮਾਨਾਂ ਵਿਰੁੱਧ ਕੁਝ ਬੋਲਣ ਦੀ ਥਾਂ ਆਪ ਨੇ ਨਿਰਾ ਜ਼ਾਲਮਾਂ ਤੇ ਧਾੜਵੀਆਂ ਦੇ ਮੰਦੇ ਅੰਤ ਸਬੰਧੀ ਹੀ ਸੰਕੇਤ ਕੀਤਾ ਸੀ। ਇਹ ਹੀ ਉਹ ਗੱਲਾਂ

ਸਨ ਜੋ ਪਹਿਲਾਂ ਤੋਂ ਹੀ ਗੁਰੂ ਸਾਹਿਬ ਪ੍ਰਤੀ ਸਤਿਕਾਰ ਦੀਆਂ ਭਾਵਨਾਵਾਂ ਰੱਖਣ ਵਾਲੇ ਰਾਏ ਕਲ੍ਹਾ ਨੂੰ ਆਪਣਾ ਪੱਕਾ ਸ਼ਰਧਾਲੂ ਬਣਾਉਣ ਦਾ ਕਾਰਨ ਬਣੀਆਂ ਸਨ।

ਰਾਏ ਕਲ੍ਹਾ ਨੇ ਸੋਚਿਆ ਸੀ ਕਿ ਇਸ ਵੇਲੇ ਆਪਣੇ ਧਰਮ ਦਾ ਪੱਖ ਪੂਰਨ ਦੀ ਥਾਂ ਇਹ ਵੇਖਣਾ ਚਾਹੀਦਾ ਏ ਕਿ ਜ਼ਾਲਮ ਕੌਣ ਏ ਤੇ ਜ਼ੁਲਮ ਕਿਸ ਉੱਤੇ ਹੋਇਆ ਏ? ਇਸ ਵਕਤ ਮਨੁੱਖਤਾ ਮੇਰੇ ਕੋਲੋਂ ਕੀ ਮੰਗ ਕਰ ਰਹੀ ਏ?ਇਸੇ ਸੋਚ ਕਾਰਨ ਹੀ ਧਰਮ ਦਾ ਫਰਕ ਹੁੰਦੇ ਹੋਏ ਵੀ ਰਾਏ ਕਲ੍ਹਾ ਨੇ ਗੁਰੂ ਸਾਹਿਬ ਦੇ ਸੰਗ ਖਲੋਣ ਦਾ ਫੈਸਲਾ ਕੀਤਾ ਸੀ।

ਸੱਚੀ ਗੱਲ ਵੀ ਇਹੀ ਹੈ ਕਿ ਜ਼ਾਲਮ ਦਾ ਕੋਈ ਧਰਮ ਨਹੀਂ ਹੁੰਦਾ, ਉਹ ਤਾਂ ਧਰਮ ਨੂੰ ਵੀ ਆਪਣੇ ਕੋਝੇ ਕਸਬਾਂ ਦੀ ਪੂਰਤੀ ਲਈ ਹੀ ਵਰਤਦਾ ਏ। ਅਜਿਹੇ ਲੋਕ ਦੂਜੇ ਧਰਮਾਂ ਵਾਲਿਆਂ ਉੱਤੇ ਜ਼ੁਲਮ ਕਰਕੇ ਆਪਣੇ ਧਰਮ ਦੀ ਬਿਲਕੁਲ ਕੋਈ ਸੇਵਾ ਨਹੀਂ ਕਰਦੇ ਸਗੋਂ ਆਪਣੇ ਕੁਕਰਮਾਂ ਨਾਲ ਉਹ ਆਪਣੇ ਧਰਮ ਦੀ ਬਦਨਾਮੀ ਦਾ ਹੀ ਕਾਰਨ ਬਣ ਜਾਂਦੇ ਹਨ।

ਇਸੇ ਲਈ ਉਸ ਔਖੇ ਵਕਤ ਵਿਚ ਜਦ ਗੁਰੂ ਸਾਹਿਬ ਪਿੱਛੇ ਲੱਗੀਆਂ ਹੋਈਆਂ ਫੌਜਾਂ ਦੇ ਡਰ ਤੋਂ ਵੱਡੇ-ਵੱਡੇ ਰਾਜੇ ਮਹਾਰਾਜੇ ਅਤੇ ਪੱਕੇ ਸ਼ਰਧਾਲੂ ਹੋਣ ਦਾ ਦਾਅਵਾ ਰੱਖਣ ਵਾਲੇ ਵੀ ਮਹਾਰਾਜ ਨੂੰ ਆਪਣੇ ਕੋਲ ਰਿਹਾਇਸ਼ ਦੇਣ ਤੋਂ ਘਬਰਾ ਗਏ ਸਨ, ਰਾਏ ਕਲ੍ਹਾ ਜੀ ਨੇ ਕਈ ਦਿਨਾਂ ਤੱਕ ਦਸਮ ਪਾਤਸ਼ਾਹ ਨੂੰ ਆਪਣੇ ਕੋਲ ਮਹਿਮਾਨ ਰੱਖਿਆ ਅਤੇ ਆਪ ਦੀ ਯੋਗ ਸੇਵਾ ਵੀ ਕੀਤੀ। ਇਸ ਗੱਲ ਦਾ ਕਿਸੇ ਨੂੰ ਓਹਲਾ ਨਹੀਂ ਰਹਿਣਾ ਚਾਹੀਦਾ ਕਿ ਉਸ ਵੇਲੇ ਜੇ ਮੁਗਲਾਂ ਨੂੰ ਰਾਏ ਕਲ੍ਹਾ ਕੋਲ ਗੁਰੂ ਸਾਹਿਬ ਦੇ ਕਿਆਮ ਕਰਨ ਦੀ ਸੂਹ ਮਿਲ ਜਾਂਦੀ ਤੇ ਫਿਰ ਰਾਏਕਿਆਂ ਦੀ ਰਿਆਸਤ ਤਾਂ ਕਿਤੇ ਰਹੀ ਇਸ ਪਰਿਵਾਰ ਨੂੰ ਆਪਣੀਆਂ ਜਾਨਾਂ ਦੀ ਬਲੀ ਵੀ ਦੇਣੀ ਪੈਣੀ ਸੀ। ਸਤਿਗੁਰਾਂ ਨੂੰ ਇਸ ਸਥਿਤੀ ਦਾ ਪੂਰਾ ਅਹਿਸਾਸ ਸੀ, ਇਸ ਲਈ ਕਈ ਦਿਨ ਰਾਏ ਕੋਟ ਵਿਚ ਠਹਿਰਨ ਉਪਰੰਤ ਜਦ ਆਪ ਉਥੋਂ ਰਵਾਨਾ ਹੋਣ ਲੱਗੇ ਤਾਂ ਆਪ ਨੇ ਰਾਏ ਕਲ੍ਹਾ ਨੂੰ ਇਕ ਖੜਗ ਭਾਵ ਕ੍ਰਿਪਾਨ, ਇਕ ਪੋਥੀ ਧਰਨ ਵਾਲੀ ਰਿਹਲ ਅਤੇ ਆਪਣੀ ਨਿੱਜੀ ਵਰਤੋਂ ਵਿਚ ਰਹਿਣ ਵਾਲਾ ਗੰਗਾ ਸਾਗਰ ਵਿਸ਼ੇਸ਼ ਕਰਕੇ ਬਖਸ਼ਿਆ। ਦਸਮ ਪਾਤਸ਼ਾਹ ਦੀ ਬਹੁਤ ਹੀ ਚੰਗੇ ਢੰਗ ਨਾਲ ਸੇਵਾ ਕਰਨ ਅਤੇ ਆਪ ਦੁਆਰਾ ਬਖਸ਼ੀਆਂ ਅਨਮੁੱਲੀਆਂ ਵਸਤਾਂ ਦੇ ਮਾਲਕ ਹੋਣ ਕਰਕੇ ਰਾਏ ਪਰਿਵਾਰ ਦਾ ਅਤਿ ਸਤਿਕਾਰ ਗੁਰੂ ਸਾਹਿਬ ਦੇ ਸਮੂਹ ਸ਼ਰਧਾਲੂਆਂ ਦੇ ਮਨਾਂ ਵਿਚ ਪੈਦਾ ਹੋਣਾ ਅਵਸ਼ ਸੀ। ਰਾਏ ਪਰਿਵਾਰ ਨੇ ਇਨ੍ਹਾਂ ਪਾਵਨ ਵਸਤਾਂ ਦੀ ਸਾਂਭ-ਸੰਭਾਲ ਬੜੇ ਸੋਹਣੇ ਢੰਗ ਨਾਲ ਕੀਤੀ ਅਤੇ ਇਹ ਕੀਮਤੀ ਨਿਸ਼ਾਨੀਆਂ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪੁੱਜਦੀਆਂ ਰਹੀਆਂ।

ਇਸ ਪਰਿਵਾਰ ਵੱਲੋਂ ਲੇਖਕ ਨੂੰ ਦਿੱਤੀ ਜਾਣਕਾਰੀ ਅਨੁਸਾਰ ਅੰਗਰੇਜ਼ਾਂ ਦੇ ਰਾਜ ਸਮੇਂ ਕੁਝ ਸਰਕਾਰੀ ਕਰਿੰਦੇ ਇਸ ਪਰਿਵਾਰ ਕੋਲੋਂ ਗੁਰੂ ਸਾਹਿਬ ਦੁਆਰਾ ਬਖਸ਼ਿਆ ਖੜਗ ਪ੍ਰਾਪਤ ਕਰਨ ਵਿਚ ਸਫਲ ਹੋ ਗਏ ਸਨ। ਜਦ ਕਿ ਕੁਝ ਲੇਖਕਾਂ ਲਿਖਿਆ ਏ ਕਿ ਮਹਾਰਾਜਾ ਜਸਵੰਤ ਸਿੰਘ ਨਾਭਾ ਨੇ ਮਾਲੇਰਕੋਟਲਾ ਦੇ ਨਵਾਬ ਰਾਹੀਂ ਇਹ ਖੜਗ ਰਾਏ ਪਰਿਵਾਰ ਕੋਲੋਂ ਹਾਸਲ ਕੀਤੀ ਸੀ। ਬਾਅਦ ਵਿਚ ਇਹ ਖੜਗ ਨਾਭਾ ਦੇ ਸਿਰੋਪਾਓ ਗੁਰਦੁਆਰਾ ਸਾਹਿਬ

ਵਿਚ ਰੱਖਿਆ ਗਿਆ ਜਿਥੇ ਕਿ ਇਹ ਅੱਜ ਵੀ ਮੌਜੂਦ ਏ।

ਗੰਗਾ ਸਾਗਰ ਅਖਵਾਉਣ ਵਾਲਾ ਗੁਰੂ ਸਾਹਿਬ ਨਾਲ ਸੰਬੰਧਿਤ ਖਾਸ ਬਰਤਨ ਸ਼ੁਰੂ ਤੋਂ ਹੀ ਰਾਏ ਪਰਿਵਾਰ ਕੋਲ ਹੀ ਰਿਹਾ ਤੇ ਇਸ ਖਾਨਦਾਨ ਦੇ ਹਰ ਮੁਖੀ ਨੇ ਗੰਗਾ ਸਾਗਰ ਦੀ ਸੁਰੱਖਿਆ ਆਪਣੀ ਜਾਨ ਤੋਂ ਵਧ ਗਹੁ ਨਾਲ ਕੀਤੀ। ਗੰਗਾ ਸਾਗਰ ਦੀ ਸਾਂਭ-ਸੰਭਾਲ ਸਬੰਧੀ ਇਸ ਟੱਬਰ ਦੇ ਆਗੂ ਜੋ ਸੇਵਾ ਨਿਭਾਉਂਦੇ ਰਹੇ ਉਹ ਕਥਾ ਵੀ ਸੁਣਨ ਵਾਲੀ ਏ।

ਰਾਏ ਕਲ੍ਹਾ ਤੋਂ ਉਸ ਦੇ ਸਪੁੱਤਰ ਰਾਏ ਮੁਹੰਮਦ ਤੇ ਫਿਰ ਅੱਗੋਂ ਉਸ ਦੇ ਪੁੱਤਰ ਰਾਏ ਇਲਿਆਸ ਤੱਕ ਜਦ ਗੰਗਾ ਸਾਗਰ ਪੁੱਜਾ ਤਾਂ ਇਕ ਵੱਡੀ ਸਮੱਸਿਆ ਇਹ ਸਾਹਮਣੇ ਆ ਖਲੋਤੀ ਕਿ ਰਾਏ ਪਰਿਵਾਰ ਦਾ ਉਹ ਰਈਸ ਆਪਣਾ ਵਾਰਸ ਪੈਦਾ ਕਰਨ ਤੋਂ ਪਹਿਲਾਂ ਹੀ ਇਕ ਦੁਰਘਟਨਾ ਵਿਚ ਅਚਾਨਕ ਹਲਾਕ ਹੋ ਗਿਆ। ਰਾਏ ਇਲਿਆਸ ਦੀ ਮੌਤ ਉਪਰੰਤ ਪਹਿਲਾਂ ਉਸ ਦੀ ਮਾਂ ਨੂਰਨਿਸਾ ਨੇ ਰਾਜਗੱਦੀ ਸੰਭਾਲ ਕੇ ਗੰਗਾ ਸਾਗਰ ਦੀ ਰੱਖਿਆ ਕੀਤੀ ਅਤੇ ਫਿਰ ਜੱਨਤ ਵਾਸੀ ਰਈਸ ਦੀ ਵਿਧਵਾ ਰਾਣੀ ਭਾਗਤਰੀ ਨੇ ਇਹ ਨੇਕ ਜ਼ਿੰਮੇਵਾਰੀ ਨਿਭਾਈ। ਪੰਜਾਬ ਦੇ ਬਦਲੇ ਹੋਏ ਰਾਜਨੀਤਕ ਵਾਤਾਵਰਨ ਵਿਚ ਰਾਣੀ ਭਾਗਭਰੀ ਪੰਜ ਪਿੰਡਾਂ ਤੋਂ ਛੁੱਟ ਆਪਣੀ ਸੈਂਕੜੇ ਪਿੰਡਾਂ ਦੀ ਸਾਰੀ ਜਾਗੀਰ ਤਾਂ ਖੁਹਾ ਬੈਠੀ ਪਰ ਗੰਗਾ ਸਾਗਰ ਦੀ ਸੁਰੱਖਿਆ ਕਰਨ ਵਿਚ ਉਹ ਫਿਰ ਵੀ ਸਫਲ ਰਹੀ ਸੀ। ਇਸੇ ਦੌਰਾਨ ਹੀ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। ਚਲਾਣਾ ਕਰਨ ਤੋਂ ਪਹਿਲਾਂ ਬੇ-ਔਲਾਦ ਰਾਣੀ ਭਾਗਭਰੀ ਨੇ ਆਪਣੇ ਭਤੀਜੇ ਅਤੇ ਮੂੰਹ ਬੋਲੇ ਪੁੱਤਰ ਰਾਏ ਇਮਾਮ ਬਖਸ਼ ਨੂੰ ਜਾਗੀਰ ਅਤੇ ਗੰਗਾ ਸਾਗਰ ਦੀ ਦੇਖ-ਰੇਖ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਸੀ। 1886 ਈ. ਨੂੰ ਰਾਏ ਇਮਾਮ ਬਖਸ਼ ਦਾ ਦਿਹਾਂਤ ਹੋਣ ਮਗਰੋਂ ਉਸ ਦਾ ਵੱਡਾ ਸਪੁੱਤਰ ਰਾਏ ਫੈਜ਼ ਤਾਲਬ ਖਾਨ ਇਸ ਪਰਿਵਾਰ ਦਾ ਮੁਖੀ ਬਣਿਆ। ਰਾਏ ਫੈਜ਼ ਤਾਲਬ ਖਾਨ ਹੋਰੀਂ ਆਪਣੀ ਜ਼ਿੰਦਗੀ ਵਿਚ ਆਨਰੇਰੀ ਮੈਜਿਸਟਰੇਟ, ਆਨਰੇਰੀ ਸਿਵਲ ਜੱਜ, ਸੂਬਾਈ ਦਰਬਾਰੀ ਅਤੇ ਰਾਏਕੋਟ ਨਗਰ ਪਾਲਿਕਾ ਦੇ ਪਲੇਠੇ ਪ੍ਰਧਾਨ ਵੀ ਰਹੇ। ਅੰਗਰੇਜ਼ ਲੇਖਕ ਚਾਰਲਜ਼ ਫਰਾਂਸਿਸ ਮੇਸੀ ਦੀ 1890 ਈ. ਨੂੰ ਛਪੀ ਕਿਤਾਬ ਵਿਚ ਪੰਜਾਬ ਦੇ ਹੋਰ ਸਿਰਮੌਰ ਸਰਦਾਰਾਂ ਅਤੇ ਮੁਖੀਆਂ ਦੇ ਨਾਲ ਰਾਏ ਫੈਜ਼ ਤਾਲਬ ਖਾਨ ਦਾ ਜ਼ਿਕਰ ਵੀ ਕੀਤਾ ਗਿਆ ਏ। 1900 ਈਃ ਨੂੰ ਹੋਈ ਆਪਣੀ ਵਫਾਤ ਤੱਕ ਰਾਏ ਫੈਜ਼ ਤਾਲਬ ਖਾਨ ਨੇ ਵੀ ਗੰਗਾ ਸਾਗਰ ਦੀ ਸੁਰੱਖਿਆ ਬੜੇ ਹੀ ਧਿਆਨ ਨਾਲ ਕੀਤੀ।

ਰਾਏ ਫੈਜ਼ ਤਾਲਬ ਖਾਨ ਤੋਂ ਬਾਅਦ ਉਸ ਦੇ ਇਕੱਲੇ ਸਪੁੱਤਰ ਰਾਏ ਅਨਾਇਤ ਖਾਨ ਨੇ ਆਪਣੀ ਖਾਨਦਾਨੀ ਗੱਦੀ ਸੰਭਾਲੀ। ਰਾਏ ਕੋਟ ਦੇ ਪੁਰਾਣੇ ਵਸਨੀਕਾਂ ਵਿਚੋਂ ਬਹੁਤ ਸਾਰਿਆਂ ਕੋਲ ਅੱਜ ਵੀ ਰਾਏ ਅਨਾਇਤ ਖਾਨ ਬਾਬਤ ਕਾਫੀ ਜਾਣਕਾਰੀ ਹੋਵੇਗੀ। ਰਾਏ ਅਨਾਇਤ ਖਾਨ ਦਾ ਜਨਮ 1877 ਈ. ਨੂੰ ਹੋਇਆ ਸੀ। ਆਪਣੇ ਵਾਲਦ ਵਾਂਗ ਉਹ 1904 ਈਃ ਨੂੰ ਰਾਏ ਕੋਟ ਨਗਰ ਪਾਲਿਕਾ ਦੇ ਪ੍ਰਧਾਨ ਬਣੇ। 1911 ਈ. ਨੂੰ ਉਹ ਤਹਿਸੀਲ ਜਗਰਾਉਂ ਦੇ ਸਬ-ਰਜਿਸਟਰਾਰ ਬਣੇ, ਇਸ ਤੋਂ ਬਾਅਦ ਉਹ ਆਨਰੇਰੀ ਮੈਜਿਸਟਰੇਟ ਅਤੇ ਆਨਰੇਰੀ ਸਿਵਲ ਜੱਜ ਵੀ ਰਹੇ। 1916 ਈ. ਵਿਚ ਸਰਕਾਰ ਨੇ ਉਨ੍ਹਾਂ ਨੂੰ ਮਿੰਟਗੁਮਰੀ (ਅੱਜ

ਕਲ੍ਹ ਜ਼ਿਲ੍ਹਾ ਸਾਹੀਵਾਲ, ਪਾਕਿਸਤਾਨ) ਵਿਖੇ 10 ਮੁਰੱਬੇ ਜ਼ਮੀਨ ਵੀ ਦਿੱਤੀ ਅਤੇ 1928 ਈ: ਵਿਚ 'ਖਾਨ ਬਹਾਦਰ' ਦੇ ਖਿਤਾਬ ਨਾਲ ਨਵਾਜਿਆ। ਖਾਨ ਬਹਾਦਰ ਰਾਏ ਅਨਾਇਤ ਖਾਨ ਦਾ ਜ਼ਿਕਰ 1909 ਅਤੇ 1940 ਨੂੰ ਛਪੀ 'ਚੀਫਸ ਆਫ ਪੰਜਾਬ' ਪੁਸਤਕ ਵਿਚ ਕੀਤਾ ਗਿਆ। ਅੰਗਰੇਜ਼ ਲੇਖਕਾਂ ਦੀਆਂ ਲਿਖੀਆਂ ਇਨ੍ਹਾਂ ਪੁਸਤਕਾਂ ਤੋਂ ਇਲਾਵਾ 1904 ਦੇ 'ਲੁਧਿਆਣਾ ਡਿਸਟਰਿਕਟ ਗਜ਼ਟੀਅਰਜ਼' ਵਿਚ ਵੀ ਰਾਏ ਅਨਾਇਤ ਖਾਨ ਅਤੇ ਰਾਏ ਪਰਿਵਾਰ ਬਾਰੇ ਜਾਣਕਾਰੀ ਪਿਛਲੀਆਂ 16 ਪੀੜ੍ਹੀਆਂ ਦੇ ਵੇਰਵੇ ਸਹਿਤ ਦਿੱਤੀ ਗਈ ਹੈ। ਮਿੱਠ ਬੋਲੜੇ ਅਤੇ ਬਹੁਤ ਹੀ ਨਿੱਘੇ ਸੁਭਾਅ ਵਾਲੇ ਰਾਏ ਅਨਾਇਤ ਖਾਨ ਦਾ ਮੁਸਲਮਾਨਾਂ, ਸਿੱਖਾਂ ਅਤੇ ਹਿੰਦੂਆਂ ਵੱਲੋਂ ਇਕੋ ਜਿੰਨਾ ਸਤਿਕਾਰ ਕੀਤਾ ਜਾਂਦਾ ਸੀ। ਰਾਏ ਕੋਟ ਅਤੇ ਜਗਰਾਉਂ ਜਿਹੇ ਸ਼ਹਿਰਾਂ ਤੋਂ ਬਿਨਾਂ ਜਿਹੜੇ ਪਿੰਡਾਂ ਕਸਬਿਆਂ ਦੇ ਵਸਨੀਕਾਂ ਨਾਲ ਉਨ੍ਹਾਂ ਦੇ ਬਹੁਤ ਹੀ ਗੂੜ੍ਹੇ ਅਤੇ ਮੋਹ-ਪਿਆਰ ਵਾਲੇ ਸੰਬੰਧ ਸਨ, ਉਹ ਸਨ; ਤਲਵੰਡੀ ਰਾਏ, ਹਠੂਰ, ਭੈਣੀ ਬੜਿੰਗਾਂ, ਕਲਸੀਆਂ, ਗੋਇੰਦਵਾਲ, ਨੂਰਪੁਰ, ਹਲਵਾਰਾ, ਆਂਡਲੂ, ਭੈਣੀ ਦਰੇੜਾ, ਛੰਨਾਂ, ਪਿੰਡ ਕਸਬਾ, ਢੁਡੀਕੇ, ਧਨੇਰ, ਬੋਪਾਰਾਏ, ਪੱਖੋਵਾਲ, ਤਾਜਪੁਰ, ਰਾਜੋਆਣਾ ਖੁਰਦ, ਰਾਜੋਆਣਾ ਕਲਾਂ, ਬਰ੍ਹਮੀ, ਲਿੱਤਰ, ਹਾਂਸ, ਗੁਰੂਸਰ ਸੁਧਾਰ, ਹੇਰਾਂ, ਮੋਹੀ, ਬੱਸੀਆਂ, ਕੁਤਬਾ ਬਾਹਮਣੀਆਂ, ਬੁਰਜ ਹਰੀ ਸਿੰਘ ਵਾਲਾ, ਸ਼ਾਹਜਹਾਂਪੁਰ, ਮੁੱਲਾਂਪੁਰ, ਧਾਂਦਰਾ, ਨਾਰੰਗਵਾਲ, ਜੋਧਾਂ, ਜਵੱਦੀ, ਸੀਲੋਆਣੀ ਆਦਿ।

ਉਪਰੋਕਤ ਪਿੰਡਾਂ ਅਤੇ ਇਲਾਕੇ ਦੀਆਂ ਹੋਰ ਬਸਤੀਆਂ ਵਿਚ ਰਹਿੰਦੇ ਹਿੰਦੂਆਂ ਸਿੱਖਾਂ ਨਾਲ ਖਾਨ ਬਹਾਦਰ ਰਾਏ ਅਨਾਇਤ ਖਾਨ ਨੇ ਆਪਣਾ ਪੱਕਾ ਪੀਢਾ ਤੁਅੱਲਕ ਜੋੜਿਆ ਹੋਇਆ ਸੀ। ਇਹ ਪੁਰਾਣੇ ਲੋਕ ਨਿਰਾ ਇਕ-ਦੂਜੇ ਦਾ ਹੀ ਸਤਿਕਾਰ ਨਹੀਂ ਸਨ ਕਰਦੇ ਸਗੋਂ ਦੂਜੇ ਧਰਮਾਂ ਦੇ ਪੂਜਨੀਕ ਅਸਥਾਨਾਂ ਦੀ ਉਸਾਰੀ ਵਿਚ ਵੀ ਆਪਣੇ ਵੱਲੋਂ ਯੋਗਦਾਨ ਪਾਉਂਦੇ ਸਨ। 1914 ਈ: ਨੂੰ ਜਦ ਰਾਏ ਕੋਟ ਕੋਲ (ਗੁਰੂ ਸਾਹਿਬ ਦੇ ਵਿਸ਼ਰਾਮ ਕਰਨ ਵਾਲੀ ਥਾਂ) ਦਭ ਸਾਹਿਬ ਵਾਲੇ ਸਥਾਨ ਦੇ ਨੇੜੇ ਗੁਰਦੁਆਰਾ ਉਸਾਰਨ ਦੀ ਯੋਜਨਾ ਬਣਾਈ ਗਈ ਤਾਂ ਰਾਏ ਅਨਾਇਤ ਖਾਨ ਦੇ ਮਾਮੇ ਰਾਏ ਵਲੀ ਮੁਹੰਮਦ ਨੇ ਇਸ ਦੇ ਲਈ 5 ਵਿੱਘੇ ਜ਼ਮੀਨ ਭੇਟ ਕੀਤੀ।

ਰਾਏ ਅਨਾਇਤ ਖਾਨ ਦੇ ਮਨ ਵਿਚ ਗੰਗਾ ਸਾਗਰ ਪ੍ਰਤੀ ਅਤਿਅੰਤ ਸ਼ਰਧਾ ਮੌਜੂਦ ਸੀ। ਉਹਨਾਂ ਰਾਏ ਕੋਟ ਵਿਚਲੀ ਆਪਣੀ ਵਿਸ਼ਾਲ ਹਵੇਲੀ ਦੀ ਉਤਲੀ ਮੰਜਲ 'ਤੇ ਗੁਰੂ ਸਾਹਿਬ ਦੀ ਬਖਸ਼ੀ ਇਸ ਪਵਿੱਤਰ ਨਿਸ਼ਾਨੀ ਨੂੰ ਬੜੇ ਹੀ ਆਦਰ ਨਾਲ ਰੱਖਣ ਲਈ ਵਿਸ਼ੇਸ਼ ਤੌਰ 'ਤੇ ਇਕ ਕਮਰਾ ਬਣਵਾਇਆ ਹੋਇਆ ਸੀ। ਗੰਗਾ ਸਾਗਰ ਨੂੰ ਹਵੇਲੀ ਦੇ ਸਭ ਤੋਂ ਉਤਲੇ ਕਮਰੇ ਵਿਚ ਇਸ ਲਈ ਰੱਖਿਆ ਗਿਆ ਸੀ ਕਿ ਉਹ ਘਰ ਵਿਚ ਰਿਹਾਇਸ਼ ਰੱਖਣ ਵਾਲਿਆਂ ਦੇ ਸਿਰਾਂ ਤੋਂ ਉੱਚਾ ਰਹੇ ਅਤੇ ਉਸ ਦੀ ਕਿਸੇ ਪ੍ਰਕਾਰ ਦੀ ਵੀ ਨਿਰਾਦਰੀ ਨਾ ਹੋਏ। ਇਸ ਹਵਾਦਾਰ ਅਤੇ ਰੋਸ਼ਨ ਕਮਰੇ ਵਿਚ ਗੰਗਾ ਸਾਗਰ ਨੂੰ ਲੱਕੜੀ ਦੇ ਇਕ ਸੁੰਦਰ ਬਕਸੇ ਵਿਚ ਬਿਰਾਜਮਾਨ ਕੀਤਾ ਜਾਂਦਾ ਸੀ ਅਤੇ ਘਰ ਦੇ ਕਿਸੇ ਵਸਨੀਕ ਨੂੰ ਵੀ ਸਰੀਰ ਦੀ ਸੰਪੂਰਨ ਸਫਾਈ ਤੋਂ ਬਿਨਾਂ ਇਸ ਕਮਰੇ ਵਿਚ ਪ੍ਰਵੇਸ਼ ਕਰਨ ਦੀ ਆਗਿਆ ਨਹੀਂ ਸੀ ਮਿਲਦੀ। ਖਾਨ ਬਹਾਦਰ ਰਾਏ

ਅਨਾਇਤ ਖਾਨ ਗੁਰੂ ਸਾਹਿਬ ਦੇ ਸ਼ਰਧਾਲੂਆਂ ਨੂੰ ਗੰਗਾ ਸਾਗਰ ਦੇ ਦਰਸ਼ਨ ਕਰਵਾ ਕੇ ਬਹੁਤ ਖੁਸ਼ੀ ਮਹਿਸੂਸ ਕਰਦੇ ਸਨ। ਗੁਰਦੁਆਰਾ ਟਾਹਲੀਆਣਾ ਸਾਹਿਬ ਦੇ ਉਸ ਵਕਤ ਦੇ ਪ੍ਰਬੰਧਕ ਜਥੇਦਾਰ ਸੰਤਾ ਸਿੰਘ ਦੇ ਸਹਿਯੋਗ ਨਾਲ ਉਨ੍ਹਾਂ ਸਿੱਖ ਸੰਗਤਾਂ ਨੂੰ ਹਰ ਸਾਲ ਗੰਗਾ ਸਾਗਰ ਦੇ ਦਰਸ਼ਨ ਕਰਾਉਣੇ ਆਰੰਭ ਕੀਤੇ ਸਨ।

ਇਕ, ਦੋ ਅਤੇ ਤਿੰਨ ਜਨਵਰੀ ਨੂੰ ਜਦ ਗੁਰਦੁਆਰਾ ਟਾਹਲੀਆਣਾ ਸਾਹਿਬ ਉੱਤੇ ਧਾਰਮਿਕ ਦੀਵਾਨ ਸੱਜਦਾ ਤਾਂ ਹਰ ਸਾਲ ਬੜੀ ਹੀ ਬਾਕਾਇਦਗੀ ਨਾਲ ਤਿੰਨ ਜਨਵਰੀ ਨੂੰ ਸੰਗਤਾਂ ਜਲੂਸ ਦੇ ਰੂਪ ਵਿਚ ਗੁਰਦੁਆਰਾ ਸਾਹਿਬ ਤੋਂ ਰਵਾਨਾ ਹੁੰਦੀਆਂ ਹੋਈਆਂ ਰਾਏਕੋਟ ਦੀਆਂ ਗਲੀਆਂ ਅਤੇ ਬਾਜ਼ਾਰਾਂ ਵਿਚੋਂ ਹੁੰਦੀਆਂ ਹੋਈਆਂ ਰਾਏਕਿਆਂ ਦੀ ਹਵੇਲੀ ਦੇ ਖੁੱਲ੍ਹੇ-ਡੁੱਲ੍ਹੇ ਵਿਹੜੇ ਵਿਚ ਆ ਜੁੜਦੀਆਂ। ਪਤਲੇ ਸਰੀਰ ਵਾਲੇ ਅਤੇ ਲੰਮੇ ਕੱਦ ਵਾਲੇ ਖਾਨ ਬਹਾਦਰ ਰਾਏ ਅਨਾਇਤ ਖਾਨ ਨੇ ਆਪਣੇ ਸਿਰ ’ਤੇ ਸਫੈਦ ਦਸਤਾਰ ਸਜਾਈ ਹੁੰਦੀ, ਉਹ ਹਵੇਲੀ ਦੇ ਉਤਲੇ ਕਮਰੇ ਤੋਂ ਗੰਗਾ ਸਾਗਰ ਵਾਲੇ ਸ਼ੀਸ਼ੇ ਦੇ ਸ਼ੋਅ ਕੇਸ ਨੂੰ ਬੜੇ ਹੀ ਅਦਬ ਨਾਲ ਆਪਣੇ ਸਿਰ ਉੱਤੇ ਚੁੱਕ ਕੇ ਸੰਗਤ ਦੇ ਰੂ-ਬ-ਰੂ ਹੁੰਦੇ। ਵਿਸ਼ੇਸ਼ ਤੌਰ ’ਤੇ ਬਣਾਏ ਇਕ ਉੱਚੇ ਮੇਜ਼ ’ਤੇ ਗੰਗਾ ਸਾਗਰ ਨੂੰ ਸੰਗਤਾਂ ਦੇ ਆਮ ਦਰਸ਼ਨਾਂ ਲਈ ਰੱਖਿਆ ਜਾਂਦਾ। ਖਾਨ ਬਹਾਦਰ ਸਾਹਿਬ ਆਪਣੇ ਹੱਥਾਂ ਨਾਲ ਗੰਗਾ ਸਾਗਰ ਵਿਚ ਸੱਜਰਾ ਜਲ ਪਾਉਂਦੇ। ਜਿਨ੍ਹਾਂ ਵਡਭਾਗੇ ਸ਼ਰਧਾਲੂਆਂ ਨੇ ਆਪਣੀ ਅੱਖੀਂ ਇਹ ਦ੍ਰਿਸ਼ ਵੇਖਿਆ ਹੋਇਆ ਏ ਉਹ ਦੱਸਦੇ ਨੇ ਕਿ ਜਦ ਗੰਗਾ ਸਾਗਰ ਵਿਚ ਜਲ ਪਾਉਣਾ ਆਰੰਭ ਕੀਤਾ ਜਾਂਦਾ ਸੀ ਤਾਂ ਇਸ ਦੇ ਥੱਲੜੇ ਭਾਗ ਵਿਚ ਮੌਜੂਦ ਅਨੇਕਾਂ ਛੇਕਾਂ ਵਿਚੋਂ ਉਹ ਸ਼ੁਰੂ ਵਿਚ ਥੋੜ੍ਹਾ ਥੋੜ੍ਹਾ ਚੋਂਦਾ ਸੀ ਪਰ ਜਦ ਪਾਣੀ ਨਾਲ ਪੂਰੀ ਤਰ੍ਹਾਂ ਭਰ ਜਾਂਦਾ ਤਾਂ ਫਿਰ ਇਕ ਤੁਪਕਾ ਵੀ ਉਸ ਵਿਚੋਂ ਨਹੀਂ ਸੀ ਸਿਮਦਾ। ਗੰਗਾ ਸਾਗਰ ਆਪ ਵੀ ਇਸ ਦਾ ਸਭ ਤੋਂ ਵੱਡਾ ਸਬੂਤ ਪੇਸ਼ ਕਰਦਾ ਏ, ਅੱਜ ਵੀ ਇਸ ਵਿਚ ਰੇਤਾ ਪਾਓ ਤਾਂ ਉਹ ਤੁਰੰਤ ਕਿਰ ਜਾਂਦਾ ਏ ਪਰ ਪਾਣੀ ਆਦਿ ਤਰਲ ਨੂੰ, ਆਪਣੇ ਥੱਲੇ ਵਿਚ ਮੌਜੂਦ ਅਨੇਕਾਂ ਮੋਰੀਆਂ ਵਾਲਾ ਇਹ ਪਵਿੱਤਰ ਭਾਂਡਾ ਸੰਭਾਲੀ ਰੱਖਦਾ ਏ।

ਉਹ ਗੰਗਾ ਸਾਗਰ ਜਿਸ ਵਿਚ ਦਸਮ ਪਾਤਸ਼ਾਹ ਦੁੱਧ ਅਤੇ ਜਲ ਪੀਂਦੇ ਰਹੇ ਸਨ, ਰਾਏ ਅਨਾਇਤ ਖਾਨ ਉਸ ਵਿਚ ਭਰੇ ਜਲ ਨੂੰ ਕਿਸੇ ਵੱਡੇ ਭਾਂਡੇ ਵਿਚ ਪਾਏ ਸਾਫ ਸੁਥਰੇ ਪਾਣੀ ਵਿਚ ਰਲਾ ਦਿੰਦੇ ਤੇ ਫਿਰ ਇਸ ਪਵਿੱਤਰ ਜਲ ਦਾ ਪ੍ਰਸ਼ਾਦ ਹਾਜ਼ਰ ਸੰਗਤਾਂ ਵਿਚ ਵਰਤਾਇਆ ਜਾਂਦਾ। ਦਸ਼ਮੇਸ਼ ਪਿਤਾ ਜੀ ਦੀ ਇਸ ਅਦੁੱਤੀ ਬਖਸ਼ਸ਼ ਦੇ ਦਰਸ਼ਨਾਂ ਨਾਲ ਅਤੇ ਪਵਿੱਤਰ ਜਲ ਛਕਣ ਨਾਲ ਸੰਗਤਾਂ ਨਿਹਾਲ ਹੋ ਹੋ ਜਾਂਦੀਆ। ਰਾਏ ਪਰਿਵਾਰ ਦੇ ਮੈਂਬਰ ਜਿਸਰਾਂ ਖਿੜੇ ਮੱਥੇ ਅਤੇ ਖਲੂਸ ਨਾਲ ਆਪਣੇ ਘਰ ਵਿਚ ਆਏ ਗੁਰਮੁਖਾਂ ਦਾ ਨਿੱਘਾ ਸੁਆਗਤ ਕਰਦੇ, ਸਿੱਖ-ਮੁਸਲਿਮ ਸਾਂਝ ਦੇ ਇਹ ਦ੍ਰਿਸ਼ ਵੇਖਣ ਵਾਲਿਆਂ ਦੀਆਂ ਅੱਖਾਂ ਭਿੱਜ ਭਿੱਜ ਜਾਂਦੀਆਂ। ਰਾਏ ਅਨਾਇਤ ਖਾਨ ਆਪਣੇ ਘਰ ਆਈਆਂ ਸੰਗਤਾਂ ਨੂੰ ਵੇਖ-ਵੇਖ ਪਏ ਰਾਜ਼ੀ ਹੁੰਦੇ ਅਤੇ ਗੁਰੂ ਦੇਵ ਦੀ ਬਖਸ਼ਸ਼ ਨੂੰ ਆਪਣੇ ਪਰਿਵਾਰ ਦੀ ਸਭ ਤੋਂ ਵੱਡੀ ਖੁਸ਼ਕਿਸਮਤੀ ਮਿਥਦੇ। ਗੰਗਾ ਸਾਗਰ ਨੂੰ ਕਿਸੇ ਵੀ ਮੁੱਲ ਆਪਣੇ-ਆਪ ਤੋਂ

ਜੁਦਾ ਕਰਨ ਬਾਰੇ ਤਾਂ ਉਹ ਕਦੇ ਸੋਚ ਵੀ ਨਹੀਂ ਸਨ ਸਕਦੇ। ਇਸ ਲਈ ਇਕ ਵਾਰ ਜਦ ਰਾਵਲਪਿੰਡੀ ਦੀ ਸੰਗਤ ਨਾਲ ਆਏ ਕੁਝ ਧਨਾਢ ਸਰਦਾਰਾਂ ਨੇ ਤਿੰਨ ਲੱਖ ਰੁਪਏ ਨਾਲ ਗੰਗਾ ਸਾਗਰ ਖਰੀਦਣ ਦੀ ਗੱਲ ਕੀਤੀ ਤਾਂ ਇਹ ਪੇਸ਼ਕਸ਼ ਸਵੀਕਾਰ ਕਰਨ ਤੋਂ ਇਨਕਾਰ ਕਰਦੇ ਹੋਏ ਖਾਨ ਬਹਾਦਰ ਰਾਏ ਅਨਾਇਤ ਖਾਨ ਨੇ ਕਿਹਾ 'ਸਰਦਾਰ ਜੀ ਦਸਮ ਪਾਤਸ਼ਾਹ ਨੇ ਇਹ ਗੰਗਾ ਸਾਗਰ ਮੇਰੇ ਪੁਰਖਿਆਂ ਨੂੰ ਬਖਸ਼ਿਆ ਸੀ, ਇਸ ਨੂੰ ਵੇਚਣ ਦਾ ਤੇ ਮੈਂ ਕਦੇ ਸੋਚ ਵੀ ਨਹੀਂ ਸਕਦਾ। ਗੰਗਾ ਸਾਗਰ ਸਦਕਾ ਹੀ ਤਾਂ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੰਜਾਹ ਹਜ਼ਾਰ ਤੋਂ ਵਧ ਸ਼ਰਧਾਲੂਆਂ ਦੇ ਹਰ ਸਾਲ ਦਰਸ਼ਨ ਹੋ ਜਾਂਦੇ ਨੇ। ਗੁਰੂ ਪਿਆਰੀ ਸਾਧ ਸੰਗਤ ਦੇ ਨਿਰੰਤਰ ਦਰਸ਼ਨਾਂ ਅੱਗੇ ਤਿੰਨ ਲੱਖ ਰੁਪਏ ਦੀ ਕੀ ਵੁੱਕਤ ਹੈ।

ਇਥੇ ਇਹ ਗੱਲ ਯਾਦ ਰੱਖਣੀ ਚਾਹੀਦੀ ਏ ਕਿ ਅੱਧੀ ਸਦੀ ਪਹਿਲਾਂ ਦੇ ਤਿੰਨ ਲੱਖ ਰੁਪਏ ਦੀ ਤੁਲਨਾ ਅੱਜ ਦੇ 30 ਕਰੋੜ ਰੁਪਏ ਨਾਲ ਹੀ ਕੀਤੀ ਜਾ ਸਕਦੀ ਏ। ਪਰ ਰਾਏ ਕਲ੍ਹਾ ਜੀ ਦੇ ਵੰਸ਼ ਵਿਚੋਂ ਹੋਣ ਵਾਲਿਆਂ ਨੂੰ ਮਾਇਆ ਨਾਲੋਂ ਆਪਣੀ ਆਤਮਾ ਦੀ ਸੰਤੁਸ਼ਟੀ ਵਧੇਰੇ ਪਿਆਰੀ ਸੀ। ਇਸ ਲਈ ਗੰਗਾ ਸਾਗਰ ਦਾ ਮੁੱਲ ਵੱਟਣ ਦੀ ਥਾਂ ਉਹ ਸਿਰਫ ਨਿਹਾਲ ਹੋਈਆਂ ਸੰਗਤਾਂ ਦੀਆਂ ਅਸੀਸਾਂ ਨਾਲ ਹੀ ਆਪਣੀਆਂ ਝੋਲੀਆਂ ਭਰਦੇ ਰਹੇ। ਪਰ ਰਾਏ ਅਨਾਇਤ ਖਾਨ ਨੂੰ ਕੀ ਪਤਾ ਸੀ ਕਿ ਇਕ ਦਿਨ ਅਜਿਹਾ ਵੀ ਆਉਣਾ ਏ ਜਦ ਉਸ ਦੀਆਂ ਅੱਖਾਂ ਸੰਗਤਾਂ ਦੇ ਦਰਸ਼ਨਾਂ ਨੂੰ ਤਰਸ ਜਾਣਗੀਆਂ, ਇੰਜ ਹੀ ਸੰਗਤਾਂ ਨੇ ਵੀ ਗੰਗਾ ਸਾਗਰ ਤੋਂ ਵਿਛੜਨ ਦੀ ਕਦੇ ਕਲਪਨਾ ਵੀ ਨਹੀਂ ਕੀਤੀ ਹੋਣੀ। 1947 ਈ: ਵਿਚ ਵੀਰਾਂ ਤੋਂ ਵੀਰਾਂ ਦੇ ਵੱਖ ਹੋਣ ਦਾ ਵੇਲਾ ਆਣ ਪੁੱਜਾ ਸੀ। ਹਰ ਪਾਸੇ ਲੁੱਟ ਮਾਰ ਹੋ ਰਹੀ ਸੀ। ਇਲਾਕੇ ਦਾ ਵੱਡਾ ਨਗਰ ਹੋਣ ਕਰਕੇ ਰਾਏ ਕੋਟ ਵਿਚ ਹਲਵਾਰਾ, ਸ਼ਾਹਜਹਾਂਪੁਰ, ਆਂਡਲੂ, ਨੂਰਪੁਰ, ਤਾਜਪੁਰ, ਰਾਜਗੜ੍ਹ, ਹਠੂਰ ਅਤੇ ਤਲਵੰਡੀ ਰਾਏ ਆਦਿ ਪਿੰਡਾਂ ਦੇ ਮੁਸਲਮਾਨ ਵਸਨੀਕ ਆਪਣੇ ਘਰ-ਬਾਰ ਛੱਡ ਕੇ ਸ਼ਰਨ ਲੈਣ ਆ ਗਏ ਸਨ। ਰਾਏਕੋਟ ਦਾ ਹਾਈ ਸਕੂਲ ਇਹਨਾਂ ਸ਼ਰਨਾਰਥੀਆਂ ਦੇ ਇਕ ਵੱਡੇ ਕੈਂਪ ਦਾ ਰੂਪ ਧਾਰਨ ਕਰ ਗਿਆ ਸੀ। ਵੇਲੇ ਨੇ ਅਜਬ ਰੰਗ ਵਟਾਇਆ ਸੀ ਕਿ ਆਪਣੇ ਜੱਦੀ ਘਰਾਂ ਤੋਂ ਕੁਝ ਹੀ ਮੀਲਾਂ ਦੀ ਵਾਟ ਉੱਤੇ ਹੀ ਉਹ ਲੋਕ ਪਨਾਹਗੀਰ ਬਣੇ ਬੈਠੇ ਹੋਏ ਸਨ।

ਪੂਰੇ ਪੰਜਾਬ ਵਿਚ ਹੀ ਵੱਖ-ਵੱਖ ਧਰਮਾਂ ਨਾਲ ਸਬੰਧ ਰੱਖਣ ਵਾਲੇ ਬੇਕਸੂਰ ਲੋਕ ਅਣ-ਵੇਖੀਆਂ ਬਸਤੀਆਂ ਵੱਲ ਅਣਚਾਹਾ ਸਫਰ ਕਰਨ ਲਈ ਮਜਬੂਰ ਹੋ ਗਏ ਸਨ। ਰਾਏਕਿਆਂ ਦੇ ਸ਼ੁਭਚਿੰਤਕਾਂ ਵੀ ਇਕ ਦਿਨ ਆਪ ਹੀ ਆ ਕੇ ਰਾਏ ਅਨਾਇਤ ਖਾਨ ਨੂੰ ਆਖਿਆ ਕਿ ਆਲੇ ਦੁਆਲੇ ਦੀ ਸਥਿਤੀ ਬੜੀ ਤੇਜ਼ੀ ਨਾਲ ਵਿਗੜਦੀ ਜਾ ਰਹੀ ਹੈ, ਅਸੀਂ ਨਹੀਂ ਚਾਹੁੰਦੇ ਕਿ ਤੁਹਾਨੂੰ ਕਿਸੇ ਪ੍ਰਕਾਰ ਦੀ ਸਮੱਸਿਆ ਵੇਖਣੀ ਪਵੇ। ਚੰਗਾ ਇਹੀ ਏ ਕਿ ਤੁਸੀਂ ਵੀ ਉਧਰ ਚਲੇ ਜਾਓ।

ਓੜਕ ਉਹ ਦਿਨ ਵੀ ਆ ਗਿਆ ਜਦ ਰਾਏ ਪਰਿਵਾਰ ਦੇ ਨਾਲ ਗੰਗਾ ਸਾਗਰ ਨੂੰ ਵੀ ਸ਼ਰਨਾਰਥੀ ਹੋ ਕੇ ਲੰਮੇ ਪੰਧ ਉੱਤੇ ਪੈਣਾ ਪਿਆ। ਸਾਰੀ ਉਮਰ ਸਿੱਖ ਸੰਗਤਾਂ ਦੀ ਸੇਵਾ

ਕਰਦੇ ਰਹਿਣ ਵਾਲੇ ਬਿਰਧ ਖਾਨ ਬਹਾਦਰ ਨੂੰ ਸੱਤਰ ਸਾਲਾਂ ਦੀ ਉਮਰ ਵਿਚ, ਡੋਲਦੇ ਹੋਏ ਕਦਮਾਂ ਨਾਲ ਆਪਣੀ ਜਨਮ ਭੂਮੀ ਤੋਂ ਹਮੇਸ਼ਾ ਲਈ ਵਿਦਾ ਹੁੰਦੇ ਵੇਖਣ ਵਾਲੀਆਂ ਕੁਝ ਅੱਖਾਂ ਤਾਂ ਜ਼ਰੂਰ ਹੀ ਭਿੱਜੀਆਂ ਹੋਣਗੀਆਂ।

ਦੱਸਿਆ ਜਾਂਦਾ ਏ ਕਿ ਜਿਸ ਕਾਫਲੇ ਨਾਲ ਗੰਗਾ ਸਾਗਰ ਰਵਾਨਾ ਹੋਇਆ ਸੀ ਉਸ ਉੱਤੇ ਰਾਹ ਵਿਚ ਕਿਧਰੋਂ ਕੋਈ ਹਮਲਾ ਨਾ ਹੋਇਆ। ਜੇ ਕੋਈ ਵਿਅਕਤੀ ਮਾਲ ਅਸਬਾਬ ਦੇ ਲੋਭ ਵਿਚ ਇਸ ਦੇ ਨੇੜੇ ਵੀ ਆਇਆ ਤਾਂ ਉਹ ਕਾਫਲੇ ਵਿਚ ਗੰਗਾ ਸਾਗਰ ਦੀ ਹੋਂਦ ਦਾ ਪਤਾ ਲੱਗਣ ਉੱਤੇ ਹੱਥ ਜੋੜਨ ਅਤੇ ਸੀਸ ਨੀਵਾਉਣ ਉਪਰੰਤ ਉਲਟੇ ਪੈਰ ਪਿੱਛਾਂਹ ਹੀ ਪਰਤ ਗਿਆ।

ਰਾਏਕੋਟ ਅਤੇ ਆਲੇ-ਦੁਆਲੇ ਦੇ ਪਿੰਡਾਂ ਦੇ ਬਹੁਤ ਸਾਰੇ ਮੁਸਲਮਾਨ ਗੰਗਾ ਸਾਗਰ ਦੇ ਵਿਦਾ ਹੋਣ ਤੋਂ ਕੁਝ ਦਿਨ ਪਿੱਛੋਂ ਇਸ ਲਈ ਇਕੱਠੇ ਹੋ ਕੇ ਟੁਰੇ ਸਨ ਕਿ ਰਾਹ ਵਿਚ ਅਤੇ ਨਵੇਂ ਦੇਸ਼ ਵਿਚ ਪੁੱਜ ਕੇ ਉਹ ਰਲ-ਮਿਲ ਕੇ ਆਪਣੀਆਂ ਸਮੱਸਿਆਵਾਂ ਹੱਲ ਕਰ ਸਕਣ। ਪਾਕਿਸਤਾਨ ਵਿਚ ਆ ਕੇ ਉਹਨਾਂ ਕਮਾਲੀਆ ਅਤੇ ਚੀਚਾ ਵਤਨੀ ਨਗਰਾਂ ਵਿਚ ਆ ਡੇਰੇ ਲਾਏ ਸਨ ਅਤੇ ਦੂਜੇ ਸ਼ਰਨਾਰਥੀਆਂ ਦੇ ਉਲਟ ਬਹੁਤ ਛੇਤੀ ਹੀ ਉਨ੍ਹਾਂ ਨੇ ਇਸ ਨਵੀਂ ਧਰਤੀ ਉੱਤੇ ਆਪਣੇ ਪੈਰ ਜਮ੍ਹਾ ਲਏ ਸਨ। ਖ਼ਾਨ ਬਹਾਦਰ ਰਾਏ ਅਨਾਇਤ ਖਾਨ ਦੇ ਨਾਲ ਪਰਿਵਾਰ ਦੇ ਜਿਹੜੇ ਜੀ ਕਮਾਲੀਆ ਵਿਚ ਆਏ ਸਨ ਉਹਨਾਂ ਵਿਚ ਰਾਏ ਸਾਹਿਬ ਦੀ ਪਤਨੀ ਅਜ਼ੀਜ਼ ਬੇਗਮ, ਇਕਲੌਤਾ ਸਪੁੱਤਰ ਰਾਏ ਫਕੀਰ ਉਲਾ ਖਾਨ ਅਤੇ ਸੋਲਾਂ-ਸਤਾਰਾਂ ਸਾਲਾਂ ਦੀ ਸਪੁੱਤਰੀ ਮੁਸ਼ੱਰਫ ਬੇਗਮ ਸ਼ਾਮਿਲ ਸੀ। ਰਾਏ ਅਨਾਇਤ ਖਾਨ ਰਾਏ ਕੋਟ ਵਿਚ ਭਾਰੀ ਜਾਗੀਰ ਦੇ ਮਾਲਕ ਸਨ ਤੇ ਪਾਕਿਸਤਾਨ ਵਿਚ ਆਉਣ ਸਮੇਂ ਉਹਨਾਂ ਕੋਲ 25 ਹਜਾਰ ਯੂਨਿਟ ਦੇ ਕਲੇਮ ਪੱਤਰ ਮੌਜੂਦ ਸਨ। ਪਰ ਆਪਣੀ ਜਨਮ ਭੂਮੀ ਤੋਂ ਜੁਦਾਈ ਨਾਲ ਉਹਨਾਂ ਦਾ ਮਨ ਜਿਵੇਂ ਟੁੱਟ ਚੁੱਕਾ ਸੀ, ਇਸ ਲਈ ਆਪਣੇ ਕਲੇਮ ਅਨੁਸਾਰ ਬਣਦੀਆਂ ਜਾਇਜ਼ ਜ਼ਮੀਨਾਂ ਅਲਾਟ ਕਰਾਉਣ ਵੱਲ ਵੀ ਉਹਨਾਂ ਕੋਈ ਰੁਚੀ ਨਾ ਵਿਖਾਈ। ਉਸ ਵੇਲੇ ਜਦ ਮਾਮੂਲੀ ਜੱਦੀ ਮਾਲਕੀ ਰੱਖਣ ਵਾਲਿਆਂ ਵੀ ਜਾਅਲੀ ਦਸਤਾਵੇਜ਼ਾਂ ਨਾਲ ਵੱਡੇ ਵੱਡੇ ਰਕਬੇ ਸਾਂਭ ਲਏ ਸਨ, ਬੁੱਢੇ ਖਾਨ ਬਹਾਦਰ ਦੇ ਪਰਿਵਾਰ ਨੂੰ ਬਹੁਤ ਥੋੜ੍ਹੀ ਜ਼ਮੀਨ ਹੀ ਮਿਲ ਸਕੀ। ਇਸ ਮੌਕੇ 'ਤੇ 1916 ਈ: ਨੂੰ ਮਿੰਟਗੁਮਰੀ ਵਿਚ ਅਲਾਟ ਹੋਈ 10 ਮੁਰੱਬੇ ਜ਼ਮੀਨ ਇਸ ਪਰਿਵਾਰ ਦੇ ਬਹੁਤ ਕੰਮ ਆਈ।

ਰਾਏ ਅਨਾਇਤ ਖਾਨ ਨੇ ਆਪਣੇ ਇਕਲੌਤੇ ਸਪੁੱਤਰ ਰਾਏ ਫਕੀਰ ਉਲਾ ਖਾਨ ਦਾ ਵਿਆਹ 1949 ਈ: ਵਿਚ ਇਜ਼ੱਤ ਬੇਗਮ ਨਾਲ ਕੀਤਾ। 74 ਸਾਲਾਂ ਦੀ ਉਮਰ ਤੱਕ ਪੁੱਜ ਚੁੱਕੇ ਖਾਨ ਬਹਾਦਰ ਲਈ ਉਹ ਦਿਨ ਹੀ ਖੁਸ਼ੀਆਂ ਭਰਿਆ ਸਿੱਧ ਹੋਇਆ ਸੀ।

ਜਦ ਭਵਿੱਖ ਵਿਚ ਗੰਗਾ ਸਾਗਰ ਦੀ ਹਿਫਾਜ਼ਤ ਕਰਨ ਵਾਲੇ ਉਸ ਦੇ ਪੋਤਰੇ ਦਾ ਜਨਮ ਹੋਇਆ 20 ਅਗਸਤ 1951 ਈ. ਨੂੰ ਪੈਦਾ ਹੋਣ ਵਾਲੇ ਇਸ ਬਾਲ ਦਾ ਨਾਂ ਰਾਏ ਅਜੀਜ਼ ਉੱਲਾ ਖਾਨ ਰੱਖਿਆ ਗਿਆ ਸੀ। ਪਰ ਪੋਤਰੇ ਦੀਆਂ ਖੁਸ਼ੀਆਂ ਵੇਖਣ ਲਈ ਦਾਦਾ ਜਿਆਦਾ ਦੇਰ ਜਿੰਦਾ ਨਾ ਰਿਹਾ। 1953 ਈ: ਵਿਚ ਖਾਨ ਬਹਾਦਰ ਰਾਏ ਅਨਾਇਤ ਖਾਨ

ਜੀ ਰੱਬ ਦੇ ਪ੍ਰਾਹੁਣੇ ਜਾ ਬਣੇ ਤਾਂ ਗੰਗਾ ਸਾਗਰ ਦੀ ਸਾਂਭ-ਸੰਭਾਲ ਕਰਨ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਇਕਲੌਤੇ ਪੁੱਤਰ ਰਾਏ ਫਕੀਰ ਉੱਲਾ ਖਾਨ ਦੇ ਮੋਢਿਆਂ ਉੱਤੇ ਆਣ ਪਈ। ਇਹ ਪਰਿਵਾਰਕ ਜ਼ਿੰਮੇਵਾਰੀ ਨਿਭਾਉਣ ਦੀ ਯੋਗਤਾ ਰਾਏ ਫਕੀਰ ਉੱਲਾ ਖਾਨ ਵਿਚ ਮੌਜੂਦ ਸੀ ਪਰ ਕੁਦਰਤ ਵੀ ਸ਼ਾਇਦ ਇਸ ਖ਼ਾਨਦਾਨ ਦੀ ਪੂਰੀ ਪ੍ਰੀਖਿਆ ਕਰਨ ਉੱਤੇ ਤੁਲੀ ਹੋਈ ਸੀ। ਰਾਏ ਫਕੀਰ ਉੱਲਾ ਖਾਨ ਦੀ ਪਤਨੀ ਇੱਜਤ ਬੇਗਮ ਦਾ 1955 ਈ. ਵਿਚ ਦਿਹਾਂਤ ਹੋ ਗਿਆ ਅਤੇ ਇਸ ਤੋਂ ਸਿਰਫ ਤਿੰਨ ਸਾਲ ਮਗਰੋਂ ਉਹ ਆਪ ਵੀ ਇਕ ਮਾਰੂ ਰੋਗ ਦਾ ਸ਼ਿਕਾਰ ਬਣ ਗਏ। 1958 ਈ. ਵਿਚ ਫੌਤ ਹੋਣ ਵੇਲੇ ਰਾਏ ਫਕੀਰ ਉੱਲਾ ਖਾਨ ਦੀ ਉਮਰ ਸਿਰਫ 28 ਸਾਲ ਸੀ।

ਦੇਸ਼ ਦੀ ਵੰਡ ਮਗਰੋਂ ਰਾਏ ਪਰਿਵਾਰ ਨੂੰ ਕਈ ਪ੍ਰਕਾਰ ਦੀਆਂ ਨਿੱਕੀਆਂ-ਵੱਡੀਆਂ ਕਠਿਨਾਈਆਂ ਪੇਸ਼ ਆਈਆਂ ਸਨ ਪਰ ਖਾਨਦਾਨ ਦੇ ਮੁਖੀਆਂ ਦੇ ਅੱਗੜ-ਪਿੱਛੜ ਗੁਜ਼ਰ ਜਾਣ ਨਾਲ ਤਾਂ ਹਾਲਾਤ ਬੇਹੱਦ ਖਰਾਬ ਹੋ ਗਏ ਸਨ। ਪਰਿਵਾਰਕ ਜਾਇਦਾਦ ਦੀ ਦੇਖ-ਰੇਖ ਅਤੇ 'ਗੰਗਾ ਸਾਗਰ' ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਉਸ ਬਾਲਕ ਦੇ ਮਾਸੂਮ ਮੋਢਿਆਂ ਉਤੇ ਆ ਪਈ ਸੀ ਜਿਸ ਦੇ ਸਿਰ ਉਤੇ ਸਾਢੇ ਛੇ ਸਾਲ ਦੀ ਉਮਰ ਵਿਚ ਹੀ ਮਾਂ-ਬਾਪ ਦਾ ਸਾਇਆ ਨਹੀਂ ਸੀ ਰਿਹਾ। ਫਿਰ ਦੁੱਖ ਵਾਲੀ ਗੱਲ ਇਹ ਕਿ ਕੋਈ ਸਕਾ ਚਾਚਾ-ਤਾਇਆ ਵੀ ਨਹੀਂ ਸੀ, ਜਿਹੜਾ ਬਾਲਕ ਰਾਏ ਅਜ਼ੀਜ਼ ਉੱਲਾ ਖਾਨ ਨੂੰ ਸਹਾਰਾ ਦਿੰਦਾ। ਅਜਿਹੇ ਔਖੇ ਦਿਨਾਂ ਵਿਚ ਸਤਿਗੁਰਾਂ ਦੇ ਸੱਚੇ ਸੇਵਕ ਰਾਏ ਕੱਲ੍ਹਾ ਜੀ ਦੀ ਸੰਤਾਨ ਦੇ ਇਸ ਨੰਨ੍ਹੇ ਸਿਤਾਰੇ ਨੂੰ ਜ਼ਮਾਨੇ ਦੇ ਘੋਰ ਹਨੇਰਿਆਂ ਵਿਚ ਰੁਲ ਜਾਣ ਤੋਂ ਬਚਾਉਣ ਦਾ ਸੁਚੱਜਾ ਕਰਮ ਉਸ ਦੀ ਦਾਦੀ ਅਤੇ ਖਾਨ ਬਹਾਦਰ ਰਾਏ ਅਨਾਇਤ ਖਾਨ ਦੀ ਵਿਧਵਾ ਅਜ਼ੀਜ਼ ਬੇਗਮ ਨੇ ਕੀਤਾ। ਇਸ ਬਿਰਧ ਬੀਬੀ ਨੇ ਜਿਸ ਦਲੇਰੀ ਅਤੇ ਅਡੋਲਤਾ ਨਾਲ ਆਪਣੇ ਯਤੀਮ ਪੋਤਰੇ ਦੀ ਪ੍ਰਵਰਿਸ਼ ਕੀਤੀ ਉਥੋਂ ਸਿੱਧ ਹੁੰਦਾ ਏ ਕਿ ਉਹ ਆਪਣੇ ਪਰਿਵਾਰ ਦੇ ਇਤਿਹਾਸ ਤੋਂ ਚੰਗੀ ਤਰ੍ਹਾਂ ਜਾਣੂ ਸੀ। ਉਸ ਨੂੰ ਪਤਾ ਸੀ ਕਿ ਅੱਧੀ ਸਦੀ ਪਹਿਲਾਂ ਜਦ ਅਜਿਹੀ ਸਥਿਤੀ ਬਣੀ ਸੀ ਤਾਂ ਇਸ ਪਰਿਵਾਰ ਦੀਆਂ, ਨੂਰ ਨਿਸ਼ਾ ਅਤੇ ਰਾਣੀ ਭਾਗ ਭਰੀ ਜਿਹੀਆਂ ਹਿੰਮਤੀ ਬੀਬੀਆਂ ਨੇ ਕਿੰਨੇ ਹੌਸਲੇ ਨਾਲ ਹਾਲਾਤ ਦਾ ਮੁਕਾਬਲਾ ਕੀਤਾ ਸੀ। ਰਵਾਇਤੀ ਮੁਸਲਮਾਨ ਬੀਬੀਆਂ ਵਾਂਗੂੰ ਅਜ਼ੀਜ਼ ਬੇਗਮ ਨੂੰ ਆਪਣੇ ਬੁਢਾਪੇ ਵਿਚ ਪਰਦੇ ਦਾ ਖਾਸ ਖਿਆਲ ਰੱਖਣਾ ਪੈਂਦਾ ਸੀ ਅਤੇ ਮਰਦ-ਪ੍ਰਧਾਨ ਸਮਾਜ ਵਿਚ ਉਹ ਬੁਰਕਾਧਾਰੀ ਹੀ ਵਿਚਰਦੀ ਸੀ। ਇਸ ਦੇ ਬਾਵਜੂਦ ਅਜ਼ੀਜ਼ ਬੇਗਮ ਨੇ ਆਪਣੇ ਪੋਤਰੇ ਦੀ ਵਿਦਿਆ ਵੱਲ ਵਿਸ਼ੇਸ਼ ਧਿਆਨ ਦਿੱਤਾ। ਰਾਏ ਅਜ਼ੀਜ਼ ਉੱਲਾ ਖਾਨ ਨੂੰ ਪਾਕਿਸਤਾਨ ਦੇ ਸਭ ਤੋਂ ਵਧੀਆ ਵਿਦਿਆਲੇ ਐਚੀਸਨ ਕਾਲਜ ਲਾਹੌਰ ਵਿਚ ਦਾਖਲ ਕਰਾਇਆ ਅਤੇ ਫਿਰ ਉੱਚ ਪੱਧਰੀ ਵਿਦਿਆ ਪ੍ਰਾਪਤ ਕਰਨ ਲਈ ਉਸ ਨੂੰ ਗੌਰਮੈਂਟ ਕਾਲਜ ਲਾਹੌਰ ਵਿਖੇ ਭੇਜਿਆ।

ਜਿਸ ਤਰ੍ਹਾਂ ਬਿਰਧ ਦਾਦੀ ਨੂੰ ਆਪਣੇ ਆਰਾਮ ਕਰਨ ਦੇ ਦਿਨਾਂ ਵਿਚ ਕਰੜੀ ਖੇਚਲ ਕਰਨੀ ਪਈ, ਉਸੇ ਤਰ੍ਹਾਂ ਹੀ ਬਾਲਕ ਪੋਤਰੇ ਨੂੰ ਆਪਣਾ ਲਾਡ ਵਿਖਾਉਣ ਵਾਲਾ ਸਮਾਂ ਕਾਲਜਾਂ ਦੇ ਹੋਸਟਲਾਂ ਵਿਚ ਗੁਜ਼ਾਰਨਾ ਪਿਆ। ਹੋਸਟਲਾਂ ਦੇ ਮੋਹ ਪਿਆਰ ਤੋਂ ਖਾਲੀ ਇਸ

ਵਾਤਾਵਰਨ ਵਿਚ ਬਤੀਤ ਕੀਤੇ ਜ਼ਿੰਦਗੀ ਦੇ ਇਨ੍ਹਾਂ 14 ਸਾਲਾਂ ਵਿੱਚ ਆਪਣੀ ਸੈਂਕੜੇ ਸੰਗੀਆਂ ਸਾਥੀਆਂ ਦੇ ਨਾਲ ਰਹਿੰਦੇ ਹੋਏ ਵੀ ਰਾਏ ਅਜੀਜ਼ ਉਲਾ ਖਾਨ ਨੇ ਨਿਰੰਤਰ ਇਕਲਾਪੇ ਦਾ ਸੰਤਾਪ ਹੀ ਹੰਡਾਇਆ। ਦੂਜੇ ਬੱਚਿਆਂ ਨੂੰ ਉੱਥੇ ਮਿਲਣ ਆਏ ਮਾਪਿਆਂ ਨੂੰ ਵੇਖ ਕੇ ਉਸਦੇ ਕਾਲਜੇ ਵਿੱਚ ਦਰਦੀਲੀਆਂ ਚੀਸਾਂ ਨਿਕਲਦੀਆਂ ਅਤੇ ਨਾ ਮੁੱਕਣ ਵਾਲੀ ਉਦਾਸੀ ਉਸਦੇ ਮਾਸੂਮ ਮਨ ਉੱਤੇ ਛਾਈ ਰਹਿੰਦੀ। ਰਾਏ ਅਜ਼ੀਜ਼ ਉਲਾ ਖਾਨ ਮੁੱਢ ਤੋਂ ਹੀ ਇਹ ਸੁਣਦਾ ਆਇਆ ਸੀ ਕਿ ਰਾਏ ਕੋਟ ਵਾਲੇ ਘਰ ਉਸਦੇ ਵਡਕਿਆਂ ਨੂੰ ਮਿਲਣ ਲਈ ਲੋਕ ਹੁਮ ਹੁਮਾ ਕੇ ਆਉਂਦੇ ਸਨ ਪਰ ਗੰਗਾ ਸਾਗਰ ਦਾ ਵਾਰਸ ਹੁੰਦੇ ਹੋਏ ਵੀ ਉਹ ਲਾਹੌਰ ਅਤੇ ਕਮਾਲੀਏ ਵਿੱਚ ਸੰਗਤਾਂ ਦੀ ਸਾਂਝ ਵੀ ਪ੍ਰਾਪਤ ਨਹੀਂ ਸੀ ਕਰ ਸਕਦਾ। ਲਾਹੌਰ ਦਾ ਪ੍ਰਸਿੱਧ ਐਚੀਸਨ ਕਾਲਜ, ਜਿਸ ਵਿੱਚ ਸਿਰਫ ਸਿਆਸੀ ਆਗੂਆਂ, ਵੱਡੇ ਜਾਗੀਰਦਾਰਾਂ, ਤਕੜੇ ਸਰਮਾਏਦਾਰਾਂ ਅਤੇ ਉੱਚੇ ਸਰਕਾਰੀ ਕਰਮਚਾਰੀਆਂ ਦੇ ਬੱਚੇ ਹੀ ਪੜ੍ਹਦੇ ਸਨ, ਉਸ ਵਿੱਚ ਜਦ ਕਦੇ ਰਾਏ ਅਜ਼ੀਜ਼ ਉੱਲਾ ਖਾਨ ਨੂੰ ਮਿਲਣ ਲਈ ਉਸ ਦੀ ਦਾਦੀ ਮਾਂ ਆਉਂਦੀ ਤਾਂ ਪੱਛਮੀ ਸਭਿਅਤਾ ਦੇ ਚਾਹਵਾਨ, ਹੋਸਟਲ ਵਿੱਚ ਰਹਿਣ ਵਾਲੇ ਉਸਦੇ ਸੰਗੀ ਸਾਥੀ ਬਿਰਧ ਅਜ਼ੀਜ਼ ਬੇਗਮ ਦਾ ਪਾਇਆ ਪੁਰਾਣੇ ਰੰਗ-ਢੰਗ ਦਾ ਬੁਰਕਾ ਵੇਖ-ਵੇਖ ਹੱਸਦੇ। ਖਾਨ ਬਹਾਦਰ ਰਾਏ ਅਨਾਇਤ ਖਾਨ ਦੀ ਇਸ ਵਿਧਵਾ ਨੇ ਆਪਣੇ ਪੋਤਰੇ ਦੀ ਵਿਦਿਆ ਵੱਲ ਹੀ ਨਿਰਾ ਧਿਆਨ ਨਹੀਂ ਦਿੱਤਾ ਸੀ ਸਗੋਂ ਬੜੇ ਹੀ ਸਿਦਕ ਨਾਲ ਉਸ ਦੇ ਮਨ ਵਿੱਚ ਗੰਗਾ ਸਾਗਰ ਪ੍ਰਤੀ ਸ਼ਰਧਾ ਪੈਦਾ ਕਰਨ ਦਾ ਵੀ ਯਤਨ ਕੀਤਾ ਸੀ। ਅਜ਼ੀਜ਼ ਬੇਗਮ ਦੇ ਆਪਣੇ ਮਨ ਵਿੱਚ ਗੰਗਾ ਸਾਗਰ ਲਈ ਅਤਿਅੰਤ ਸ਼ਰਧਾ ਸੀ। ਉਸ ਨੇ ਇਸ ਦੀ ਸੁਰੱਖਿਆ ਦਾ ਕਿਵੇਂ ਖਿਆਲ ਰੱਖਿਆ ਹੋਇਆ ਸੀ? ਉਸ ਦਾ ਅੰਦਾਜ਼ਾ ਇੱਥੋਂ ਕੀਤਾ ਜਾ ਸਕਦਾ ਹੈ ਕਿ ਉਹ ਕਿਸੇ ਵਿਅਕਤੀ ਨੂੰ ਵੀ ਗੰਗਾ ਸਾਗਰ ਨੂੰ ਛੂਹਣ ਦੀ ਇਜਾਜ਼ਤ ਨਹੀਂ ਸੀ ਦਿੰਦੀ। ਆਪਣਾ ਉਹ ਪੋਤਰਾ ਜਿਸ ਦੀ ਲੰਮੀ ਉਮਰ ਲਈ ਅਜ਼ੀਜ਼ ਬੇਗਮ ਰਾਤਾਂ ਨੂੰ ਉੱਠ-ਉੱਠ ਕੇ ਦੁਆਵਾਂ ਮੰਗਦੀ ਰਹਿੰਦੀ ਸੀ ਅਤੇ ਜਿਸ ਦੇ ਚੰਗੇਰੇ ਭਵਿੱਖ ਲਈ ਉਹ ਸੌ-ਸੌ ਸੁੱਖਣਾ ਸੁੱਖਦੀ ਰਹਿੰਦੀ ਸੀ, ਉਹ ਜਵਾਨ ਹੋਣ ਤੱਕ ਵੀ ਆਪਣੇ ਯਾਰਾਂ ਮਿੱਤਰਾਂ ਨੂੰ ਗੰਗਾ ਸਾਗਰ ਦੇ ਦਰਸ਼ਨ ਨਹੀਂ ਸੀ ਕਰਵਾ ਸਕਦਾ। ਅਸਲ ਵਿੱਚ ਅਜ਼ੀਜ਼ ਬੇਗਮ ਨੂੰ ਹਰ ਵਕਤ ਗੰਗਾ ਸਾਗਰ ਦੀ ਨਿਰਾਦਰੀ ਹੋਣ ਦਾ ਧੜਕਾ ਲੱਗਾ ਰਹਿੰਦਾ ਸੀ। ਆਪਣੀ ਪੂਰੀ ਜ਼ਿੰਦਗੀ ਵਿੱਚ ਉਸਨੇ ਸਿਰਫ ਦੋ ਵਾਰ ਹੀ ਆਪਣੇ ਪੋਤਰੇ ਦੇ ਸਾਹਮਣੇ ਗੰਗਾ ਸਾਗਰ ਵਿੱਚ ਜਲ ਭਰਿਆ ਸੀ। ਉਸਦਾ ਕਾਰਨ ਵੀ ਰਾਏ ਅਜ਼ੀਜ਼ ਉੱਲਾ ਖਾਨ ਨੂੰ ਇਸ ਪਵਿੱਤਰ ਬਰਤਨ ਦੇ ਵਸਫ਼ਾਂ ਬਾਰੇ ਜਾਣਕਾਰੀ ਦੇਣਾ ਹੀ ਸੀ। ਅਜ਼ੀਜ਼ ਬੇਗਮ ਆਪਣੇ ਪੋਤੇ ਨੂੰ ਸਮਝਾਉਂਦੇ ਹੋਏ ਅਕਸਰ ਆਖਦੀ, "ਸਾਡੇ ਗੁਰੂਆਂ ਦੀ ਬਖਸ਼ੀ ਹੋਈ ਇਹ ਨਿਸ਼ਾਨੀ ਕਿੰਨੀ ਮਹਾਨ ਅਤੇ ਸਤਿਕਾਰਯੋਗ ਹੈ, ਤੈਨੂੰ ਅਜੇ ਇਸ ਦਾ ਪੂਰਾ ਅਹਿਸਾਸ ਨਹੀਂ, ਵੇਲਾ ਆਉਣ ਉੱਤੇ ਹੀ ਤੂੰ ਗੰਗਾ ਸਾਗਰ ਦੀ ਅਹਿਮੀਅਤ ਤੋਂ ਜਾਣੂ ਹੋ ਸਕੇਂਗਾ।"

ਇਸ ਬਿਰਧ ਬੀਬੀ ਨੇ ਸਤਿਗੁਰਾਂ ਦੀ ਪਵਿੱਤਰ ਨਿਸ਼ਾਨੀ ਨੂੰ ਸਾਲਾਂ ਬੱਧੀ ਆਪਣੀ ਜਿੰਦ ਨਾਲ ਲਾ ਕੇ ਰੱਖਿਆ ਅਤੇ ਜਦੋਂ ਉਸਦਾ ਪੋਤਰਾ ਚੌਵੀਆਂ ਸਾਲਾਂ ਦਾ ਹੋ ਗਿਆ

ਤਾਂ ਗੰਗਾ ਸਾਗਰ ਦੀ ਸੁਰੱਖਿਆ ਦੀ ਸੰਪੂਰਨ ਜ਼ਿੰਮੇਵਾਰੀ ਰਾਏ ਅਜ਼ੀਜ਼ ਉੱਲਾ ਖਾਨ ਦੇ ਸਪੁਰਦ ਕਰਕੇ ਉਸਨੇ ਆਪ ਬੜੀ ਹੀ ਸੰਤੁਸ਼ਟਤਾ ਨਾਲ ਅੱਖਾਂ ਮੀਟ ਲਈਆਂ। ਦਾਦੀ ਮਾਂ ਦੀ ਜ਼ਿੰਦਗੀ ਵਿੱਚ ਸਿਰਫ ਇੱਕ ਹੀ ਥੋੜ ਰਹਿ ਗਈ ਸੀ ਕਿ ਉਹ ਆਪਣੇ ਪੋਤਰੇ ਦੇ ਮੱਥੇ ਉੱਤੇ ਸਿਹਰਾ ਸਜਦਾ ਨਹੀਂ ਸੀ ਦੇਖ ਸਕੀ। ਅਜ਼ੀਜ਼ ਬੇਗਮ ਨੇ 1975 ਈਸਵੀ ਵਿੱਚ ਆਪਣੇ ਸਾਹ ਪੂਰੇ ਕੀਤੇ ਸਨ।

ਅਜ਼ੀਜ਼ ਬੇਗਮ ਦੇ ਇੰਤਕਾਲ ਤੋਂ ਤਿੰਨ ਸਾਲ ਮਗਰੋਂ 1978 ਈਸਵੀ ਵਿੱਚ ਰਾਏ ਅਜ਼ੀਜ਼ ਉੱਲਾ ਖਾਨ ਨੇ ਉਸੇ ਪਰਿਵਾਰ ਵਿੱਚ ਹੀ ਆਪਣੀ ਸ਼ਾਦੀ ਕਰਵਾਈ ਜਿੱਥੇ ਉਸਦੀ ਦਾਦੀ ਮਾਂ ਕਰਾਉਣਾ ਚਾਹੁੰਦੀ ਸੀ। ਰਾਏ ਅਜ਼ੀਜ਼ ਉੱਲਾ ਖਾਨ ਦੀ ਪਤਨੀ ਬੇਗਮ ਤਬੱਸਮ ਤਲਵੰਡੀ ਰਾਏ ਦੇ ਪ੍ਰਸਿੱਧ ਵਸਨੀਕ ਰਾਏ ਵਲੀ ਮੁਹੰਮਦ ਦੀ ਪੋਤਰੀ ਅਤੇ ਰਾਏ ਮੁਹੰਮਦ ਇਕਬਾਲ ਖਾਨ ਦੀ ਧੀ ਏ। ਰਾਏ ਪਰਿਵਾਰ ਦੇ ਹੀ ਇੱਕ ਸ਼ਾਖ ਨਾਲ ਸੰਬੰਧ ਰੱਖਣ ਵਾਲੇ ਇਹ ਦੋਵੇਂ ਪਿਓ ਪੁੱਤ ਵੀ ਵੰਡ ਤੋਂ ਪਹਿਲਾਂ ਆਨਰੇਰੀ ਮੈਜਿਸਟਰੇਟ ਵਜੋਂ ਜ਼ਿੰਮੇਵਾਰੀ ਨਿਭਾਉਂਦੇ ਰਹੇ ਸਨ। ਮੁਜਾਹਰ ਹੋ ਕੇ ਚੀਚਾ ਵਤਨੀ ਵਿੱਚ ਆ ਵਸਣ ਮਗਰੋਂ ਰਾਏ ਮੁਹੰਮਦ ਇਕਬਾਲ ਖਾਨ ਦੇ ਪਰਿਵਾਰ ਨੇ ਪਾਕਿਸਤਾਨ ਦੀ ਰਾਜਨੀਤੀ ਵਿੱਚ ਭਰਵਾਂ ਯੋਗਦਾਨ ਪਾਇਆ। ਇਸ ਪਰਿਵਾਰ ਦਾ ਸਬੰਧ ਮੁਸਲਿਮ ਲੀਗ ਨਾਲ ਏ। ਰਾਏ ਮੁਹੰਮਦ ਇਕਬਾਲ ਦੇ ਦੋ ਪੁੱਤਰਾਂ ਵਿੱਚੋਂ ਵੱਡੇ ਰਾਏ ਅਹਿਮਦ ਨਵਾਜ਼ ਖਾਨ ਤਾਂ ਨਵਾਜ਼ ਸ਼ਰੀਫ ਦੀ ਸਾਬਕਾ ਹਕੂਮਤ ਸਮੇਂ ਪਾਕਿਸਤਾਨ ਦੇ ਕੇਂਦਰੀ ਮੰਤਰੀ ਵੀ ਰਹੇ ਜਦਕਿ ਇਸ ਵਕਤ ਉਹ ਪਾਕਿਸਤਾਨ ਦੇ ਕੌਮੀ ਅਸੈਂਬਲੀ ਦੇ ਮੈਂਬਰ ਨੇ। ਰਾਏ ਮੁਹੰਮਦ ਇਕਬਾਲ ਖਾਨ ਦੇ ਛੋਟੇ ਸਪੁੱਤਰ ਰਾਏ ਹਸਨ ਨਵਾਜ਼ ਖਾਨ ਅੱਜ ਕੱਲ੍ਹ ਪੰਜਾਬ ਅਸੈਂਬਲੀ ਦੇ ਮੈਂਬਰ ਨੇ। ਰਾਏ ਅਜ਼ੀਜ਼ ਉੱਲਾ ਖਾਨ ਦੀ ਸੁਪਤਨੀ ਬੇਗਮ ਤਬੱਸਮ ਇਨ੍ਹਾਂ ਦੂੰਹ ਭਰਾਵਾਂ ਦੀ ਕੱਲੀ ਕੱਲੀ ਭੈਣ ਏ। ਰਾਏ ਅਜ਼ੀਜ਼ ਉੱਲਾ ਖਾਨ ਅਤੇ ਬੇਗਮ ਤਬੱਸਮ ਦੀਆਂ ਚਾਰ ਧੀਆਂ ਅਤੇ ਇੱਕ ਸਪੁੱਤਰ ਏ। ਇਹ ਵੀ ਇੱਕ ਅਜੀਬ ਇਤਫਾਕ ਏ ਕਿ ਪਿਛਲੀਆਂ ਚਾਰ ਪੀੜ੍ਹੀਆਂ ਤੋਂ ਇਸ ਪਰਿਵਾਰ ਵਿੱਚ ਸਿਰਫ ਇੱਕ ਹੀ ਸਪੁੱਤਰ ਪੈਦਾ ਹੁੰਦਾ ਆਇਆ ਏ। ਸ਼ਾਇਦ ਇਸੇ ਕਰਕੇ ਹੀ ਅੱਜ ਤੱਕ ਇਸ ਪਰਿਵਾਰ ਵਿੱਚ 'ਗੰਗਾ ਸਾਗਰ' ਦੀ ਮਾਲਕੀ ਸਬੰਧੀ ਕਦੇ ਕੋਈ ਰੱਟਾ ਨਹੀਂ ਪਿਆ ਇਸ ਵਿੱਚ ਵੀ ਗੁਰੂਆਂ ਦੀ ਹੀ ਕੋਈ ਮਿਹਰ ਨਜ਼ਰ ਆਉਂਦੀ ਹੈ।

ਰਾਏ ਅਜ਼ੀਜ਼ ਉੱਲਾ ਖਾਨ ਦੇ ਇਕਲੌਤੇ ਸਪੁੱਤਰ ਰਾਏ ਮੁਹੰਮਦ ਅਲੀ ਖਾਨ ਦਾ ਜਨਮ 28 ਮਈ 1989 ਈਸਵੀ ਵਿੱਚ ਹੋਇਆ ਸੀ ਤੇ ਉਹ ਆਪਣੀਆਂ ਚਾਰ ਭੈਣਾਂ ਆਮਨਾ, ਰਾਬੀਆ, ਮਾਹਮ ਅਤੇ ਫਾਤਮਾ ਤੋਂ ਉਮਰ ਵਿੱਚ ਛੋਟਾ ਏ। ਆਪਣੇ ਦਾਦਾ ਰਾਏ ਫਕੀਰ ਉੱਲਾ ਖਾਨ ਅਤੇ ਵਾਲਦ ਰਾਏ ਅਜ਼ੀਜ਼ ਉੱਲਾ ਖਾਨ ਵਾਂਗੂੰ ਅੱਠਾਂ ਵਰਿਆਂ ਦਾ ਰਾਏ ਮੁਹੰਮਦ ਅਲੀ ਖਾਨ ਵੀ ਅੱਜ ਕੱਲ੍ਹ ਐਚੀਸਨ ਕਾਲਜ ਲਾਹੌਰ ਵਿੱਚ ਹੀ ਪੜ੍ਹ ਰਿਹਾ ਹੈ। ਇਸ ਪਰਿਵਾਰ ਦੇ ਨਾਲ ਖਾਨ ਬਹਾਦਰ ਰਾਏ ਅਨਾਇਤ ਖਾਨ ਦੀ ਵਿਧਵਾ ਸਪੁੱਤਰੀ ਮੁਸ਼ਰਫ ਬੇਗਮ ਵੀ ਰਹਿ ਰਹੀ ਏ। ਰਾਏ ਅਜ਼ੀਜ਼ ਉੱਲਾ ਖਾਨ ਦੀ ਇਹ ਭੂਆ ਬੇ-ਔਲਾਦ ਏ।

ਇਸ ਵੇਲੇ ਗੰਗਾ ਸਾਗਰ ਦੀ ਸਾਂਭ ਸੰਭਾਲ ਦੀ ਸੇਵਾ ਨਿਭਾ ਰਹੇ ਰਾਏ ਅਜ਼ੀਜ਼ ਉੱਲਾ

ਖਾਨ ਬਹੁਤ ਹੀ ਮਿਲਣਸਾਰ ਅਤੇ ਨਿੱਘੇ ਸੁਭਾਅ ਵਾਲੇ ਇਨਸਾਨ ਨੇ। ਆਪਣੇ ਵਡੇਰਿਆਂ ਵਾਂਗ ਖੇਤੀ ਨੂੰ ਹੀ ਉਹਨਾਂ ਆਪਣਾ ਕਿੱਤਾ ਬਣਾਇਆ ਹੋਇਆ ਏ। 1982 ਈਸਵੀ ਵਿੱਚ ਕਮਾਲੀਏ ਤੋਂ ਪਰਿਵਾਰ ਸਮੇਤ ਨਿਕਲ ਕੇ ਉਨ੍ਹਾਂ ਮਾਡਲ ਟਾਊਨ ਲਾਹੌਰ ਵਿਖੇ ਹੀ ਆਪਣੀ ਪੱਕੀ ਰਿਹਾਇਸ਼ ਬਣਾ ਲਈ ਸੀ। ਰਾਏ ਅਜ਼ੀਜ਼ ਉੱਲਾ ਖਾਨ ਨੂੰ ਸਿੱਖਿਆ ਦੇਣ ਵਿੱਚ ਉਸ ਦੀ ਦਾਦੀ ਮਾਂ ਦਾ ਢੇਰ ਯੋਗਦਾਨ ਤਾਂ ਜ਼ਰੂਰ ਹੈ ਪਰ ਗੰਗਾ ਸਾਗਰ ਦੀ ਮਹੱਤਤਾ ਨੂੰ ਪੂਰੀ ਤਰ੍ਹਾਂ ਸਮਝਣ ਅਤੇ ਆਪਣੇ ਪਰਿਵਾਰ ਦਾ ਇਤਿਹਾਸ ਜਾਣਨ ਲਈ ਉਸਨੇ ਆਪ ਵੀ ਜ਼ਬਰਦਸਤ ਉਪਰਾਲੇ ਕੀਤੇ। ਆਪਣੀਆਂ ਜੜ੍ਹਾਂ ਭਾਲਣ ਲਈ ਰਾਏ ਅਜ਼ੀਜ਼ ਉੱਲਾ ਖਾਨ ਲਾਹੌਰ ਦੀ ਪੰਜਾਬ ਪਬਲਿਕ ਲਾਇਬਰੇਰੀ ਅਤੇ ਆਰਮੀ ਹੈਡ ਕੁਆਰਟਰ ਲਾਇਬਰੇਰੀ ਵਿੱਚਲੇ ਇੱਥੇ ਦੇ ਬਹੁਤ ਪੁਰਾਣੇ ਅਤੇ ਬਹੁਤ ਭਾਰੀ ਪੁਸਤਕ ਭੰਡਾਰਾਂ ਵਿੱਚੋਂ ਬਰਤਾਨਵੀ ਦੌਰ ਸਮੇਂ ਪੰਜਾਬ ਦੇ ਮੁੱਖ ਪਰਿਵਾਰਾਂ ਸਬੰਧੀ ਇਕੱਤਰ ਕੀਤੀ ਸਮੱਗਰੀ ਉੱਤੇ ਅਧਾਰਤ ਪੁਸਤਕਾਂ ਅਤੇ ਉਹਨਾਂ ਵੇਲਿਆਂ ਵਿੱਚ ਲੁਧਿਆਣਾ ਜ਼ਿਲ੍ਹੇ ਬਾਬਤ ਛਪੇ ਗਜ਼ਟੀਅਰਜ਼ ਪੜ੍ਹੇ ਅਤੇ ਉਨ੍ਹਾਂ ਦਾ ਰਿਕਾਰਡ ਆਪਣੇ ਕੋਲ ਵੀ ਇਕੱਠਾ ਕੀਤਾ। ਬਾਅਦ ਵਿੱਚ ਰਾਏਕੋਟ ਦੇ ਪੁਰਾਣੇ ਵਸਨੀਕ ਅਤੇ ਹੁਣ ਅਮਰੀਕਾ ਵਿੱਚ ਰਹਿ ਰਹੇ ਸ੍ਰੀ ਗੁਰਨਾਮ ਸਿੰਘ ਪ੍ਰਿੰਸੀਪਲ ਰਾਹੀਂ ਉਸ ਨੂੰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵੱਲੋਂ ਪ੍ਰਕਾਸ਼ਿਤ ਕੀਤੀ ਰਾਏ ਕੋਟ ਬਾਰੇ ਸਰਵੇ ਪੁਸਤਕ ਵੀ ਮਿਲ ਗਈ। ਨਾਮਵਰ ਸਵਃ ਲੇਖਕ ਸ੍ਰੀ ਕਪੂਰ ਸਿੰਘ ਘੁੰਮਣ ਦੁਆਰਾ ਸੰਪਾਦਤ ਕੀਤੀ ਇਹ ਜਾਣਕਾਰੀ ਭਰਪੂਰ ਪੁਸਤਕ ਉਸ ਦੇ ਲਈ ਬਹੁਤ ਸਹਾਇਕ ਸਿੱਧ ਹੋਈ। ਆਪਣੇ ਪਰਿਵਾਰ ਦੇ ਇਤਿਹਾਸ ਨੂੰ ਵਾਚਣ ਦੀ ਇਹ ਤਾਂਘ ਹੀ ਰਾਏ ਅਜ਼ੀਜ਼ ਉੱਲਾ ਖਾਨ ਨੂੰ ਪੰਜਾਬੀ ਲਿਖਾਈ ਪੜ੍ਹਾਈ ਦੀ ਸਿੱਖਿਆ ਲੈਣ ਵੱਲ ਲੈ ਆਈ ਅਤੇ ਉਸਨੇ ਗੁਰਮੁਖੀ ਲਿਪੀ ਸਿੱਖਣ ਦੀ ਪੁਸਤਕ ਪ੍ਰਾਪਤ ਕਰਕੇ ਇੱਕ ਮਹੀਨੇ ਦੇ ਵਿੱਚ-ਵਿੱਚ ਹੀ ਪੰਜਾਬੀ ਪੜ੍ਹਨੀ ਅਤੇ ਲਿਖਣੀ ਵੀ ਸਿੱਖ ਲਈ।

ਗੰਗਾ ਸਾਗਰ ਦੀ ਸੰਪੂਰਨ ਸੁਰੱਖਿਆ ਨੂੰ ਰਾਏ ਅਜ਼ੀਜ਼ ਉੱਲਾ ਖਾਨ ਨੇ ਆਪਣੀ ਜ਼ਿੰਦਗੀ ਵਿੱਚ ਸਭ ਤੋਂ ਵਧੇਰੇ ਅਹਿਮੀਅਤ ਦਿੱਤੀ। ਪਾਕਿਸਤਾਨ ਜਿਹਾ ਦੇਸ਼ ਜਿੱਥੇ ਰਾਜਨੀਤਿਕ ਸਥਿਤੀ ਬਦਲਦਿਆਂ ਕੋਈ ਜ਼ਿਆਦਾ ਦੇਰ ਨਹੀਂ ਲੱਗਦੀ ਅਤੇ ਜਿੱਥੇ ਫਿਰਕੂ ਫ਼ਸਾਦ ਵੀ ਆਮ ਹੁੰਦੇ ਰਹਿੰਦੇ ਨੇ, ਰਾਏ ਅਜ਼ੀਜ਼ ਉੱਲਾ ਖਾਨ ਨੂੰ ਇੱਥੇ ਹਰ ਵੇਲੇ ਗੰਗਾ ਸਾਗਰ ਦੀ ਸੁਰੱਖਿਆ ਦੀ ਹੀ ਚਿੰਤਾ ਲੱਗੀ ਰਹਿੰਦੀ ਸੀ। ਇਸ ਲਈ ਉਹ ਸਤਿਗੁਰਾਂ ਦੀ ਪਵਿੱਤਰ ਨਿਸ਼ਾਨੀ ਨੂੰ ਇੰਗਲੈਂਡ ਲੈ ਗਿਆ ਅਤੇ ਇਸ ਨੂੰ ਉੱਥੇ ਦੇ ਇੱਕ ਪ੍ਰਸਿੱਧ ਬੈਂਕ ਦੇ ਲਾਕਰ ਵਿੱਚ ਮਹਿਫੂਜ਼ ਕਰਵਾ ਦਿੱਤਾ। ਇੰਜ ਇੱਕ ਵਾਰ ਸ਼ਰਨਾਰਥੀ ਹੋਇਆ ਗੰਗਾ ਸਾਗਰ ਹੁਣ ਪ੍ਰਵਾਸੀ ਬਣ ਚੁੱਕਾ ਸੀ ਪਰ ਆਧੁਨਿਕ ਢੰਗ ਨਾਲ ਉਸ ਦੇ ਸੁਰੱਖਿਅਤ ਹੋਣ ਉੱਤੇ ਰਾਏ ਅਜ਼ੀਜ਼ ਉੱਲਾ ਖਾਨ ਨੇ ਬੇਥਹਾ ਸੰਤੁਸ਼ਟੀ ਮਹਿਸੂਸ ਕੀਤੀ ਸੀ। ਹੁਣ ਜਦ ਵੀ ਗੰਗਾ ਸਾਗਰ ਨੂੰ ਬੈਂਕ ਦੇ ਲਾਕਰ ਵਿੱਚੋਂ ਕੱਢਿਆ ਜਾਂਦਾ ਹੈ ਤਾਂ ਉਸ ਦੀ ਸੁਰੱਖਿਆ ਦੇ ਬਹੁਤ ਹੀ ਕੜੇ ਪ੍ਰਬੰਧ ਕੀਤੇ ਜਾਂਦੇ ਨੇ।

ਰਾਏ ਅਜ਼ੀਜ਼ ਉੱਲਾ ਖਾਨ ਨੂੰ ਇਸ ਗੱਲ ਦਾ ਅਹਿਸਾਸ ਵੀ ਸ਼ੁਰੂ ਤੋਂ ਹੀ ਸੀ ਕਿ ਗੰਗਾ

ਸਾਗਰ ਦੀ ਸੁਰੱਖਿਆ ਕਰਨ ਦੀ ਸੇਵਾ ਨਿਭਾਉਣ ਦੇ ਨਾਲ ਨਾਲ ਸੰਗਤਾਂ ਨੂੰ ਇਸ ਦੇ ਦਰਸ਼ਨ ਕਰਾਉਣ ਦੀ ਜ਼ਿੰਮੇਵਾਰੀ ਵੀ ਉਸ ਦੀ ਹੈ। ਇਸ ਲਈ ਉਹ ਜਦ ਇੱਕ ਵਾਰ ਬਰਤਾਨੀਆ ਗਿਆ ਤਾਂ ਉਸਨੇ ਲੰਡਨ ਦੀਆਂ ਸਿੱਖ ਸੰਸਥਾਵਾਂ ਨਾਲ ਸੰਪਰਕ ਕੀਤਾ। ਅਪ੍ਰੈਲ 1993 ਵਿੱਚ ਹੈਵਲੌਕ ਰੋਡ ਸਾਊਥ ਹਾਲ ਦੇ ਸਿੰਘ ਸਭਾ ਗੁਰਦੁਆਰੇ ਵਿਖੇ ਆਪਣੇ ਸਨਮਾਨ ਵਿੱਚ ਹੋਏ ਇਕੱਠ ਵਿੱਚ ਰਾਏ ਅਜ਼ੀਜ਼ ਉੱਲਾ ਖਾਨ ਹੋਰਾਂ ਨੇ ਗੰਗਾ ਸਾਗਰ ਦੇ ਸੁਰੱਖਿਅਤ ਹੋਣ ਸਬੰਧੀ ਸੰਗਤਾਂ ਨੂੰ ਸੂਚਿਤ ਕੀਤਾ। ਇਸੇ ਮਹੀਨੇ ਹੀ ਆਪਣੀ ਕੈਨੇਡਾ ਦੀ ਫੇਰੀ ਦੇ ਦੌਰਾਨ ਰਾਏ ਅਜ਼ੀਜ਼ ਉੱਲਾ ਖਾਨ ਨੇ ਵੈਨਕੂਵਰ ਵਿੱਚ ਰੋਸ ਸਟਰੀਟ ਉੱਤੇ ਸਥਿਤ ਉੱਥੇ ਦੇ ਸਭ ਤੋਂ ਪੁਰਾਣੇ ਗੁਰਦੁਆਰੇ ਵਿੱਚ ਜਾ ਕੇ ਹਾਜ਼ਰ ਸੰਗਤਾਂ ਨੂੰ ਗੰਗਾ ਸਾਗਰ ਬਾਰੇ ਦੱਸਿਆ। 1947 ਈਸਵੀ ਤੋਂ ਬਾਅਦ ਪਹਿਲੀ ਵਾਰ ਗੰਗਾ ਸਾਗਰ ਬਾਰੇ ਕੋਈ ਜਾਣਕਾਰੀ ਮਿਲੀ ਸੀ ਇਸ ਲਈ ਪੂਰੇ ਪੰਥ ਵਿੱਚ ਹੀ ਖੁਸ਼ੀ ਦੀ ਇੱਕ ਲਹਿਰ ਦੌੜ ਗਈ। ਰਾਏ ਅਜ਼ੀਜ਼ ਉੱਲਾ ਖਾਨ ਅੱਗੇ ਵੱਖ-ਵੱਖ ਦੇਸ਼ਾਂ ਦੀਆਂ ਸਿੱਖ ਸੰਸਥਾਵਾਂ ਨੇ ਗੰਗਾ ਸਾਗਰ ਦੇ ਦਰਸ਼ਨਾਂ ਦੀ ਇੱਛਾ ਪ੍ਰਗਟ ਕੀਤੀ। ਦੇਸ਼ ਦੀ ਵੰਡ ਤੋਂ ਬਾਅਦ ਪਹਿਲੀ ਵਾਰ 7 ਅਗਸਤ 1994 ਈਸਵੀ ਨੂੰ ਲੰਡਨ ਤੋਂ ਨੇੜੇ ਦੇ ਨਗਰ ਹੇਜ ਮਿਡਲਸੈਕਸ ਵਿਚਲੇ ਗੁਰੂ ਨਾਨਕ ਸਿੱਖ ਕਾਲਜ ਦੇ ਗੁਰਦੁਆਰੇ ਵਿੱਚ ਸੰਗਤਾਂ ਨੂੰ ਗੰਗਾ ਸਾਗਰ ਦੇ ਦਰਸ਼ਨ ਕਰਵਾਏ ਗਏ। ਇਸ ਫੇਰੀ ਦੇ ਦੌਰਾਨ ਹੀ ਰਾਏ ਅਜ਼ੀਜ਼ ਉੱਲਾ ਖਾਨ ਨੇ Chigwell ਵਿਖੇ ਗੁਰੂ ਗੋਬਿੰਦ ਸਿੰਘ ਕਾਲਜ ਦੇ ਗੁਰਦੁਆਰੇ ਅਤੇ ਨਾਨਕਸਰ ਠਾਠ ਈਸ਼ਰ ਦਰਬਾਰ ਵੁਲਵਰਹੈਂਪਟਨ ਵਿਚ ਵੀ ਸੰਗਤਾਂ ਨੂੰ ਗੰਗਾ ਸਾਗਰ ਦੇ ਦਰਸ਼ਨ ਕਰਵਾਏ। ਇਸ ਤੋਂ ਅਗਲੇ ਸਾਲ ਸਿੰਘਾਪੁਰ ਦੀਆਂ ਸੰਗਤਾਂ ਨੇ ਰਾਏ ਸਾਹਿਬ ਨੂੰ ਆਪਣੇ ਕੋਲ ਆਉਣ ਦਾ ਸੱਦਾ ਦਿੱਤਾ। ਇੰਜ 14 ਅਪ੍ਰੈਲ 1995 ਈਸਵੀ ਨੂੰ ਸਿੰਘਾਪੁਰ ਦੇ ਸਿੰਘ ਸਭਾ ਗੁਰਦੁਆਰੇ ਵਿੱਚ ਜੁੜੀਆਂ ਸੰਗਤਾਂ ਨੂੰ ਦਸਮੇਸ਼-ਪਿਤਾ ਜੀ ਦੀ ਇਸ ਅਣਮੁੱਲੀ ਨਿਸ਼ਾਨੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਮਲੇਸ਼ੀਆ ਦੀਆਂ ਸੰਗਤਾਂ ਦੀ ਬੇਨਤੀ ਕਬੂਲਦੇ ਹੋਏ ਇਸ ਤੋਂ ਅਗਲੇ ਦਿਨ ਰਾਏ ਸਾਹਿਬ ਕੁਆਲਾਲਾਮਪੁਰ ਚਲੇ ਗਏ ਜਿੱਥੇ 15 ਅਪ੍ਰੈਲ 1995 ਨੂੰ ਗੁਰਦੁਆਰਾ ਸਾਹਿਬ ਸੈਨਟ੍ਰਲ ਵਿੱਚ ਸੰਗਤਾਂ ਨੂੰ ਇਹੀ ਮਾਣ ਮਿਲਿਆ। ਦੂਰ-ਦੂਰ ਦੇ ਦੇਸ਼ਾਂ ਦੀਆਂ ਸੰਗਤਾਂ ਨੂੰ ਗੰਗਾ ਸਾਗਰ ਦੇ ਦਰਸ਼ਨ ਕਰਾਉਣ ਲਈ ਰਾਏ ਅਜ਼ੀਜ਼ ਉੱਲਾ ਖਾਨ ਨੇ 1996 ਈਸਵੀ ਵਿੱਚ ਬਹੁਤ ਲੰਮੇ-ਲੰਮੇ ਸਫਰ ਕੀਤੇ। ਉਨ੍ਹਾਂ ਦੀ ਪਹਿਲੀ ਫੇਰੀ ਅਮਰੀਕਾ ਵੱਲ ਸੀ ਜਿੱਥੇ 11 ਫਰਵਰੀ 1996 ਨੂੰ ਫਰਿਜਨੋ ਕੈਲੀਫੋਰਨੀਆ ਵਿਖੇ ਗੁਰਦੁਆਰਾ ਨਾਨਕਸਰ ਵਿੱਚ ਸੰਗਤਾਂ ਨੂੰ ਗੰਗਾ ਸਾਗਰ ਦੇ ਦਰਸ਼ਨ ਕਰਵਾਏ ਗਏ। ਸਤੰਬਰ 1996 ਵਿੱਚ ਰਾਏ ਅਜ਼ੀਜ਼ ਉੱਲਾ ਖਾਨ ਆਸਟਰੇਲੀਆ ਦੇ ਸ਼ਹਿਰ ਮੈਲਬੋਰਨ ਪੁੱਜੇ ਜਿੱਥੇ 410 Evans Road Cranbourne ਦੇ ਗੁਰਦੁਆਰੇ ਵਿੱਚ 21, 22 ਸਤੰਬਰ ਨੂੰ ਅਤੇ 28, 29 ਸਤੰਬਰ ਨੂੰ ਸਿਡਨੀ ਸ਼ਹਿਰ ਦੇ ਇੱਕ ਗੁਰਦੁਆਰੇ ਵਿੱਚ ਗੰਗਾ ਸਾਗਰ ਦੇ ਦਰਸ਼ਨ ਕਰਵਾਏ ਗਏ। ਆਸਟਰੇਲੀਆ ਤੋਂ ਬਾਅਦ ਰਾਏ ਅਜ਼ੀਜ਼ ਉੱਲਾ ਖਾਨ ਦੀ ਅਗਲੀ ਮੰਜ਼ਿਲ ਨਿਊਜ਼ੀਲੈਂਡ ਸੀ। ਉਹ ਅਕਤੂਬਰ 1996 ਵਿੱਚ ਨਿਊਜ਼ੀਲੈਂਡ ਪੁੱਜੇ ਜਿੱਥੇ 5 ਅਤੇ 6 ਤਾਰੀਖ਼ ਨੂੰ ਆਕਲੈਂਡ ਦੇ ਇੱਕ ਗੁਰਦੁਆਰੇ ਵਿੱਚ ਸੰਗਤਾਂ ਨੂੰ ਗੰਗਾ ਸਾਗਰ

ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ।

ਸਾਰਾ ਸਾਲ ਨਿਰੰਤਰ ਸਫ਼ਰ ਕਰਨਾ ਅਤੇ ਬਿਨਾਂ ਕਿਸੇ ਲੋਭ ਦੇ ਸਿਰਫ ਸੰਗਤਾਂ ਦੀ ਆਤਮਿਕ ਸੰਤੁਸ਼ਟੀ ਲਈ ਦੇਸ਼-ਦੇਸ਼ ਜਾਣਾ ਕੋਈ ਛੋਟਾ ਜਿਹਾ ਉੱਦਮ ਨਹੀਂ ਪਰ ਵਾਕਈ ਇੰਜ ਕਰਕੇ ਰਾਏ ਅਜ਼ੀਜ਼ ਉੱਲਾ ਖਾਨ ਨੇ ਆਪਣੇ ਪੁਰਖਿਆਂ ਦੀ 'ਗੰਗਾ ਸਾਗਰ' ਦੇ ਦਰਸ਼ਨ ਕਰਾਉਣ ਵਾਲੀ ਪ੍ਰੰਪਰਾ ਨੂੰ ਇੱਕ ਨਵਾਂ ਰੂਪ ਦੇ ਦਿੱਤਾ ਏ। ਜਦ ਵੀ ਕਿਸੇ ਦੇਸ਼ ਦੀ ਸੰਗਤ ਨੇ ਸ਼ਰਧਾ ਨਾਲ ਬੁਲਾਇਆ ਤੇ ਰਾਏ ਅਜ਼ੀਜ਼ ਉੱਲਾ ਖਾਨ ਕੋਲ ਮੁਨਾਸਿਬ ਵਕਤ ਮੌਜੂਦ ਹੋਇਆ ਤਾਂ ਉਹ ਗੰਗਾ ਸਾਗਰ ਨਾਲ ਲੈ ਕੇ ਜ਼ਰੂਰ ਉਸ ਦੇਸ਼ ਪੁੱਜੇ। ਕਿਸੇ ਵੀ ਸਥਾਨ ਉੱਤੇ ਗੰਗਾ ਸਾਗਰ ਦੇ ਦਰਸ਼ਨ ਕਰਵਾਉਣ ਸੰਬੰਧੀ ਉਹ ਇਨ੍ਹਾਂ ਗੱਲਾਂ ਦਾ ਜ਼ਰੂਰ ਖਿਆਲ ਰੱਖਦੇ ਨੇ ਕਿ ਸੱਦਣ ਵਾਲੀ ਸੰਸਥਾ ਠੀਕ ਮਾਇਨੇ ਵਿੱਚ ਪੰਥ ਦੀ ਸੇਵਾ ਕਰ ਰਹੀ ਹੋਵੇ। ਉਨ੍ਹਾਂ ਨੂੰ ਬੁਲਾਉਣ ਪਿੱਛੇ ਕੋਈ ਵਪਾਰਕ ਸੋਚ ਜਾਂ ਕਿਸੇ ਇੱਕ ਧਾਰਮਿਕ ਧੜੇ ਦੀ ਸਰਦਾਰੀ ਸਥਾਪਿਤ ਕਰਨਾ ਦੀ ਨੀਤੀ ਨਾ ਹੋਵੇ। ਗੰਗਾ ਸਾਗਰ ਦੇ ਦਰਸ਼ਨ ਕਰਵਾਉਣ ਦਾ ਪ੍ਰਬੰਧ ਕਿਸੇ ਅਜਿਹੇ ਗੁਰੂ ਘਰ ਵਿੱਚ ਕੀਤਾ ਜਾਏ ਜਿੱਥੇ ਸੰਗਤਾਂ ਦੇ ਆਰਾਮ ਦਾ ਯੋਗ ਬੰਦੋਬਸਤ ਮੌਜੂਦ ਹੋਵੇ ਅਤੇ ਉੱਥੇ ਹਰ ਧਰਮ ਅਤੇ ਫਿਰਕੇ ਦੇ ਲੋਕ ਆਉਣਾ ਪਸੰਦ ਕਰਦੇ ਹੋਣ। ਏਸੇ ਸਪੱਸ਼ਟ ਅਤੇ ਸਾਫ ਸੁਥਰੀ ਸੋਚ ਕਾਰਨ ਹੀ ਤਿੰਨ ਪ੍ਰਕਾਰ ਦੀਆਂ ਧਾਰਮਿਕ ਵਿਚਾਰਧਾਰਾ ਰੱਖਣ ਵਾਲੀਆਂ ਸੰਸਥਾਵਾਂ ਵੱਲੋਂ ਰਾਏ ਅਜ਼ੀਜ਼ ਉੱਲਾ ਖਾਨ ਨੂੰ ਜ਼ਬਰਦਸਤ ਹੁੰਗਾਰਾ ਮਿਲਿਆ ਅਤੇ ਉਹ ਵੀ ਬੜੀ ਖੁਸ਼ੀ ਨਾਲ ਦੁਨੀਆਂ ਦੇ ਕਈ ਦੇਸ਼ਾਂ ਵਿੱਚ ਵੱਖ-ਵੱਖ ਧਾਰਮਿਕ ਸੰਸਥਾਵਾਂ ਦੇ ਪ੍ਰਬੰਧ ਅਧੀਨ ਸਥਾਪਤ ਹੋਏ ਅਹਿਮ ਗੁਰਦੁਆਰਿਆਂ ਵਿੱਚ ਗੰਗਾ ਸਾਗਰ ਦੇ ਦਰਸ਼ਨ ਕਰਾਉਣ ਲਈ ਜਾਂਦੇ ਰਹੇ।

***

**2.**

17 ਅਗਸਤ 1997

## ਜੱਦੀ ਹਵੇਲੀ ਵਿਚ ਰਾਏ ਅਜ਼ੀਜ਼ ਉੱਲਾ ਖਾਨ ਦੇ ਜ਼ਜਬਾਤੀ ਪਲ

**--ਇਲਿਆਸ ਘੁੰਮਣ**

ਗੰਗਾ ਸਾਗਰ ਪ੍ਰਤੀ ਰਾਏ ਅਜ਼ੀਜ਼ ਉਲਾ ਖਾਨ ਦੇ ਮਨ ਵਿਚ ਮੌਜੂਦ ਸਤਿਕਾਰ ਨੂੰ ਵੇਖ ਕੇ ਵਿਦੇਸ਼ੀ ਲੋਕ ਹੈਰਾਨ ਰਹਿ ਜਾਂਦੇ ਨੇ। ਅਮਰੀਕਾ ਦੀ ਫੇਰੀ ਦੌਰਾਨ ਉਥੇ ਦੇ ਇਕ ਨਾਗਰਿਕ ਨੇ ਜਦ ਇਸ ਬਹੁਤ ਹੀ ਖੂਬਸੂਰਤ ਬਰਤਨ ਨਾਲ ਉਸ ਦੇ ਮਨ ਵਿਚ ਮੌਜੂਦ ਸ਼ਰਧਾ ਦਾ ਕਾਰਨ ਪੁੱਛਿਆ ਸੀ ਤਾਂ ਰਾਏ ਅਜ਼ੀਜ਼ ਉਲਾ ਖਾਨ ਨੇ ਸਹਿਜ-ਸੁਭਾਅ ਉੱਤਰ ਦਿੱਤਾ ਸੀ 'ਗੰਗਾ ਸਾਗਰ ਵਾਕਈ ਬਹੁਤ ਪਿਆਰਾ, ਅਤਿ ਸ਼ੌਕ ਅਤੇ ਬੜੀ ਹੀ ਮੁਹਾਰਤ ਨਾਲ ਬਣਾਇਆ ਹੋਇਆ ਇਕ ਧਾਤ ਵਸਤੂ ਹੈ, ਪਰ ਮੇਰੀ ਨਜ਼ਰ ਵਿਚ ਇਸ ਦਾ ਸਭ ਤੋਂ ਵੱਡਾ ਗੁਣ, ਇਸ ਦਾ ਗੁਰੂ ਸਾਹਿਬ ਦੀ ਬਖਸ਼ੀ ਹੋਈ ਨਿਸ਼ਾਨੀ ਹੋਣਾ ਹੈ। ਇਸ ਦੀ ਥਾਂ ਜੇ ਗੁਰੂ ਮਹਾਰਾਜ ਇਕ ਮਿੱਟੀ ਦਾ ਪਿਆਲਾ ਹੀ ਮੇਰੇ ਪੁਰਖਿਆਂ ਨੂੰ ਬਖਸ਼ ਦਿੰਦੇ ਤਾਂ ਮੇਰੇ ਮਨ ਵਿਚ ਉਸ ਦਾ ਵੀ ਏਨਾ ਹੀ ਮਾਣ ਅਤੇ ਸਤਿਕਾਰ ਹੁੰਦਾ।' ਸੱਚੀ ਗੱਲ ਏ ਇਸ ਕਦਰ ਸਤਿਕਾਰ ਹੋਣ ਤੋਂ ਬਿਨਾਂ ਕਿਸੇ ਵੀ ਵਸਤ ਦੀ ਸਦੀਆਂ ਤੱਕ ਸਾਂਭ-ਸੰਭਾਲ ਕਰਦੇ ਰਹਿਣਾ

ਬਿਲਕੁਲ ਅਸੰਭਵ ਸੀ। ਪ੍ਰਵਾਸੀ ਬਣ ਚੁੱਕੇ ਉਹ ਲੋਕ ਜੋ ਵੰਡ ਤੋਂ ਪਹਿਲਾਂ ਰਾਏਕੋਟ ਵਿਚ ਗੁਰੂ ਸਾਹਿਬ ਦੀ ਇਸ ਬੇ-ਮਿਸਾਲ ਨਿਸ਼ਾਨੀ ਦੇ ਕਈ ਵਾਰ ਦਰਸ਼ਨ ਕਰ ਚੁੱਕੇ ਸਨ, ਉਹ ਇਸ ਗੱਲ ਦੇ ਗਵਾਹ ਨੇ ਕਿ ਅੱਧੀ ਸਦੀ ਲੰਮਾ ਵਕਤ ਦਾ ਵੱਡਾ ਖੱਪਾ ਆਪਣਾ ਮਾਮੂਲੀ ਤੋਂ ਮਾਮੂਲੀ ਦਾਗ ਵੀ ਗੰਗਾ ਸਾਗਰ ਉੱਤੇ ਨਹੀਂ ਸੀ ਲਾ ਸਕਿਆ ਤੇ ਉਹ ਉਵੇਂ ਦਾ ਉਵੇਂ ਹੀ ਸੀ। ਵਿਦੇਸ਼ਾਂ ਵਿਚ ਗੰਗਾ ਸਾਗਰ ਦੇ ਦਰਸ਼ਨਾਂ ਦੇ ਦੌਰਾਨ ਭਾਵੁਕ ਕਰ ਦੇਣ ਵਾਲੇ ਬੇਸ਼ੁਮਾਰ ਦ੍ਰਿਸ਼ ਵੇਖਣ ਨੂੰ ਮਿਲਦੇ। ਜਿਸ ਗੁਰਦੁਆਰੇ ਵਿਚ ਵੀ ਦਰਸ਼ਨ ਕਰਾਉਣ ਦਾ ਪ੍ਰਬੰਧ ਕੀਤਾ ਜਾਂਦਾ ਦੂਰ-ਦੂਰ ਤੋਂ ਟੁਰੀਆਂ ਸੰਗਤਾਂ ਉਥੇ ਆਣ ਜੁੜਦੀਆਂ। ਇਸ ਨੇਕੀ ਲਈ ਰਿਣੀ ਹੋਏ ਸ਼ਰਧਾਲੂ ਰਾਏ ਅਜ਼ੀਜ ਉਲਾ ਖਾਨ ਦਾ ਬੇਹੱਦ ਸਤਿਕਾਰ ਕਰਦੇ ਅਤੇ ਪੁਰਾਣੇ ਲੋਕ ਪੁਰਾਣੀਆਂ ਸਾਂਝਾ ਯਾਦ ਕਰ ਕਰ ਕੇ ਹੰਝੂ ਵਹਾਉਂਦੇ।

ਇਥੇ ਪੁੱਜ ਕੇ ਹਰੇਕ ਮਨ ਵਿਚ ਇਹ ਸੁਆਲ ਹੀ ਪੈਦਾ ਹੁੰਦਾ ਏ ਕਿ ਗੰਗਾ ਸਾਗਰ ਦੀ ਏਨੀ ਸ਼ਰਧਾ ਨਾਲ ਸਾਂਭ-ਸੰਭਾਲ ਕਰਨ ਦੀ ਸੇਵਾ ਨਿਭਾਉਣ ਵਾਲੇ ਅਤੇ ਦੂਰ-ਦੂਰ ਦੇ ਦੇਸ਼ਾਂ ਵਿਚ ਜਾ ਕੇ ਸੰਗਤਾਂ ਨੂੰ ਉਸ ਦੇ ਦਰਸ਼ਨ ਕਰਾਉਣ ਦੇ ਉੱਦਮ ਕਰਨ ਵਾਲੇ ਰਾਏ ਅਜ਼ੀਜ਼ ਉਲਾ ਨੇ ਕੀ ਕਦੀ 50 ਸਾਲਾਂ ਤੋਂ ਗੁਰੂ ਸਾਹਿਬ ਦੀ ਇਸ ਪਵਿੱਤਰ ਨਿਸ਼ਾਨੀ ਤੋਂ ਵਿਛੜੀਆਂ ਹੋਈਆਂ ਭਾਰਤ ਦੀਆ ਸੰਗਤਾਂ ਨੂੰ ਵੀ ਇਸ ਦੇ ਦਰਸ਼ਨ ਕਰਾਉਣ ਦਾ ਉਪਰਾਲਾ ਕੀਤਾ? ਇਹੀ ਤਾਂ ਇਸ ਦਾਸਤਾਨ ਦਾ ਸਭ ਤੋਂ ਬਹੁਤਾ ਪੀੜ ਭਰਿਆ ਭਾਗ ਏ। ਰਾਏ ਅਜ਼ੀਜ਼ ਉਲਾ ਖਾਨ ਦਾ ਜਨਮ ਪਾਕਿਸਤਾਨ ਵਿਚ ਹੀ ਹੋਇਆ ਸੀ ਪਰ ਉਸ ਦੇ ਮਨ ਦੀ ਬਸਤੀ ਤਾਂ ਸ਼ੁਰੂ ਤੋਂ 'ਰਾਏਕੋਟ' ਹੀ ਸੀ। ਰਾਏ ਅਜ਼ੀਜ਼ ਉਲਾ ਖਾਨ ਨੂੰ ਇੰਜ ਹੀ ਮਹਿਸੂਸ ਹੁੰਦਾ ਜਿਵੇਂ ਉਸ ਦੇ ਬਜ਼ੁਰਗਾਂ ਦਾ ਉਤਲਾ ਧੜ ਤਾਂ ਲਹਿੰਦੇ ਪੰਜਾਬ ਵਿਚ ਆ ਗਿਆ ਸੀ ਪਰ ਉਨ੍ਹਾਂ ਦੀਆਂ ਜੜ੍ਹਾਂ ਚੜ੍ਹਦੇ ਪੰਜਾਬ ਵਿਚ ਹੀ ਰਹਿ ਗਈਆਂ ਸਨ। ਆਪਣੇ ਪੁਰਖਿਆਂ ਦੇ ਮੂਲ ਨਗਰ ਜਾਣ ਅਤੇ ਉਨ੍ਹਾਂ ਦੇ ਪੁਰਾਣੇ ਮਿੱਤਰਾਂ ਨੂੰ ਮਿਲਣ ਲਈ ਹਰ ਵਕਤ ਉਸ ਦਾ ਮਨ ਬਹਿਬਲ ਰਹਿੰਦਾ। ਪਰ ਲੋਕਾਂ ਵਿਚਕਾਰ ਵਿੱਥਾਂ ਵਧਾਉਣ ਵਾਸਤੇ ਹੀ ਤਾਂ ਧਰਤੀ ਦੇ ਸੀਨੇ ਉੱਤੇ ਲੀਕਾਂ ਵਾਹੀਆਂ ਗਈਆਂ ਸਨ। ਇਸ ਲਈ ਲੰਮੇ ਅਰਸੇ ਤੱਕ ਉਸ ਦੇ ਮਨ ਦੇ ਇਹ ਸੁਪਨੇ ਸਾਕਾਰ ਨਾ ਹੋ ਸਕੇ। ਆਖਰ 1983 ਵਿਚ ਰਾਏ ਅਜ਼ੀਜ਼ ਉਲਾ ਖਾਨ ਇਹ ਲੀਕ ਪਾਰ ਕਰਨ ਵਿਚ ਸਫਲ ਹੋ ਹੀ ਗਿਆ, ਬਹਾਨਾ ਜਲੰਧਰ ਵਿਚ ਹੋ ਰਿਹਾ ਕ੍ਰਿਕਟ ਟੈਸਟ ਮੈਚ ਬਣਿਆ ਸੀ। ਰਾਏ ਅਜ਼ੀਜ਼ ਉਲਾ ਖਾਨ ਕੋਲ ਰਾਏਕੋਟ ਜਾਣ ਦਾ ਵੀਜ਼ਾ ਵੀ ਨਹੀਂ ਸੀ ਪਰ ਉਸ ਸੋਚਿਆ ਆਪਣੀ ਜੱਦੀ ਜੂਹ ਜਾਣ ਲਈ ਵੀ ਭਲਾ ਕਿਸੇ ਨੂੰ ਵੀਜ਼ੇ ਦੀ ਲੋੜ ਹੁੰਦੀ ਏ। ਇਸ ਲਈ ਜਲੰਧਰੋਂ ਨਿਕਲ ਕੇ ਉਹ ਚੁਪ-ਚੁਪੀਤੇ ਹੀ ਰਾਏਕੋਟ ਜਾ ਪੁੱਜਾ। ਰਾਏਕੋਟ ਦੀਆਂ ਗਲੀਆਂ ਵਿਚ ਫਿਰਦੇ ਹੋਏ ਰਾਏ ਅਜ਼ੀਜ਼ ਉਲਾ ਖਾਨ ਦਾ ਮਨ ਕਰਦਾ ਸੀ ਕਿ ਉਹ ਉਥੇ ਦੇ ਵਸਨੀਕਾਂ ਅੱਗੇ ਉੱਚੀ ਆਵਾਜ਼ ਵਿਚ ਐਲਾਨ ਕਰੇ ਕਿ ਵੇਖੋ! ਖਾਨ ਬਹਾਦਰ ਰਾਏ ਅਨਾਇਤ ਖਾਨ ਦਾ ਪੋਤਰਾ ਸਰਹੱਦਾਂ ਟੱਪ ਕੇ ਅੱਜ ਤੁਹਾਡੇ ਕੋਲ ਆ ਗਿਆ ਜੇ, ਸੁਣੋ! ਅਸਾਂ ਅਜੇ ਤੱਕ ਸਤਿਗੁਰਾਂ ਦੀ ਨਿਸ਼ਾਨੀ ਨੂੰ ਆਪਣੀ ਛਾਤੀ ਨਾਲ ਲਾ ਕੇ ਰੱਖਿਆ ਹੋਇਆ ਏ ਪਰ ਉਹ ਇੰਜ ਨਹੀਂ ਸੀ ਕਰ ਸਕਦਾ। ਰਾਏ

ਅਜ਼ੀਜ਼ ਉਲਾ ਖਾਨ ਨੂੰ ਆਪਣੇ ਬਜ਼ੁਰਗਾਂ ਦੇ ਰਾਏਕੋਟ ਵਿਚਲੇ ਜਿਹੜੇ ਪੁਰਾਣੇ ਮਿੱਤਰਾਂ ਦੇ ਨਾਂ-ਪਤੇ ਯਾਦ ਸਨ ਉਨ੍ਹਾਂ ਵਿਚ ਇਕ ਡਾ: ਮਨੋਹਰ ਲਾਲ ਵੀ ਸਨ। ਰਾਏ ਅਜ਼ੀਜ਼ ਉਲਾ ਖਾਨ ਉਨ੍ਹਾਂ ਦੇ ਪਤੇ ਉੱਤੇ ਪੁੱਜਾ ਪਰ ਡਾਕਟਰ ਸਾਹਿਬ ਨਾਲ ਉਸ ਦੀ ਮੁਲਾਕਾਤ ਨਾ ਹੋ ਸਕੀ। ਫਿਰ ਉਹ ਤਲਵੰਡੀ ਦਰਵਾਜ਼ੇ ਦੇ ਨੇੜੇ ਰਹਿੰਦੇ ਸ: ਆਤਮਾ ਸਿੰਘ ਦੇ ਘਰ ਚਲਾ ਗਿਆ। ਜਦ ਉਸ ਨੇ ਦੱਸਿਆ ਕਿ ਮੈਂ ਰਾਏ ਅਨਾਇਤ ਖਾਨ ਦਾ ਪੋਤਰਾ ਰਾਏ ਅਜ਼ੀਜ਼ ਉਲਾ ਖਾਨ ਹਾਂ ਤਾਂ ਇਹ ਗੱਲ ਸੁਣ ਕੇ ਬਿਰਧ ਆਤਮਾ ਸਿੰਘ ਨੂੰ ਨਾ ਤੇ ਆਪਣੇ ਕੰਨਾਂ ਉੱਤੇ ਵਿਸ਼ਵਾਸ ਹੋਇਆ ਅਤੇ ਨਾ ਹੀ ਅੱਖਾਂ ਉੱਤੇ ਇਤਬਾਰ ਆਇਆ ਕਿ ਉਹ ਜੋ ਕੁਝ ਵੇਖ ਰਹੀਆਂ ਹਨ ਉਹ ਸੱਚ-ਮੁੱਚ ਠੀਕ ਹੈ। ਉਸ ਦੇ ਮੂੰਹੋਂ ਨਿਕਲੇ ਪਹਿਲੇ ਸ਼ਬਦ ਇਹੀ ਸਨ, ਮੈਂ ਕੋਈ ਸੁਪਨਾ ਤੇ ਨਹੀਂ ਵੇਖ ਰਿਹਾ। ਬਹਿਰਹਾਲ ਇਸ ਹਕੀਕਤ ਦਾ ਥੋੜਾ ਪੱਕ ਹੋਣ ਉਪਰੰਤ ਉਹ ਧਾ ਕੇ ਰਾਏ ਅਜ਼ੀਜ਼ ਉਲਾ ਖਾਨ ਦੇ ਗਲ ਲੱਗ ਗਿਆ। ਵਡੇਰੀ ਉਮਰ ਵਾਲਾ ਆਤਮਾ ਸਿੰਘ ਅਤੇ ਭਰ ਜਵਾਨ ਰਾਏ ਅਜ਼ੀਜ਼ ਉਲਾ ਖਾਨ ਇਕ-ਦੂਜੇ ਨੂੰ ਗਲਵੱਕੜੀ ਵਿਚ ਲੈ ਕੇ ਕਿੰਨੀ ਹੀ ਦੇਰ ਤੱਕ ਰੋਂਦੇ ਰਹੇ। ਨਾ ਬਾਹਰੋਂ ਆਉਣ ਵਾਲਾ ਕੁਝ ਦੱਸ ਸਕਿਆ ਅਤੇ ਨਾ ਹੀ ਸਵਾਗਤ ਕਰਨ ਵਾਲੇ ਕੋਲੋਂ ਕੋਈ ਗੱਲ ਹੋ ਸਕੀ। ਦੋਵੇਂ ਛਾਤੀ ਨਾਲ ਛਾਤੀ ਜੋੜ ਕੇ ਹੰਝੂਆਂ ਦੀ ਬੋਲੀ ਹੀ ਬੋਲਦੇ ਰਹੇ। ਬਾਅਦ ਵਿਚ ਆਪਣੇ-ਆਪ ਉੱਤੇ ਕੁਝ ਕਾਬੂ ਕਰ ਕੇ ਆਤਮਾ ਸਿੰਘ ਨੇ ਆਪਣੀ ਬਿਰਧ ਧਰਮ-ਪਤਨੀ ਨੂੰ ਅੰਦਰ ਆਵਾਜ਼ ਮਾਰੀ, ਭਾਗਵਾਨੇ! ਬਾਹਰ ਆ ਕੇ ਵੇਖ, ਅੱਜ ਮੇਰੇ ਕੋਲ ਕੌਣ ਆਇਆ ਈ? ਰਾਏ ਅਜ਼ੀਜ਼ ਉਲਾ ਖਾਨ ਉਸ ਘਰ ਜਿੰਨੀ ਦੇਰ ਵੀ ਠਹਿਰਿਆ ਉਸ ਦੇ ਦਾਦੇ ਦੇ ਦੋਸਤ ਆਤਮਾ ਸਿੰਘ ਨੇ ਗੱਲਾਂ ਘੱਟ ਕੀਤੀਆਂ ਵਧੇਰੇ ਰੋਂਦਾ ਹੀ ਰਿਹਾ।

ਰਾਏ ਅਜ਼ੀਜ਼ ਉਲਾ ਖਾਨ ਕੋਲ ਵਕਤ ਬਹੁਤ ਥੋੜਾ ਸੀ ਤੇ ਕਿਸੇ ਸਰਕਾਰੀ ਸੂਹੇ ਨੂੰ ਪਤਾ ਲੱਗਣ ਤੋਂ ਪਹਿਲਾਂ-ਪਹਿਲਾਂ ਵਾਪਸ ਜਲੰਧਰ ਜਾਣਾ ਉਸ ਦੀ ਮਜਬੂਰੀ ਸੀ। ਉਹ ਆਪਣੀ ਜੱਦੀ ਹਵੇਲੀ ਵੇਖਣ ਵੀ ਗਿਆ। ਇਹ ਹਵੇਲੀ ਨਨਕਾਣਾ ਸਾਹਿਬ ਤੋਂ ਸ਼ਰਨਾਰਥੀ ਹੋ ਕੇ ਗਏ ਸ: ਲਾਲ ਸਿੰਘ ਦੇ ਪਰਿਵਾਰ ਨੂੰ ਅਲਾਟ ਹੋਈ ਸੀ। ਤੇਜਿੰਦਰ ਸਿੰਘ, ਉਸ ਦਾ ਛੋਟਾ ਭਰਾ ਅਤੇ ਉਨ੍ਹਾਂ ਦੇ ਪਰਿਵਾਰ ਇਸ ਹਵੇਲੀ ਵਿਚ ਰਹਿ ਰਹੇ ਸਨ। ਹਵੇਲੀ ਦਾ ਉਹ ਖੁੱਲ੍ਹਾ-ਡੁੱਲ੍ਹਾ ਵਿਹੜਾ ਜਿਥੇ ਸੰਗਤਾਂ ਨੂੰ ਬਿਠਾ ਕੇ ਕਦੇ ਖਾਨ ਬਹਾਦਰ ਰਾਏ ਅਨਾਇਤ ਖਾਨ ਗੰਗਾ ਸਾਗਰ ਦੇ ਦਰਸ਼ਨ ਕਰਾਉਂਦੇ ਹੁੰਦੇ ਸਨ, ਉਹ ਓਨਾ ਵਿਸ਼ਾਲ ਤੇ ਨਹੀਂ ਸੀ ਰਿਹਾ ਪਰ ਇਸ ਪਰਿਵਾਰ ਨੇ ਜਿਸ ਚੰਗੇ ਢੰਗ ਨਾਲ ਹਵੇਲੀ ਦੀ ਸੰਭਾਲ ਕੀਤੀ ਹੋਈ ਸੀ ਉਸ ਨੂੰ ਵੇਖ ਕੇ ਰਾਏ ਅਜ਼ੀਜ਼ ਉਲਾ ਖਾਨ ਨੂੰ ਖੁਸ਼ੀ ਹੋਈ।

ਆਪਣੀ ਜੱਦੀ ਹਵੇਲੀ ਵੇਖਣ ਬਾਅਦ ਰਾਏ ਅਜ਼ੀਜ਼ ਉਲਾ ਖਾਨ ਰਾਏਕੋਟ ਦੇ ਮੁੱਖ ਬਾਜ਼ਾਰ ਵਿਚੋਂ ਗੁਜ਼ਰ ਰਿਹਾ ਸੀ ਕਿ ਅਚਾਨਕ ਕਿਸੇ ਨੇ ਪਿਛੋਂ ਉਸ ਦੇ ਮੋਢੇ ਉਤੇ ਹੱਥ ਰੱਖ ਕੇ ਉਸ ਨੂੰ ਰੋਕ ਲਿਆ। ਉਸ ਨੇ ਮੁੜ ਕੇ ਵੇਖਿਆ ਤਾਂ ਉਹ ਦੋ ਵਿਅਕਤੀ ਸਨ। ਬਾਅਦ ਵਿਚ ਉਨ੍ਹਾਂ ਦੇ ਨਾਵਾਂ ਦਾ ਪਤਾ ਲੱਗਾ, ਉਹ ਸ੍ਰੀ ਕ੍ਰਿਸ਼ਨ ਕੁਮਾਰ ਪੰਡਿਤ ਪੁੱਤਰ ਪੰਡਿਤ ਦੁਰਗਾ ਦਾਸ ਅਤੇ ਸ੍ਰੀ ਰਾਜਿੰਦਰ ਕੁਮਾਰ ਪੰਡਿਤ ਪੁੱਤਰ ਪੰਡਿਤ ਬੂੜਾ ਰਾਮ ਸਨ। ਅਸਲ

ਵਿਚ ਉਹ ਦੋਵੇਂ ਵਿਅਕਤੀ ਰਾਏ ਅਜ਼ੀਜ਼ ਉਲਾ ਖਾਨ ਨੂੰ ਰਾਏਕੋਟ ਦੇ ਬਾਜ਼ਾਰਾਂ ਵਿਚ ਵਿਚਰਦੇ ਵੇਖ ਕੇ ਹੈਰਾਨ ਰਹਿ ਗਏ ਸਨ। ਉਨ੍ਹਾਂ ਵਿਚੋਂ ਇਕ ਨੇ ਦੂਸਰੇ ਨੂੰ ਕਿਹਾ ਸੀ ਇਹ ਯੁਵਕ ਤਾਂ ਰਾਏ ਫਕੀਰ ਉਲਾ ਖਾਨ ਦਾ ਸਰੂਪ ਹੀ ਜਾਪਦਾ ਹੈ, ਹੁਣ ਭਾਵੇਂ ਇਹ ਮੇਰੇ ਨਾਲ ਲੜ ਹੀ ਕਿਉਂ ਨਾ ਪਵੇ ਮੈਂ ਇਸ ਨੂੰ ਰੋਕ ਕੇ ਇਹ ਅਵੱਸ਼ ਪੁੱਛਾਂਗਾ ਕਿ ਉਸ ਦਾ ਸਾਡੇ ਸਾਬਕਾ ਕਲਾਸ ਫੈਲੋ ਰਾਏ ਫਕੀਰ ਉਲਾ ਖਾਨ ਨਾਲ ਕੀ ਸੰਬੰਧ ਹੈ?

ਰਾਏ ਅਜ਼ੀਜ਼ ਉਲਾ ਖਾਨ ਨੇ ਜਦ ਉਨ੍ਹਾਂ ਵਿਅਕਤੀਆਂ ਨੂੰ ਦੱਸਿਆ ਕਿ ਮੈਂ ਵਾਕਈ ਰਾਏ ਫਕੀਰ ਉਲਾ ਖਾਨ ਦਾ ਹੀ ਲੜਕਾ ਹਾਂ ਤੇ ਇਕ ਵਾਰ ਫਿਰ ਜੱਫੀਆਂ ਅਤੇ ਗਲਵੱਕੜੀਆਂ ਪੈਣ ਲੱਗ ਪਈਆਂ ਅਤੇ ਨਾਲ ਹੀ ਅੱਖਾਂ ਅੱਥਰੂ ਵਗਾਉਣ ਲੱਗ ਪਈਆਂ। ਇਹ ਅੱਥਰੂ ਇਕਦਮ ਮਿਲੀ ਖੁਸ਼ੀ ਦੇ ਵੀ ਸਨ ਅਤੇ ਸਾਲਾਂ ਦੇ ਵਿਛੋੜੇ ਦੇ ਵੀ। ਰਾਏ ਅਜ਼ੀਜ਼ ਉਲਾ ਖਾਨ ਦੇ ਵਾਲਦ ਦੇ ਇਹ ਮਿੱਤਰ ਉਸ ਨੂੰ ਉਥੋਂ ਨੇੜੇ ਹੀ ਮੌਜੂਦ ਸ੍ਰੀ ਧਰਮ ਪਾਲ ਉੱਪਲ ਦੀ ਦੁਕਾਨ 'ਉੱਪਲ ਬੂਟ ਹਾਊਸ' ਲੈ ਗਏ। ਉਨ੍ਹਾਂ ਆਪਣੇ ਸਕੂਲ-ਸੰਗੀ ਰਾਏ ਫਕੀਰ ਉਲਾ ਖਾਨ ਦੀ ਮੌਤ ਦਾ ਸੁਣ ਕੇ ਬਹੁਤ ਅਫਸੋਸ ਵੀ ਕੀਤਾ ਅਤੇ ਰਾਏ ਅਜ਼ੀਜ਼ ਉਲਾ ਖਾਨ ਦੀ ਯੋਗ ਸੇਵਾ ਵੀ ਕੀਤੀ।

ਇਸੇ ਤਰ੍ਹਾਂ ਹੀ ਜਦ ਇਕ ਦੁਕਾਨਦਾਰ ਲਾਲਾ ਹਰੀ ਚੰਦ ਕੌੜਾ ਨੂੰ ਰਾਏ ਅਜ਼ੀਜ਼ ਖਾਨ ਦੇ ਰਾਏਕੋਟ ਵਿਚ ਆਉਣ ਦਾ ਪਤਾ ਲੱਗਾ ਤੇ ਉਹ ਵੀ ਬੜੇ ਉਤਸ਼ਾਹ ਨਾਲ ਉਸ ਨੂੰ ਮਿਲਿਆ ਅਤੇ ਕਹਿਣ ਲੱਗਾ ਇਹ ਦੁਕਾਨ ਤੇਰੇ ਦਾਦਾ ਜੀ ਖਾਨ ਬਹਾਦਰ ਰਾਏ ਅਨਾਇਤ ਖਾਨ ਜੀ ਨੇ ਹੀ ਮੇਰੇ ਨਾਂ ਲਵਾਈ ਸੀ। ਪਹਿਲਾਂ ਹੀ ਹੱਦੋਂ ਵੱਧ ਸੇਵਾ ਕਰਵਾ ਕਰਵਾ ਕੇ ਰੱਜੇ ਹੋਏ ਰਾਏ ਅਜ਼ੀਜ਼ ਉਲਾ ਖਾਨ ਨੇ ਜਦ ਕੁਝ ਵੀ ਹੋਰ ਖਾਣ-ਪੀਣ ਤੋਂ ਇਨਕਾਰ ਕੀਤਾ ਤਾਂ ਲਾਲਾ ਹਰੀ ਚੰਦ ਕੌੜਾ ਨੇ ਆਪਣੀ ਪ੍ਰਚੂਨ ਦੀ ਦੁਕਾਨ ਤੋਂ ਇਕ ਮੁੱਠ ਇਲਾਇਚੀਆਂ ਉਸ ਨੂੰ ਪੇਸ਼ ਕੀਤੀਆਂ। 14 ਸਾਲ ਬੀਤਣ ਮਗਰੋਂ ਵੀ ਪਿਆਰ ਨਾਲ ਭੇਟ ਕੀਤੀਆਂ ਹੋਈਆਂ ਉਹ ਇਲਾਇਚੀਆਂ ਅੱਜ ਵੀ ਰਾਏ ਅਜ਼ੀਜ਼ ਉਲਾ ਖਾਨ ਨੇ ਆਪਣੇ ਕੋਲ ਸਾਂਭੀਆਂ ਹੋਈਆਂ ਨੇ। ਇਸ ਛੋਟੀ ਜਿਹੀ ਘਟਨਾ ਤੋਂ ਵੀ ਅੰਦਾਜ਼ਾ ਕੀਤਾ ਜਾ ਸਕਦਾ ਏ ਕਿ ਮੋਹ-ਮੁਹੱਬਤ ਵਧਾਉਣ ਵਾਲੀਆਂ ਪੁਰਾਣੀਆਂ ਕਦਰਾਂ-ਕੀਮਤਾਂ ਦਾ ਇਸ ਪਰਿਵਾਰ ਦੀ ਨਜ਼ਰ ਵਿਚ ਅੱਜ ਵੀ ਕਿੰਨਾ ਆਦਰ ਮੌਜੂਦ ਏ।

ਰਾਏਕੋਟ ਦੀ ਇਸ ਯਾਦਗਾਰੀ ਫੇਰੀ ਨੇ ਰਾਏ ਅਜ਼ੀਜ਼ ਉਲਾ ਖਾਨ ਦਾ ਹੌਸਲਾ ਵਧਾ ਦਿੱਤਾ ਸੀ। ਰਾਤ ਤਾਂ ਉਸ ਨੇ ਵਾਪਸ ਜਲੰਧਰ ਵਿਚ ਹੀ ਆ ਕੇ ਗੁਜ਼ਾਰੀ ਪਰ ਇਸ ਤੋਂ ਅਗਲੇ ਦਿਨ ਉਹ ਫਿਰ ਖਾਮੋਸ਼ੀ ਨਾਲ ਪਿੰਡ ਤਲਵਨ ਵੱਲ ਚਲਾ ਗਿਆ। ਜਲੰਧਰ ਜ਼ਿਲ੍ਹੇ ਦੀ ਤਹਿਸੀਲ ਫਿਲੌਰ ਵਿਚ ਪੈਂਦਾ ਇਹ ਛੋਟਾ ਜਿਹਾ ਨਗਰ ਰਾਏ ਅਜ਼ੀਜ਼ ਉਲਾ ਖਾਨ ਦੀ ਮਾਂ ਇੱਜ਼ਤ ਬੇਗਮ ਦੀ ਜਨਮ ਭੂਮੀ ਸੀ। ਸੱਚੀ ਗੱਲ ਏ ਦਾਦਕਾ ਨਗਰ ਵੇਖਣ ਮਗਰੋਂ ਨਾਨਕੇ ਪਿੰਡ ਜਾਣਾ ਤਾਂ ਬਹੁਤ ਹੀ ਜ਼ਰੂਰੀ ਹੋ ਗਿਆ ਸੀ। ਤਲਵਨ ਵਿਚ ਪੁੱਜੇ ਰਾਏ ਅਜ਼ੀਜ਼ ਉਲਾ ਖਾਨ ਬਾਰੇ ਜਦ ਉਥੇ ਦੇ ਪੁਰਾਣੇ ਵਸਨੀਕਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਵੀ ਉਸ ਦਾ ਓਨਾ ਹੀ ਆਦਰ-ਮਾਣ ਕੀਤਾ ਜਿੰਨਾ ਕਿ ਪੰਜਾਬੀ ਸਭਿਆਚਾਰ ਵਿਚ ਆਪਣੀ ਧੀ

ਦੀ ਸੰਤਾਨ ਦਾ ਸਕੇ ਨਾਨਕੇ ਕਰਦੇ ਨੇ। ਜਲੰਧਰ ਦੇ ਕ੍ਰਿਕਟ ਟੈਸਟ ਮੈਚ ਨੂੰ ਕਿਸ ਦੇਸ਼ ਨੇ ਜਿੱਤਿਆ, ਰਾਏ ਅਜ਼ੀਜ਼ ਉਲਾ ਖਾਨ ਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਸੀ। ਆਪਣਾ ਦਾਦਕਾ ਅਤੇ ਨਾਨਕਾ ਨਗਰ ਵੇਖਣ ਨਾਲ ਹੀ ਇਸ ਫੇਰੀ ਨੇ ਉਸ ਦੀ ਜ਼ਿੰਦਗੀ ਨੂੰ ਅਭੁੱਲ ਯਾਦ ਨਾਲ ਮਾਲਾ-ਮਾਲ ਕਰ ਦਿੱਤਾ ਸੀ।

1991 ਵਿਚ ਰਾਏ ਅਜ਼ੀਜ਼ ਉਲਾ ਖਾਨ ਆਪਣੀ ਸੁਪਤਨੀ ਬੇਗਮ ਤਬੱਸਮ ਅਤੇ ਸਪੁੱਤਰ ਰਾਏ ਮੁਹੰਮਦ ਅਲੀ ਖਾਨ ਸਮੇਤ ਦਿੱਲੀ ਪੁੱਜੇ। ਗੰਗਾ ਸਾਗਰ ਦੇ ਨਵ-ਜਨਮੇ ਵਾਰਸ ਨੂੰ ਲੈ ਕੇ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿਚਲੀਆਂ ਦਰਗਾਹਵਾਂ ਉੱਤੇ ਤਾਂ ਉਹ ਹਾਜ਼ਰੀ ਭਰਦੇ ਰਹੇ ਪਰ ਹਾਰਦਿਕ ਖਾਹਿਸ਼ ਦੇ ਬਾਵਜੂਦ ਉਹ ਨਾ ਤਾਂ ਚੜ੍ਹਦੇ ਪੰਜਾਬ ਵਿਚ ਜਾ ਸਕੇ ਅਤੇ ਨਾ ਹੀ ਆਪਣੀ ਜੱਦੀ ਜੂਹ ਦੇ ਮੁੜ ਦਰਸ਼ਨ ਕਰ ਸਕੇ। ਅਸਲ ਵਿਚ ਦੋਹਾਂ ਦੇਸ਼ਾਂ ਦੇ ਆਪਸੀ ਸੰਬੰਧ ਹੋਰ ਖਰਾਬ ਹੋ ਗਏ ਸਨ। ਖਾਸ ਕਰਕੇ ਪੂਰਬੀ ਪੰਜਾਬ ਵਿਚ ਕਿਸੇ ਪਾਕਿਸਤਾਨੀ ਲਈ ਜਾਣਾ ਸੰਭਵ ਨਹੀਂ ਸੀ ਰਿਹਾ।

ਗੌਲਫ ਦੇ ਵਧੀਆ ਖਿਡਾਰੀ ਹੋਣ ਕਾਰਨ ਰਾਏ ਅਜ਼ੀਜ਼ ਉਲਾ ਖਾਨ ਪਾਕਿਸਤਾਨ ਗੋਲਫ ਫੈਡਰੇਸ਼ਨ ਦੇ ਮੈਂਬਰ ਵੀ ਨੇ। 1992 ਵਿਚ ਉਹ ਗੌਲਫ ਦੀ ਟੀਮ ਦੇ ਨਾਲ ਇਕ ਵਾਰ ਫਿਰ ਦਿੱਲੀ ਪਹੁੰਚ ਗਏ। ਦਿੱਲੀ ਜ਼ਿਮਖਾਨਾ ਦੀਆਂ ਗਰਾਉਂਡਾਂ ਉੱਤੇ ਵਿਕਰਮਜੀਤ ਸਿੰਘ ਨਾਲ ਹੋਇਆ ਆਪਣਾ ਮੈਚ ਤਾਂ ਰਾਏ ਅਜ਼ੀਜ਼ ਉਲਾ ਖਾਨ ਨੇ ਜਿੱਤ ਲਿਆ ਸੀ ਪਰ ਇਸ ਵਾਰ ਵੀ ਉਹ ਰਾਏਕੋਟ ਨਹੀਂ ਸਨ ਜਾ ਸਕੇ।

ਰਾਏ ਅਜ਼ੀਜ਼ ਉਲਾ ਖਾਨ ਅਨੁਸਾਰ ਗੰਗਾ ਸਾਗਰ ਸਿੱਖਾਂ ਅਤੇ ਮੁਸਲਮਾਨਾਂ ਵਿਚਕਾਰ ਮਜ਼੍ਹਬੀ ਸਾਂਝ ਦਾ ਇਕ ਪ੍ਰਤੀਕ ਏ ਤੇ ਗੁਰੂ ਸਾਹਿਬ ਦੀ ਇਹ ਪਵਿੱਤਰ ਨਿਸ਼ਾਨੀ ਸਾਨੂੰ ਇਕ-ਦੂਜੇ ਦੇ ਧਰਮਾਂ ਦਾ ਸਤਿਕਾਰ ਕਰਨ ਦੀ ਸਿੱਖਿਆ ਦਿੰਦੀ ਏ। ਉਹ ਆਖਦੇ ਨੇ ਪੂਰੇ ਵਿਸ਼ਵ ਦੇ ਸਿੱਖਾਂ ਵੱਲੋਂ ਮੈਨੂੰ ਜਿੰਨਾ ਸਤਿਕਾਰ ਮਿਲਿਆ ਏ, ਮੇਰੇ ਮਨ ਵਿਚ ਵੀ ਦੁਨੀਆਂ ਦੇ ਕੋਨੇ-ਕੋਨੇ ਵਿਚ ਰਹਿਣ ਵਾਲੇ ਗੁਰੂ ਸਾਹਿਬ ਦੇ ਸ਼ਰਧਾਲੂਆਂ ਦਾ ਏਨਾ ਹੀ ਸਤਿਕਾਰ ਮੌਜੂਦ ਏ। ਭਾਰਤ ਵਿਚਲੀਆਂ ਸੰਗਤਾਂ ਨਾਲ ਤਾਂ ਉਨ੍ਹਾਂ ਨੂੰ ਕੁਝ ਵਧੇਰੇ ਹੀ ਮੋਹ ਏ। ਚੜ੍ਹਦੇ ਪੰਜਾਬ ਜਾ ਕੇ ਉਥੇ ਦੇ ਧਾਰਮਿਕ ਸਥਾਨਾਂ ਵਿਚ ਗੰਗਾ ਸਾਗਰ ਦੇ ਦਰਸ਼ਨ ਕਰਾਉਣ ਵਿਚ ਉਹ ਖੁਸ਼ੀ ਮਹਿਸੂਸ ਕਰਨਗੇ। ਇਸ ਤੋਂ ਇਲਾਵਾ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਵੀ ਆਪਣਾ ਜੱਦੀ ਨਗਰ ਵੇਖਣਾ ਚਾਹੁੰਦੇ ਨੇ। ਮੇਰੀ ਜਾਣਕਾਰੀ ਅਨੁਸਾਰ ਭਾਰਤ ਦੇ ਵਸਨੀਕ ਬਹੁਤ ਸਾਰੇ ਸ਼ਰਧਾਲੂਆਂ ਨੇ ਨਿੱਜੀ ਤੌਰ ’ਤੇ ਤਾਂ ਗੰਗਾ ਸਾਗਰ ਦੇ ਦਰਸ਼ਨਾਂ ਲਈ ਅਨੇਕਾਂ ਵਾਰ ਇੱਛਾ ਪ੍ਰਗਟ ਕੀਤੀ ਏ ਪਰ ਸਮੂਹ ਪੰਥ ਵੱਲੋਂ ਕਦੀ ਵੀ ਇਸ ਦਾ ਪ੍ਰਗਟਾਵਾ ਨਹੀਂ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਇਸ ਸਬੰਧੀ ਬਿਹਤਰ ਜਾਣਕਾਰੀ ਦੇ ਸਕਦੀ ਏ। ਕੀ ਕਦੀ ਰਾਏ ਅਜ਼ੀਜ਼ ਉਲਾ ਖਾਨ ਅਤੇ ਉਨ੍ਹਾਂ ਦਾ ਪਰਿਵਾਰ ਆਪਣੀ ਜੱਦੀ ਜੂਹ ਵਿਚ ਆ ਸਕੇਗਾ ਜਾਂ ਭਾਰਤ ਦੀਆਂ ਸੰਗਤਾਂ ਵੀ ਗੰਗਾ ਸਾਗਰ ਦੇ ਮੁੜ ਦਰਸ਼ਨ ਕਰ ਸਕਣਗੀਆਂ, ਇਸ ਦਾ ਫੈਸਲਾ ਆਉਣ ਵਾਲਾ ਵਕਤ ਹੀ ਕਰੇਗਾ।

***

3.

31 ਅਗਸਤ 1997

# ਸੰਗਤਾਂ ਦੀ ਗੰਗਾ ਸਾਗਰ ਲਈ ਤੜਫ ਇਕ ਦਿਨ ਜ਼ਰੂਰ ਰੰਗ ਵਖਾਏਗੀ

## -ਇਲਿਆਸ ਘੁੰਮਣ

ਗੰਗਾ ਸਾਗਰ ਅਤੇ ਰਾਏਕੋਟ ਦੇ ਰਾਏ ਪਰਿਵਾਰ ਬਾਰੇ ਮੈਂ ਕਾਫੀ ਦੇਰ ਤੋਂ ਲਿਖਣਾ ਚਾਹੁੰਦਾ ਸਾਂ, ਇਸ ਲਈ ਨਹੀਂ ਕਿ ਰਾਏ ਅਜ਼ੀਜ਼ ਉੱਲਾ ਖਾਨ ਨਾਲ ਮੇਰੇ ਸਕੇ ਭਰਾਵਾਂ ਜਿਹੇ ਸੰਬੰਧ ਨੇ ਸਗੋਂ ਇਸ ਲਈ ਕਿ ਇਸ ਪਰਿਵਾਰ ਨੇ ਗੰਗਾ ਸਾਗਰ ਦੀ ਏਨੇ ਚੰਗੇ ਢੰਗ ਨਾਲ ਸਾਂਭ-ਸੰਭਾਲ ਕਰਕੇ ਸਿੱਖ-ਮੁਸਲਿਮ ਸਾਂਝ ਦਾ ਇਕ ਮਿਸਾਲੀ ਨਮੂਨਾ ਪੇਸ਼ ਕੀਤਾ ਏ। ਇਸ ਗਾਥਾ ਸਬੰਧੀ ਸਾਰੇ ਇਤਿਹਾਸਕ ਅਸਥਾਨ ਵੇਖੇ ਬਿਨਾਂ ਮੇਰੇ ਲਈ ਲਿਖਣਾ ਮੁਸ਼ਕਿਲ ਸੀ। ਮੇਰੀ ਇਹ ਰੀਝ ਇਕਦਮ ਹੀ ਪੂਰੀ ਹੋ ਜਾਏਗੀ, ਇਸ ਦਾ ਮੈਨੂੰ ਪਤਾ ਨਹੀਂ ਸੀ। ਮਈ 1997 ਵਿਚ ਮਿਲੇ 'ਹਮਦਰਦ ਇੰਟਰਨੈਸ਼ਨਲ ਅਵਾਰਡ' ਕਾਰਨ ਹੀ ਮੈਂ ਚੜ੍ਹਦੇ ਪੰਜਾਬ ਦੀ ਪਵਿੱਤਰ ਮਿੱਟੀ ਨੂੰ ਮੱਥਾ ਟੇਕਣ ਯੋਗ ਹੋਇਆ ਸਾਂ। ਇਥੇ ਪੁੱਜ ਕੇ ਹੀ ਗੁਰਦੁਆਰਾ ਟਾਹਲੀਆਣਾ ਸਾਹਿਬ ਦੇ ਦਰਸ਼ਨ ਕਰਨਾ ਵੀ ਮੇਰੇ ਭਾਗਾਂ ਵਿਚ ਆਇਆ ਅਤੇ ਰਾਏਕੋਟ ਜਾ ਕੇ ਰਾਏ ਪਰਿਵਾਰ ਦੀ ਉਹ ਹਵੇਲੀ ਵੇਖਣਾ ਵੀ ਮੇਰੇ ਨਸੀਬਾਂ ਵਿਚ ਹੋਇਆ ਜਿੱਥੇ ਮੁਦਤਾਂ ਤਕ ਗੰਗਾ ਸਾਗਰ ਰਿਹਾ ਸੀ।

ਇਹ 11 ਮਈ 1997 ਦੀ ਗੱਲ ਏ ਜਦ ਲੁਧਿਆਣੇ ਤੋਂ ਗੁਰਦੁਆਰਾ ਟਾਹਲੀਆਣਾ ਸਾਹਿਬ ਵਲ ਕਾਰਾਂ ਜੀਪਾਂ ਦਾ ਪੂਰਾ ਇਕ ਕਾਫਲਾ ਰਵਾਨਾ ਹੋਇਆ ਸੀ। ਮੇਰੇ ਨਾਲ ਮੇਰੇ ਨਿੱਘੇ ਮਿੱਤਰ ਸ੍ਰੀ ਸਤਨਾਮ ਸਿੰਘ ਮਾਣਕ ਅਤੇ ਪ੍ਰੋ: ਮੋਹਨ ਸਿੰਘ ਫਾਊਂਡੇਸ਼ਨ ਦੇ ਜਨਰਲ ਸਕੱਤਰ ਪ੍ਰੋ. ਗੁਰਭਜਨ ਸਿੰਘ ਗਿੱਲ ਬੈਠੇ ਹੋਏ ਸਨ ਜਦਕਿ ਪਿਛਲੇ ਕਈ ਦਿਨਾਂ ਵਾਗ ਉਸ ਦਿਨ ਵੀ ਗੁਰਬਚਨ ਸਿੰਘ (ਡਰਾਈਵਰ) ਹੀ 'ਅਜੀਤ ਪ੍ਰਕਾਸ਼ਨ ਸਮੂਹ' ਦੀ ਉਸ ਵੱਡੀ ਗੱਡੀ ਨੂੰ ਬੜੀ ਮੁਹਾਰਤ ਨਾਲ ਚਲਾ ਰਹੇ ਸਨ। ਰਾਹ ਵਿਚ ਇਸ ਕਾਫਲੇ ਨਾਲ ਹੋਰ ਕਾਰਾਂ-ਜੀਪਾਂ ਵੀ ਰਲਦੀਆਂ ਗਈਆਂ। ਮੇਰੇ ਇਨ੍ਹਾਂ ਬਹੁਤ ਹੀ ਪਿਆਰੇ ਮਿੱਤਰਾਂ ਅਤੇ ਬਜ਼ੁਰਗਾਂ ਵਿਚ ਪ੍ਰੋ: ਸੁੱਚਾ ਸਿੰਘ ਬਾਜਵਾ, ਉਨ੍ਹਾਂ ਦੀ ਧਰਮ ਪਤਨੀ ਪਰਮਜੀਤ ਕੌਰ ਅਤੇ ਸਪੁੱਤਰ ਅਸ਼ੂ ਵੀ ਸ਼ਾਮਿਲ ਸੀ। ਇਸੇ ਨਿੱਘੇ ਪਰਿਵਾਰ ਦੇ ਘਰ ਹੀ ਅਸਾਂ ਪਿਛਲੀ ਰਾਤ ਬਤੀਤ ਕੀਤੀ ਸੀ। ਇਸ ਕਾਫਲੇ ਵਿਚ ਹੀ ਸ੍ਰੀ ਹਰਬੰਸ ਸਿੰਘ ਸੰਧੂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਸ੍ਰੀ ਕੁਲਵੰਤ ਜਗਰਾਉਂ, ਸ੍ਰੀ ਜਗੀਰ ਸਿੰਘ ਜਗਤਾਰ, ਸ੍ਰੀ ਭਗਵਾਨ ਸਿੰਘ ਅਤੇ ਹੋਰ ਬਹੁਤ ਸਾਰੇ ਦੋਸਤ-ਮਿੱਤਰ ਵੀ ਸ਼ਾਮਿਲ ਸਨ।

ਪੰਜਾਬ ਦੀ ਵੰਡ ਨਾਲ ਜਿੱਥੇ ਹੋਰ ਹਰ ਸ਼ੈਅ ਵੰਡੀ ਗਈ ਸੀ ਉਥੇ ਹੀ ਗੁਰਧਾਮਾਂ ਦੀ ਵੀ ਤਕਸੀਮ ਹੋ ਗਈ ਸੀ। ਪਾਕਿਸਤਾਨ ਵਿਚ ਸਿਰਫ ਪਹਿਲੀ, ਚੌਥੀ, ਪੰਜਵੀਂ ਅਤੇ ਛੇਵੀਂ ਪਾਤਸ਼ਾਹੀ ਸਬੰਧੀ ਇਤਿਹਾਸਕ ਗੁਰਦੁਆਰੇ ਹੀ ਮੌਜੂਦ ਹਨ ਜਦਕਿ ਬਾਕੀ ਦੀਆਂ ਛੇ ਪਾਤਸ਼ਾਹੀਆਂ ਸਬੰਧੀ ਇਕ ਵੀ ਪਾਵਨ ਸਥਾਨ ਉਥੇ ਮੌਜੂਦ ਨਹੀਂ। ਜਿਸ ਵਿਅਕਤੀ

ਨੇ ਆਪਣੀ ਜ਼ਿੰਦਗੀ ਦਾ ਇਕ ਭਾਗ ਨਗਰ- ਨਗਰ ਅਤੇ ਜੰਗਲਾਂ ਬੀਆਬਾਨਾਂ ਵਿਚੋਂ ਗੁਰਧਾਮਾਂ ਦੀ ਭਾਲ ਕਰਦੇ ਹੋਏ ਗੁਜ਼ਾਰਿਆ ਹੋਵੇ, ਉਸ ਦੇ ਲਈ ਇਕ ਅਹਿਮ ਗੁਰਧਾਮ ਦੇ ਦਰਸ਼ਨ ਕਰਨਾ ਕਿੰਨੀ ਵੱਡੀ ਖ਼ੁਸ਼ਕਿਸਮਤੀ ਹੁੰਦੀ ਏ ਇਸ ਗੱਲ ਦਾ ਅੰਦਾਜ਼ਾ ਗੁਰੂ ਘਰਾਂ ਨਾਲ ਹਾਰਦਿਕ ਮੋਹ ਰੱਖਣ ਵਾਲੇ ਵਿਅਕਤੀ ਹੀ ਲਾ ਸਕਦੇ ਹਨ। ਇਸ ਤੋਂ ਪਹਿਲਾਂ ਰੂਹਾਨੀਅਤ ਦੇ ਕੇਂਦਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਹਾਜ਼ਰੀ ਭਰਨ ਦਾ ਯਾਦਗਾਰੀ ਮਾਣ ਅਵੱਸ਼ ਪ੍ਰਾਪਤ ਹੋਇਆ ਸੀ ਪਰ ਮੈਂ ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰ ਕਲਗੀਧਰ ਜੀ ਦੀ ਚਰਨ-ਛੋਹ ਨਾਲ ਪਵਿੱਤਰ ਹੋਏ ਇਕ ਅਸਥਾਨ ਦੇ ਦਰਸ਼ਨ ਕਰਨ ਗਿਆ ਸਾਂ, ਇਸ ਲਈ ਉਥੇ ਹਾਜ਼ਰ ਹੋਣਾ ਮੇਰੇ ਲਈ ਬੇਹਦ ਅਹਿਮੀਅਤ ਰੱਖਦਾ ਸੀ।

ਗੁਰਦੁਆਰਾ ਟਾਹਲੀਆਣਾ ਸਾਹਿਬ ਨਾਲ ਦਸਮ ਪਾਤਸ਼ਾਹ ਦੇ ਇਥੇ ਤਸ਼ਰੀਫ ਲਿਆਉਣ ਅਤੇ ਰਾਏ ਕਲ੍ਹਾ ਨੂੰ ਗੰਗਾ ਸਾਗਰ ਬਖਸ਼ਣ ਦੀ ਘਟਨਾ ਜੁੜੀ ਹੋਈ ਏ। ਸਿੱਖ ਮੁਸਲਿਮ ਸਾਂਝ ਦਾ ਇਹ ਲਾਸਾਨੀ ਵਾਕਿਆ ਯਾਦ ਕਰਦੇ ਹੋਏ ਮੈਂ ਇਸ ਗੁਰਧਾਮ ਦੀ ਉਸਾਰੀ ਦਾ ਉਹ ਇਤਿਹਾਸ ਵੀ ਚੇਤੇ ਕਰ ਰਿਹਾ ਸਾਂ ਜਿਹੜਾ ਮੈਂ ਵੱਖ-ਵੱਖ ਸਾਧਨਾਂ ਰਾਹੀਂ ਪਿਛਲੇ ਕਾਫੀ ਅਰਸੇ ਤੋਂ ਇਕੱਤਰ ਕਰਦਾ ਰਿਹਾ ਹਾਂ। ਮੈਨੂੰ ਇਹ ਵੀ ਪਤਾ ਏ ਕਿ ਕਾਫੀ ਪਾਠਕ ਪਹਿਲਾਂ ਤੋਂ ਹੀ ਇਸ ਸ਼ਾਨਦਾਰ ਗੁਰਧਾਮ ਦੀ ਉਸਾਰੀ ਦੇ ਇਤਿਹਾਸ ਤੋਂ ਜਾਣੂ ਹੋਣਗੇ ਪਰ ਫਿਰ ਵੀ ਚੜ੍ਹਦੇ ਪੰਜਾਬ ਵਿਚਲੇ ਕਿਸੇ ਵੀ ਗੁਰਧਾਮ ਬਾਬਤ ਆਪਣਾ ਪਹਿਲਾ ਲੇਖ ਲਿਖਦੇ ਹੋਏ ਇਸ ਨੂੰ ਮੈਂ ਆਪਣੀ ਕਲਮ ਨਾਲ ਬਿਆਨ ਕਰਨ ਦਾ ਮਾਣ ਲੈ ਰਿਹਾਂ।

ਰਾਇਕੋਟ ਦੇ ਪੁਰਾਣੇ ਵਸਨੀਕ ਦੱਸਦੇ ਨੇ ਕਿ ਗੁਰਦੁਆਰਾ ਟਾਹਲੀਆਣਾ ਸਾਹਿਬ ਵਾਲੇ ਸਥਾਨ ਦੇ ਆਲੇ-ਦੁਆਲੇ ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਤੱਕ ਪਸ਼ੂਆਂ ਦੀ ਚਰਾਂਦ ਹੀ ਹੁੰਦੀ ਸੀ। ਦਸਮ ਪਾਤਸ਼ਾਹ ਜਿਸ ਟਾਹਲੀ ਥੱਲੇ ਬਿਰਾਜੇ ਸਨ ਉਹ ਇਸ ਤੋਂ ਵੀ ਲਗਪਗ ਸੌ ਸਾਲ ਪਹਿਲਾਂ ਕਿਸੇ ਬੱਦਬਖਤ ਦੇ ਹੱਥੋਂ ਪੁੱਟੀ ਗਈ ਸੀ, ਪਰ ਜਿਸ ਛੱਪੜੀ ਦੇ ਕੰਢੇ ਇਹ ਟਾਹਲੀ ਉੱਗੀ ਹੋਈ ਸੀ ਉਹ ਉਦੋਂ ਤੱਕ ਮੌਜੂਦ ਸੀ। ਪਹਿਲੇ ਪਹਿਲ ਕੋਈ ਨਿਹੰਗ ਇਸ ਛਪੜੀ ਦੇ ਕੰਢੇ ਇਕ ਅਸਥਾਈ ਜਿਹਾ ਥੜਾ ਬਣਾ ਕੇ ਇਕ ਲੰਮੇ ਬਾਂਸ 'ਤੇ ਨਿਸ਼ਾਨ ਸਾਹਿਬ ਗੱਡ ਜਾਂਦਾ ਸੀ। ਜਿਨ੍ਹਾਂ ਲੋਕਾਂ ਨੂੰ ਇਸ ਅਸਥਾਨ ਦੀ ਪਵਿੱਤਰਤਾ ਦਾ ਪਤਾ ਸੀ ਕਦੀ-ਕਦਾਈਂ ਉਹ ਸੰਗਤ ਦੇ ਰੂਪ ਵਿਚ ਇਥੇ ਆ ਮੱਥਾ ਟੇਕਦੇ ਅਤੇ ਕੁਛ ਉਸ ਛਪੜੀ ਵਿਚ ਇਸ਼ਨਾਨ ਵੀ ਕਰ ਲੈਂਦੇ।

ਇਸ ਸਦੀ ਦੇ ਮੁਢ ਵਿਚ ਚੱਲੀ ਸਿੰਘ ਸਭਾ ਲਹਿਰ ਬੜੀ ਛੇਤੀ ਹੀ ਹਰ ਥਾਂ ਜ਼ੋਰ ਫੜਦੀ ਚਲੀ ਗਈ ਜਿਸ ਕਾਰਨ ਸੰਗਤਾਂ ਨੂੰ ਆਪਣੇ ਪਵਿੱਤਰ ਅਸਥਾਨ ਉਸਾਰਨ ਦੀ ਫੇਰ ਪ੍ਰੇਰਨਾ ਮਿਲੀ। ਇਸ ਅਸਥਾਨ ਉੱਤੇ ਦਸ਼ਮੇਸ਼ ਪਿਤਾ ਜੀ ਦੇ ਚਰਨ ਪਾਉਣ ਦੇ ਪੱਕੇ ਸਬੂਤ ਮੌਜੂਦ ਸਨ ਇਸ ਲਈ ਰਾਏਕੋਟ ਅਤੇ ਆਲੇ-ਦੁਆਲੇ ਦੇ ਪਿੰਡਾਂ ਦੀਆਂ ਸੰਗਤਾਂ ਦੀ ਇਥੇ ਗੁਰਧਾਮ ਉਸਾਰਨ ਦੀ ਪੁਰਾਣੀ ਇੱਛਾ ਕਾਰਜਸ਼ੀਲ ਰੂਪ ਧਾਰਨ ਕਰ ਗਈ। ਫਿਰ ਇਹ ਵੀ ਚੰਗਾ ਢੋਅ ਲੱਗਾ ਕਿ ਇਥੇ ਦੀ ਚਾਰ ਵਿਘੇ ਜ਼ਮੀਨ ਵੀ ਮਿਲ ਗਈ। ਉਂਜ ਤਾਂ ਇਹ ਜ਼ਮੀਨ ਟਾਹਲੀ ਅਤੇ ਦੱਭ ਸਾਹਿਬ ਵਾਲੇ ਸਥਾਨਾਂ ਤੋਂ ਕੁਝ ਦੂਰ ਹੀ ਮਿਲੀ ਸੀ ਪਰ

ਫਿਰ ਵੀ ਸੰਗਤਾਂ ਨੇ ਇਥੇ ਹੀ ਗੁਰਦੁਆਰਾ ਉਸਾਰਨ ਦੀ ਯੋਜਨਾ ਬਣਾ ਲਈ।

ਗੁਰਦੁਆਰਾ ਟਾਹਲੀਆਣਾ ਸਾਹਿਬ ਦੀ ਪਹਿਲੀ ਉਸਾਰੀ ਉਸਾਰਨ ਵਿਚ ਸੰਤ ਮੱਘਰ ਸਿੰਘ ਜੀ ਦੀਆਂ ਸੇਵਾਵਾਂ ਦਾ ਕਾਫੀ ਹੱਥ ਏ। ਸੰਤ ਜੀ ਫੌਜ ਦੀ ਨੌਕਰੀ ਕਰਦੇ ਸਨ ਅਤੇ ਸਿਰਫ ਪੰਥ ਦੇ ਪ੍ਰਚਾਰ ਲਈ ਹੀ ਉਨ੍ਹਾਂ 1920 ਵਿਚ ਫੌਜ ਤੋਂ ਆਪਣਾ ਨਾਂ ਕਟਵਾ ਲਿਆ ਸੀ। 1922 ਵਿਚ ਸੰਗਤਾਂ ਦੀ ਬੇਨਤੀ ਉਤੇ ਸੰਤ ਮੱਘਰ ਸਿੰਘ ਨੇ ਗੁਰਦੁਆਰਾ ਸਾਹਿਬ ਦੀ ਉਸਾਰੀ ਦਾ ਪ੍ਰਬੰਧ ਸਾਂਭ ਲਿਆ ਸੀ। ਗੁਰਦੁਆਰਾ ਟਾਹਲੀਆਣਾ ਸਾਹਿਬ ਦੀਆਂ ਨੀਹਾਂ ਪੁੱਟਣ ਵੇਲੇ ਰਾਏ ਅਨਾਇਤ ਖਾਨ ਦਾ ਇਕ ਬਜ਼ੁਰਗ ਗੰਗਾ ਸਾਗਰ ਲੈ ਕੇ ਇਸ ਸਥਾਨ ’ਤੇ ਆਇਆ ਸੀ ਅਤੇ ਉਸ ਨੇ ਗੰਗਾ ਸਾਗਰ ਨੂੰ ਜਲ ਨਾਲ ਭਰ ਕੇ ਇਥੇ ਰੱਖੇ ਇਕ ਮੇਜ਼ ਉੱਤੇ ਰੱਖ ਦਿੱਤਾ ਸੀ। ਅਰਦਾਸ ਉਪਰੰਤ ਗੁਰਦੁਆਰਾ ਸਾਹਿਬ ਦੀਆਂ ਨੀਹਾਂ ਉੱਤੇ ਗੰਗਾ ਸਾਗਰ ਵਿਚਲਾ ਇਹ ਪਵਿੱਤਰ ਪਾਣੀ ਛਿੜਕ ਕੇ ਤਾਮੀਰ ਦਾ ਕੰਮ ਸ਼ੁਰੂ ਕੀਤਾ ਗਿਆ ਸੀ। ਗੁਰਦੁਆਰਾ ਟਾਹਲੀਆਣਾ ਸਾਹਿਬ ਦੀ ਤਾਮੀਰ ਦਾ ਕੰਮ ਅਜੇ ਜਾਰੀ ਸੀ ਕਿ 1925 ਵਿਚ ਸੰਤ ਮੱਘਰ ਸਿੰਘ ਜੀ ਚਲਾਣਾ ਕਰ ਗਏ। ਸੰਤ ਜੀ ਦਾ ਅੰਤਮ ਸੰਸਕਾਰ ਗੁਰਦੁਆਰਾ ਸਾਹਿਬ ਵਿਚ ਹੀ ਕੀਤਾ ਗਿਆ ਅਤੇ ਬਾਅਦ ਵਿਚ ਉਸੇ ਸਥਾਨ ਉੱਤੇ 101 ਫੁੱਟ ਉੱਚਾ ਪ੍ਰਭਾਵਸ਼ਾਲੀ ਨਿਸ਼ਾਨ ਸਾਹਿਬ ਗੱਡਿਆ ਗਿਆ।

ਸੰਤ ਮੱਘਰ ਸਿੰਘ ਜੀ ਦੇ ਦਿਹਾਂਤ ਪਿਛੋਂ ਟਿੱਬੇ ਦੇ ਵਸਨੀਕ ਜਥੇਦਾਰ ਸੰਤਾ ਸਿੰਘ ਹੋਰਾਂ ਗੁਰਦੁਆਰਾ ਟਾਹਲੀਆਣਾ ਸਾਹਿਬ ਦਾ ਪ੍ਰਬੰਧ ਸੰਭਾਲਿਆ ਅਤੇ ਆਪਣੀ ਨਿਗਰਾਨੀ ਹੇਠ ਇਸ ਦੀ ਤਾਮੀਰ ਦਾ ਕੰਮ ਅੱਗੇ ਵਧਾਇਆ। ਜਥੇਦਾਰ ਸੰਤਾ ਸਿੰਘ ਵੀ ਪੁਰਾਣੇ ਫੌਜੀ ਸਨ ਤੇ ਉਨ੍ਹਾਂ ਨੂੰ 15 ਰੁਪਏ ਮਹੀਨੇ ਦੇ ਹਿਸਾਬ ਨਾਲ ਪੈਨਸ਼ਨ ਮਿਲਦੀ ਸੀ। ਇਸ ਪੈਨਸ਼ਨ ਵਿਚੋਂ ਉਹ ਹਰ ਮਹੀਨੇ 8 ਰੁਪਏ ਨਾਲ ਗੁਰਦੁਆਰਾ ਸਾਹਿਬ ਦੀ ਸੇਵਾ ਕਰਾ ਦਿੰਦੇ ਸਨ। ਜਥੇਦਾਰ ਸੰਤਾ ਸਿੰਘ ਬਹੁਤ ਇਮਾਨਦਾਰ ਅਤੇ ਮਿਲਾਪੜੇ ਮਨੁੱਖ ਸਨ। ਇਲਾਕੇ ਦੇ ਲੋਕਾਂ ਨਾਲ ਚੰਗੇ ਸੰਬੰਧ ਬਣਾ ਕੇ ਜਿੱਥੇ ਉਨ੍ਹਾਂ 100 ਵਿਘੇ ਦੇ ਨੇੜੇ-ਤੇੜੇ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਲਗਵਾ ਲਈ ਉਥੇ ਹੀ ਉਨ੍ਹਾਂ ਰਾਏਕਿਆਂ ਦੀ ਸਹਾਇਤਾ ਨਾਲ ਗੁਰਦੁਆਰਾ ਟਾਹਲੀਆਣਾ ਸਾਹਿਬ ਵਿਚ ਹਰ ਸਾਲ ਧਾਰਮਿਕ ਦੀਵਾਨ ਸਜਾਉਣਾ ਵੀ ਆਰੰਭ ਕੀਤਾ। ਇਸੇ ਦੀਵਾਨ ਕਾਰਨ ਹੀ 1, 2 ਅਤੇ 3 ਜਨਵਰੀ ਨੂੰ ਦੂਰ-ਦੂਰ ਤੋਂ ਸੰਗਤਾਂ ਗੁਰਦੁਆਰਾ ਟਾਹਲੀਆਣਾ ਸਾਹਿਬ ਪੁੱਜਦੀਆਂ ਅਤੇ ਆਖਰੀ ਦਿਨ ਸੰਗਤਾਂ ਨੂੰ ਗੰਗਾ ਸਾਗਰ ਦੇ ਦਰਸ਼ਨਾਂ ਲਈ ਰਾਏਕਿਆਂ ਦੀ ਹਵੇਲੀ ਵੱਲ ਲੈ ਜਾਇਆ ਜਾਂਦਾ। 1925 ਤੇ 1947 ਦੇ ਵਿਚਕਾਰ ਗੁਰਦੁਆਰਾ ਟਾਹਲੀਆਣਾ ਸਾਹਿਬ ਦੀ ਸਾਰੀ ਉਸਾਰੀ ਜਥੇਦਾਰ ਸੰਤਾ ਸਿੰਘ ਦੀ ਨਿਗਰਾਨੀ ਹੇਠ ਹੀ ਹੋਈ। 1947 ਵਿਚ ਕਿਸੇ ਜ਼ਾਲਮ ਨੇ ਜਥੇਦਾਰ ਸੰਤਾ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਸੀ। ਉਨ੍ਹਾਂ ਦਾ ਅੰਤਿਮ ਸੰਸਕਾਰ ਬਣ ਚੁੱਕੇ ਗੁਰਦੁਆਰੇ ਦੇ ਪਿਛਲੇ ਪਾਸੇ ਛੱਪੜੀ ਦੇ ਸੱਜੇ ਪਾਸੇ ਵੱਲ ਕੀਤਾ ਗਿਆ।

ਜਥੇਦਾਰ ਸੰਤਾ ਸਿੰਘ ਦੀ ਸ਼ਹੀਦੀ ਮਗਰੋਂ ਚਾਰ ਸਾਲ ਤੱਕ ਸੰਗਤਾਂ ਆਪ ਹੀ ਗੁਰਦੁਆਰਾ ਸਾਹਿਬ ਦੀ ਸੇਵਾ ਕਰਾਉਂਦੀਆਂ ਰਹੀਆਂ। ਇਸ ਤੋਂ ਬਾਅਦ ਮੋਹੀ ਦੇ ਰਹਿਣ

ਵਾਲੇ ਸੰਤ ਨਿਰੰਜਨ ਸਿੰਘ ਨੇ ਇਥੇ ਆ ਕੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸੰਭਾਲਿਆ। ਇਹ ਸੰਤ ਜੀ ਜ਼ਿਆਦਾ ਕਰਕੇ ਮੋਹੀ ਵਿਚ ਹੀ ਰਹਿੰਦੇ ਸਨ ਅਤੇ ਉਨ੍ਹਾਂ ਦੇ ਇਕ ਸਹਾਇਕ ਸੰਤ ਨਿਹਾਲ ਸਿੰਘ ਹੀ ਅਸਲ ਵਿਚ ਗੁਰਦੁਆਰਾ ਸਾਹਿਬ ਦੀ ਉਸਾਰੀ ਦੀ ਦੇਖ-ਰੇਖ ਕਰਦੇ ਸਨ। ਸੰਤ ਨਿਰੰਜਨ ਸਿੰਘ ਨੇ ਗੁਰਦੁਆਰਾ ਸਾਹਿਬ ਦੇ ਸਾਹਮਣੇ ਮੁੰਡਿਆਂ ਲਈ ਹਾਈ ਸਕੂਲ ਅਤੇ ਰਾਏਕੋਟ ਨਗਰ ਵਿਚ ਕੁੜੀਆਂ ਲਈ ਵੀ ਹਾਈ ਸਕੂਲ ਸ਼ੁਰੂ ਕਰਵਾ ਕੇ ਇਸ ਗੁਰਧਾਮ ਵੱਲੋਂ ਵਿਦਿਅਕ ਸੇਵਾ ਵੀ ਆਰੰਭ ਕੀਤੀ। ਗੁਰਦੁਆਰਾ ਟਾਹਲੀਆਣਾ ਸਾਹਿਬ ਦੇ ਨਾਲ 80 ਫੁੱਟ ਚੌੜਾ, 60 ਫੁੱਟ ਲੰਮਾ ਅਤੇ 10 ਫੁੱਟ ਡੂੰਘਾ ਸਰੋਵਰ ਵੀ ਬਣਵਾਇਆ ਗਿਆ ਅਤੇ ਇਸ ਦੀ ਸ਼ਾਨਦਾਰ ਡਿਉਢੀ ਵੀ ਤਾਮੀਰ ਕੀਤੀ ਗਈ।

ਸੰਤ ਨਿਰੰਜਨ ਸਿੰਘ ਦੇ ਅਕਾਲ ਚਲਾਣਾ ਕਰਨ ਉਪਰੰਤ ਸੰਗਤਾਂ ਨੇ ਸੰਤ ਨਿਹਾਲ ਸਿੰਘ ਨੂੰ ਉਨ੍ਹਾਂ ਦਾ ਉਤਰ-ਅਧਿਕਾਰੀ ਬਣਾ ਦਿੱਤਾ। ਟਾਹਲੀ ਸਾਹਿਬ ਵਾਲੀ ਅਸਲ ਥਾਂ ਵੀ ਪ੍ਰਾਪਤ ਹੋ ਚੁੱਕੀ ਸੀ, ਇਸ ਲਈ ਨਵਾਂ ਗੁਰਧਾਮ ਉਸਾਰਨ ਸਬੰਧੀ 1962 ਈ: ਦੀ ਪੂਰਨਮਾਸ਼ੀ ਨੂੰ ਸੰਗਤਾਂ ਅੱਗੇ ਪ੍ਰਸ਼ਨ ਰੱਖਿਆ ਗਿਆ। ਸੰਗਤਾਂ ਤਾਂ ਚਿਰੋਕਣੀਆਂ ਇਸੇ ਭਾਗਾਂ ਵਾਲੇ ਵੇਲੇ ਦੀ ਉਡੀਕ ਕਰ ਰਹੀਆਂ ਸਨ, ਇਸ ਲਈ ਤੁਰੰਤ ਹੀ ਇਹ ਨਿਰਣਾ ਲੈ ਲਿਆ ਗਿਆ। ਦਸਮ ਪਾਤਸ਼ਾਹ ਦੇ ਚਰਨਾਂ ਨਾਲ ਪਵਿੱਤਰ ਹੋਣ ਤੋਂ ਕਈ ਸੌ ਸਾਲ ਬਾਅਦ ਇਸ ਅਸਥਾਨ ਉੱਤੇ ਗੁਰਧਾਮ ਤਾਮੀਰ ਹੋਣ ਦੇ ਅਵਸਰ ’ਤੇ ਸੰਗਤਾਂ ਦਾ ਉਤਸ਼ਾਹ ਵੇਖਣਯੋਗ ਸੀ। ਫਿਰ ਉਹ ਮੁਬਾਰਕ ਦਿਨ ਵੀ ਆਇਆ ਜਦ ਸੰਗਤਾਂ ਨੇ ਪੰਜ ਪਿਆਰਿਆਂ ਨੂੰ ਸੰਤ ਨਿਹਾਲ ਸਿੰਘ ਦੀ ਅਗਵਾਈ ਵਿਚ ਗੁਰਦੁਆਰਾ ਟਾਹਲੀਆਣਾ ਸਾਹਿਬ ਦੀ ਨਵੀਂ ਇਮਾਰਤ ਦੀ ਨੀਂਹ ਰੱਖਦੇ ਹੋਏ ਵੇਖਿਆ। ਇਕ ਗੱਲ ਦਾ ਦੁੱਖ ਉਸ ਦਿਨ ਹਰ ਗੁਰਮੁਖ ਨੇ ਮਹਿਸੂਸ ਕੀਤਾ ਕਿ ਇਸ ਪਾਵਨ ਇਮਾਰਤ ਦੀਆਂ ਨੀਹਾਂ ਵਿਚ ਪਵਿੱਤਰ ਜਲ ਛਿੜਕਣ ਲਈ ਉਥੇ ਗੰਗਾ ਸਾਗਰ ਮੌਜੂਦ ਨਹੀਂ ਸੀ। ਇਸ ਨਵੇਂ ਗੁਰਧਾਮ ਦੀ ਇਮਾਰਤ ਕਾਫੀ ਮਜ਼ਬੂਤ ਬਣਾਈ ਗਈ ਸੀ, ਇਸ ਦੀ ਸੰਪੂਰਨ ਚਿਣਾਈ ਸੀਮਿੰਟ ਦੀ ਹੀ ਹੈ। ਗੁਰਦੁਆਰਾ ਸਾਹਿਬ ਦੇ ਚੌਹਾਂ ਕੋਨਿਆਂ ਉੱਤੇ ਚਾਰ ਨਿੱਕੇ ਗੁੰਬਦ ਬਣਾਏ ਗਏ ਨੇ ਜਦਕਿ ਇਕ ਵੱਡਾ ਗੁੰਬਦ ਵਿਚਕਾਰ ਬਣਿਆ ਹੋਇਆ ਨਜ਼ਰ ਆਉਂਦਾ ਏ। ਇਹ ਵੱਡਾ ਗੁੰਬਦ 54 ਫੁੱਟ ਉੱਚਾ ਏ। ਇਸ ਇਮਾਰਤ ਦੀਆਂ ਦੋ ਛੱਤਾਂ ਨੇ ਜੋ ਬਾਰਾਂ-ਬਾਰਾਂ ਫੁੱਟ ਉੱਚੀਆਂ ਨੇ, ਅੰਤ ਉਤੇ ਚੜ੍ਹਨ ਲਈ ਚੌਹੀਂ ਪਾਸੀਂ ਪੌੜੀਆਂ ਬਣੀਆਂ ਹੋਈਆਂ ਨੇ। ਗੁਰਦੁਆਰਾ ਸਾਹਿਬ ਦਾ ਪ੍ਰਕਾਸ਼ ਅਸਥਾਨ ਵੀ ਕਾਫੀ ਸੁੰਦਰ ਏ। ਗੁਰਦੁਆਰਾ ਟਾਹਲੀਆਣਾ ਸਾਹਿਬ ਦੇ ਬਾਅਦ ਵਿਚ ਬਣਨ ਵਾਲੇ ਪ੍ਰਬੰਧਕ ਵੀ ਇਸ ਦੀਆਂ ਸ਼ਾਨਾਂ ਵਧਾਉਣ ਲਈ ਨਿਰੰਤਰ ਉੱਦਮ ਕਰਦੇ ਰਹੇ ਅਤੇ ਵੇਲਾ ਲੰਘਣ ਦੇ ਨਾਲ-ਨਾਲ ਇਸ ਦੀਆਂ ਉਸਾਰੀਆਂ ਵਿਚ ਵੀ ਵਾਧਾ ਹੁੰਦਾ ਰਿਹਾ।

11 ਮਈ ਨੂੰ ਗੁਰਦੁਆਰਾ ਟਾਹਲੀਆਣਾ ਸਾਹਿਬ ਦੇ ਪ੍ਰਕਾਸ਼ ਅਸਥਾਨ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਮੇਰੀ ਨਜ਼ਰ ਇਸ ਦੇ ਬੂਹੇ ਦੇ ਇਕ ਪਾਸੇ ਉਘੜਵੇਂ ਰੂਪ ਵਿਚ ਲਿਖੇ ਹੋਏ ਇਸ ਦੇ ਇਤਿਹਾਸ ਉੱਤੇ ਪਈ ਤਾਂ ਮੈਂ ਉਥੇ ਹੀ ਰੁਕ ਗਿਆ। ਗੁਰਦੁਆਰਾ ਸਾਹਿਬ ਦੇ

ਪ੍ਰਬੰਧਕਾਂ ਇਸ ਕੰਧ ਲੇਖ ਰਾਹੀਂ ਇਥੇ ਮੱਥਾ ਟੇਕਣ ਲਈ ਆਉਣ ਵਾਲਿਆਂ ਨੂੰ ਸੂਚਿਤ ਕੀਤਾ ਸੀ ਕਿ ਇਸ ਸਥਾਨ 'ਤੇ ਬਿਰਾਜੇ ਕਲਗੀਧਰ ਜੀ ਨੇ ਮੁਸਲਮਾਨ ਛੇੜੂ ਨੂਰੇ ਮਾਹੀ ਦੇ ਹੱਥੀਂ ਚੋਇਆ ਹੋਇਆ ਦੁੱਧ ਪੀ ਕੇ ਉਸਦਾ ਨਾਂ ਵੀ ਹਮੇਸ਼ਾ ਲਈ ਇਤਿਹਾਸ ਦੇ ਪੰਨਿਆਂ ਉੱਤੇ ਜਿਉਂਦਾ ਕਰ ਦਿੱਤਾ ਸੀ। ਇਸ ਲੇਖ ਵਿਚ ਗੰਗਾ ਸਾਗਰ ਅਤੇ ਰਾਏ ਕਲ੍ਹਾ ਜੀ ਦਾ ਵਰਨਣ ਵੀ ਕੀਤਾ ਗਿਆ ਸੀ। ਇਹ ਕੰਧ ਲੇਖ ਪੜ੍ਹ ਕੇ ਮੈਨੂੰ ਢੇਰ ਖੁਸ਼ੀ ਹੋਈ ਅਤੇ ਮੈਂ ਸੋਚ ਰਿਹਾ ਸਾਂ ਕਿ ਜਿਹੜੀਆਂ ਕੌਮਾਂ ਆਪਣੇ ਸਮੁੱਚੇ ਇਤਿਹਾਸ ਨੂੰ ਇੰਜ ਸੀਨੇ ਨਾਲ ਲਾ ਕੇ ਰੱਖਦੀਆਂ ਨੇ ਉਹ ਆਪ ਕਦੇ ਵੀ ਗੁਜ਼ਰੇ ਇਤਿਹਾਸ ਦਾ ਗਵਾਚਿਆ ਹੋਇਆ ਭਾਗ ਨਹੀਂ ਬਣਦੀਆਂ।

ਮੈਂ ਉਨ੍ਹਾਂ ਘੜੀਆਂ ਨੂੰ ਤਾਂ ਕਦੇ ਵੀ ਨਹੀਂ ਭੁਲਾ ਸਕਾਂਗਾ ਜਦ ਜਗਤ ਗੁਰੂ ਦੇ ਚਰਨਾਂ ਵਿਚ ਪਵਿੱਤਰ ਹੋਏ ਇਸ ਅਸਥਾਨ ਉੱਤੇ ਮੇਰਾ ਸਨਮਾਨ ਕੀਤਾ ਗਿਆ। ਸਿਰੋਪਾਓ, ਦੁਸ਼ਾਲਾ ਅਤੇ ਇਕ ਸੁਨਹਿਰੀ ਦਸਤੇ ਵਾਲੀ ਕ੍ਰਿਪਾਨ ਦੇ ਕੇ ਮੇਰਾ ਮਾਣ ਵਧਾਉਣ ਉਪਰੰਤ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਲੀਡਰ ਜਥੇਦਾਰ ਜਗਦੇਵ ਸਿੰਘ ਤਲਵੰਡੀ ਜੀ ਨੇ ਜਿਹੜੇ ਪਿਆਰ ਭਿੰਨੇ ਸ਼ਬਦ ਮੇਰੇ ਲਈ ਬੋਲੇ ਉਹ ਵੀ ਸਦਾ ਲਈ ਮੇਰੀਆ ਯਾਦਾਂ ਦਾ ਭਾਗ ਬਣ ਗਏ। ਇਸ ਸਨਮਾਨ ਸਮਾਰੋਹ ਵਿਚ ਮੇਰੇ ਵੱਲੋਂ ਧੰਨਵਾਦ ਕਰਨਾ ਬਣਦਾ ਸੀ ਪਰ ਸੱਚੀ ਗੱਲ ਏ ਇਥੇ ਆਉਂਦੇ ਹੋਏ ਦੂਰੋਂ ਪਹਿਲੀ ਵਾਰ ਮੇਰੀ ਨਜ਼ਰ ਗੁਰਦੁਆਰਾ ਟਾਹਲੀਆਣਾ ਸਾਹਿਬ ਦੀ ਗੁੰਬਦ ਵਾਲੀ ਇਮਾਰਤ ਉੱਤੇ ਪਈ ਸੀ ਤਾਂ ਮੈਂ ਅੰਦਰੋਂ ਪੰਘਰਨਾ ਸ਼ੁਰੂ ਹੋ ਗਿਆ ਸਾਂ। ਮੈਂ ਕਿਤੋਂ ਪੜ੍ਹਿਆ ਹੋਇਆ ਸੀ ਕਿ ਇਸ ਇਮਾਰਤ ਉਤਲੇ ਚਾਰ ਛੋਟੇ ਗੁੰਬਦ, ਉਸ ਮਹਾਨ ਪੁਰਖ ਦੇ ਚਾਰ ਸਾਹਿਬਜ਼ਾਦਿਆਂ ਦੀ ਯਾਦ ਸੱਜਰੀ ਕਰਦੇ ਨੇ ਅਤੇ ਪੰਜਵਾਂ ਵੱਡਾ ਗੁੰਬਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਪ੍ਰਤੀਕ ਰੂਪ ਵਿਚ ਸਾਕਾਰ ਕਰਦਾ ਏ। ਮੈਨੂੰ ਇਹ ਵੀ ਪਤਾ ਸੀ ਕਿ ਆਪਣੇ ਦੋ ਵੱਡੇ ਲਾਲਾਂ ਨੂੰ ਗਵਾਉਣ ਉਪਰੰਤ ਇਥੇ ਹੀ ਸਤਿਗੁਰਾਂ ਨੂੰ ਆਪਣੇ ਛੋਟੇ ਸਾਹਿਬਜਾਦਿਆਂ ਦੀ ਬੇਮਿਸਾਲ ਸ਼ਹੀਦੀ ਦੀ ਵੀ ਖਬਰ ਮਿਲੀ ਸੀ ਅਤੇ ਜਿਸ ਨੂੰ ਸੁਣ ਕੇ ਉਹ ਇਲਾਹੀ ਨੈਣ ਕੁਝ ਦੇਰ ਲਈ ਮੁੰਦੇ ਗਏ ਸਨ।

ਆਪਣੇ-ਆਪ ਉਤੇ ਕਾਬੂ ਕਰਦੇ ਹੋਏ ਜਦ ਮੈਂ ਧੰਨਵਾਦ ਕਰਨ ਲਈ ਉਠਿਆ ਤਾਂ ਮੇਰੇ ਮੂੰਹੋਂ ਇਹ ਸ਼ਬਦ ਨਿਕਲਦੇ ਨਿਕਲਦੇ ਰਹਿ ਗਏ "ਮੈਨੂੰ ਤਾਂ ਇਸ ਇਮਾਰਤ ਦੀਆਂ ਕੰਧਾਂ ਵਿਚ ਚਿਣ ਕੇ ਸਨਮਾਨਿਤ ਕਰਦੇ ਤਾਂ ਵਧੇਰੇ ਚੰਗਾ ਹੁੰਦਾ।" ਪਰ ਇੰਜ ਕਹਿ ਨਾ ਸਕਿਆ। ਉਸ ਵੇਲੇ ਹੀ ਆਪਣੇ ਨਾਲ ਆਏ ਆਪਣੇ ਮਿਹਰਬਾਨਾਂ ਉਤੇ ਮੈਂ ਇਕ ਨਜ਼ਰ ਮਾਰੀ ਔਰਤਾਂ ਵਿਚ ਕੋਈ ਮੈਨੂੰ ਆਪਣੀ ਮਰ ਚੁੱਕੀ ਮਾਂ ਲਗੀ, ਕੁਝ ਨਿੱਕੀਆਂ ਵੱਡੀਆਂ ਭੈਣਾਂ ਜਿਹੀਆਂ ਅਤੇ ਆਦਮੀਆਂ ਵਿਚ ਕੋਈ ਮੇਰੇ ਸਦੀਵੀ ਵਿਛੋੜਾ ਦੇ ਚੁੱਕੇ ਨਿੱਕੇ ਵੀਰ ਵਰਗਾ। ਇਹਨਾਂ ਸਾਰੇ ਚਿਹਰਿਆਂ ਉੱਤੇ ਆਪਣੇ ਲਈ ਸਿਰਫ ਮੋਹ ਹੀ ਮੋਹ ਖਿੰਡਿਆ ਦੇਖ ਕੇ ਆਪਣੇ ਹੌਸਲੇ ਦੀ ਢੈਅ ਚੁੱਕੀ ਢੇਰੀ ਨੂੰ ਮੈਂ ਜੋੜਨ ਵਿਚ ਸਫਲ ਹੋ ਗਿਆ ਅਤੇ ਟੁੱਟੇ ਭੱਜੇ ਸ਼ਬਦਾਂ ਨਾਲ ਗੱਲ ਆਰੰਭ ਦਿੱਤੀ। ਤਲਵੰਡੀ ਸਾਹਿਬ ਨੇ ਆਪਣੇ ਸਵਾਗਤੀ ਭਾਸ਼ਨ ਵਿਚ ਗੰਗਾ ਸਾਗਰ ਬਾਰੇ ਵੀ ਪੁੱਛਿਆ ਸੀ, ਉਨ੍ਹਾਂ ਨੂੰ ਕੀ ਪਤਾ ਸੀ ਕਿ ਦਸਮ ਪਾਤਸ਼ਾਹ ਦੀ ਇਹ ਅਦੁਤੀ

ਬਖਸ਼ਸ਼ ਹੀ ਤਾਂ ਮੈਨੂੰ ਇਥੇ ਖਿਚ ਲਿਆਈ ਸੀ। ਗੰਗਾ ਸਾਗਰ ਦੀ ਵਰਤਮਾਨ ਸਥਿਤੀ ਬਾਰੇ ਜਾਣਕਾਰੀ ਦੇਣ ਉਪਰੰਤ ਜਦ ਮੈਂ ਇਹ ਕਿਹਾ ਕਿ ਉਸ ਦੀ ਸਾਂਭ-ਸੰਭਾਲ ਦੀ ਸੇਵਾ ਨਿਭਾ ਰਹੇ ਰਾਏ ਅਜ਼ੀਜ਼ ਉਲਾ ਖਾਨ ਹੋਰਾਂ ਨੂੰ ਮੈਂ ਹੱਥ ਜੋੜ ਕੇ ਬੇਨਤੀ ਕਰਾਂਗਾ ਕਿ ਉਹ ਗੰਗਾ ਸਾਗਰ ਤੋਂ ਚਿਰੋਕੀਆਂ ਵਿਛੜੀਆਂ ਹੋਈਆਂ ਭਾਰਤ ਦੀਆਂ ਸੰਗਤਾਂ ਨੂੰ ਵੀ ਉਸ ਦੇ ਦਰਸ਼ਨ ਕਰਾਉਣ ਲਈ ਜ਼ਰੂਰ ਇਥੇ ਆਉਣ ਤਾਂ ਉਸ ਵੇਲੇ ਗੁਰਦੁਆਰਾ ਸਾਹਿਬ ਵਿਚ ਹਾਜ਼ਰ ਸੰਗਤਾਂ ਉੱਤੇ ਮੇਰੀ ਨਜ਼ਰ ਪਈ। ਆਲੇ-ਦੁਆਲੇ ਦੇ ਪਿੰਡਾਂ ਕਸਬਿਆਂ ਦੇ ਇਨ੍ਹਾਂ ਸਾਧਾਰਨ ਲੋਕਾਂ ਵਿਚੋਂ ਬਹੁਤੇ ਮੈਨੂੰ ਮਿਲਣ ਲਈ ਨਹੀਂ ਸਨ ਆਏ, ਉਹ ਤਾਂ ਮੱਥਾ ਟੇਕਣ ਲਈ ਹੀ ਇਥੇ ਪੁੱਜੇ ਸਨ। ਹੋ ਸਕਦਾ ਏ ਉਨ੍ਹਾਂ ਵਿਚੋਂ ਬਹੁਤਿਆਂ ਨੇ ਕਦੇ ਇਲਿਆਸ ਘੁੰਮਣ ਦਾ ਨਾਂ ਵੀ ਨਾ ਸੁਣਿਆ ਹੋਵੇ ਪਰ ਉਹ ਸਾਰੇ ਗੰਗਾ ਸਾਗਰ ਸਬੰਧੀ ਅਵੱਸ਼ ਜਾਣਦੇ ਸਨ। ਇਸੇ ਲਈ ਤਾਂ ਮੇਰੇ ਕੋਲੋਂ ਗੰਗਾ ਸਾਗਰ ਬਾਰੇ ਸੁਣ ਕੇ ਉਨ੍ਹਾਂ ਵਿਚੋਂ ਬਹੁਤਿਆਂ ਦੀਆਂ ਅੱਖਾਂ ਭਿੱਜਣ ਲੱਗ ਪਈਆਂ ਸਨ। ਮੇਰੇ ਬਿਲਕੁਲ ਸਾਹਮਣੇ ਬੈਠੀ ਇਕ ਬਿਰਧ ਬੀਬੀ ਤਾਂ ਕੁਝ ਉੱਚੀ ਆਵਾਜ਼ ਵਿਚ ਹੀ ਰੋਣ ਲੱਗ ਪਈ ਸੀ। ਇਸ ਸਥਿਤੀ ਵਿਚ ਹੋਰ ਬੋਲਦੇ ਰਹਿਣਾ ਮੇਰੇ ਲਈ ਔਖੇ ਤੋਂ ਔਖਾ ਹੁੰਦਾ ਜਾ ਰਿਹਾ ਸੀ। ਇਸ ਲਈ ਛੇਤੀ ਹੀ ਆਪਣਾ ਭਾਸ਼ਣ ਮੁਕਾ ਕੇ ਮੈਂ ਥੱਲੇ ਬੈਠ ਗਿਆ। ਗੁਰਦੁਆਰਾ ਟਾਹਲੀਆਣਾ ਸਾਹਿਬ ਦੀ ਇਸ ਇਮਾਰਤ ਤੋਂ ਬਾਹਰ ਹੁਣ ਬਹੁਤ ਸਾਰੇ ਲੋਕ ਇਕੱਠੇ ਹੋ ਚੁੱਕੇ ਸਨ। ਉਹ ਸਾਰੇ ਮੈਨੂੰ ਮਿਲਣ ਲਈ ਹੀ ਆਏ ਹੋਏ ਸਨ। ਇਸ ਇਮਾਰਤ ਤੋਂ ਗੁਰਦੁਆਰਾ ਸਾਹਿਬ ਦੀ ਡਿਉਢੀ ਵਿਚ ਜਾ ਕੇ ਕੁਝ ਦੇਰ ਬੈਠਣ ਅਤੇ ਫਿਰ ਉਥੋਂ ਬਾਹਰ ਆ ਕੇ ਦੁਬਾਰਾ ਜੀਪ ਵਿਚ ਬੈਠਣ ਦੇ ਦੌਰਾਨ ਅਨੇਕਾਂ ਵਿਅਕਤੀਆਂ ਨੇ ਮੈਨੂੰ ਗਲਵੱਕੜੀਆਂ ਪਾਈਆਂ। ਉਨ੍ਹਾਂ ਵਿਚੋਂ ਕੁਝ ਮੈਨੂੰ ਮਿਲ ਕੇ ਖੁਸ਼ ਹੋ ਰਹੇ ਸਨ, ਕੁਝ ਗਲ ਲੱਗ ਕੇ ਰੋ ਰਹੇ ਸਨ, ਕਿਸੇ ਨੂੰ ਮੇਰੇ ਲੇਖ ਬਹੁਤ ਵਧੀਆ ਲੱਗੇ ਸਨ। ਕੋਈ ਆਪਣੇ ਆਪ ਨੂੰ ਮੇਰੀਆਂ ਕਹਾਣੀਆਂ ਦਾ ਆਸ਼ਕ ਦੱਸ ਰਿਹਾ ਸੀ ਅਤੇ ਕੁਝ ਲੋਕਾਂ ਨੇ ਮੇਰੇ ਕੋਲੋਂ ਪਾਕਿਸਤਾਨ ਵਿਚ ਰਹਿੰਦੇ ਆਪਣੇ ਮਿੱਤਰਾਂ-ਪਿਆਰਿਆ ਬਾਰੇ ਪੁੱਛਿਆ ਅਤੇ ਸੁਨੇਹੇ ਦਿੱਤੇ। ਜੀਪ ਤੱਕ ਆਉਂਦੇ ਆਉਂਦੇ ਮੇਰੀਆਂ ਜੇਬਾਂ ਰੁਕਿਆਂ ਤੇ ਚਿੱਠੀਆਂ ਨਾਲ ਭਰ ਚੁੱਕੀਆਂ ਸਨ ਅਤੇ ਮੇਰੇ ਹੱਥਾਂ ਵਿਚ ਭੇਟ ਕੀਤੀਆਂ ਗਈਆਂ ਪੁਸਤਕਾਂ ਦਾ ਪੂਰਾ ਭੰਡਾਰ ਸੀ। ਬਾਹਰ ਹੁਣ ਪੁਲਿਸ ਗਾਰਦ ਵੀ ਖਲੋਤੀ ਹੋਈ ਸੀ। ਮੈਂ ਉਹ ਪੁਸਤਕਾਂ ਜੀਪ ਵਿਚ ਰੱਖ ਕੇ ਉਸ ਵਿਚ ਬੈਠਣ ਹੀ ਲੱਗਾ ਸਾਂ ਕਿ ਇਕ ਪੁਲਿਸ ਵਾਲਾ ਤੇਜ਼ੀ ਨਾਲ ਆਪਣੇ ਵੱਲ ਆਉਂਦਾ ਦਿਸਿਆ। ਮੈਂ ਸਮਝਿਆ ਕਿ ਸਾਡੀ ਅਗਲੀ ਮੰਜਿਲ ਬਾਰੇ ਉਹ ਮੇਰੇ ਕੋਲੋਂ ਕੁਝ ਪੁਛਣਾ ਚਾਹੁੰਦਾ ਏ ਪਰ ਨੇੜੇ ਪੁੱਜ ਕੇ ਉਸ ਪੁਲਿਸ ਅਫਸਰ ਨੇ ਵੀ ਮੈਨੂੰ ਘੁੱਟ ਕੇ ਜੱਫਾ ਮਾਰ ਲਿਆ ਅਤੇ ਸਿਸਕੀਆਂ ਲੈਣ ਲੱਗ ਪਿਆ। ਬਾਅਦ ਵਿਚ ਅੱਖਾਂ ਪੂੰਝਦਾ ਹੋਇਆ ਉਹ ਏਨਾ ਹੀ ਦੱਸ ਸਕਿਆ ਕਿ ਉਸ ਦੀ ਜੱਦੀ ਜੂਹ ਵੀ ਪਾਕਿਸਤਾਨ ਵਿਚ ਹੀ ਹੈ। ਇਕ ਪੁਲਿਸ ਅਫਸਰ ਨੂੰ ਇਸ ਕਦਰ ਭਾਵੁਕ ਹੋਏ ਵੇਖ ਕੇ ਮੇਰੇ ਮਨ ਦੀ ਭੀੜ ਹੋਰ ਵੀ ਵੱਧ ਗਈ।

ਸਾਡੀ ਅਗਲੀ ਮੰਜ਼ਿਲ ਰਾਏਕੋਟ ਸ਼ਹਿਰ ਵਿਚ ਸਥਿਤ ਰਾਏਕਿਆ ਦੀ ਜੱਦੀ ਹਵੇਲੀ ਸੀ। ਅੱਜ ਤੋਂ ਪੂਰੇ ਪੰਜਾਹ ਸਾਲ ਪਹਿਲਾਂ ਹਰ ਸਾਲ ਸੰਗਤਾਂ ਗੰਗਾ ਸਾਗਰ ਦੇ ਦਰਸ਼ਨਾਂ

ਲਈ ਗੁਰਦੁਆਰਾ ਟਾਹਲੀਆਣਾ ਸਾਹਿਬ ਤੋਂ ਰਾਏਕਿਆਂ ਦੀ ਹਵੇਲੀ ਤੱਕ ਜਾਂਦੀਆਂ ਹੁੰਦੀਆਂ ਸਨ, ਮੈਂ ਉਸੇ ਪ੍ਰੰਪਰਾ ਉਤੇ ਪ੍ਰਤੀਕ ਰੂਪ ਵਿਚ ਅਮਲ ਕਰਨਾ ਚਾਹੁੰਦਾ ਸਾਂ। ਹਾਲਾਂਕਿ ਮੈਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਇਥੋਂ ਚੱਲਣ ਵਾਲੀਆਂ ਸੰਗਤਾਂ ਦਾ ਸੁਆਗਤ ਕਰਨ ਲਈ ਨਾ ਤੇ ਰਾਏ ਪਰਿਵਾਰ ਦਾ ਹੁਣ ਕੋਈ ਜੀਅ ਉਸ ਹਵੇਲੀ ਵਿਚ ਮੌਜੂਦ ਹੋਏਗਾ ਅਤੇ ਨਾ ਹੀ ਹਵੇਲੀ ਦੀ ਉਤਲੀ ਮੰਜ਼ਿਲ ਵਾਲੇ ਕਮਰੇ ਵਿਚ ਗੰਗਾ ਸਾਗਰ ਹੀ ਪਿਆ ਹੋਵੇਗਾ।

ਕਾਰਾਂ ਜੀਪਾਂ ਦਾ ਇਹ ਜਲੂਸ ਅੱਧੇ ਘੰਟੇ ਬਾਅਦ ਰਾਏਕਿਆਂ ਦੀ ਹਵੇਲੀ ਕੋਲ ਜਾ ਰੁਕਿਆ। ਵੰਡ ਤੋਂ ਬਾਅਦ ਇਸ ਘਰ ਵਿਚ ਆ ਵਸੇ ਵਸਨੀਕਾਂ ਨੂੰ ਮੇਰੇ ਅੱਜ ਇਥੇ ਆਉਣ ਦੀ ਕੋਈ ਸੂਚਨਾ ਨਹੀਂ ਸੀ ਪਰ ਉਨ੍ਹਾਂ ਚੰਗੇ ਸੁਭਾਅ ਸਾਡਾ ਸੁਆਗਤ ਕੀਤਾ। ਤਜਿੰਦਰ ਸਿੰਘ ਜੀ ਆਪ ਤਾਂ ਘਰ ਵਿਚ ਮੌਜੂਦ ਨਹੀਂ ਸਨ ਪਰ ਉਨ੍ਹਾਂ ਦੇ ਛੋਟੇ ਭਰਾ ਨੇ ਮੇਰੀ ਇੱਛਾ ਸੁਣ ਕੇ ਤੁਰੰਤ ਉਤਲੀ ਮੰਜ਼ਿਲ ’ਤੇ ਜਾ ਕੇ ਗੰਗਾ ਸਾਗਰ ਵਾਲਾ ਕਮਰਾ ਖੋਲ੍ਹ ਦਿੱਤਾ। ਇਹ ਕਮਰਾ ਗੰਗਾ ਸਾਗਰ ਤੋਂ ਵਾਂਝਿਆ ਹੋਇਆ ਏ, ਇਹ ਜਾਣਕਾਰੀ ਹੋਣ ਦੇ ਬਾਵਜੂਦ ਉਸ ਵੱਲ ਵਧਦਾ ਹੋਇਆ ਹਰ ਕਦਮ ਮੇਰੇ ਦਿਲ ਦੀ ਧੜਕਣ ਨੂੰ ਤੇਜ਼ ਕਰੀ ਜਾ ਰਿਹਾ ਸੀ। ਇਸ ਕਮਰੇ ਵਿਚ ਜਾਣ ਤੋਂ ਪਹਿਲਾਂ ਆਪਣੀ ਰਹਿੰਦੀ ਬਚੀ ਹਿੰਮਤ ਨੂੰ ਇਕ ਵਾਰ ਫਿਰ ਮੈਨੂੰ ਜੋੜਨਾ ਪਿਆ। ਉਸ ਦੇ ਅੰਦਰ ਇਹ ਵੇਖ ਕੇ ਮੈਨੂੰ ਬਹੁਤ ਹੌਸਲਾ ਹੋਇਆ ਕਿ ਗੰਗਾ ਸਾਗਰ ਰੱਖਣ ਵਾਲੇ ਸਥਾਨ ਉਤੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਕੀਤਾ ਗਿਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬਾ-ਅਦਬ ਬੈਠ ਕੇ ਅਤੇ ਕੁਝ ਚਿਰ ਲਈ ਖਾਮੋਸ਼ ਰਹਿ ਕੇ ਮੈਂ ਗਏ ਗੁਜ਼ਰੇ ਵੇਲਿਆਂ ਨੂੰ ਆਪਣੀ ਕਲਪਨਾ ਨਾਲ ਵੇਖਦਾ ਰਿਹਾ। ਬਾਅਦ ਵਿਚ ਉਸ ਘਰ ਵਾਲਿਆਂ ਮੈਨੂੰ ਦੱਸਿਆ ਕਿ ਇਸ ਕਮਰੇ ਨੂੰ ਦੁਬਾਰਾ ਜ਼ਰੂਰ ਉਸਾਰਿਆ ਗਿਆ ਸੀ ਪਰ ਇਸ ਦਾ ਸਾਰਾ ਨਕਸ਼ਾ ਪਹਿਲੇ ਵਾਲਾ ਹੀ ਰੱਖਿਆ ਗਿਆ ਸੀ। ਇਸ ਪਰਿਵਾਰ ਨੇ ਰਾਏਕਿਆਂ ਦੀ ਛੱਡੀ ਇਸ ਸ਼ਾਨਦਾਰ ਹਵੇਲੀ ਦੀ ਜਿਸ ਤਰ੍ਹਾਂ ਸਾਂਭ ਸੰਭਾਲ ਕੀਤੀ ਹੋਈ ਏ ਉਹਨੂੰ ਵੇਖ ਕੇ ਮੈਨੂੰ ਕਾਫੀ ਖੁਸ਼ੀ ਹੋਈ। ਉਤਲੀ ਮੰਜ਼ਿਲ ਤੋਂ ਥੱਲੇ ਉਤਰੇ ਤਾਂ ਹਵੇਲੀ ਦੇ ਬਰਾਂਡੇ ਵਿਚ ਡੱਠੀ ਚਾਰਪਾਈ ਉਤੇ ਮੈਨੂੰ ਇਕ ਬਿਰਧ ਬੀਬੀ ਅਤੇ ਘਰ ਦੇ ਛੋਟੇ-ਛੋਟੇ ਬੱਚੇ ਬੈਠੇ ਹੋਏ ਦਿਸੇ। ਸਤਿ ਸ੍ਰੀ ਅਕਾਲ ਬੋਲ ਕੇ ਮੈਂ ਉਨ੍ਹਾਂ ਕੋਲ ਜਾ ਬੈਠਾ ਅਤੇ ਪੁਛਿਆ, ਮਾਤਾ ਜੀ, ਕਦੇ ਪੁਰਾਣਾ ਵਤਨ ਵੀ ਯਾਦ ਆਇਆ ਜੇ? ਮੇਰਾ ਏਨਾ ਪੁੱਛਣਾ ਸੀ ਕਿ ਆਪਣੇ ਛੱਡੇ ਹੋਏ ਨਗਰ ਨਨਕਾਣਾ ਸਾਹਿਬ ਬਾਰੇ ਦੋ ਚਾਰ ਗੱਲਾਂ ਕਰਕੇ ਉਹ ਬਿਰਧ ਬੀਬੀ ਰੋਣ ਹੀ ਲੱਗ ਪਈ।

ਇਸੇ ਤਰ੍ਹਾਂ ਦਾ ਹੀ ਇਕ ਸੁਆਲ ਮੈਂ ਇਕ ਦਿਨ ਲਾਹੌਰ ਵਿਚ ਮੇਰੇ ਘਰ ਆਏ ਰਾਏ ਪਰਿਵਾਰ ਦੇ ਮੈਂਬਰਾਂ ਅੱਗੇ ਕੀਤਾ ਸੀ। ਇਸੇ ਹਵੇਲੀ ਵਿਚ ਆਪਣੀ ਜ਼ਿੰਦਗੀ ਦੇ ਮੁਢਲੇ ਸੋਲਾਂ ਸਤਾਰਾਂ ਸਾਲ ਗੁਜਾਰ ਕੇ ਗਈ, ਖਾਨ ਬਹਾਦਰ ਰਾਏ ਅਨਾਇਤ ਖਾਨ ਦੀ ਧੀ ਮੁਸ਼ੱਰਫ ਬੇਗਮ ਨੇ ਮੇਰੇ ਇਸ ਪ੍ਰਸ਼ਨ ਦਾ ਉਤਰ ਦਿੰਦਿਆ ਆਖਿਆ ਸੀ। “ਉਹ ਘਰ ਮੈਨੂੰ ਭੁੱਲਿਆ ਹੀ ਕਦ ਏ ਜੋ ਉਸ ਨੂੰ ਦੁਬਾਰਾ ਯਾਦ ਕਰਨਾ ਪੈਂਦਾ।”

ਇਸ ਵਿਚ ਕੋਈ ਸ਼ੱਕ ਨਹੀਂ ਕਿ ਵੰਡ ਨਾਲ ਵਲੂੰਧਰੇ ਗਏ ਦੋਹਾਂ ਪਾਸਿਆਂ ਦੇ ਪੰਜਾਬੀ

ਬਿਲਕੁਲ ਇਕੋ ਜਿਹਾ ਹੀ ਸੋਚਦੇ ਨੇ। ਗੰਗਾ ਸਾਗਰ ਤੋਂ ਵਿਛੜਨ ਵਾਲੀਆਂ ਸੰਗਤਾਂ ਦੇ ਹੰਝੂ ਅਤੇ ਗੰਗਾ ਸਾਗਰ ਦੇ ਨਾਲ ਆਪ ਵੀ ਸ਼ਰਨਾਰਥੀ ਹੋਣ ਵਾਲਿਆਂ ਦੀ ਤੜਪ ਇਕ ਦਿਨ ਜਰੂਰ ਆਪਣਾ ਰੰਗ ਵਿਖਾਏਗੀ, ਇਸ ਗੱਲ 'ਤੇ ਮੇਰਾ ਵਿਸ਼ਵਾਸ ਹੋਰ ਵੀ ਪੱਕਾ ਹੋ ਗਿਆ ਏ।

***

## 4.

24 ਦਸੰਬਰ 2004

# ਢਾਈ ਸਦੀਆਂ ਗੰਗਾ ਸਾਗਰ ਦੇ ਦਰਸ਼ਨ ਕਰਵਾਉਂਦੇ ਰਹੇ ਸਨ ਅਜ਼ੀਜ਼ ਉੱਲਾ ਦੇ ਪੁਰਖੇ

### -ਪ੍ਰਮਿੰਦਰ ਸਿੰਘ ਜੱਟਪੁਰੀ

ਦਸ਼ਮੇਸ਼ ਪਿਤਾ ਵੱਲੋਂ ਬਖ਼ਸ਼ਿਸ਼ ਕੀਤੀ ਪਵਿੱਤਰ ਭੇਟ ਗੰਗਾ ਸਾਗਰ ਦੇ ਢਾਈ ਸਦੀਆਂ ਇਲਾਕਾ ਨਿਵਾਸੀ ਹਰ ਵਰ੍ਹੇ ਖੁੱਲ੍ਹੇ ਦਰਸ਼ਨ ਦੀਦਾਰੇ ਕਰਕੇ ਖੁਸ਼ੀਆਂ ਪ੍ਰਾਪਤ ਕਰਦੇ ਰਹੇ ਹਨ, ਹੁਣ ਉਸੇ ਗੰਗਾ ਸਾਗਰ ਦੇ 50 ਵਰ੍ਹਿਆਂ ਦੇ ਵਕਫੇ ਤੋਂ ਬਾਅਦ ਦਰਸ਼ਨ ਕਰਨ ਲਈ ਇਲਾਕੇ ਦੀ ਸੰਗਤ ਅੱਖਾਂ ਦੀਆਂ ਪਲਕਾਂ ਵਿਛਾ ਕੇ 28 ਦਸੰਬਰ ਦੀ ਉਡੀਕ ਕਰ ਰਹੀ ਹੈ, ਜਿਸ ਦਿਨ ਇਸ ਇਤਿਹਾਸਕ ਨਿਸ਼ਾਨੀ ਦੇ ਉਹ ਮੁੜ ਦਰਸ਼ਨ ਕਰ ਸਕਣਗੇ। ਰਾਏਕੋਟ ਦੇ ਨਵਾਬ ਰਾਏ ਕੱਲ੍ਹਾ, ਜਿਸ ਦੀ ਅਥਾਹ ਸ਼ਰਧਾ ਤੇ ਵਫਾਦਾਰੀ ਤੋਂ ਖੁਸ਼ ਹੋ ਕੇ ਦਸ਼ਮੇਸ਼ ਪਿਤਾ ਨੇ ਉਨ੍ਹਾਂ ਨੂੰ ਗੰਗਾ ਸਾਗਰ, ਇਕ ਕ੍ਰਿਪਾਨ ਅਤੇ ਇਕ ਪੋਥੀ ਰੱਖਣ ਵਾਲੀ ਰੇਹਲ ਬਖਸ਼ਿਸ ਕੀਤੀ ਸੀ। ਉਨ੍ਹਾਂ ਦੇ ਖਾਨਦਾਨ ਨੇ ਗੁਰੂ ਸਾਹਿਬ ਦੀਆਂ ਇਨ੍ਹਾਂ ਪਵਿੱਤਰ ਨਿਸ਼ਾਨੀਆਂ ਨੂੰ ਜਾਨ ਤੋਂ ਵੱਧ ਪਿਆਰਾ ਸਮਝ ਕੇ ਉਸ ਦੀ ਸੇਵਾ ਸੰਭਾਲ ਕੀਤੀ। ਰਾਏ ਕੱਲ੍ਹਾ ਦੇ ਖਾਨਦਾਨ ਨੇ ਢਾਈ ਸਦੀਆਂ ਇਸ ਪਵਿੱਤਰ ਗੰਗਾ ਸਾਗਰ ਦੇ ਹਰ ਵਰ੍ਹੇ ਆਪਣੀ ਇਸ ਪੁਰਾਤਨ ਸ਼ਹਿਰ 'ਚ ਸਥਿਤ ਆਲੀਸ਼ਾਨ ਹਵੇਲੀ 'ਚ ਸੰਗਤਾਂ ਨੂੰ ਖੁੱਲੇ ਦਰਸ਼ਨ ਦੀਦਾਰ ਕਰਵਾਉਣ ਦੀ ਪਿਰਤ 1946 ਦੇ ਪੋਹ ਮਹੀਨੇ ਤੱਕ ਨਿਭਾਈ ਸੀ। ਗੰਗਾ ਸਾਗਰ ਦੇ ਖੁੱਲੇ ਦਰਸ਼ਨ ਹਰ ਪੋਹ ਮਹੀਨੇ ਉਸ ਦਿਨ ਸੰਗਤਾਂ ਨੂੰ ਕਰਾਏ ਜਾਂਦੇ ਸਨ ਜਿਸ ਦਿਹਾੜੇ ਗੁਰੂ ਸਾਹਿਬ ਨੇ ਇਸ ਇਲਾਕੇ ਦੀ ਧਰਤੀ ਨੂੰ ਆਪਣੇ ਚਰਨ ਕਮਲਾਂ ਦੀ ਛੂਹ ਨਾਲ ਨਿਵਾਜਿਆ ਸੀ। ਇਤਿਹਾਸਕ ਗੁਰਦੁਆਰਾ ਟਾਹਲੀਆਣਾ ਸਾਹਿਬ ਵਿਖੇ ਗੁਰੂ ਸਾਹਿਬ ਦੇ ਇਲਾਕੇ ਵਿਚ ਆਗਮਨ ਦੀ ਖੁਸ਼ੀ ਚ ਜੋੜ ਮੇਲਾ ਮਨਾਇਆ ਜਾਣਾ ਸ਼ੁਰੂ ਹੋ ਗਿਆ ਤੇ ਉਸ ਸਮੇਂ ਤੋਂ ਚੰਦਨ ਦੀ ਲੱਕੜੀ ਤੋਂ ਬਣਾਈ ਖੂਬਸੂਰਤ ਪਾਲਕੀ, ਜਿਹੜੀ ਅੱਜ ਵੀ ਗੁਰਦੁਆਰਾ ਟਾਹਲੀਆਣਾ ਸਾਹਿਬ ਵਿਚ ਮੌਜੂਦ ਹੈ, ਵਿਚ ਗੰਗਾ ਸਾਗਰ ਨੂੰ ਰਾਏ ਕੱਲੇ ਦੀ ਹਵੇਲੀ ਤੋਂ ਟਾਹਲੀਆਣਾ ਸਾਹਿਬ ਵਿਖੇ ਜਲੂਸ ਦੀ ਸ਼ਕਲ ਵਿਚ ਲਿਆਂਦਾ ਜਾਂਦਾ ਸੀ ਅਤੇ ਜੋੜ ਮੇਲੇ ਦੀ ਸਮਾਪਤੀ ਤੇ ਵਾਪਸ ਲਿਜਾਇਆ ਜਾਂਦਾ ਸੀ। 28 ਦਸੰਬਰ ਨੂੰ ਪਵਿੱਤਰ ਗੰਗਾ ਸਾਗਰ ਫਿਰ ਟਾਹਲੀਆਣਾ ਸਾਹਿਬ ਰਾਏਕੋਟ ਵਿਖੇ ਸ਼ਸ਼ੋਭਿਤ ਹੋਵੇਗਾ ਪ੍ਰੰਤੂ ਇਲਾਕੇ ਦੀਆਂ ਸੰਗਤਾਂ ਦੀ ਚਾਹਤ ਹੈ ਕਿ ਇਸ ਵਾਰ ਟਾਹਲੀਆਣਾ ਸਾਹਿਬ ਦੇ ਜੋੜ ਮੇਲੇ, ਜਿਹੜਾ ਕਿ 1 ਤੋਂ

3 ਜਨਵਰੀ ਤੱਕ ਲੱਗੇਗਾ, ’ਚ ਵੀ ਗੰਗਾ ਸਾਗਰ ਦੇ ਦਰਸ਼ਨ ਹੁੰਦੇ ਰਹਿਣਗੇ। ਇਸ ਸਬੰਧੀ ਰਾਏ ਕੱਲ੍ਹਾ ਪਰਿਵਾਰ ਦੀ ਨੌਵੀਂ ਪੀੜ੍ਹੀ 'ਚੋਂ ਰਾਏ ਅਜ਼ੀਜ਼ ਉੱਲਾ ਖਾਂ, ਜਿਹੜੇ 'ਗੰਗਾ ਸਾਗਰ' ਨੂੰ ਲੈ ਕੇ ਆਏ ਹੋਏ ਹਨ, ਨੂੰ ਬੇਨਤੀ ਕਰਨ ਦੀ ਸਲਾਹ ਕੀਤੀ ਜਾ ਰਹੀ ਹੈ। ਰਾਏ ਅਜ਼ੀਜ਼ ਉੱਲਾ ਵੱਲੋਂ ਦਿੱਤੀ ਸਲਾਹ ਕਾਰਨ ਇਸ ਪਵਿੱਤਰ ਨਿਸ਼ਾਨੀ ਨੂੰ ਰਾਏ ਪਰਿਵਾਰ ਦੀ ਉਸ ਪੁਰਾਤਨ ਤੇ ਇਤਿਹਾਸਕ ਹਵੇਲੀ ’ਚ ਵੀ ਕੁਝ ਸਮਾਂ ਦਰਸ਼ਨਾਂ ਲਈ ਰੱਖਿਆ ਜਾਵੇਗਾ, ਜਿਸ ਹਵੇਲੀ 'ਚੋਂ ਹਰ ਪੋਹ ਮਹੀਨੇ ਸੰਗਤਾਂ ਨੂੰ ਖੁੱਲ੍ਹੇ ਦਰਸ਼ਨ ਕਰਵਾਏ ਜਾਂਦੇ ਸਨ। ਇਥੇ ਇਹ ਵੀ ਦੱਸਣਯੋਗ ਹੈ ਕਿ ਇਸ ਹਵੇਲੀ ’ਚ ਜਿਸ ਸਥਾਨ ’ਤੇ ਰਾਏ ਪਰਿਵਾਰ ਨੇ 'ਗੰਗਾ ਸਾਗਰ' ਨੂੰ ਸੰਭਾਲ ਕੇ ਰੱਖਿਆ ਹੋਇਆ ਸੀ, ਉਸ ਸਥਾਨ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਉਸੇ ਦਿਨ ਤੋਂ ਹੀ ਕੀਤਾ ਜਾ ਰਿਹਾ ਹੈ। ਇਥੇ ਵਰਨਣਯੋਗ ਹੈ ਕਿ ਰਾਏ ਅਜ਼ੀਜ਼ ਉੱਲਾ ਖਾਂ ਦੇ ਦਾਦਾ ਰਾਏ ਅਨਾਇਤ ਖਾਂ ਜਿਹੜੇ ਕਿ 'ਗੰਗਾ ਸਾਗਰ' ਨੂੰ ਦੇਸ਼ ਦੀ ਵੰਡ ਸਮੇਂ ਪਾਕਿਸਤਾਨ ਲੈ ਗਏ ਸਨ, ਨੂੰ ਵੀ ਉਸ ਸਮੇਂ ਸਿੱਖ ਸੰਗਤਾਂ ਨੇ ਬੇਨਤੀ ਕੀਤੀ ਸੀ ਕਿ ਉਹ ਆਪਣੇ ਪੁਰਖਿਆਂ ਦੀ ਧਰਤੀ ਨੂੰ ਨਾ ਛੱਡਣ। ਇਲਾਕੇ ਦੇ ਲੋਕ ਉਨ੍ਹਾਂ ਦੀ ਸੁਰੱਖਿਆ ਦੀ ਪੂਰੀ ਜ਼ਿੰਮੇਵਾਰੀ ਲੈਣ ਲਈ ਤਿਆਰ ਸਨ। ਇਥੇ ਇਹ ਵੀ ਦੱਸਣਯੋਗ ਹੈ ਕਿ ਰਾਏ ਖਾਨਦਾਨ ਦੀ ਹਰ ਪੀੜ੍ਹੀ ’ਚ ਸਿਰਫ਼ ਇਕ ਪੁੱਤਰ ਹੀ ਪੈਦਾ ਹੁੰਦਾ ਚੱਲਿਆ ਆ ਰਿਹਾ ਹੈ। ਰਾਏ ਅਨਾਇਤ ਖਾਂ ਦੇ ਇਕਲੌਤਾ ਪੁੱਤਰ ਰਾਏ ਫਕੀਰ ਉਲਾ ਖਾਂ ਅਤੇ ਰਾਏ ਫਕੀਰ ਉਲਾ ਖਾਂ ਦੇ ਇਕਲੌਤੇ ਪੁੱਤਰ ਰਾਏ ਅਜ਼ੀਜ਼ ਉੱਲਾ ਖਾਂ ਦੇ ਵੀ ਅੱਗੋਂ ਇਕ ਹੀ ਬੇਟਾ ਹੈ। ਰਾਏ ਖਾਨਦਾਨ ਨੂੰ ਇਲਾਕੇ ਦੇ ਲੋਕਾਂ ਨੇ ਹਮੇਸ਼ਾ ਪੂਰਾ-ਪੂਰਾ ਮਾਣ-ਸਤਿਕਾਰ ਦਿੱਤਾ ਸੀ ਅਤੇ ਹੁਣ ਉਸ ਤੋਂ ਵੀ ਵੱਧ ਮਾਣ-ਸਤਿਕਾਰ ਰਾਏ ਅਜ਼ੀਜ਼ ਉਲਾ ਖਾਂ ਨੂੰ ਮਿਲ ਰਿਹਾ ਹੈ। ਇਸ ਦੇ ਨਾਲ ਹੀ ਸਾਰੀਆਂ ਸਿਆਸੀ ਪਾਰਟੀਆਂ ਸਿਆਸੀ ਪੱਧਰ ਤੋਂ ਉੱਚਾ ਉੱਠ ਕੇ ਗੁਰੂ ਸਾਹਿਬ ਦੀ ਅਦੁੱਤੀ ਨਿਸ਼ਾਨੀ ਦੇ ਸਵਾਗਤ ਲਈ ਰਾਏਕੋਟ ਦੀਆਂ ਟੁੱਟੀਆਂ ਭੱਜੀਆਂ ਸੜਕਾਂ ਦੀ ਮੁਰੰਮਤ ਅਤੇ ਮਾਰਗਾਂ ਦੀ ਸਜਾਵਟ ਲਈ ਜੁਟੀਆਂ ਹੋਈਆਂ ਹਨ।

***

5.

2 ਜਨਵਰੀ 2005

## ਗੰਗਾ ਸਾਗਰ ਦੀ ਆਮਦ ਨੇ ਰਾਏਕੋਟ ਦੇ ਇਤਿਹਾਸ ਦਾ ਲਿਖਿਆ ਸੁਨਹਿਰੀ ਪੰਨਾ

### - ਪਰਮਿੰਦਰ ਸਿੰਘ ਜੱਟਪੁਰੀ ਅਤੇ ਗੁਰਦੀਪ ਸਿੰਘ ਰਾਏਕੋਟੀ

ਬੀਤੀ 28 ਦਸੰਬਰ ਨੂੰ ਰਾਏਕੋਟ ਦੀ ਧਰਤੀ ਨੂੰ ਸ਼ਰਧਾ ਦਾ ਇਕ ਅਨੂਠਾ ਨਮੂਨਾ ਦੇਖਣ ਨੂੰ ਮਿਲਿਆ। ਲੱਖਾਂ ਦੀ ਗਿਣਤੀ ਚ ਸੰਗਤਾਂ ਪਹਿਲੀ ਵਾਰ ਰਾਏਕੋਟ ਦੀ ਧਰਤੀ ਤੇ ਇਕੱਠੀਆਂ ਹੋਈਆਂ। ਸੰਗਤਾਂ ਦੇ ਅਥਾਹ ਤੇ ਬੇਮਿਸਾਲ ਇਕੱਠ ਤੇ ਸ਼ਰਧਾ ਦਾ ਕਾਰਨ ਸੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਰਾਏਕੋਟ ਦੇ ਨਵਾਬ ਰਾਏ ਕੱਲ੍ਹਾ ਨੂੰ ਬਖ਼ਸ਼ਿਸ਼ ਕੀਤੀ ਪਵਿੱਤਰ ਗੰਗਾ ਸਾਗਰ ਦੀ 58 ਵਰ੍ਹਿਆਂ ਬਾਅਦ ਮੁੜ ਆਮਦ। 1705

’ਚ ਗੁਰੂ ਸਾਹਿਬ ਨੇ ਰਾਏ ਕੱਲ੍ਹਾ ਦੀ ਸ਼ਰਧਾ ਤੇ ਵਫਾਦਾਰੀ ਦੀ ਭਾਵਨਾ ਤੋਂ ਖੁਸ਼ ਹੋ ਕੇ ਉਸ ਨੂੰ ਪਵਿੱਤਰ ਗੰਗਾ ਸਾਗਰ ਦੀ ਬਖ਼ਸ਼ਿਸ਼ ਕੀਤੀ ਸੀ ਅਤੇ ਰਾਏ ਪਰਿਵਾਰ ਨੇ ਢਾਈ ਸਦੀਆਂ ਗੁਰੂ ਸਾਹਿਬ ਦੀ ਇਸ ਪਵਿੱਤਰ ਨਿਸ਼ਾਨੀ ਦੇ ਸੰਗਤਾਂ ਨੂੰ ਹਰ ਵਰ੍ਹੇ 7 ਪੋਹ ਨੂੰ ਆਪਣੀ ਪੁਰਾਤਨ ਹਵੇਲੀ ’ਚ ਲਗਾਤਾਰ ਦਰਸ਼ਨ ਕਰਵਾਏ ਤੇ ਟਾਹਲੀ ਸਾਹਿਬ ਦੇ ਜੋੜ ਮੇਲੇ ਮੌਕੇ ਗੰਗਾ ਸਾਗਰ ਨੂੰ ਸ਼ਾਨਦਾਰ ਪਾਲਕੀ ’ਚ ਜਲੂਸ ਦੀ ਸ਼ਕਲ ’ਚ ਗੁਰਦੁਆਰੇ ਲਿਆਂਦਾ ਜਾਂਦਾ ਸੀ ਪ੍ਰੰਤੂ ਦੇਸ਼ ਦੀ ਮੰਦਭਾਗੀ ਵੰਡ ਨੇ ਸੰਗਤਾਂ ਨੂੰ ਗੰਗਾ ਸਾਗਰ ਦੇ ਪਵਿੱਤਰ ਦਰਸ਼ਨਾਂ ਤੋਂ ਵਾਂਝਿਆ ਕਰ ਦਿੱਤਾ ਕਿਉਂਕਿ ਰਾਏ ਪਰਿਵਾਰ ਇਸ ਪਵਿੱਤਰ ਬਖ਼ਸ਼ਿਸ਼ ਨੂੰ ਆਪਣੇ ਨਾਲ ਲੈ ਕੇ ਪਾਕਿਸਤਾਨ ਚਲਾ ਗਿਆ ਸੀ। ਪਿਛਲੇ ਸਮੇਂ ਜਦੋਂ ਦੋਵੇਂ ਦੇਸ਼ ਥੋੜ੍ਹਾ ਨੇੜੇ ਆਏ ਤਾਂ ਰਾਏ ਪਰਿਵਾਰ ਦੀ ਨੌਂਵੀਂ ਪੀੜੀ ਦਾ ਵਾਰਸ, ਜਿਹੜਾ ਗੁਰੂ ਗ੍ਰੰਥ ਸਾਹਿਬ ਦੀ ਕਿਰਪਾ ਸਦਕਾ ਇਸ ਸਮੇਂ ਪਾਕਿਸਤਾਨੀ ਕੌਮੀ ਅਸੈਂਬਲੀ ਦਾ ਮੈਂਬਰ ਹੈ, ਰਾਏ ਅਜੀਜ਼ ਉੱਲਾ ਖਾਨ ਨੇ ਆਪਣੇ ਪੁਰਖਿਆਂ ਦੀ ਭੂਮੀ ਤੇ ਫੇਰੀ ਪਾਈ ਅਤੇ ਸੰਗਤਾਂ ਨੇ ਉਸ ਦੀ ਹਰ ਫੇਰੀ ਸਮੇਂ ਗੰਗਾ ਸਾਗਰ ਦੇ ਦਰਸ਼ਨਾਂ ਦੀ ਮੰਗ ਕੀਤੀ।

ਸਾਹਿਬਜਾਦਿਆ ਅਤੇ ਮਾਤਾ ਗੁਜਰੀ ਦੀ ਸ਼ਹਾਦਤ ਦੀ ਤੀਸਰੀ ਸ਼ਤਾਬਦੀ ਸਮੇਂ ਰਾਏ ਅਜ਼ੀਜ਼ ਉੱਲਾ ਖਾਂ ਇਸ ਪਵਿੱਤਰ ਨਿਸ਼ਾਨੀ ਨੂੰ ਲੈ ਕੇ ਆਪਣੀ ਧਰਤੀ ’ਤੇ ਆਏ। ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਰਾਏਕੋਟ ਦੀ ਅਤੇ ਇਸ ਇਲਾਕੇ ਦੀ ਧਰਤੀ ਨਾਲ ਵੀ ਨੇੜਲਾ ਤੇ ਗੂੜਾ ਸੰਬੰਧ ਹੈ। ਸਾਹਿਬਜ਼ਾਦਿਆਂ ਦੀ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੀ ਕਥਾ ਇਸ ਇਲਾਕੇ ਦੇ ਨੂਰੇ ਮਾਹੀ ਨੇ, ਜਿਸ ਨੂੰ ਗੁਰੂ ਸਾਹਿਬ ਦੇ ਆਦੇਸ਼ ’ਤੇ ਰਾਏ ਕਲ੍ਹਾ ਨੇ ਸਰਹਿੰਦ ਭੇਜਿਆ ਸੀ, ਗੁਰੂ ਸਾਹਿਬ ਨੂੰ ਇਸੇ ਧਰਤੀ ਤੇ ਆ ਕੇ ਸੁਣਾਈ ਸੀ ਅਤੇ ਗੁਰੂ ਸਾਹਿਬ ਨੇ ਜ਼ੁਲਮੀ ਰਾਜ ਦੀ ਜੜ੍ਹ ਵੀ ਇਸੇ ਧਰਤੀ ’ਤੇ ਪੁੱਟੀ ਸੀ। ਗੰਗਾ ਸਾਗਰ ਦੀ ਆਮਦ ਸਮੇਂ ਸੰਗਤਾਂ ਦੀ ਸ਼ਰਧਾ ਨੇ ਇਕ ਅਨੂਠਾ ਇਤਿਹਾਸ ਰਚਿਆ। ਲੱਖਾਂ ਦੀ ਗਿਣਤੀ ’ਚ ਸੰਗਤ ਨੇ 12 ਘੰਟੇ ਕੜਾਕੇ ਦੀ ਠੰਢ ’ਚ ਉਡੀਕ ਕੀਤੀ। ਇਥੋਂ ਤੱਕ ਕਿ ਕਿਸੇ ਨੇ ਭੁੱਖ, ਤ੍ਰੇਹ ਅਤੇ ਠੰਡ ਦੀ ਭੋਰਾ ਵੀ ਪਰਵਾਹ ਨਹੀਂ ਕੀਤੀ। ਲੁਧਿਆਣਾ ਸ਼ਹਿਰ ਤੋਂ ਰਾਏਕੋਟ ਤੱਕ ਸੜਕ ਦੇ ਦੋਵਾਂ ਕਿਨਾਰਿਆਂ ’ਚ ਸ਼ਰਧਾਲੂ ਹੀ ਸ਼ਰਧਾਲੂ ਵਿਖਾਈ ਦਿੰਦੇ ਸਨ। ਜਿਸ ਰਸਤੇ ਨੂੰ ਦੋ ਤੋਂ ਤਿੰਨ ਘੰਟੇ ਤੈਅ ਕਰਨ ਦਾ ਪ੍ਰੋਗਰਾਮ ਸੀ ਉਹ 10 ਘੰਟਿਆਂ ’ਚ ਬੜੀ ਮੁਸ਼ਕਿਲ ਨਾਲ ਸੰਭਵ ਹੋ ਸਕਿਆ। ਰਾਤ ਦੇ 11 ਵਜੇ ਤੱਕ ਦੂਰੋਂ ਦੂਰੋਂ ਆਈਆਂ ਸੰਗਤਾਂ ਨੇ ਵੱਧ ਰਹੀ ਧੁੰਦ ਦੀ ਪਰਵਾਹ ਕੀਤੇ ਬਿਨਾਂ ਗੰਗਾ ਸਾਗਰ ਦੇ ਦਰਸ਼ਨਾਂ ਦੀ ਆਪਣੇ ਮਨ ਦੀ ਰੀਝ ਪੂਰੀ ਕੀਤੀ। ਸ਼ਰਧਾ ਦਾ ਅਧਿਆਇ ਇਥੇ ਹੀ ਖਤਮ ਨਹੀਂ ਹੋਇਆ। ਅਗਲੇ ਦਿਨ ਸੰਗਤਾਂ ਨੇ ਗੰਗਾ ਸਾਗਰ ਰਾਹੀਂ ਜਿਸ ਜਲ ਨੂੰ ਸਰੋਵਰ ਵਿੱਚ ਪਾਇਆ ਸੀ, ਨੂੰ ਪਵਿੱਤਰ ਬਖ਼ਸ਼ਿਸ਼ ਸਮਝ ਕੇ ਬੋਤਲਾਂ ਚ ਸੰਭਾਲ ਲਿਆ ਤੇ ਇਹ ਵੀ ਇੱਕ ਇਤਿਹਾਸਿਕ ਪੰਨਾ ਹੀ ਬਣ ਗਿਆ।

ਦਸ਼ਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਰਾਏਕੋਟ ਇਲਾਕੇ ਦੀ ਧਰਤੀ ਦੇ ਕਣ ਕਣ ਨੂੰ ਪਵਿੱਤਰ ਚਰਨ ਕਮਲਾਂ ਦੀ ਛੋਹ ਪ੍ਰਾਪਤ ਹੈ। ਹੇਰਾਂ,

ਰਾਜਿਆਣਾ, ਸੀਲੋਆਣੀ, ਬੱਸੀਆਂ, ਕਮਾਲਪੁਰਾ, ਮਾਣੂੰਕੇ ਮਹਿਦੀਆਣਾ ਸਾਹਿਬ, ਚੱਕਰ ਆਦਿ ਪਿੰਡਾਂ ਨੂੰ ਗੁਰੂ ਸਾਹਿਬ ਨੇ ਨਿਵਾਜਿਆ। ਲੰਮੇ ਜੱਟਪੁਰੇ ਦੀ ਧਰਤੀ ਤੇ 21 ਦਿਨ ਵਿਸ਼ਰਾਮ ਕੀਤਾ। ਗੁਰੂ ਸਾਹਿਬ ਦੀਆਂ ਕਈ ਪਵਿੱਤਰ ਨਿਸ਼ਾਨੀਆਂ ਇਸ ਇਲਾਕੇ 'ਚ ਸੰਭਾਲੀਆਂ ਪਈਆਂ ਹਨ। ਉਹਨਾਂ ਦੀ ਅੰਗੂਠੀ ਭੰਮੀਪੁਰੇ ਵਿਖੇ, ਸ਼ਤਰੰਜ ਖੇਡਣ ਵਾਲੀਆਂ ਨਰਦਾਂ ਅਤੇ ਕੱਲ੍ਹਾ ਪਰਿਵਾਰ ਨੂੰ ਬਖਸ਼ੀ ਰੇਹਲ ਆਦਿ ਇਸ ਇਲਾਕੇ ਚ ਸੁਸ਼ੋਭਤ ਹਨ। ਇਸ ਤਰ੍ਹਾਂ ਰਾਏਕੋਟ ਇਲਾਕੇ ਦੀ ਧਰਤੀ ਇਤਿਹਾਸਿਕ ਹੋਣ ਦੇ ਨਾਲ ਨਾਲ ਪਵਿੱਤਰ ਧਰਤੀ ਹੈ ਅਤੇ ਇਸੇ ਕਾਰਨ ਹੀ ਗੁਰੂ ਸਾਹਿਬ ਦੀ ਬਖ਼ਸ਼ਿਸ਼ ਨੂੰ ਇਸ ਇਲਾਕੇ ਵਿੱਚ ਸੰਗਤਾਂ ਨੇ ਅਥਾਹ ਸ਼ਰਧਾ ਵਿਖਾਈ, ਜਿਸ ਕਾਰਨ ਰਾਏ ਅਜ਼ੀਜ਼ ਉੱਲਾ ਖਾਂ ਨੇ ਇਸ ਇਲਾਕੇ ਦੀਆਂ ਸੰਗਤਾਂ ਅੱਗੇ ਸਿਰ ਝੁਕਾਇਆ।

***

## 6.
## ਪਵਿੱਤਰ ਗੰਗਾ ਸਾਗਰ ਦਾ ਵਾਰਿਸ 'ਰਾਏ ਪਰਿਵਾਰ' ਅਤੇ ਗੁਰੂ ਸਾਹਿਬ ਦੀ ਬਖ਼ਸ਼ਿਸ਼ ਨਿਸ਼ਾਨੀਆਂ ਦੀ ਸਾਂਭ ਸੰਭਾਲ

ਸਿੱਖਾਂ ਦੇ ਦਸਵੇਂ ਗੁਰੂ, ਸੰਤ ਸਿਪਾਹੀ ਤੇ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਨਿਆਰੇ ਪੰਥ 'ਖਾਲਸਾ ਪੰਥ' ਦੀ ਸਥਾਪਨਾ ਕਰਨਾ, ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਆਨੰਦਪੁਰ ਸ਼ਹਿਰ ਵਸਾ ਕੇ ਖਾਲਸੇ ਨੂੰ ਮੀਰੀ ਨਾਲ ਜੋੜਨ ਦੇ ਉਦੇਸ਼ ਨਾਲ ਨਗਾਰਾ ਵਜਾਉਣਾ ਅਤੇ ਜੰਗਾਂ ਦੇ ਅਭਿਆਸ ਲਈ ਨਿੱਤ ਪ੍ਰਤੀ ਦਿਨ ਕੀਤੀਆਂ ਜਾ ਰਹੀਆਂ ਸਰਗਰਮੀਆਂ ਤੋਂ ਡਰਦੇ ਹੋਏ ਅਤੇ ਨਗਾਰੇ ਦੀ ਚੋਟ ਨਾਲ ਕੰਬ ਰਹੀਆਂ ਸ਼ਿਵਾਲਿਕ ਦੀਆਂ ਪਹਾੜੀਆਂ ਤੇ ਵਸੀਆਂ ਰਿਆਸਤਾਂ ਦੇ ਸਾਹ-ਸਤਹੀਣ ਹੋਏ ਹਿੰਦੂ ਰਾਜਿਆਂ ਨੇ ਦਿੱਲੀ ਦੇ ਹਾਕਮਾਂ ਨੂੰ ਬੁਲਾਵਾ ਭੇਜ ਕੇ ਗੁਰੂ ਸਾਹਿਬ ਦੇ ਪਰਿਵਾਰ ਨੂੰ ਆਨੰਦਪੁਰ ਵਿਚਲਾ ਕਿਲ੍ਹਾ ਆਨੰਦਗੜ੍ਹ ਛੱਡਣ ਲਈ ਮਜਬੂਰ ਕਰ ਦਿੱਤਾ। ਇਸ ਤੋਂ ਬਾਅਦ ਲੱਖਾਂ ਦੀ ਮੁਗਲੀਆ ਫੌਜ ਅਤੇ ਮੌਸਮ ਦੇ ਬਦਲੇ ਮਿਜਾਜ ਕਾਰਨ ਸਰਸਾ ਨਦੀ ਪਾਰ ਕਰਦਿਆਂ ਗੁਰੂ ਸਾਹਿਬ ਦਾ ਸਮੁੱਚਾ ਪਰਿਵਾਰ ਵਿੱਛੜ ਗਿਆ। ਗੁਰੂ ਜੀ ਅਤੇ ਉਨ੍ਹਾ ਦੇ ਵੱਡੇ ਸਾਹਿਬਜਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਚਮਕੌਰ ਦੀ ਜੰਗ ਵਿੱਚ ਘਿਰ ਗਏ। ਵੱਡੇ ਸਾਹਿਬਜਾਦੇ ਸ਼ਹੀਦ ਹੋ ਗਏ ਤਾਂ ਗੁਰੂ ਸਾਹਿਬ ਗੜ੍ਹੀ ਵਿੱਚੋਂ ਨਿੱਕਲ ਕੇ ਮਾਛੀਵਾੜਾ ਪਹੁੰਚੇ, ਉੱਥੇ ਮੁਸਲਮਾਨ ਭਰਾਵਾਂ ਗਨੀ ਖਾਂ ਤੇ ਨਬੀ ਖਾਂ ਨੇ ਗੁਰੂ ਜੀ ਨੂੰ ਉੱਚ ਦਾ ਪੀਰ ਬਣਾ ਕੇ ਮੁਗਲਾਂ ਦੇ ਘੇਰੇ ਵਿੱਚੋਂ ਕੱਢਿਆ। ਇਸ ਉਪਰੰਤ ਗੁਰੂ ਜੀ ਵੱਖ ਵੱਖ ਥਾਵਾਂ ਤੇ ਰੁਕਦੇ ਹੋਏ ਰਾਏਕੋਟ ਰਿਆਸਤ ਦੇ ਨਵਾਬ ਰਾਏ ਕੱਲ੍ਹਾ ਪਾਸ ਰੁਕੇ। ਉਕਤ ਰਾਏ ਪਰਿਵਾਰ ਦੁਆਰਾ ਬੇਖੌਫ ਹੋ ਕੇ ਗੁਰੂ ਜੀ ਦੀ ਕੀਤੀ ਗਈ ਸੇਵਾ ਤੋਂ ਖੁਸ਼ ਹੁੰਦਿਆਂ ਗੁਰੂ ਸਾਹਿਬ ਨੇ ਰਾਏ ਕੱਲ੍ਹਾ ਨੂੰ ਪਵਿੱਤਰ ਗੰਗਾ ਸਾਗਰ ਸਮੇਤ ਹੋਰ ਵੀ ਆਪਣੀਆਂ ਨਿਸ਼ਾਨੀਆਂ ਭੇਟ ਕੀਤੀਆਂ। ਇਨ੍ਹਾਂ ਨਿਸ਼ਾਨੀਆਂ ਨੂੰ ਆਪਣੀ ਜਾਨ ਤੋਂ ਵੱਧ ਪਿਆਰੀਆਂ ਜਾਣ ਕੇ ਰਾਏ

ਪਰਿਵਾਰ 320 ਸਾਲ ਤੋਂ ਹਾਲੇ ਵੀ ਹਿੱਕ ਨਾਲ ਲਗਾ ਕੇ ਸਤਿਕਾਰ ਸਹਿਤ ਸਾਂਭੀ ਬੈਠਾ ਹੈ। ਗੁਰੂ ਸਾਹਿਬ ਦੁਆਰਾ ਵਰੋਸਾਏ ਇਸ ਰਾਏ ਪਰਿਵਾਰ ਦੁਆਰਾ 14 ਵੀਂ ਸਦੀ ਵਿੱਚ ਹਿੰਦੂ ਰਾਜਪੂਤ ਤੋਂ ਮੁਸਲਮਾਨ ਧਰਮ ਗ੍ਰਹਿਣ ਕਰਨ ਦੇ ਨਿਵੇਕਲੇ ਇਤਿਹਾਸ ਬਾਰੇ ਵੀ ਜਾਨਣਾ ਬੜਾ ਜਰੂਰੀ ਹੈ।

ਇਤਿਹਾਸ ਦੇ ਵਰਕੇ ਫਰੋਲੀਏ ਤਾਂ ਇਹ ਪਤਾ ਲੱਗਦਾ ਹੈ ਕਿ ਰਾਏ ਪਰਿਵਾਰ ਮੰਝ ਰਾਜਪੂਤ ਭਾਈਚਾਰੇ ਨਾਲ ਸੰਬੰਧ ਰੱਖਦਾ ਸੀ। ਇਹ ਪਰਿਵਾਰ ਰਾਜਸਥਾਨ ਦੇ ਜੈਸਲਮੇਰ ਦੇ ਵਸਨੀਕ ਸਨ। ਸੰਨ 1323 ਵਿੱਚ ਇਸ ਪਰਿਵਾਰ ਦੇ ਮੁਖੀ ਰਾਏ ਤੁਲਸੀ ਦਾਸ ਉਸ ਸਮੇਂ ਦੇ ਉੱਚ ਸ਼ਰੀਫ ਦੇ ਮਸ਼ਹੂਰ ਪੀਰ ਮਖਦੂਮ ਜਹਾਨੀਆਂ ਜਹਾਨਗਸ਼ਤ ਰਾਹੀਂ ਮੁਸਲਮਾਨ ਧਰਮ ਵਿੱਚ ਸ਼ਾਮਿਲ ਹੋ ਗਏ ਸਨ। ਇਹ ਨਗਰ ਉੱਚ ਸ਼ਰੀਫ ਪਾਕਿਸਤਾਨੀ ਪੰਜਾਬ ਦੇ ਬਹਾਵਲਪੁਰ ਸ਼ਹਿਰ ਨਜਦੀਕ ਹੈ। ਮਾਛੀਵਾੜਾ ਵਿਖੇ ਗੁਰੂ ਸਾਹਿਬ ਦੇ ਸ਼ਰਧਾਲੂ ਮੁਸਲਮਾਨ ਗਨੀ ਖਾਂ ਅਤੇ ਨਬੀ ਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਉੱਚ ਦਾ ਪੀਰ ਬਣਾ ਕੇ ਸੇਵਾ ਕੀਤੀ। ਉਕਤ ਪਰਿਵਾਰ ਹਾਲੇ ਵੀ ਮਾਣ ਕਰਦਾ ਹੈ ਕਿ ਉਨ੍ਹਾਂ ਦੇ ਬਜੁਰਗ ਉੱਚ ਦੇ ਪੀਰ ਪਾਸੋਂ ਹੀ ਮੁਸਲਮਾਨ ਬਣੇ।

ਮੁਸਲਮਾਨ ਬਣਨ ਤੋਂ ਬਾਅਦ ਰਾਏ ਤੁਲਸੀਦਾਸ ਦਾ ਨਾਮ ਰਾਏ ਸਿਰਾਜੂਦੀਨ ਰੱਖ ਦਿੱਤਾ ਗਿਆ। ਉਨ੍ਹਾਂ ਨੇ ਸੰਨ 1323 ਵਿੱਚ ਹੀ ਜਗਰਾਉਂ ਲਾਗੇ ਪਿੰਡ ਚਕਰ ਵਸਾਇਆ। ਇਹੀ ਰਾਏ ਸਿਰਾਜੂਦੀਨ ਮੁਸਲਿਮ ਮੰਝ ਰਾਜਪੂਤ ਭਾਈਚਾਰੇ ਦੇ ਮੁਖੀ ਸਨ। ਰਾਏ ਸਿਰਾਜੂਦੀਨ ਦੇ ਚਾਰ ਪੀੜੀਆਂ ਪਹਿਲਾਂ ਦੇ ਬਜੁਰਗ ਰਾਏ ਮੋਹਕਲ ਚੰਦ ਹੁਰਾਂ 12 ਵੀਂ ਸਦੀ ਸੰਨ 1183 ਵਿੱਚ ਨਗਰ ਮੋਹਕਲਹਰ ਵਸਾਇਆ, ਜੋ ਬਾਅਦ ਵਿੱਚ ਫਰੀਦਕੋਟ ਦੇ ਨਾਮ ਨਾਲ ਜਾਣਿਆ ਜਾਣ ਲੱਗਾ।

ਰਾਏ ਸਿਰਾਜੂਦੀਨ ਦੀ ਇਹ ਦਿਲੀ ਤਮੰਨਾਂ ਸੀ ਕਿ ਉਸ ਨੂੰ ਵੀ ਨਗਰ ਉੱਚ ਸ਼ਰੀਫ ਵਿਖੇ ਹੀ ਦਫਨਾਇਆ ਜਾਵੇ, ਸੋ ਉਨ੍ਹਾਂ ਦੀ ਇਹ ਤਮੰਨਾਂ ਵੀ ਪੂਰੀ ਹੋਈ। ਉਨ੍ਹਾਂ ਦੀ ਕਬਰ ਅੱਜ ਵੀ ਉੱਚ ਸ਼ਰੀਫ ਵਿਖੇ ਉਨ੍ਹਾਂ ਦੇ ਪੀਰ ਦੀ ਕਬਰ ਦੇ ਨਜਦੀਕ ਹੀ ਹੈ। ਉਕਤ ਪਰਿਵਾਰ ਦੇ ਮੌਜੂਦਾ ਵਾਰਿਸ ਰਾਏ ਅਜੀਜ਼ ਉੱਲਾ ਖਾਨ ਖੁਦ ਉਕਤ ਕਬਰ ਤੇ ਸਤਿਕਾਰ ਭੇਂਟ ਕਰ ਚੁੱਕੇ ਹਨ।

ਉਕਤ ਪਰਿਵਾਰ ਦੇ ਮੌਜੂਦਾ ਵਾਰਿਸ ਰਾਏ ਅਜੀਜ਼ ਉੱਲਾ ਖਾਨ ਦੱਸਦੇ ਹਨ ਕਿ ਰਾਏ ਤੁਲਸੀਦਾਸ ਦੇ ਮੁਸਲਮਾਨ ਬਣਨ ਅਤੇ ਇਹਨਾਂ ਦੇ ਪਿਛੋਕੜ ਬਾਰੇ 'ਚੀਫਸ ਆਫ ਪੰਜਾਬ' ਨਾਮੀਂ ਕਿਤਾਬ ਅਤੇ ਅੰਗਰੇਜਾਂ ਸਮੇਂ ਦੇ 'ਲੁਧਿਆਣਾ ਗਜ਼ਟ' ਵਿੱਚ ਵੇਰਵੇ ਦਿੱਤੇ ਗਏ ਹਨ।

ਉਕਤ ਰਾਏ ਪਰਿਵਾਰ ਵਿੱਚ ਰਾਏ ਕੱਲ੍ਹਾ ਇੱਕ, ਦੋ ਤੇ ਤਿੰਨ ਅਤੇ ਰਾਏ ਕਮਾਲੂਦੀਨ ਨਾਂ ਦੇ ਦੋ ਵਿਅਕਤੀ ਹੋਏ ਹਨ। ਇਸ ਰਾਏ ਕੱਲ੍ਹਾ ਤੀਜਾ, ਜਿਨ੍ਹਾਂ ਦੇ ਹਿੱਸੇ ਦਸਮ ਪਾਤਸ਼ਾਹ ਦੀ ਸੇਵਾ ਆਈ ਅਤੇ ਪਹਿਲੇ ਰਾਏ ਕੱਲ੍ਹਾ ਨੂੰ ਰਾਏ ਕੱਲ੍ਹਾ ਅੱਵਲ ਕਰਕੇ ਜਾਣਿਆ ਜਾਂਦਾ ਹੈ। ਰਾਏ ਕੱਲ੍ਹਾ ਅੱਵਲ ਦੁਆਰਾ ਸੰਨ੍ਹ 1478 ਵਿੱਚ ਰਾਏਕੋਟ ਲਾਗੇ ਪਿੰਡ ਤਲਵੰਡੀ ਰਾਏ

ਅਬਾਦ ਕੀਤਾ ਗਿਆ। ਇਸ ਤੋਂ ਬਾਅਦ ਰਾਏ ਅਹਿਮਦ ਵਲੋਂ ਸੰਨ 1648 ਵਿੱਚ ਰਾਏਕੋਟ ਦੀ ਸਥਾਪਨਾ ਕੀਤੀ ਗਈ। ਇਸ ਤੋਂ ਬਾਅਦ ਰਾਏ ਕਮਾਲੂਦੀਨ ਵਲੋਂ ਸੰਨ 1680 ਵਿੱਚ ਜਗਰਾਉਂ ਅਬਾਦ ਕੀਤਾ ਗਿਆ। ਇਹੀ ਰਾਏ ਕਮਾਲੂਦੀਨ ਦੂਜੇ, ਗੁਰੂ ਸਾਹਿਬ ਦੀ ਸੇਵਾ ਕਰਨ ਵਾਲੇ ਰਾਏ ਕੱਲ੍ਹਾ ਦੇ ਪਿਤਾ ਸਨ। ਜਿਕਰਯੋਗ ਹੈ ਕਿ ਇਸ ਪਰਿਵਾਰ ਦੀ ਪੀੜ੍ਹੀ ਵਿੱਚ ਰਾਏ ਕਮਾਲੂਦੀਨ ਨਾਂ ਦੇ ਵੀ ਦੋ ਵਿਅਕਤੀ ਹੋਏ ਹਨ। ਇਸ ਬਾਰੇ ਵੇਰਵਾ ਲੁਧਿਆਣਾ ਡਿਸਟ੍ਰਿਕਟ ਗੱਜ਼ਟ 1904 ਦੇ ਪੰਨਾ ਨੰਬਰ 80 ਵਿੱਚ ਦਰਜ ਹੈ।

ਸੰਨ 1705 ਵਿੱਚ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਰਾਏਕੋਟ ਵਿਖੇ 19, 20 ਅਤੇ 21 ਪੋਹ ਨੂੰ ਆਮਦ ਹੋਈ ਤੇ ਰਾਏ ਕੱਲ੍ਹਾ ਦੇ ਸਮੁੱਚੇ ਪਰਿਵਾਰ ਨੇ ਉਸ ਔਖੀ ਘੜੀ ਵਿੱਚ ਹਕੂਮਤ ਦੇ ਗੁੱਸੇ ਤੋਂ ਬੇ-ਡਰ ਹੋ ਕੇ ਗੁਰੂ ਸਾਹਿਬ ਦੀ ਨਿਸ਼ਕਾਮ ਸੇਵਾ ਕੀਤੀ, ਜਿਸ ਵਕਤ ਆਪਣਿਆਂ ਨੇ ਵੀ ਗੁਰੂ ਜੀ ਤੋਂ ਮੂੰਹ ਫੇਰ ਲਿਆ ਸੀ।

ਇਥੇ ਇਹ ਵੀ ਦੱਸਣਯੋਗ ਹੈ ਕਿ ਰਾਏਕੋਟ ਆਉਣ ਤੋਂ ਪਹਿਲਾਂ ਗੁਰੂ ਸਾਹਿਬ ਪਿੰਡ ਹੇਰਾਂ (ਲੁਧਿਆਣਾ) ਵਿਖੇ ਮਹੰਤ ਕ੍ਰਿਪਾਲ ਦਾਸ ਦੀ ਹਵੇਲੀ ਵਿੱਚ ਰੁਕੇ ਸਨ, ਮਹੰਤ ਕ੍ਰਿਪਾਲ ਦਾਸ ਨੇ ਗੁਰੂ ਸਾਹਿਬ ਨੂੰ ਇੱਕ ਰਾਤ ਦੇ ਵਿਸ਼ਰਾਮ ਦੌਰਾਨ ਭਾਵੇਂ ਚੰਗੀ ਸੇਵਾ ਕੀਤੀ, ਪਰ ਅਗਲੇ ਦਿਨ ਹੀ ਸਵੇਰ ਸਾਰ ਮਹੰਤ ਕ੍ਰਿਪਾਲ ਦਾਸ ਨੇ ਮੁਗਲ ਹਕੂਮਤ ਦੇ ਡਰੋਂ ਗੁਰੂ ਸਾਹਿਬ ਨੂੰ ਆਪਣੇ ਪਾਸ ਹੋਰ ਸਮਾਂ ਰੱਖਣ ਤੋਂ ਅਸਮਰੱਥਾ ਪ੍ਰਗਟ ਕੀਤੀ। ਇਹੀ ਮਹੰਤ ਕ੍ਰਿਪਾਲ ਦਾਸ ਪਹਿਲਾਂ ਭੰਗਾਣੀ ਦੇ ਯੁੱਧ ਵਿੱਚ ਮੁਗਲਾਂ ਨੂੰ ਚੰਗੇ ਹੱਥ ਦਿਖਾ ਚੁੱਕਾ ਸੀ। ਉਕਤ ਰਾਏ ਪਰਿਵਾਰ ਵਲੋਂ ਗੁਰੂ ਸਾਹਿਬ ਦੀ ਕੀਤੀ ਗਈ ਸੇਵਾ, ਸਤਿਕਾਰ ਅਤੇ ਸਾਹਿਬਜਾਦਿਆਂ ਤੇ ਮਾਤਾ ਜੀ ਦੀ ਸ਼ਹਾਦਤ ਦੀ ਖਬਰ ਨੂਰਾ ਮਾਹੀ ਰਾਹੀਂ ਮੰਗਵਾਉਣ ਬਾਰੇ ਸਮੁੱਚਾ ਬਿਰਤਾਂਤ ਅਤੇ ਗੁਰੂ ਸਾਹਿਬ ਵਲੋਂ ਪਰਿਵਾਰ ਦੀ ਸੇਵਾ ਤੋਂ ਖੁਸ਼ ਹੋ ਕੇ ਪਰਿਵਾਰ ਨੂੰ ਭੇਂਟ ਕੀਤੀਆਂ ਯਾਦਗਾਰੀ ਨਿਸ਼ਾਨੀਆਂ ਦਾ ਜਿਕਰ ਕਿਤਾਬ ਦੇ ਪਹਿਲੇ ਪੰਨਿਆਂ ਵਿੱਚ ਵਿਸਥਾਰ ਨਾਲ ਹੋ ਚੁੱਕਿਆ ਹੈ।

ਸੰਨ 1947 ਨੂੰ ਰਾਏ ਕੱਲ੍ਹਾ ਦੀ ਸੱਤਵੀਂ ਪੀੜ੍ਹੀ ਦੇ ਰਾਏ ਮੁਹੰਮਦ ਅਨਾਇਤ ਖਾਨ ਪਾਕਿਸਤਾਨ ਚਲੇ ਗਏ। ਉਨ੍ਹਾਂ ਪਾਕਿਸਤਾਨ ਦੀ ਉਸ ਸਮੇਂ ਦੀ ਡਵੀਜਨ ਮਿੰਟਗੁਮਰੀ ਦੇ ਜਿਲ੍ਹਾ ਲਾਇਲਪੁਰ ਦੇ ਪਿੰਡ ਕਮਾਲੀਆ, ਤਹਿਸੀਲ ਟੋਬਾ ਟੇਕ ਸਿੰਘ ਵਿੱਚ ਆਪਣਾ ਟਿਕਾਣਾ ਕੀਤਾ। ਉਨ੍ਹਾਂ ਦੇ ਸਪੁੱਤਰ ਰਾਏ ਫਕੀਰ ਉੱਲਾ ਸਨ। ਰਾਏ ਅਜੀਜ਼ ਉੱਲਾ ਖਾਨ ਦਾ ਜਨਮ ਸੰਨ 1951 ਨੂੰ ਕਮਾਲੀਆ ਵਿਖੇ ਹੀ ਹੋਇਆ। ਆਪ ਦੇ ਮਾਤਾ ਜੀ ਇੱਜਤ ਬੀਬੀ ਪਿੰਡ ਤਲਵਣ ਤਹਿਸੀਲ ਫਿਲੌਰ ਜਿਲ੍ਹਾ ਜਲੰਧਰ ਤੋਂ ਸਨ। ਪਿੰਡ ਤਲਵਣ ਵਿੱਚ ਇੱਜਤ ਬੀਬੀ ਦੇ ਪਰਿਵਾਰ ਨੂੰ ਕਿਲ੍ਹੇ ਵਾਲਿਆਂ ਦੇ ਨਾਮ ਨਾਲ ਪੁਕਾਰਿਆ ਜਾਂਦਾ ਸੀ। ਇੱਜਤ ਬੀਬੀ ਦੇ ਵੱਡੇ ਭਰਾ ਹਬੀਬ ਉੱਲਾ ਸਮੁੱਚੇ ਇਲਾਕੇ ਵਿੱਚ ਕਿਸੇ ਜਾਣ ਪਹਿਚਾਣ ਦੇ ਮੁਥਾਜ ਨਹੀਂ ਸਨ। ਬੀਬੀ ਜੀ ਦੇ ਮਾਮਾ ਰਾਣਾ ਤਾਲਿਆ ਮੁਹੰਮਦ ਹੁਸ਼ਿਆਰਪੁਰ ਲਾਗਲੇ ਪਿੰਡ ਹਰਿਆਣਾ ਭੂੰਗਾ ਦੇ ਵਸਨੀਕ ਸਨ ਅਤੇ ਸੰਨ 1939 ਵਿੱਚ ਉਹ ਰਿਆਸਤ ਪਟਿਆਲਾ ਵਿੱਚ ਆਈ ਜੀ ਪੁਲਿਸ ਸਨ। ਉਸ ਵਕਤ ਪੁਲਿਸ ਮੁਖੀ ਨੂੰ ਹੀ ਆਈ ਜੀ

ਕਿਹਾ ਜਾਂਦਾ ਸੀ। ਇੱਜਤ ਬੀਬੀ ਦੇ ਪਰਿਵਾਰ ਦੀਆਂ ਹੋਰ ਨੇੜਲੀਆਂ ਰਿਸ਼ਤੇਦਾਰੀਆਂ ਸ਼ਾਮ ਚੁਰਾਸੀ ਅਤੇ ਗੜ੍ਹਸ਼ੰਕਰ ਵਿੱਚ ਸਨ।

ਰਾਏ ਅਜੀਜ਼ ਉੱਲਾ ਦੇ ਜਨਮ ਤੋਂ ਦੋ ਸਾਲ ਬਾਅਦ ਹੀ 1953 ਵਿੱਚ ਰਾਏ ਮੁਹੰਮਦ ਅਨਾਇਤ ਖਾਨ ਦਾ ਦਿਹਾਂਤ ਹੋ ਗਿਆ। ਅਜੇ ਪਰਿਵਾਰ ਉਨ੍ਹਾਂ ਦੇ ਦਿਹਾਂਤ ਦੇ ਦੁੱਖ ਵਿੱਚੋਂ ਚੰਗੀ ਤਰ੍ਹਾਂ ਉੱਭਰਿਆ ਵੀ ਨਹੀਂ ਸੀ ਕਿ ਉਨ੍ਹਾਂ ਦੇ ਇੰਤਕਾਲ (ਦਿਹਾਂਤ) ਤੋਂ ਠੀਕ ਦੋ ਸਾਲ ਬਾਅਦ 1955 ਵਿੱਚ ਰਾਏ ਅਜੀਜ਼ ਉੱਲ੍ਹਾ ਖਾਨ ਦੀ ਮਾਤਾ ਇੱਜਤ ਬੀਬੀ ਵੀ ਇਸ ਦੁਨੀਆਂ ਤੋਂ ਰੁਖਸਤ ਹੋ ਗਏ। ਇਹ ਉਹ ਸਮਾਂ ਸੀ ਜਦੋਂ ਰਾਏ ਅਜੀਜ਼ ਉੱਲ੍ਹਾ ਹਾਲੇ ਕੇਵਲ 4 ਸਾਲ ਦੇ ਸਨ ਤੇ ਉਨ੍ਹਾਂ ਦੇ ਪਾਲਣ ਪੋਸ਼ਣ ਦੀ ਸਾਰੀ ਜਿੰਮੇਵਾਰੀ ਉਨ੍ਹਾਂ ਦੀ ਦਾਦੀ ਅਜੀਜ਼ ਬੀਬੀ ਤੇ ਪਿਤਾ ਰਾਏ ਫਕੀਰ ਉੱਲ੍ਹਾ ਖਾਨ ਤੇ ਆ ਪਈ। ਇੱਥੇ ਇਹ ਵੀ ਜਿਕਰਯੋਗ ਹੈ ਕਿ ਰਾਏ ਫਕੀਰ ਉੱਲਾ ਖਾਨ ਦਾ ਵੀ ਕੋਈ ਭਰਾ ਨਹੀਂ ਸੀ ਤੇ ਉਨ੍ਹਾਂ ਦਾ ਸਪੁੱਤਰ ਰਾਏ ਅਜੀਜ਼ ਉੱਲ੍ਹਾ ਖਾਨ ਵੀ ਇਕਲੌਤਾ ਸਪੁੱਤਰ ਸੀ। ਪ੍ਰਮਾਤਮਾਂ ਵਲੋਂ ਰਾਏ ਪਰਿਵਾਰ ਦਾ ਇਮਤਿਹਾਨ ਅਜੇ ਹੋਰ ਵੀ ਲਿਆ ਜਾਣਾ ਬਾਕੀ ਸੀ। ਫਰਵਰੀ 1958 ਵਿੱਚ ਰਾਏ ਫਕੀਰ ਉੱਲ੍ਹਾ ਖਾਨ ਵੀ ਇਸ ਦੁਨੀਆਂ ਨੂੰ ਅਲਵਿਦਾ ਆਖ ਗਏ।

ਰਾਏ ਅਨਾਇਤ ਉੱਲ੍ਹਾ ਖਾਨ ਦੀ ਬੇਗਮ ਅਜੀਜ਼ ਬੀਬੀ ਉੱਪਰ ਪਰਿਵਾਰ ਨੂੰ ਸੰਭਾਲਣ ਅਤੇ ਗੁਰੂ ਸਾਹਿਬ ਜੀ ਦੀ ਬਖ਼ਸ਼ਿਸ਼ ਪਵਿੱਤਰ ਗੰਗਾ ਸਾਗਰ ਦੀ ਸਾਂਭ ਸੰਭਾਲ ਕਰਨ ਦੀ ਸਾਰੀ ਹੀ ਜਿੰਮੇਵਾਰੀ ਆ ਪਈ। ਪਰ ਜਿਸ ਜਿੰਮੇਵਾਰੀ ਤੇ ਦ੍ਰਿੜਤਾ ਨਾਲ ਅਜੀਜ਼ ਬੀਬੀ ਨੇ ਇਸ ਸਮੁੱਚੀ ਜਿੰਮੇਵਾਰੀ ਨੂੰ ਨਿਭਾਇਆ, ਇਸ ਲਈ ਉਨ੍ਹਾਂ ਨੂੰ ਸ਼ਰਧਾ ਤੇ ਸਤਿਕਾਰ ਭੇਂਟ ਕਰਨਾਂ ਬਣਦਾ ਹੈ। ਇਹ ਵੀ ਇਤਫਾਕਨ ਹੀ ਹੈ ਕਿ ਰਾਏ ਅਜੀਜ਼ ਉੱਲ੍ਹਾ ਦੇ ਮਾਤਾ ਇੱਜਤ ਬੀਬੀ ਵਾਂਗ ਹੀ ਉਨ੍ਹਾਂ ਦੇ ਦਾਦੀ ਅਜੀਜ਼ ਬੀਬੀ ਵੀ ਪਿੰਡ ਤਲਵਣ, ਜਿਲ੍ਹਾ ਜਲੰਧਰ ਦੇ ਵਸਨੀਕ ਸਨ। ਉਨ੍ਹਾਂ ਰਾਏ ਪਰਿਵਾਰ ਦੀ ਸ਼ਾਨ ਨੂੰ ਬਹਾਲ ਰੱਖਣ ਲਈ ਜੋ ਬਹੁਤ ਹੀ ਕਠਿਨਾਈਆਂ ਝੱਲੀਆਂ। ਇਸ ਬਾਰੇ ਬਿਆਨ ਕਰਦਿਆਂ ਰਾਏ ਅਜੀਜ਼ ਉੱਲ੍ਹਾ ਖਾਨ ਦਾ ਖੁਦ ਗੱਚ ਭਰ ਆਉਂਦਾ ਹੈ। ਬਾਲਕ ਰਾਏ ਅਜੀਜ਼ ਉੱਲਾ ਦੇ ਬਚਪਨ ਤੋਂ ਲੈ ਕੇ ਆਪਣੇ ਇੰਤਕਾਲ ਤੱਕ ਅਜੀਜ਼ ਬੀਬੀ ਹੀ ਰਾਏ ਅਜੀਜ਼ ਉੱਲ੍ਹਾ ਖਾਨ ਨੂੰ ਗੁਰੂ ਸਾਹਿਬ ਦੇ ਜੀਵਨ, ਰਾਏ ਪਰਿਵਾਰ ਦੁਆਰਾ ਗੁਰੂ ਸਾਹਿਬ ਦੀ ਕੀਤੀ ਸੇਵਾ ਅਤੇ ਗੁਰੂ ਸਾਹਿਬ ਦੁਆਰਾ ਬਖ਼ਸ਼ਿਸ਼ ਕੀਤੀਆਂ ਪਵਿੱਤਰ ਨਿਸ਼ਾਨੀਆਂ ਦੀ ਯੋਗ ਸੰਭਾਲ ਅਤੇ ਪਰਿਵਾਰ ਦੇ ਇਤਿਹਾਸ ਬਾਰੇ ਸਮੇਂ ਸਮੇਂ ਤੇ ਪ੍ਰੇਰਦੇ ਰਹੇ। ਆਖਰ ਇਸ ਪਰਿਵਾਰ ਦਾ ਇਹ ਥੰਮ ਵੀ ਟੁੱਟ ਗਿਆ, ਜਦ ਰਾਏ ਅਜੀਜ਼ ਉੱਲਾ ਦੇ ਦਾਦੀ ਅਜੀਜ਼ ਬੀਬੀ ਸੰਨ 1975 ਵਿੱਚ ਇਸ ਦੁਨੀਆਂ ਨੂੰ ਅਲਵਿਦਾ ਆਖ ਗਏ।

ਰਾਏ ਅਜੀਜ਼ ਉਲਾ ਖਾਨ ਦੇ ਜਨਮ ਤੋਂ ਲੈ ਕੇ ਦਾਦੀ ਅਜੀਜ਼ ਬੀਬੀ ਦੁਆਰਾ ਆਪਣੇ ਇੰਤਕਾਲ ਤੱਕ ਰਾਏ ਅਜੀਜ਼ ਉਲਾ ਨੂੰ ਗੁਰੂ ਸਾਹਿਬ ਦੀਆਂ ਪਵਿੱਤਰ ਨਿਸ਼ਾਨੀਆਂ ਨੂੰ ਕੇਵਲ ਦੋ ਵਾਰ ਹੀ ਹੱਥ ਲਗਾਉਣ ਦੀ ਇਜਾਜਤ ਦਿੱਤੀ। ਅਜੀਜ਼ ਬੀਬੀ ਦੀ ਇਹ ਸੋਚ ਸੀ ਕਿ ਰਾਏ ਅਜੀਜ਼ ਉੱਲਾ ਗੁਰੂ ਸਾਹਿਬ ਦੀਆਂ ਪਵਿੱਤਰ ਨਿਸ਼ਾਨੀਆਂ ਦੇ ਸਤਿਕਾਰ ਨੂੰ

ਲੈ ਕੇ ਹਮੇਸ਼ਾ ਸੁਚੇਤ ਰਹਿਣ।

ਰਾਏ ਅਜੀਜ਼ ਉੱਲਾ ਦੀ ਦਾਦੀ ਅਜੀਜ਼ ਬੀਬੀ ਦੇ ਜੀਵਨ ਦਾ ਬਿੱਖੜਾ ਪੈਂਡਾ ਵੀ ਕਾਬਲੇ-ਗੌਰ ਹੈ। ਰਾਏ ਅਜੀਜ਼ ਉਲਾ ਦੱਸਦੇ ਹਨ ਕਿ ਜਿੱਥੇ ਅਜੀਜ਼ ਬੀਬੀ ਰਾਏਕੋਟ ਵਿਖੇ ਇੱਕ ਨਵਾਬ ਦੀ ਬੇਗਮ ਵਜੋਂ ਵਿਚਰਦੇ ਰਹੇ ਸਨ ਅਤੇ ਪੂਰੀਆਂ ਸਹੂਲਤਾਂ ਭਰੀ ਜਿੰਦਗੀ ਬਸਰ ਕਰਦੇ ਸਨ, ਉੱਥੇ ਦੇਸ਼ ਦੀ ਵੰਡ ਤੋਂ ਬਾਅਦ ਪਾਕਿਸਤਾਨ ਜਾ ਕੇ ਆਪਣੇ ਪਤੀ ਰਾਏ ਮੁਹੰਮਦ ਅਨਾਇਤ ਖਾਨ ਦੇ ਇੰਤਕਾਲ ਤੋਂ ਬਾਅਦ ਉਨ੍ਹਾਂ ਜਿੱਥੇ ਗੁਰੂ ਸਾਹਿਬ ਦੀਆਂ ਨਿਸ਼ਾਨੀਆਂ ਨੂੰ ਸ਼ਰਧਾ ਤੇ ਸਤਿਕਾਰ ਨਾਲ ਰੱਖਿਆ, ਉੱਥੇ ਆਪਣੇ ਪੋਤਰੇ ਰਾਏ ਅਜੀਜ਼ ਉੱਲਾ ਨੂੰ ਵੀ ਸਕੂਲੀ ਮਿਆਰੀ ਵਿਦਿਆ ਦਿਵਾਉਣ ਦੇ ਨਾਲ ਨਾਲ ਖੁਦ ਉਨ੍ਹਾਂ ਨੂੰ ਦਸਮੇਸ਼ ਪਾਤਸ਼ਾਹ ਜੀ ਦੀ ਪਰਮ-ਆਤਮਾਂ ਸ਼ਖਸੀਅਤ ਬਾਰੇ ਜਾਣੂੰ ਕਰਵਾਉਣ ਅਤੇ ਆਪਣੇ ਪੋਤਰੇ ਦੇ ਮਨ ਵਿੱਚ ਇਸ ਪ੍ਰਤੀ ਭਾਵਨਾ ਬਨਾਉਣ ਲਈ ਯਤਨ ਕੀਤੇ ਅਤੇ ਇਸ ਪ੍ਰਤੀ ਕਿਸੇ ਵਲੋਂ ਵੀ ਗੁਮਰਾਹ ਕਰਨ ਤੋਂ ਹਮੇਸ਼ਾ ਸੁਚੇਤ ਰਹਿਣ ਬਾਰੇ ਨੈਤਿਕ ਸਿੱਖਿਆ ਦਿੱਤੀ। ਉਨ੍ਹਾਂ ਨੇ ਆਪਣੇ ਜੀਵਨ ਵਿੱਚ ਪਰਿਵਾਰਿਕ ਜਿੰਮੇਵਾਰੀਆਂ ਨੂੰ ਬਾਖੂਬੀ ਨਿਭਾਉਣ ਦੇ ਨਾਲ ਨਾਲ ਖੇਤੀ ਬਾੜੀ ਦੇ ਧੰਦੇ ਨੂੰ ਆਪਣੀ ਦੇਖ-ਰੇਖ ਅਤੇ ਖੁਦ ਦੀ ਨਿਗਰਾਨੀ ਵਿੱਚ ਰੱਖਿਆ।

ਰਾਏ ਅਜੀਜ਼ ਉੱਲਾ ਖਾਨ ਨੂੰ ਇਸ ਗੱਲ ਦਾ ਹਮੇਸ਼ਾ ਦੁੱਖ ਰਹੇਗਾ ਕਿ ਉਸਦੇ ਸਿਰ ਸਜਦਾ ਸਿਹਰਾ ਦਾਦੀ ਅਜੀਜ਼ ਬੀਬੀ ਨਹੀਂ ਦੇਖ ਸਕੇ। ਕਿਉਂਕਿ ਦਾਦੀ ਜੀ ਦੀ ਦਿਲੀ ਇੱਛਾ ਸੀ ਕਿ ਰਾਏ ਅਜੀਜ਼ ਉਲਾ ਦਾ ਰਿਸ਼ਤਾ ਚੰਗੇ ਪਰਿਵਾਰ ਨਾਲ ਜੁੜੇ। ਸੋ ਜਿੱਥੇ ਦਾਦੀ ਅਜੀਜ਼ ਬੀਬੀ ਦੀ ਚਾਹਤ ਸੀ ਸੰਨ 1978 ਵਿੱਚ ਰਾਏ ਅਜੀਜ਼ ਉਲਾ ਦਾ ਵਿਆਹ ਪਿੰਡ ਤਲਵੰਡੀ ਰਾਏ ਦੇ ਹੀ ਵਸਨੀਕ ਰਾਏ ਮੁਹੰਮਦ ਇਕਬਾਲ ਦੀ ਸਪੁੱਤਰੀ ਨਾਲ ਹੋਇਆ। ਰਾਏ ਮੁਹੰਮਦ ਇਕਬਾਲ ਸੰਨ 1945 ਵਿੱਚ ਲੁਧਿਆਣਾ ਜਿਲ੍ਹੇ ਤੋਂ ਵਿਧਾਇਕ ਬਣੇ ਸਨ। ਦੇਸ਼ ਦੀ ਵੰਡ ਹੋਣ ਮੌਕੇ ਸੰਨ 1947 ਵਿੱਚ ਦੋਵੇਂ ਪਰਿਵਾਰ ਹੀ ਪਾਕਿਸਤਾਨ ਚਲੇ ਗਏ ਸਨ।

ਦੇਸ਼ ਦੀ ਵੰਡ ਤੋਂ ਬਾਅਦ ਦੁਨੀਆਂ ਭਰ ਦੇ ਸਿੱਖਾਂ ਨੂੰ ਗੁਰੂ ਸਾਹਿਬ ਜੀ ਦੀ ਬਖ਼ਸ਼ਿਸ਼ ਪ੍ਰਾਪਤ ਇਸ ਪਰਿਵਾਰ ਬਾਰੇ ਕੁੱਝ ਵੀ ਪਤਾ ਨਹੀਂ ਸੀ। ਭਾਵੇਂ ਰਾਏ ਕੱਲ੍ਹਾ ਜੀ ਦੇ ਪਰਿਵਾਰ ਦੇ ਨੌਂਵੇਂ ਵਾਰਿਸ ਰਾਏ ਅਜੀਜ਼ ਉਲਾ ਖਾਨ ਦਾ ਜਨਮ ਪਿੰਡ ਕਮਾਲੀਆ ਵਿੱਚ ਹੋਇਆ ਸੀ, ਪਰ ਇਹ ਪਰਿਵਾਰ ਸੰਨ 1980 ਵਿੱਚ ਲਾਹੌਰ ਆ ਕੇ ਵਸ ਗਿਆ। ਰਾਏ ਅਜੀਜ਼ ਉੱਲ੍ਹਾ ਖਾਨ ਦੀ ਪੜ੍ਹਾਈ ਲਾਹੌਰ ਵਿਖੇ ਹੀ ਮੁਕੰਮਲ ਹੋਈ। ਉਨ੍ਹਾਂ ਆਪਣੇ ਸਤਿਕਾਰਯੋਗ ਦਾਦੀ ਅਜੀਜ਼ ਬੀਬੀ ਦੁਆਰਾ ਦਿੱਤੀ ਮਿਆਰੀ ਸਿੱਖਿਆ ਤੇ ਚਲਦਿਆਂ ਸਮਾਜ ਅੰਦਰ ਚੰਗੇ ਮੁਕਾਮ ਹਾਸਿਲ ਕੀਤੇ।

### ਰਾਏ ਅਜੀਜ਼ ਉੱਲ੍ਹਾ ਦੀ ਰਾਏਕੋਟ ਵਿਖੇ ਪਹਿਲੀ ਫੇਰੀ-

ਰਾਏ ਅਜੀਜ਼ ਉੱਲ੍ਹਾ ਖਾਨ ਨੂੰ ਉਨ੍ਹਾਂ ਦੇ ਦਾਦੀ ਜੀ ਦੇ ਦੱਸਣ ਤੋਂ ਬਾਅਦ ਆਪਣੇ ਪੁਰਖਿਆਂ ਦੀ ਧਰਤੀ ਤੇ ਜਾ ਕੇ ਜੱਦੀ ਹਵੇਲੀ ਦੇਖਣ ਅਤੇ ਮਿੱਟੀ ਨੂੰ ਮੱਥੇ ਨਾਲ ਲਗਾਉਣ ਦੀ ਹਰ ਵੇਲੇ ਚਾਹਨਾਂ ਲੱਗੀ ਰਹਿੰਦੀ ਸੀ। ਪ੍ਰੰਤੂ ਦੋਵਾਂ ਦੇਸ਼ਾਂ ਦਰਮਿਆਨ ਹਰ ਵੇਲੇ ਬਣਿਆ ਸਰਹੱਦੀ ਤਣਾਅ ਅਵਾਮ ਲਈ ਮੁਸ਼ਕਿਲਾਂ ਖੜ੍ਹੀਆਂ ਕਰ ਰਿਹਾ ਸੀ। ਰਾਏ ਅਜੀਜ਼ ਉਲ੍ਹਾ

ਦੀ ਇਹ ਰੀਝ ਉਸ ਵੇਲੇ ਪੂਰੀ ਹੋਈ, ਜਦੋਂ 1983 ਵਿੱਚ ਕ੍ਰਿਕਟ ਟੈਸਟ ਮੈਚ, ਜਲੰਧਰ ਖੇਡਿਆ ਜਾਣਾ ਸੀ। ਉਨ੍ਹਾਂ ਦਾ ਭਾਰਤ ਦਾ ਵੀਜਾ ਵੀ ਲੱਗ ਚੁੱਕਿਆ ਸੀ। ਇਹ ਫਰਵਰੀ ਦਾ ਮਹੀਨਾ ਸੀ। ਮੈਚ ਦੇਖਣ ਲਈ ਉਹ ਜਲੰਧਰ ਪੁੱਜ ਚੁੱਕੇ ਸਨ। ਪ੍ਰੰਤੂ ਆਪਣੇ ਪੁਰਖਿਆਂ ਦੀ ਧਰਤੀ ਤੇ ਜਾਣ ਦਾ ਚਾਅ ਮਨ ਨੂੰ ਬਿਹਬਲ ਕਰ ਰਿਹਾ ਸੀ। ਮੈਚ ਦੇ ਪਹਿਲੇ ਦਿਨ ਹੀ ਕਮਿਸ਼ਨਰ ਜਲੰਧਰ ਦੁਆਰਾ ਐਲਾਨ ਕੀਤਾ ਗਿਆ ਕਿ ਕੋਈ ਵੀ ਪਾਕਿਸਤਾਨੀ ਨੇੜਲੇ ਆਪਣੇ ਪਿੰਡਾਂ ਵਿੱਚ ਜਾ ਕੇ ਵਾਪਸ ਆ ਸਕਦਾ ਹੈ, ਪਰ ਰਾਤ ਜਲੰਧਰ ਵਿਖੇ ਹੀ ਗੁਜਾਰਨੀ ਪਵੇਗੀ। ਇਸ ਤੇ ਰਾਏ ਅਜੀਜ਼ ਉੱਲਾ ਖਾਨ ਵੀ ਰਾਏਕੋਟ ਵਿਖੇ ਪਹੁੰਚ ਗਏ। ਉਨ੍ਹਾਂ ਦੀ ਜਿੰਦਗੀ ਦੀ ਰਾਏਕੋਟ ਵਿਖੇ ਇਹ ਪਹਿਲੀ ਫੇਰੀ ਸੀ।

ਸਬੱਬੀਂ ਉਨ੍ਹਾਂ ਦੇ ਕੋਲ ਆਪਣੇ ਬਜੁਰਗਾਂ ਦੇ ਮਿੱਤਰ ਰਾਏਕੋਟ ਦੇ ਇੱਕੋ ਇੱਕ ਵਿਅਕਤੀ ਆਤਮਾ ਸਿੰਘ ਦਾ ਪਤਾ ਮੌਜੂਦ ਸੀ। ਉਹ ਉਸੇ ਪਤੇ ਤੇ ਆਤਮਾ ਸਿੰਘ ਦੇ ਘਰ ਪਹੁੰਚ ਗਏ। ਆਤਮਾ ਸਿੰਘ ਦਾ ਘਰ ਬੱਸ ਸਟੈਂਡ ਤੇ ਤਲਵੰਡੀ ਦਰਵਾਜੇ ਦੇ ਕੋਲ ਸੀ। ਰਾਏਕੋਟ ਦੀਆਂ ਗਲੀਆਂ ਵਿੱਚ ਫਿਰਦਿਆਂ ਰਾਏ ਅਜੀਜ਼ ਉੱਲਾ ਦਾ ਮਨ ਕਰਦਾ ਸੀ ਕਿ ਉਹ ਉੱਚੀ ਅਵਾਜ ਵਿੱਚ ਲੋਕਾਂ ਨੂੰ ਦੱਸੇ ਕਿ ਅੱਜ ਖਾਨ ਬਹਾਦਰ ਰਾਏ ਅਨਾਇਤ ਖਾਨ ਦਾ ਪੋਤਰਾ ਸਰਹੱਦਾਂ ਤੋੜ ਕੇ ਤੁਹਾਡੇ ਕੋਲ ਪੁੱਜ ਚੁੱਕਿਆ ਹੈ। ਜਦ ਉਹ ਆਤਮਾ ਸਿੰਘ ਕੋਲ ਪੁੱਜੇ ਤਾਂ ਬਜੁਰਗ ਆਤਮਾ ਸਿੰਘ ਨੂੰ ਆਪਣੇ ਕੰਨਾਂ ਅਤੇ ਅੱਖਾਂ ਤੇ ਵਿਸ਼ਵਾਸ਼ ਨਹੀਂ ਹੋ ਰਿਹਾ ਸੀ ਕਿ ਸੱਚਮੁੱਚ ਹੀ ਰਾਏ ਅਨਾਇਤ ਖਾਨ ਦਾ ਪੋਤਰਾ ਮੇਰੇ ਸਾਹਵੇਂ ਖੜਾ ਹੈ। ਉਹ ਭਰੇ ਗੱਚ ਨਾਲ ਰਾਏ ਅਜੀਜ਼ ਉਲ੍ਹਾ ਨੂੰ ਗਲਵੱਕੜੀ ਪਾ ਕੇ ਕਿੰਨਾਂ ਚਿਰ ਹੀ ਰੋਂਦਾ ਰਿਹਾ। ਇਹ ਹੰਝੂਆਂ ਦੀ ਝੜੀ ਵਿੱਚ ਕਾਫੀ ਦੇਰ ਤੱਕ ਸਨਾਟਾ ਛਾਇਆ ਰਿਹਾ, ਕੋਈ ਕਿੱਧਰੋਂ ਵੀ ਕੁੱਝ ਬੋਲ ਨਾ ਸਕਿਆ। ਕੁੱਝ ਦੇਰ ਬਾਅਦ ਆਪਣੇ ਆਪ ਨੂੰ ਸੰਭਾਲ ਲੈਣ ਤੋਂ ਬਾਅਦ ਆਤਮਾ ਸਿੰਘ ਨੇ ਆਪਣੀ ਧਰਮਪਤਨੀ ਨੂੰ ਅਵਾਜ ਲਗਾ ਕੇ ਕਿਹਾ ਕਿ ਭਾਗਵਾਨੇ ਦੇਖ ਅੱਜ ਮੇਰੇ ਕੋਲ ਕੌਣ ਆਇਆ ਹੈ? ਰਾਏ ਅਜੀਜ਼ ਉਲ੍ਹਾ ਉਨ੍ਹਾਂ ਦੇ ਘਰ ਜਿੰਨੀ ਦੇਰ ਵੀ ਠਹਿਰਿਆ ਆਤਮਾ ਸਿੰਘ ਨੇ ਗੱਲਾਂ ਘੱਟ ਕੀਤੀਆਂ, ਸਗੋਂ ਵਧੇਰੇ ਰੋਂਦਾ ਹੀ ਰਿਹਾ। ਇਹੀ ਆਤਮਾ ਸਿੰਘ ਭਾਰਤ ਟਰਾਂਸਪੋਰਟ ਅਤੇ ਲੁਧਿਆਣਾ ਦੇ ਕਿਸੇ ਵੇਲੇ ਦੇ ਮਸ਼ਹੂਰ ਸ਼ਿੰਗਾਰ ਸਿਨੇਮਾ ਦੇ ਮਾਲਕ ਸਨ।

ਜਦ ਰਾਏ ਅਜੀਜ਼ ਉੱਲਾ ਖਾਨ ਤੇ ਆਤਮਾ ਸਿੰਘ ਰਾਏਕੋਟ ਦੇ ਬਜਾਰਾਂ ਵਿਚਦੀ ਹੋ ਕੇ ਰਾਏਕਿਆਂ ਦੀ ਜੱਦੀ ਹਵੇਲੀ ਵੱਲ ਜਾ ਰਹੇ ਸਨ, ਤਾਂ ਉਨ੍ਹਾਂ ਦੇ ਮੋਢੇ ਤੇ ਹੱਥ ਲਗਾ ਕੇ ਕਿਸੇ ਨੇ ਰੋਕਿਆ ਤਾਂ ਉਨ੍ਹਾਂ ਦੇ ਮਨ ਵਿੱਚ ਸ਼ੰਕਾ ਉਤਪੰਨ ਹੋਈ ਕਿ ਬੇਗਾਨਾਂ ਮੁਲਕ ਤੇ ਉੱਤੋਂ ਪ੍ਰਸ਼ਾਸ਼ਨਿਕ ਪਾਬੰਦੀਆਂ। ਇਹ ਕੌਣ ਹੋ ਸਕਦੇ ਨੇ? ਇੰਨੇ ਨੂੰ ਇੱਕ ਵਿਅਕਤੀ ਨੇ ਪੁੱਛਿਆ ਕਿ ਤੁਸੀਂ ਰਾਏ ਫਕੀਰ ਉੱਲ੍ਹਾ ਦੇ ਕੀ ਲੱਗਦੇ ਹੋ? ਜਦ ਰਾਏ ਅਜੀਜ਼ ਉਲ੍ਹਾ ਦੇ ਦੱਸਿਆ ਕਿ ਮੈਂ ਉਨ੍ਹਾਂ ਦਾ ਸਪੁੱਤਰ ਹਾਂ ਤਾਂ ਉਕਤ ਵਿਅਕਤੀਆਂ ਨੇ ਉਨ੍ਹਾਂ ਨੂੰ ਗਲਵੱਕੜੀ ਪਾ ਕੇ ਅੱਖਾਂ ਭਰ ਲਈਆਂ। ਉਹ ਦੋਵੇਂ ਹੀ ਵਿਅਕਤੀ ਪੰਡਿਤ ਕ੍ਰਿਸ਼ਨ ਕੁਮਾਰ ਪੁੱਤਰ ਪੰਡਿਤ ਦੁਰਗਾ ਦਾਸ ਅਤੇ ਪੰਡਿਤ ਰਾਜਿੰਦਰ ਕੁਮਾਰ ਪੁੱਤਰ ਪੰਡਿਤ ਬੂੜਾ ਰਾਮ ਸਨ, ਜੋ ਰਾਏ ਫਕੀਰ ਉੱਲਾ ਖਾਨ ਦੇ ਬਚਪਨ ਦੇ ਜਮਾਤੀ ਰਹੇ ਸਨ। ਰਾਏ ਅਜੀਜ਼ ਉਲ੍ਹਾ

ਨੂੰ ਮਿਲ ਕੇ ਉਹ 'ਉੱਪਲ ਬੂਟ ਹਾਊਸ' ਵਿੱਚ ਲੈ ਗਏ, ਜਿੱਥੋਂ ਬੈਠਿਆਂ ਉਨ੍ਹਾਂ ਰਾਏ ਅਜੀਜ਼ ਉਲ੍ਹਾ ਨੂੰ ਸੜਕ ਤੋਂ ਲੰਘਦਿਆਂ ਪਹਿਚਾਣਿਆਂ ਸੀ। ਉਕਤ ਦੋਵਾਂ ਹੀ ਵਿਅਕਤੀਆਂ ਨੇ ਕਿਹਾ ਕਿ ਸਾਨੂੰ ਤੇਰੇ ਵਿੱਚੋਂ ਫਕੀਰ ਉਲ੍ਹਾ ਖਾਨ ਦਾ ਚਿਹਰਾ ਨਜਰ ਆਇਆ ਹੈ, ਅਸੀਂ ਕਿਹਾ ਕਿ ਜੇਕਰ ਅੱਜ ਉਕਤ ਸਖਸ਼ ਨੂੰ ਨਾ ਮਿਲ ਸਕੇ ਤਾਂ ਸਾਰੀ ਉਮਰ ਦਾ ਪਛਤਾਵਾ ਰਹੇਗਾ ਕਿ ਰਾਏ ਪਰਿਵਾਰ ਦੇ ਕਿਸੇ ਮੈਂਬਰ ਨੂੰ ਨਾ ਮਿਲ ਸਕੇ। ਉਕਤ ਦੁਕਾਨ ਤੇ ਉਨ੍ਹਾਂ ਰਾਏ ਅਜੀਜ਼ ਉਲ੍ਹਾ ਦੀ ਪੂਰੀ ਗਰਮਜੋਸ਼ੀ ਨਾਲ ਖਾਤਰਦਾਰੀ ਕੀਤੀ। ਇੱਥੇ ਹੀ ਬੈਠਿਆਂ ਰਾਏ ਅਜੀਜ਼ ਉਲਾ ਨੇ ਆਪਣੇ ਬਜੁਰਗਾਂ ਦੇ ਦੋਸਤ ਡਾ: ਮਨੋਹਰ ਲਾਲ ਬਾਰੇ ਪਤਾ ਕੀਤਾ ਤਾਂ ਪਤਾ ਲੱਗਾ ਕਿ ਉਹ ਕਿਧਰੇ ਬਾਹਰ ਗਏ ਹੋਣ ਕਾਰਨ ਉਨ੍ਹਾਂ ਨਾਲ ਮੁਲਾਕਾਤ ਨਾ ਹੋ ਸਕੀ। ਇਸ ਤੋਂ ਬਾਅਦ ਹਵੇਲੀ ਵੱਲ ਨੂੰ ਜਾਂਦਿਆਂ ਰਸਤੇ ਵਿੱਚ ਹੀ ਆਤਮਾ ਸਿੰਘ ਨੇ ਲਾਲਾ ਹਰੀ ਚੰਦ ਕੌੜਾ ਨਾਲ ਉਨ੍ਹਾਂ ਦੀ ਦੁਕਾਨ ਤੇ ਮੁਲਾਕਾਤ ਕਰਵਾਈ, ਜੋ ਰਾਏ ਅਨਾਇਤ ਖਾਨ ਦੇ ਬੇਹੱਦ ਕਰੀਬੀਆਂ ਵਿੱਚੋਂ ਇੱਕ ਸਨ। ਲਾਲਾ ਹਰੀ ਚੰਦ ਨੇ ਵੀ ਭਰੀਆਂ ਅੱਖਾਂ ਨਾਲ ਰਾਏ ਅਜੀਜ਼ ਉਲਾ ਦਾ ਸਵਾਗਤ ਕੀਤਾ। ਕੁੱਝ ਵੀ ਖਾਣ ਪੀਣ ਤੋਂ ਗੁਰੇਜ ਕਰਨ ਤੇ ਲਾਲਾ ਹਰੀ ਚੰਦ ਕੌੜਾ ਨੇ ਉਨ੍ਹਾਂ ਨੂੰ ਹਰੀਆਂ ਇਲਾਚੀਆਂ ਅਤੇ ਕੂਜਾ ਮਿਸ਼ਰੀ ਸੌਗਾਤ ਵਜੋਂ ਦਿੱਤੀ, ਜੋ ਰਾਏ ਅਜੀਜ਼ ਉਲ੍ਹਾ ਨੇ ਕਰੀਬ 15 ਸਾਲ ਤੱਕ ਇੱਕ ਸੌਗਾਤ ਵਲੋਂ ਸਾਂਭ ਕੇ ਰੱਖੀ।

ਇਸ ਤੋਂ ਬਾਅਦ ਆਪਣੀ ਜੱਦੀ ਹਵੇਲੀ ਪਹੁੰਚਣ ਤੇ ਉਨ੍ਹਾਂ ਆਪਣੇ ਪੁਰਖਿਆਂ ਦੀ ਹਵੇਲੀ ਦੀ ਮਿੱਟੀ ਨੂੰ ਮੱਥੇ ਲਗਾਉਂਦਿਆਂ ਅੱਖਾਂ ਨਮ ਕੀਤੀਆਂ। ਰਾਏਕਿਆਂ ਦੀ ਜੱਦੀ ਹਵੇਲੀ ਵਿੱਚ ਉਕਤ ਪਰਿਵਾਰ ਦੇ ਕਿਸੇ ਮੈਂਬਰ ਦੀ 36 ਸਾਲ ਬਾਅਦ ਇਹ ਪਹਿਲੀ ਫੇਰੀ ਸੀ। ਸਾਰੀ ਹਵੇਲੀ ਦੇਖਣ ਤੋਂ ਬਾਅਦ ਉਨ੍ਹਾਂ ਹਵੇਲੀ ਦਾ ਸਭ ਤੋਂ ਉੱਪਰ ਵਾਲਾ ਕਮਰਾ ਜਿੱਥੇ ਗੰਗਾ ਸਾਗਰ ਸੁਸ਼ੋਭਿਤ ਰਿਹਾ, ਵੀ ਦੇਖਿਆ।

**ਨਾਨਕਾ ਪਿੰਡ ਤਲਵਣ ਦੀ ਫੇਰੀ-**

ਰਾਏਕੋਟ ਦੀ ਇਸ ਯਾਦਗਾਰੀ ਫੇਰੀ ਤੋਂ ਬਾਅਦ ਰਾਏ ਅਜੀਜ਼ ਉਲ੍ਹਾ ਨੇ ਭਾਵੇਂ ਰਾਤ ਜਲੰਧਰ ਵਿਖੇ ਹੀ ਗੁਜਾਰੀ, ਪਰ ਅਗਲੇ ਦਿਨ ਹੀ ਬਿਨ੍ਹਾਂ ਕਿਸੇ ਨੂੰ ਦੱਸਿਆਂ ਆਪਣੇ ਨਾਨਕੇ ਘਰ ਪਿੰਡ ਤਲਵਣ ਤਹਿਸੀਲ ਫਿਲੌਰ, ਜਿਲ੍ਹਾ ਜਲੰਧਰ ਵੱਲ ਨੂੰ ਹੋ ਤੁਰੇ। ਪਿੰਡ ਤਲਵਣ ਉਨ੍ਹਾਂ ਦੀ ਮਾਤਾ ਇੱਜਤ ਬੇਗਮ ਦੀ ਜਨਮ ਭੂਮੀ ਸੀ। ਪਿੰਡ ਤਲਵਣ ਜਿਲ੍ਹਾ ਜਲੰਧਰ ਦੇ ਸਭ ਤੋਂ ਵੱਡੇ ਤੇ ਮਸ਼ਹੂਰ ਪਿੰਡ ਬਿਲਗਾ ਅਤੇ ਨੂਰਮਹਿਲ ਦੇ ਨਜਦੀਕ ਹੈ। ਇਸ ਪਿੰਡ ਦੀ ਬਹੁਤੀ ਅਬਾਦੀ ਮੁਸਲਮਾਨ ਹੀ ਸੀ, ਜੋ ਬਟਵਾਰੇ ਤੋਂ ਬਾਅਦ ਪਾਕਿਸਤਾਨ ਚਲੇ ਗਏ। ਤਲਵਣ ਪੁੱਜਣ ਤੇ ਰਾਏ ਅਜੀਜ਼ ਉਲ੍ਹਾ ਦਾ ਉੱਥੋਂ ਦੇ ਪੁਰਾਣੇ ਵਸਨੀਕਾਂ ਨੇ ਉਨਾਂ ਹੀ ਸਵਾਗਤ ਕੀਤਾ, ਜਿਨਾਂ ਪੰਜਾਬ ਦੇ ਵਸਨੀਕ ਆਪਣੀ ਸਕੀ ਧੀ ਦੀ ਸੰਤਾਨ ਦਾ ਕਰਦੇ ਹਨ। ਉਨ੍ਹਾਂ ਦੇ ਨਾਨਕਿਆਂ ਨੂੰ ਪਿੰਡ ਵਿੱਚ ਕਿਲ੍ਹੇ ਵਾਲਿਆਂ ਦੇ ਨਾਮ ਨਾਲ ਜਾਣਿਆਂ ਜਾਂਦਾ ਸੀ। ਤਲਵਣ ਵਾਲੀ ਹਵੇਲੀ ਜੋ 1947 ਤੋਂ ਦੋ ਵਰ੍ਹੇ ਪਹਿਲਾਂ ਹੀ ਬਣੀ ਸੀ, ਨੂੰ ਦੇਖ ਕੇ ਰਾਏ ਅਜੀਜ਼ ਉੱਲ੍ਹਾ ਗਦ ਗਦ ਹੋ ਉੱਠੇ। ਤਲਵਣ ਵਿਖੇ ਉਕਤ ਹਵੇਲੀ ਵਿੱਚ

ਬਜ਼ੁਰਗਾਂ ਨਾਲ ਕੰਮ ਕਰਦੇ ਰਹੇ ਪਿੰਡ ਦੇ ਹੀ ਰੁਲੀਆ ਰਾਮ ਦੇ ਬੇਟੇ ਮੁਗਲੂ ਤੇ ਦੌਲੀ ਅਤੇ ਹਰੀਆ ਰਾਮ ਦੇ ਬੇਟੇ ਦਰਸ਼ਨ ਸਮੇਤ ਹੋਰ ਵੀ ਬਜ਼ੁਰਗ ਬਹੁਤ ਹੀ ਇੱਜਤ ਤੇ ਮਾਣ ਨਾਲ ਮਿਲੇ। ਇਸ ਫੇਰੀ ਦੌਰਾਨ ਜੋ ਬੱਚੇ ਉੱਥੇ ਮਿਲੇ ਉਨ੍ਹਾਂ ਵਿੱਚ ਮਿਸਤਰੀ ਪੂਰਨ ਸਿੰਘ ਚੱਕੀ ਵਾਲੇ ਦਾ ਸਪੁੱਤਰ ਗੁਰਵਿੰਦਰ ਸਿੰਘ ਲੱਡੂ ਵੀ ਸ਼ਾਮਿਲ ਸੀ, ਜੋ ਬਾਅਦ ਵਿੱਚ ਕਬੱਡੀ ਦਾ ਮਸ਼ਹੂਰ ਖਿਡਾਰੀ ਬਣਿਆ। ਇਹੀ ਗੁਰਵਿੰਦਰ ਸਿੰਘ 28 ਸਾਲ ਬਾਅਦ ਇਟਲੀ ਵਿੱਚ ਰਾਏ ਅਜੀਜ਼ ਉੱਲਾ ਨੂੰ ਮਿਲਿਆ ਅਤੇ ਪਿਛਲੀਆਂ ਯਾਦਾਂ ਸਾਂਝੀਆਂ ਕੀਤੀਆਂ।

**ਪਵਿੱਤਰ ਗੰਗਾ ਸਾਗਰ ਦੇ ਦਰਸ਼ਨ-**

ਦੇਸ਼ ਦੀ ਵੰਡ (1947) ਤੋਂ ਬਾਅਦ ਸੰਨ 1993 ਵਿੱਚ ਉਨ੍ਹਾਂ ਪਹਿਲੀ ਵਾਰ ਇੰਗਲੈਂਡ ਵਿੱਚ ਪੰਜਾਬੀਆਂ ਦੇ ਸੰਘਣੀ ਵਸੋਂ ਵਾਲੇ ਸ਼ਹਿਰ ਸਾਊਥ-ਹਾਲ ਦੇ ਗੁਰਦਵਾਰਾ ਸਾਹਿਬ ਵਿੱਚ ਸਿੱਖ ਸੰਗਤਾਂ ਨੂੰ ਗੁਰੂ ਸਾਹਿਬ ਦੀਆਂ ਪਵਿੱਤਰ ਨਿਸ਼ਾਨੀਆਂ ਆਪਣੇ ਪਰਿਵਾਰ ਪਾਸ ਮੌਜੂਦ ਹੋਣ ਬਾਰੇ ਜਾਣਕਾਰੀ ਦਿੱਤੀ। ਇਸ ਬਾਰੇ ਵੀ ਦਿਲਚਸਪ ਕਿੱਸਾ ਸਾਂਝਾ ਕਰਦਿਆਂ ਉਨ੍ਹਾਂ ਦੱਸਿਆ ਕਿ ਜਦ ਮੈਂ ਸਾਊਥਹਾਲ ਗੁਰਦਵਾਰਾ ਸਿੰਘ ਸਭਾ ਦੀ ਕਮੇਟੀ ਨੂੰ ਦੱਸਿਆ ਕਿ ਮੈਂ ਰਾਏ ਕੱਲ੍ਹਾ ਦੇ ਪਰਿਵਾਰ ਦਾ ਮੈਂਬਰ ਹਾਂ ਤਾਂ ਗੁਰਦਵਾਰਾ ਕਮੇਟੀ ਦੇ ਅਹੁਦੇਦਾਰ ਸ਼ਾਇਦ ਨਵੀਂ ਉਮਰ ਦੇ ਨੌਜਵਾਨ ਸਨ ਤੇ ਉਨ੍ਹਾਂ ਨੂੰ ਮੇਰੇ ਬਾਰੇ ਜਾਂ ਮੇਰੇ ਪਰਿਵਾਰ ਬਾਰੇ ਸ਼ਾਇਦ ਬਹੁਤਾ ਨਹੀਂ ਪਤਾ ਸੀ, ਉਨ੍ਹਾਂ ਮੈਨੂੰ ਐਤਵਾਰ ਦੇ ਹਫਤਾਵਰੀ ਦੀਵਾਨਾ ਵਿੱਚ ਪਹੁੰਚ ਕੇ ਖੁਦ ਸੰਗਤਾਂ ਨੂੰ ਗੰਗਾ ਸਾਗਰ ਬਾਰੇ ਜਾਣਕਾਰੀ ਦੇਣ ਲਈ ਕਿਹਾ। ਮੈਂ ਪਹਿਲੀ ਵਾਰ ਸਟੇਜ ਤੋਂ ਭਰੇ ਹੋਏ ਗੱਚ ਨਾਲ ਸੰਗਤਾਂ ਨੂੰ ਇਹ ਜਾਣਕਾਰੀ ਦਿੱਤੀ ਕਿ ਗੁਰੂ ਸਾਹਿਬ ਦੀਆਂ ਬਖ਼ਸ਼ਿਸ਼ਾਂ ਪ੍ਰਾਪਤ ਪਰਿਵਾਰ ਦਾ ਮੈਂਬਰ ਤੁਹਾਡੇ ਕੋਲ ਹਾਜਰ ਹੋਇਆ ਹੈ। ਉਨ੍ਹਾਂ ਦੱਸਿਆ ਕਿ ਜਦ ਮੈਂ ਗੁਰਦਵਾਰਾ ਸਾਹਿਬ ਦੀ ਸਟੇਜ ਤੋਂ ਬੋਲ ਰਿਹਾ ਸੀ ਤਾਂ ਉਸ ਤੋਂ ਬਾਅਦ ਉੱਘੇ ਕਥਾ-ਵਾਚਕ ਗਿਆਨੀ ਜਸਵੰਤ ਸਿੰਘ ਪ੍ਰਵਾਨਾ ਜੀ ਦੀ ਕਥਾ ਦੀ ਆਰੰਭਤਾ ਹੋਣੀ ਸੀ। ਜਦ ਮੈਂ ਬੋਲ ਕੇ ਸੰਗਤਾਂ ਵਿੱਚ ਬੈਠਣ ਲੱਗਿਆ ਤਾਂ ਗਿਆਨੀ ਜੀ ਨੇ ਆਪਣੇ ਕੋਲ ਬੁਲਾਇਆ ਤੇ ਕਿਹਾ ਕਿ ਰਾਏ ਸਾਹਿਬ ਸੰਗਤਾਂ ਨੂੰ ਇਹ ਦੱਸੋ ਕਿ ਤੁਸੀਂ ਰਾਏ ਅਨਾਇਤ ਖਾਨ ਦੇ ਕੀ ਲੱਗਦੇ ਹੋ। ਕਿਉਂਕਿ ਰਾਏ ਅਨਾਇਤ ਖਾਨ ਦਾ ਸਿੱਖ ਸੰਗਤਾਂ ਵਿੱਚ ਵੱਖਰਾ ਮੁਕਾਮ ਸੀ। ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਉਨਾਂ ਦਾ ਪੋਤਰਾ ਹਾਂ। ਇਸ ਤੋਂ ਬਾਅਦ ਗਿਆਨੀ ਜੀ ਨੇ ਖੁਦ ਸਾਡੇ ਪਰਿਵਾਰ ਦੇ ਅਣਫੋਲੇ ਵਰਕੇ ਸੰਗਤਾਂ ਨਾਲ ਸਾਂਝੇ ਕੀਤੇ। ਇਸ ਤੋਂ ਬਾਅਦ ਸੰਨ 1994 ਵਿੱਚ ਲੰਦਨ ਵਿੱਚ 1947 ਤੋਂ ਬਾਅਦ ਪਹਿਲੀ ਵਾਰ ਸੰਗਤਾਂ ਨੂੰ ਪਵਿੱਤਰ ਗੰਗਾ ਸਾਗਰ ਦੇ ਦਰਸ਼ਨ ਕਰਵਾਏ ਗਏ। ਜਦ ਵਿਸ਼ਵ ਭਰ ਦੀਆਂ ਸੰਗਤਾਂ ਨੂੰ ਗੰਗਾ ਸਾਗਰ ਵਾਲੇ ਪਰਿਵਾਰ ਬਾਰੇ ਪਤਾ ਲੱਗਿਆ ਤਾਂ ਸਿੱਖ ਸੰਗਤਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਇਥੇ ਹੀ ਬੱਸ ਨਹੀਂ ਵਿਸ਼ਵ ਭਰ ਦੀਆਂ ਸੰਗਤਾਂ ਦੇ ਸੱਦਾ ਪੱਤਰ ਵੀ ਪ੍ਰਾਪਤ ਹੋਣੇ ਸ਼ੁਰੂ ਹੋ ਗਏ।

ਸੰਨ 1995 ਵਿੱਚ ਮਲੇਸ਼ੀਆ, 1996 'ਚ ਕੈਲੀਫੋਰਨੀਆਂ (ਅਮਰੀਕਾ), 1996 'ਚ ਹਾਂਗਕਾਂਗ, ਸੰਨ 2000 'ਚ ਸਿੰਘਾਪੁਰ ਵਿੱਚ ਸਿੱਖ ਸੰਗਤਾਂ ਨੂੰ ਗੰਗਾ ਸਾਗਰ ਦੇ ਦਰਸ਼ਨ ਕਰਵਾਏ ਗਏ।

ਸੰਨ 1999 ਨੂੰ ਖਾਲਸਾ ਸਾਜਨਾਂ ਦਿਵਸ ਦੇ 300 ਸਾਲਾ ਸ਼ਤਾਬਦੀ ਸਮਾਗਮਾਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਹਾਜਰੀ ਭਰਨ ਲਈ ਰਾਏ ਅਜੀਜ਼ ਉੱਲਾ ਖਾਨ ਨੂੰ ਸੱਦਾ ਪੱਤਰ ਪ੍ਰਾਪਤ ਹੋਇਆ। ਇਹਨਾਂ ਸਮਾਗਮਾਂ ਲਈ ਉਨ੍ਹਾਂ ਨੂੰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੱਥੇਦਾਰ ਗੁਰਚਰਨ ਸਿੰਘ ਟੌਹੜਾ, ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੁਆਰਾ ਭੇਜੇ ਸੱਦਾ ਪੱਤਰ ਪ੍ਰਾਪਤ ਹੋਏ ਸਨ। ਇਹਨਾਂ ਸਮਾਗਮਾਂ ਦੌਰਾਨ ਉਨ੍ਹਾਂ ਨੂੰ ਵਿਸ਼ੇਸ਼ ਮਹਿਮਾਨ ਬਣਾਇਆ ਗਿਆ ਸੀ। ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਗਿਆਨੀ ਪੂਰਨ ਸਿੰਘ ਵਲੋਂ ਉਨ੍ਹਾਂ ਨੂੰ ਵਿਸ਼ੇਸ਼ ਸਨਮਾਨ ਦਿੱਤਾ ਗਿਆ ਸੀ। ਇਹਨਾਂ ਸਮਾਗਮਾਂ ਤੋਂ ਵਿਹਲੇ ਹੋ ਕੇ ਰਾਏ ਅਜੀਜ਼ ਉੱਲਾ ਖਾਨ ਆਪਣੇ ਬਜੁਰਗਾਂ ਦੇ ਜੱਦੀ ਨਗਰ ਰਾਏਕੋਟ ਨਿਵਾਸੀਆਂ ਨੂੰ ਸੂਚਿਤ ਕਰਕੇ ਰਾਏਕੋਟ ਵਿਖੇ ਪਹੁੰਚੇ। ਇਸ ਦੌਰਾਨ ਰਾਏਕੋਟ ਦੇ ਸਮੁੱਚੇ ਭਾਈਚਾਰਿਆਂ ਹਿੰਦੂ, ਸਿੱਖ, ਮੁਸਲਮਾਨ ਤੇ ਜੈਨ ਧਰਮ ਨਾਲ ਸੰਬੰਧਿਤ ਲੋਕਾਂ ਨੇ ਉਨ੍ਹਾਂ ਨੂੰ ਵੱਡਾ ਮਾਣ ਦਿੰਦਿਆਂ ਇਸ ਤਰ੍ਹਾਂ ਹਾਰਾਂ ਨਾਲ ਲੱਦ ਦਿੱਤਾ ਜਿਵੇਂ ਉਨ੍ਹਾਂ ਦਾ ਕੋਈ ਵਿੱਛੜਿਆ ਸਪੁੱਤਰ ਚਿਰਾਂ ਬਾਅਦ ਘਰ ਆਇਆ ਹੋਵੇ। ਸਾਰਾ ਹੀ ਸ਼ਹਿਰ ਕਿਸੇ ਤਿਉਹਾਰ ਦੀ ਤਰ੍ਹਾਂ ਸਜਾਇਆ ਗਿਆ ਸੀ। ਉਨ੍ਹਾਂ ਅਨੁਸਾਰ ਰਾਏਕੋਟ ਵਿਖੇ ਮੇਰੇ ਪਿਤਾ ਰਾਏ ਫਕੀਰ ਉੱਲਾ ਖਾਨ ਦੇ ਅੰਗਰੇਜੀ ਦੇ ਅਧਿਆਪਕ ਲਾਲਾ ਸਾਧੂ ਰਾਮ ਸਦਾਵਰਤੀ ਨਾਲ ਭੇਂਟ ਕਰਕੇ ਜੋ ਮਨ ਨੂੰ ਖੁਸ਼ੀ ਹੋਈ ਉਸਨੂੰ ਸ਼ਬਦਾਂ ਵਿੱਚ ਬਿਆਨ ਕਰਨਾਂ ਬੜਾ ਹੀ ਔਖਾ ਹੈ। ਅਕਤੂਬਰ 2002 ਵਿੱਚ ਰਾਏ ਅਜੀਜ਼ ਉੱਲਾ ਖਾਨ ਪਾਕਿਸਤਾਨ ਦੀ ਕੌਮੀ ਅਸੈਂਬਲੀ ਦੇ ਮੈਂਬਰ (ਮੈਂਬਰ ਪਾਰਲੀਮੈਂਟ) ਬਣੇ। ਉਨ੍ਹਾਂ ਦੀ ਇਸ ਜਿੱਤ ਤੇ ਜਿੱਥੇ ਪਾਕਿਸਤਾਨ ਵਿੱਚ ਵਸਦੇ ਉਨ੍ਹਾਂ ਦੇ ਸਨੇਹੀਆਂ, ਸਿੱਖ ਸਭਾਵਾਂ ਤੇ ਸੰਗਤਾਂ ਵਲੋਂ ਖੁਸ਼ੀ ਪ੍ਰਗਟ ਕੀਤੀ ਗਈ, ਉੱਥੇ ਰਾਏ ਪਰਿਵਾਰ ਦੇ ਜੱਦੀ ਨਗਰ ਰਾਏਕੋਟ ਵਿੱਚ ਵੀ ਸੰਗਤਾਂ ਵਲੋਂ ਵੱਡੀ ਖੁਸ਼ੀ ਮਨਾਈ ਗਈ।

**ਯਾਦਗਾਰੀ ਸੀ ਗੰਗਾ ਸਾਗਰ ਦਰਸ਼ਨ ਯਾਤਰਾ-**

ਸੰਨ 2004 ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜਾਦਿਆਂ ਦੇ 300 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਕਰਵਾਏ ਗਏ ਵਿਸ਼ਾਲ ਸਮਾਗਮਾਂ ਦੌਰਾਨ ਪਵਿੱਤਰ ਗੰਗਾ ਸਾਗਰ ਦੇ ਦਰਸ਼ਨ ਸੰਗਤਾਂ ਨੂੰ ਕਰਵਾਏ ਗਏ। ਦਰਸ਼ਨਾਂ ਲਈ ਸੰਗਤਾਂ ਦਾ ਉੱਮੜਿਆ ਸੈਲਾਬ ਦੇਖਿਆਂ ਹੀ ਬਣਦਾ ਸੀ। ਉਸ ਵੇਲੇ ਪਵਿੱਤਰ ਗੰਗਾ ਸਾਗਰ ਲੰਦਨ (ਇੰਗਲੈਂਡ) ਦੇ ਲਾਕਰ ਵਿੱਚ ਸੁਸ਼ੋਭਿਤ ਸੀ। ਇਹਨਾਂ ਸਮਾਗਮਾਂ ਲਈ ਭਾਵੇਂ ਸ੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੁਆਰਾ ਸੱਦਾ ਪੱਤਰ ਭੇਜਿਆ ਗਿਆ ਸੀ, ਪ੍ਰੰਤੂ ਉਸ ਵੇਲੇ ਦੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਉਨ੍ਹਾਂ ਨੂੰ 'ਸਟੇਟ ਗੈਸਟ' ਐਲਾਨ ਕੀਤਾ ਗਿਆ। ਇਹਨਾਂ ਸ਼ਹੀਦੀ ਸ਼ਤਾਬਦੀ ਸਮਾਗਮਾਂ ਸੰਬੰਧੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਪਵਿੱਤਰ ਨਗਰੀ ਤੋਂ ਦਿੱਲੀ ਤੱਕ 'ਗੰਗਾ ਸਾਗਰ ਦਰਸ਼ਨ ਯਾਤਰਾ' ਦਾ ਆਰੰਭ ਕੀਤਾ ਗਿਆ। ਇਸ ਵਿਸ਼ੇਸ਼ ਯਾਤਰਾ ਨੂੰ ਆਪਣੇ ਚੇਤੇ ਵਿੱਚ ਵਸਾ ਕੇ ਬੈਠੇ ਰਾਏ ਅਜੀਜ਼ ਉੱਲਾ ਸੰਗਤਾਂ ਦਾ ਪਿਆਰ ਦੇਖ ਕੇ ਹਾਲੇ ਵੀ ਭਾਵੁਕ ਹੋ ਜਾਂਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸੰਗਤਾਂ ਵਲੋਂ ਦਿੱਤਾ ਗਿਆ ਪਿਆਰ

ਤੇ ਗੁਰੂ ਸਾਹਿਬ ਵਲੋਂ ਬਖਸ਼ੀਆਂ ਪਵਿੱਤਰ ਨਿਸ਼ਾਨੀਆਂ ਪ੍ਰਤੀ ਸਤਿਕਾਰ ਨੂੰ ਉਹ ਕਦੇ ਵੀ ਨਹੀਂ ਭੁਲਾ ਸਕਦੇ। ਬੇਹੱਦ ਭਾਵੁਕ ਕਰ ਦੇਣ ਵਾਲੇ ਲਫਜਾਂ ਰਾਹੀਂ ਬਿਆਨਦਿਆਂ ਆਪਣੀਆਂ ਯਾਦਾਂ ਦੇ ਝਰੋਖੇ 'ਚੋਂ ਰਾਏ ਅਜੀਜ਼ ਉੱਲਾ ਦਸਦੇ ਹਨ ਕਿ ਦਿੱਲੀ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਤੱਕ ਵਿਸ਼ੇਸ਼ ਹਵਾਈ ਜਹਾਜ ਦੁਆਰਾ ਲਿਜਾਇਆ ਗਿਆ। ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਰਾਮਦਾਸ ਹਵਾਈ ਅੱਡੇ ਤੋਂ ਜਦ ਇਹ ਯਾਤਰਾ ਸ੍ਰੀ ਦਰਬਾਰ ਸਾਹਿਬ ਜਾ ਰਹੀ ਸੀ ਤਾਂ ਹਾਲ ਬਜਾਰ ਅੰਮ੍ਰਿਤਸਰ ਵਿੱਚ ਅਸੀਂ ਪਵਿੱਤਰ ਗੰਗਾ ਸਾਗਰ ਨਾਲ ਇਸ ਸੰਬੰਧੀ ਵਿਸ਼ੇਸ਼ ਤਿਆਰ ਕੀਤੇ ਵਾਹਨ ਵਿੱਚ ਸਵਾਰ ਸਾਂ, ਜਿਸਦੇ ਉੱਪਰ ਸ਼ੀਸ਼ੇ ਦੇ ਕਥਚ ਵਿੱਚ ਗੰਗਾ ਸਾਗਰ ਸੁਸ਼ੋਭਿਤ ਸੀ। ਸੰਗਤਾਂ ਦਾ ਉਤਸ਼ਾਹ ਠਾਠਾਂ ਮਾਰ ਰਿਹਾ ਸੀ। ਤਿਲ ਸੁੱਟਣ ਨੂੰ ਵੀ ਥਾਂ ਨਹੀਂ ਸੀ। ਇੱਕ ਬਹੁਤ ਹੀ ਜਿਆਦਾ ਉਮਰ ਦੇ ਬਜੁਰਗ ਸਾਡੇ ਵਾਹਨ ਵੱਲ ਨੂੰ ਵਧਣ ਦੀ ਕੋਸ਼ਿਸ਼ ਕਰ ਰਹੇ ਸਨ, ਮੇਰੀ ਨਜਰ ਉਨ੍ਹਾਂ ਤੇ ਪਈ। ਮੈਂ ਮਨ ਹੀ ਮਨ ਸੋਚਿਆ ਕਿ ਇਹਨਾਂ ਬਜੁਰਗਾਂ ਦੇ ਕਿਤੇ ਸੱਟ ਫੇਟ ਨਾ ਲੱਗ ਜਾਵੇ। ਮੈਂ ਵਾਹਨ ਰੁਕਵਾ ਲਿਆ ਅਤੇ ਬਜੁਰਗਾਂ ਨੂੰ ਆਪਣੇ ਪਾਸ ਆਉਣ ਦਿੱਤਾ। ਬਜੁਰਗ ਨੇ ਮੈਨੂੰ ਰੁਮਾਲ ਵਿੱਚ ਲਪੇਟੀ ਕੋਈ ਵਸਤੂ ਸੌਂਪੀ, ਜਿਸ ਤਰ੍ਹਾਂ ਆਮ ਸੰਗਤਾਂ ਵੀ ਤੋਹਫੇ ਬਗੈਰਾ ਦੇ ਰਹੀਆਂ ਸਨ। ਮੈਂ ਉਹ ਵਸਤੂ ਵੀ ਆਪਣੇ ਪਾਸ ਰੱਖ ਲਈ। ਜਦ ਯਾਤਰਾ ਮੰਜੀ ਸਾਹਿਬ ਦਰਬਾਰ ਹਾਲ ਵਿੱਚ ਜਾ ਕੇ ਰੁਕੀ ਤੇ ਮੈਂ ਉੱਥੇ ਪਹੁੰਚਕੇ ਉਸ ਰੁਮਾਲ ਨੂੰ ਖੋਲ੍ਹ ਕੇ ਦੇਖਿਆ ਤਾਂ ਉਹ ਪਵਿੱਤਰ ਕੁਰਾਨ ਸ਼ਰੀਫ ਸੀ। ਮੈਂ ਅੱਖਾਂ ਭਰ ਕੇ ਅੱਲਾ ਦਾ ਸ਼ੁਕਰ ਕਰਦਿਆਂ ਮਨ ਵਿੱਚ ਗੁਰੂ ਰਾਮਦਾਸ ਜੀ ਦਾ ਸ਼ੁਕਰਾਨਾ ਕੀਤਾ ਜਿਨ੍ਹਾਂ ਦੇ ਦਰ ਤੇ ਪਹੁੰਚ ਕੇ ਅਜਿਹਾ ਵੱਖਰਾ ਬੇ-ਕੀਮਤੀ ਤੋਹਫਾ ਮਿਲਿਆ। ਇਹ ਘਟਨਾ 17 ਦਸੰਬਰ 2004 ਦੀ ਉਹ ਦੱਸਦੇ ਹਨ।

ਇਹ ਯਾਤਰਾ 17 ਦਸੰਬਰ ਤੋਂ 28 ਦਸੰਬਰ ਤੱਕ ਹੋਈ ਸੀ। ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਚੱਲ ਕੇ ਸ਼੍ਰੀ ਚਮਕੌਰ ਸਾਹਿਬ, ਸ੍ਰੀ ਫਤਿਹਗੜ੍ਹ ਸਾਹਿਬ, ਆਲਮਗੀਰ ਸਾਹਿਬ, ਗੁਰਦਵਾਰਾ ਟਾਹਲੀਆਣਾ ਸਾਹਿਬ ਰਾਏਕੋਟ ਹੁੰਦੇ ਹੋਏ ਕੁੱਲ 12 ਦਿਨਾਂ ਬਾਅਦ ਦਿੱਲੀ ਪੁੱਜੀ ਸੀ।

ਗੁਰਦਵਾਰਾ ਆਲਮਗੀਰ ਸਾਹਿਬ ਤੋਂ ਰਾਏਕੋਟ ਤੱਕ ਦਾ ਸਫਰ ਵੀ ਰਾਏ ਅਜੀਜ਼ ਉੱਲਾ ਲਈ ਇੱਕ ਅਭੁੱਲ ਯਾਦ ਹੈ। ਉਹ ਦਸਦੇ ਹਨ ਕਿ ਗੁਰਦਵਾਰਾ ਮੰਜੀ ਸਾਹਿਬ ਆਲਮਗੀਰ ਤੋਂ ਪਿੰਡ ਗਿੱਲ ਅਤੇ ਸਿੱਧਵਾਂ ਬ੍ਰਾਂਚ ਨਹਿਰ ਰਾਹੀਂ ਹੁੰਦੇ ਹੋਏ ਮੁੱਲਾਂਪੁਰ, ਗੁਰੂਸਰ ਸੁਧਾਰ, ਹਲਵਾਰਾ ਅਤੇ ਗੁਰਦਵਾਰਾ ਟਾਹਲੀਆਣਾ ਸਾਹਿਬ ਰਾਏਕੋਟ ਵਿਖੇ ਪਹੁੰਚਣ ਲਈ ਪੂਰੇ 11 ਘੰਟੇ ਦਾ ਸਮਾਂ ਲੱਗਿਆ। ਜਦਕਿ ਇਸ ਸਫਰ ਲਈ ਅਸਲ ਵਿੱਚ ਇੱਕ ਘੰਟੇ ਤੋਂ ਵੱਧ ਸਮਾਂ ਨਹੀਂ ਲੱਗਦਾ। ਗੁਰਦਵਾਰਾ ਟਾਹਲੀਆਣਾ ਸਾਹਿਬ ਪੁੱਜਣ ਤੇ ਪੰਥਕ ਆਗੂ ਤੇ ਕਿਸੇ ਵੇਲੇ ਸ੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ ਜੱਥੇਦਾਰ ਜਗਦੇਵ ਸਿੰਘ ਤਲਵੰਡੀ (ਸਵਰਗਵਾਸੀ), ਉਨ੍ਹਾਂ ਦੇ ਸਪੁੱਤਰ ਸਾਬਕਾ ਵਿਧਾਇਕ ਰਣਜੀਤ ਸਿੰਘ ਤਲਵੰਡੀ (ਸਵਰਗਵਾਸੀ), ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਗਜੀਤ ਸਿੰਘ ਤਲਵੰਡੀ ਸਮੇਤ ਹੋਰ ਵੀ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਆਗੂਆਂ ਵਲੋਂ ਰਾਏ ਅਜੀਜ਼ ਉਲਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਗੁਰਦਵਾਰਾ ਟਾਹਲੀਆਣਾ ਸਾਹਿਬ ਰਾਏਕੋਟ ਤੋਂ ਬਾਅਦ ਇਹ ਯਾਤਰੂ ਰਾਏ ਪਰਿਵਾਰ ਦੀ ਜੱਦੀ ਹਵੇਲੀ ਵਿੱਚ ਵੀ ਗੰਗਾ ਸਾਗਰ ਨੂੰ ਲੈ ਕੇ ਗਏ। ਰਾਏ ਅਜੀਜ਼ ਉਲਾ ਖਾਨ ਦੇ ਦੱਸਣ ਮੁਤਾਬਿਕ ਉਨ੍ਹਾਂ ਦੀ ਦਿਲੀ ਇੱਛਾ ਸੀ ਕਿ ਇੱਕ ਵਾਰ ਗੰਗਾ ਸਾਗਰ ਨੂੰ ਉਸ ਹਵੇਲੀ ਵਿੱਚ ਲੈ ਕੇ ਜਾਵਾਂ ਜਿੱਥੇ ਉਨ੍ਹਾਂ ਦੇ ਦਾਦਾ ਰਾਏ ਅਨਾਇਤ ਖਾਨ ਗੰਗਾ ਸਾਗਰ ਨੂੰ ਸੁਸ਼ੋਭਿਤ ਰੱਖਦੇ ਸਨ। ਉਨ੍ਹਾਂ ਕਿਹਾ ਕਿ ਅੱਲ੍ਹਾ ਦੇ ਸ਼ੁਕਰ ਸਦਕਾ ਪਵਿੱਤਰ ਗੰਗਾ ਸਾਗਰ 57 ਸਾਲ ਬਾਅਦ ਮੁੜ ਰਾਏਕੋਟ ਦੀ ਧਰਤੀ ਤੇ ਪਹੁੰਚਿਆ ਸੀ। ਇਹ ਵੀ ਜਿਕਰਯੋਗ ਹੈ ਕਿ ਹੁਣ ਉਸ ਹਵੇਲੀ ਵਿੱਚ ਰਹਿ ਰਹੇ ਸਿੱਖ ਪਰਿਵਾਰ ਵਲੋਂ ਹਵੇਲੀ ਨੂੰ ਜਿਉਂ ਦਾ ਤਿਉਂ ਰੱਖਿਆ ਗਿਆ ਹੈ ਅਤੇ ਗੰਗਾ ਸਾਗਰ ਵਾਲੇ ਕਮਰੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਹੈ। ਇਸ ਸਮੇਂ ਸੰਗਤਾਂ ਦਾ ਉਤਸ਼ਾਹ, ਗੁਰੂ ਜੀ ਦੀ ਬਖ਼ਸ਼ਿਸ਼ ਪਵਿੱਤਰ ਨਿਸ਼ਾਨੀਆਂ ਪ੍ਰਤੀ ਸ਼ਰਧਾ ਅਤੇ ਗੁਰੂ ਜੀ ਦੇ ਸ਼ਰਧਾਵਾਨ ਸੇਵਕ ਪਰਿਵਾਰ ਦਾ ਸਤਿਕਾਰ ਹੋਵੇ ਵੀ ਕਿਉਂ ਨਾ, ਕਿਉਂਕਿ ਸੰਗਤਾਂ ਦੇਸ਼ ਦੀ ਵੰਡ ਤੋਂ ਕਰੀਬ 57 ਸਾਲ ਬਾਅਦ ਪਵਿੱਤਰ ਗੰਗਾ ਸਾਗਰ ਦੇ ਦਰਸ਼ਨ ਕਰ ਰਹੀਆਂ ਸਨ। ਇਸ ਦਾ ਦੂਸਰਾ ਪਹਿਲੂ ਇਹ ਵੀ ਸੀ ਕਿ ਇਸ ਰਾਏਕਿਆਂ ਦੇ ਪਰਿਵਾਰ ਦਾ ਇਹ ਆਪਣਾ ਇਲਾਕਾ ਹੈ। ਲੋਕ ਹਾਲੇ ਵੀ ਇਸ ਪਰਿਵਾਰ ਨੂੰ ਆਪਣੇ ਪਰਿਵਾਰਾਂ ਦਾ ਅੰਗ ਸਮਝ ਕੇ ਹੱਥੀਂ ਛਾਵਾਂ ਕਰਦੇ ਹਨ।

**ਭਾਰਤ ਦੇ ਪ੍ਰਧਾਨ ਮੰਤਰੀ ਦੇ ਪਰਿਵਾਰ ਵਲੋਂ ਸਤਿਕਾਰ-**

ਪਵਿੱਤਰ ਗੰਗਾ ਸਾਗਰ ਦੇ ਦਰਸ਼ਨਾਂ ਲਈ ਸ਼ੁਰੂ ਕੀਤੀ 'ਦਰਸ਼ਨ ਯਾਤਰਾ' ਦੇ ਦਿੱਲੀ ਤੱਕ ਪਹੁੰਚ ਕੇ ਸਮਾਪਤੀ ਤੋਂ ਬਾਅਦ ਅਗਲੇ ਦਿਨ 29 ਦਸੰਬਰ ਨੂੰ ਉਸ ਵੇਲੇ ਦੇ ਦੇਸ਼ ਦੇ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਦੇ ਵਿਸ਼ੇਸ਼ ਸੱਦੇ ਤੇ ਰਾਏ ਅਜੀਜ਼ ਉੱਲਾ ਪਵਿੱਤਰ ਗੰਗਾ ਸਾਗਰ ਨੂੰ ਬੜੇ ਹੀ ਸਤਿਕਾਰ ਨਾਲ ਪ੍ਰਧਾਨ ਮੰਤਰੀ ਨਿਵਾਸ ਵਿਖੇ ਲੈ ਕੇ ਗਏ। ਜਿੱਥੇ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਅਤੇ ਉਨ੍ਹਾਂ ਦੇ ਧਰਮਪਤਨੀ ਬੀਬੀ ਗੁਰਸ਼ਰਨ ਕੌਰ ਖੁਦ ਨੰਗੇ ਪੈਰੀਂ ਘਰ ਤੋਂ ਬਾਹਰ ਆ ਕੇ ਗੰਗਾ ਸਾਗਰ ਦਾ ਸਵਾਗਤ ਕਰਨ ਲਈ ਪਹੁੰਚੇ ਅਤੇ ਪਵਿੱਤਰ ਗੰਗਾ ਸਾਗਰ ਪ੍ਰਤੀ ਸ਼ਰਧਾ ਤੇ ਸਤਿਕਾਰ ਭੇਂਟ ਕੀਤਾ। ਇਸ ਦੌਰਾਨ ਉਨ੍ਹਾਂ ਸਰਕਾਰੀ ਪ੍ਰੋਟੋਕੋਲ ਅਤੇ ਸੁਰੱਖਿਆ ਨੂੰ ਵੀ ਨਜਰ-ਅੰਦਾਜ ਕੀਤਾ। ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਵਲੋਂ ਦਿੱਤੇ ਪਿਆਰ ਅਤੇ ਸਤਿਕਾਰ ਨੂੰ ਰਾਏ ਅਜੀਜ਼ ਉੱਲਾ ਹਮੇਸ਼ਾ ਆਪਣੇ ਚੇਤਿਆਂ ਵਿੱਚ ਸੰਭਾਲੀ ਰੱਖਦੇ ਹਨ।

ਰਾਏ ਅਜੀਜ਼ ਉੱਲਾ ਖਾਨ ਵਲੋਂ 2002 ਵਿੱਚ ਪਹਿਲੀ ਵਾਰ ਕੈਨੇਡਾ ਦੇ ਸਰੀ ਸ਼ਹਿਰ ਦੇ ਗੁਰਦਵਾਰਾ ਦਸਮੇਸ਼ ਦਰਬਾਰ ਸਾਹਿਬ ਵਿਖੇ ਖਾਲਸਾ ਸਾਜਨਾਂ ਦਿਵਸ ਮੌਕੇ, 2005 ਤੋਂ 2010 ਦਰਮਿਆਨ ਅਮਰੀਕਾ ਅਤੇ ਕੈਨੇਡਾ ਦੇ ਭਿੰਨ ਭਿੰਨ ਗੁਰਦਵਾਰਾ ਕਮੇਟੀਆਂ ਦੀ ਮੰਗ ਤੇ ਗੁਰੂ ਸਾਹਿਬ ਦੇ ਪਵਿੱਤਰ ਗੰਗਾ ਸਾਗਰ ਦੇ ਦਰਸ਼ਨ ਕਰਵਾਏ ਗਏ। 2009 ਵਿੱਚ ਨਿਊਯਾਰਕ ਦੀ ਖਾਲਸਾ ਡੇ ਪਰੇਡ ਵਿੱਚ ਕਰਾਏ ਦਰਸ਼ਨਾਂ ਸਮੇਂ ਸੰਗਤਾਂ ਵਲੋਂ ਦਿੱਤਾ ਸਤਿਕਾਰ ਅੱਜ ਵੀ ਉਨ੍ਹਾਂ ਦੇ ਚੇਤਿਆਂ ਵਿੱਚ ਵਸਦਾ ਹੈ। 2011 ਵਿੱਚ ਖਾਲਸਾ ਸਾਜਨਾਂ ਦਿਵਸ ਮੌਕੇ ਇਟਲੀ ਅਤੇ ਮਈ 2024 ਵਿੱਚ ਗੁਰਦਵਾਰਾ ਸਾਹਿਬ ਸਾਊਥਹਾਲ, ਲੰਦਨ

ਗੁਰਦਵਾਰਾ ਸਿੰਘ ਸਭਾ ਅਤੇ ਨਿਸ਼ਕਾਮ ਸੇਵਾ ਗੁਰਦਵਾਰਾ ਸਾਹਿਬ ਬਰਮਿੰਘਮ ਇੰਗਲੈਂਡ ਵਿਖੇ ਸੰਗਤਾਂ ਨੂੰ ਪਵਿੱਤਰ ਗੰਗਾ ਸਾਗਰ ਦੇ ਦਰਸ਼ਨ ਕਰਵਾਏ ਗਏ।

ਇਸ ਤਰ੍ਹਾਂ ਗੁਰੂ ਜੀ ਦੁਆਰਾ ਵਰੋਸਾਏ ਰਾਏ ਕੱਲ੍ਹਾ ਦੇ ਪਰਿਵਾਰਿਕ ਮੈਂਬਰਾਂ ਦਾ ਸਤਿਕਾਰ ਤੇ ਸਨਮਾਨ ਹਮੇਸ਼ਾ ਹੀ ਸਮੁੱਚੇ ਸਿੱਖ ਜਗਤ ਵਲੋਂ ਕੀਤਾ ਗਿਆ ਹੈ ਅਤੇ ਰਹਿੰਦੀ ਦੁਨੀਆਂ ਤੱਕ ਇਹ ਸਤਿਕਾਰ ਤੇ ਸਨਮਾਨ ਇਸੇ ਤਰ੍ਹਾਂ ਬਰਕਰਾਰ ਰਹੇਗਾ। ਲੇਕਿਨ ਪਵਿੱਤਰ ਗੰਗਾ ਸਾਗਰ ਅਤੇ ਰਾਏ ਪਰਿਵਾਰ ਦੁਆਰਾ ਹਕੂਮਤ ਦੇ ਉਲਟ ਚੱਲ ਕੇ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਦੇਣ ਤੇ ਉਨ੍ਹਾਂ ਦੀ ਸੇਵਾ ਕਰਨ ਦੇ ਸੁਨਹਿਰੇ ਇਤਿਹਾਸ ਦੇ ਵਰਕਿਆਂ ਨੂੰ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਦੀ ਲੋੜ ਹੈ।

ਰਾਏ ਅਜੀਜ਼ ਉੱਲਾ ਸੰਨ 2002 ਤੋਂ 2007 ਤੱਕ ਪਕਿਸਤਾਨ ਦੀ ਕੌਮੀ ਅਸੈਂਬਲੀ ਦੇ ਮੈਂਬਰ ਰਹਿਣ ਤੋਂ ਬਾਅਦ 2008 ਵਿੱਚ ਕੈਨੇਡਾ ਦੇ ਰਾਜ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ ਵਿੱਚ ਪੱਕੇ ਤੌਰ ਤੇ ਵਸ ਗਏ। ਪਵਿੱਤਰ ਗੰਗਾ ਸਾਗਰ ਇਸ ਸਮੇਂ ਕੈਨੇਡਾ ਦੀ ਬੈਂਕ ਦੇ ਲਾਕਰ ਵਿੱਚ ਸਤਿਕਾਰ ਸਹਿਤ ਰੱਖਿਆ ਹੋਇਆ ਹੈ। ਸੰਨ 1989 ਵਿੱਚ ਜਨਮਿਆ ਉਨ੍ਹਾਂ ਦਾ ਇਕਲੌਤਾ ਸਪੁੱਤਰ ਰਾਏ ਮੁਹੰਮਦ ਅਲੀ ਵੀ ਗੁਰੂ ਜੀ ਦੀਆਂ ਪਵਿੱਤਰ ਨਿਸ਼ਾਨੀਆਂ ਅਤੇ ਉਨ੍ਹਾਂ ਦੇ ਸਤਿਕਾਰ ਪ੍ਰਤੀ ਪੂਰੀ ਤਰ੍ਹਾਂ ਜਿੰਮੇਵਾਰੀ ਰੱਖਦਾ ਹੈ। ਪਰਿਵਾਰ ਵਲੋਂ ਉਸਨੂੰ ਵੀ ਆਪਣੇ ਪਰਿਵਾਰ ਦੇ ਮਾਣਮੱਤੇ ਇਤਿਹਾਸ ਅਤੇ ਪਰਿਵਾਰਿਕ ਪ੍ਰੰਪਰਾਵਾਂ ਬਾਰੇ ਪੂਰੀ ਤਰ੍ਹਾਂ ਜਾਣੂੰ ਕਰਵਾਇਆ ਗਿਆ ਹੈ। ਅੱਗੋਂ ਰਾਏ ਪਰਿਵਾਰ ਦਾ ਨੰਨਾਂ ਵਾਰਿਸ ਤੇ ਰਾਏ ਅਜੀਜ਼ ਉਲਾ ਖਾਨ ਦਾ ਪੋਤਰਾ ਤੇ ਰਾਏ ਮੁਹੰਮਦ ਅਲੀ ਦਾ ਸਪੁੱਤਰ ਰਾਏ ਮੁਹੰਮਦ ਸਲਾਹੁਦੀਨ ਵੀ ਜਦ ਨਿੱਕੇ ਨਿੱਕੇ ਹੱਥ ਜੋੜ ਕੇ ਘਰ ਗਿਆਂ ਦਾ ਸਵਾਗਤ ਕਰਦਾ ਹੈ ਤਾਂ ਪਰਿਵਾਰ ਦੇ ਉੱਚੇ ਸੰਸਕਾਰਾਂ ਦਾ ਝਲਕਾਰਾ ਪੈਂਦਾ ਹੈ।

ਅਖੀਰ ਵਿੱਚ ਰਾਏ ਅਜੀਜ਼ ਉੱਲਾ ਦਾ ਕਹਿਣਾ ਹੈ ਕਿ ਅੱਲਾ ਦੀ ਕਿਰਪਾ ਨਾਲ ਗੁਰੂ ਸਾਹਿਬ ਦੀ ਸੇਵਾ ਅਤੇ ਪਰਿਵਾਰ ਨੂੰ ਬਖਸ਼ੀਆਂ ਨਿਸ਼ਾਨੀਆਂ ਸਮੁੱਚੀ ਮਨੁੱਖਤਾ ਵਿੱਚ ਆਪਸੀ ਪ੍ਰੇਮ ਪਿਆਰ ਦੀ ਭਾਵਨਾ ਨੂੰ ਹਮੇਸ਼ਾਂ ਬਣਾਈ ਰੱਖਣ ਅਤੇ ਪਰਿਵਾਰ ਦੀਆਂ ਅਗਲੀਆਂ ਪੀੜ੍ਹੀਆਂ ਵੀ ਗੁਰੂ ਸਾਹਿਬ ਦੀਆਂ ਨਿਸ਼ਾਨੀਆਂ ਦਾ ਸਤਿਕਾਰ ਤੇ ਸੇਵਾ ਆਪਣੇ ਮਨ ਵਿੱਚ ਸਦੀਵੀ ਤੌਰ ਤੇ ਬਣਾਈ ਰੱਖੇ।

***

## 7.

ਅਕਤੂਬਰ 2019, ਕੈਨੇਡਾ, ਅਮਰੀਕਾ ਅਤੇ ਪੰਜਾਬ ਦੇ ਕਈ ਅਖਬਾਰਾਂ ਵਿਚ ਪ੍ਰਕਾਸ਼ਿਤ

# ਮਾਨਵਤਾ ਦੇ ਮੁਹੱਬਤੀ ਰਿਸ਼ਤੇ ਦੀ ਪਵਿੱਤਰ ਨਿਸ਼ਾਨੀ ਗੰਗਾ ਸਾਗਰ

***--ਪ੍ਰਿੰਸੀਪਲ ਸਰਵਣ ਸਿੰਘ***

"ਅਤਿ ਭਿਆਨਕ ਦੌਰ 'ਚ ਸਾਡੇ ਵੱਡਵਡੇਰੇ ਰਾਏ ਕੱਲ੍ਹਾ ਜੀ ਨੇ ਖਾਨਦਾਨ 'ਤੇ ਪੈਣ ਵਾਲੀ ਬਿਪਤਾ ਦੀ ਪਰਵਾਹ ਕਰੇ ਬਿਨਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਸੁਰੱਖਿਅਤ ਠਾਹਰ ਦਿੱਤੀ ਤੇ ਨਿਸ਼ਕਾਮ ਸੇਵਾ ਕੀਤੀ। ਉਸ ਸੇਵਾ ਤੋਂ ਖ਼ੁਸ਼ ਹੋ ਕੇ ਗੁਰੂ ਜੀ ਨੇ ਗੰਗਾ ਸਾਗਰ

ਦੀ ਦਾਤ ਬਖ਼ਸ਼ੀ ਜੋ ਇਨਸਾਨੀਅਤ ਦੇ ਅਜ਼ੀਮ ਰਿਸ਼ਤੇ ਦੀ ਪਵਿੱਤਰ ਨਿਸ਼ਾਨੀ ਹੈ। ਸਾਨੂੰ ਫ਼ਖ਼ਰ ਹੈ ਕਿ ਸਾਡੇ ਵਡੇਰੇ ਨੇ ਜ਼ਾਲਮਾਂ ਦੇ ਕਹਿਰ ਦੀ ਪਰਵਾਹ ਨਾ ਕਰਦਿਆਂ ਕੁਰਬਾਨੀ ਦਾ ਜਜ਼ਬਾ ਵਿਖਾਇਆ ਜਦ ਕਿ ਕਈ ਨੇੜਲੇ ਰਾਜੇ ਡਰਦੇ ਮਾਰੇ ਪਿੱਛੇ ਹਟ ਗਏ ਸਨ। ਗੁਰੂ ਗੋਬਿੰਦ ਸਿੰਘ ਜੀ ਗੰਗਾ ਸਾਗਰ ਦੀ ਥਾਂ ਸਾਨੂੰ ਮਿੱਟੀ ਦਾ ਪਿਆਲਾ ਵੀ ਬਖ਼ਸ਼ ਦਿੰਦੇ ਤਦ ਵੀ ਅਸੀਂ ਏਨੀ ਹੀ ਸ਼ਰਧਾ ਨਾਲ ਸੰਭਾਲ ਕੇ ਰੱਖਣਾ ਸੀ।" ਇਹ ਕਹਿਣਾ ਹੈ ਰਾਏ ਕੱਲ੍ਹਾ ਦੇ ਨੌਵੇਂ ਵਾਰਸ ਰਾਏ ਅਜ਼ੀਜ਼ਉੱਲਾ ਖਾਂ ਦਾ।

ਗਜ਼ਟੀਅਰ ਆਫ਼ ਦਾ ਲੁਧਿਆਣਾ ਡਿਸਟ੍ਰਿਕਟ 1888-89 ਦੇ ਪੰਨਾ 112 ਉਪਰ ਅੰਕਿਤ ਹੈ ਕਿ ਰਾਏਕਿਆਂ ਨੇ ਸਮਰਾਟ ਅਕਬਰ ਨੂੰ ਧੀ ਦਾ ਡੋਲਾ ਦੇਣੋਂ ਨਾਂਹ ਕਰ ਦਿੱਤੀ ਸੀ ਜਿਸ ਬਦਲੇ ਉਨ੍ਹਾਂ ਦੀ ਰਾਏਕੋਟ ਰਿਆਸਤ ਜ਼ਬਤ ਕਰ ਲਈ ਗਈ ਸੀ। ਬਾਅਦ ਵਿਚ ਸ਼ਾਹ ਜਹਾਨ ਨੇ ਰਿਆਸਤ ਮੋੜੀ। ਔਰੰਗਜ਼ੇਬ ਵੇਲੇ ਰਾਏਕਿਆਂ ਦੀ ਸਰਹੰਦ ਦੇ ਸੂਬੇਦਾਰ ਨਾਲ ਖੜਕਦੀ ਸੀ। ਉਨ੍ਹਾਂ ਨੇ ਬੰਦਾ ਬਹਾਦਰ ਦੇ ਹਮਲਿਆਂ ਤੋਂ ਪਹਿਲਾਂ ਲੁਧਿਆਣੇ ਤੇ ਫਿਰੋਜ਼ਪੁਰ ਦਾ ਕਾਫੀ ਸਾਰਾ ਇਲਾਕਾ ਰਿਆਸਤ ਰਾਏਕੋਟ ਵਿਚ ਮਿਲਾ ਲਿਆ ਸੀ। 1947 ਤੋਂ ਪਹਿਲਾਂ ਖਾਨ ਬਹਾਦਰ ਰਾਏ ਅਨਾਇਤ ਖਾਂ ਆਨਰੇਰੀ ਮੈਜਿਸਟ੍ਰੇਟ ਸਨ। ਰਾਏਕੋਟ 'ਚ ਜਿਥੇ ਕਚਹਿਰੀ ਲੱਗਦੀ ਸੀ ਉਥੇ ਹੁਣ ਲੜਕੀਆਂ ਦਾ ਸਕੂਲ ਹੈ।

ਰਾਏ ਅਜ਼ੀਜ਼ਉੱਲਾ ਖਾਂ ਪਾਕਿਸਤਾਨ ਪਾਰਲੀਮੈਂਟ ਦੇ ਮੈਂਬਰ ਰਹੇ ਹਨ। ਉਹ ਤੇ ਅਜੋਕੇ ਪ੍ਰਧਾਨ ਮੰਤਰੀ ਇਮਰਾਨ ਖਾਨ ਐਟੀਚਨ ਕਾਲਜ ਲਾਹੌਰ ਵਿਚ 'ਕੱਠੇ ਪੜ੍ਹਦੇ ਤੇ ਹਾਕੀ ਖੇਡਦੇ ਸਨ। 1964 ਵਿਚ ਉਹ ਕਾਲਜ ਦੀ ਜੂਨੀਅਰ ਹਾਕੀ ਟੀਮ ਦੇ ਮੈਂਬਰ ਸਨ। ਉਨ੍ਹਾਂ ਦੀ ਦੋਸਤੀ 55 ਸਾਲਾਂ ਤੋਂ ਬਰਕਰਾਰ ਹੈ। ਇਸ ਵਿਚਕਾਰ ਨਾ ਕੋਈ ਲੋਭ ਹੈ ਨਾ ਲਾਲਚ। ਇਮਰਾਨ ਖਾਨ ਜਦ ਵੀ ਲਾਹੌਰ ਗੇੜਾ ਮਾਰਦਾ ਹੈ ਤਾਂ ਆਪਣੇ ਕਾਲਜੀਏਟ ਦੋਸਤ ਨੂੰ ਅਕਸਰ ਮਿਲਦਾ ਗਿਲਦਾ ਹੈ। ਇਹਨੀਂ ਦਿਨੀਂ ਕਰਤਾਰਪੁਰ ਸਾਹਿਬ ਦਾ ਜੋ ਲਾਂਘਾ ਖੁੱਲ੍ਹ ਰਿਹੈ ਉਹਦੇ ਪਿਛੋਕੜ ਵਿਚ ਇਮਰਾਨ ਖਾਨ ਦੇ ਖਿਡਾਰੀ ਦੋਸਤਾਂ ਰਾਏ ਅਜ਼ੀਜ਼ਉੱਲਾ ਤੇ ਨਵਜੋਤ ਸਿੰਘ ਸਿੱਧੂ ਦਾ ਵਿਸ਼ੇਸ਼ ਰੋਲ ਹੈ। ਰਾਏ ਸਾਹਿਬ ਨੇ ਸਿੱਖਾਂ ਲਈ ਨਨਕਾਣਾ ਸਾਹਿਬ ਤੇ ਕਰਤਾਰਪੁਰ ਸਾਹਿਬ ਦੇ ਦਰਸ਼ਨ, ਮੁਸਲਮਾਨਾਂ ਲਈ ਮੱਕੇ ਤੇ ਮਦੀਨੇ ਦੇ ਹੱਜ ਵਾਂਗ ਦੱਸਣ ਦੀ ਦਲੀਲ ਇਮਰਾਨ ਖਾਨ ਨੂੰ ਦਿੱਤੀ ਸੀ। ਰਾਏ ਅਜ਼ੀਜ਼ਉੱਲਾ ਗੁਰਮੁਖੀ ਪੜ੍ਹ ਲੈਂਦੇ ਹਨ ਜਿਸ ਕਰਕੇ ਗੁਰੂ ਸਾਹਿਬਾਨ ਤੇ ਸਿੱਖ ਇਤਿਹਾਸ ਦੇ ਪੂਰੇ ਜਾਣੂ ਹਨ।

ਮੈਂ ਨਿੱਕਾ ਹੁੰਦਾ ਸੁਣਦਾ ਸਾਂ ਕਿ ਰਾਏ ਕੱਲ੍ਹਾ ਦੇ ਵਾਰਸਾਂ ਕੋਲ ਗੁਰੂ ਗੋਬਿੰਦ ਸਿੰਘ ਜੀ ਦਾ ਬਖ਼ਸ਼ਿਆ ਗੰਗਾ ਸਾਗਰ ਹੈ ਜੀਹਦੇ 'ਚੋਂ ਰੇਤਾ ਕਿਰ ਜਾਂਦਾ ਹੈ, ਪਾਣੀ ਨਹੀਂ ਡੁਲ੍ਹਦਾ। 1947 ਤੋਂ ਪਹਿਲਾਂ ਰਾਏਕੋਟ ਦੇ ਮੁਖੀ ਖ਼ਾਨ ਬਹਾਦਰ ਰਾਏ ਅਨਾਇਤ ਖਾਂ ਆਪਣੀ ਹਵੇਲੀ ਵਿਚ ਹਰ ਸਾਲ 2 ਤੋਂ 4 ਜਨਵਰੀ ਤਕ ਗੰਗਾ ਸਾਗਰ ਦੇ ਦਰਸ਼ਨ ਕਰਵਾਉਂਦੇ ਸਨ। ਗੁਰਦਵਾਰਾ ਟਾਹਲੀਆਣਾ ਸਾਹਿਬ ਤੋਂ ਰਾਏਕਿਆਂ ਦੀ ਹਵੇਲੀ ਤਕ ਸੰਗਤਾਂ ਨੰਗੇ ਪੈਰੀਂ ਚੱਲ ਕੇ ਜਾਂਦੀਆਂ। ਅਸੀਂ ਗੰਗਾ ਸਾਗਰ ਦੀਆਂ ਹੈਰਾਨ ਕਰਨ ਵਾਲੀਆਂ ਸਾਖੀਆਂ ਸੁਣਦੇ। ਮੈਂ ਉਦੋਂ ਸੱਤਾਂ ਸਾਲਾਂ ਦਾ ਸਾਂ। ਮੇਰੇ ਮਨ ਵਿਚ ਗੰਗਾ ਸਾਗਰ ਦੇ ਦਰਸ਼ਨ ਕਰਨ ਦੀ ਰੀਝ

ਜਾਗਦੀ। ਆਖ਼ਰ ਸੱਠ ਸਾਲਾਂ ਬਾਅਦ ਦਰਸ਼ਨ ਹੋਏ। ਗੰਗਾ ਸਾਗਰ ਨੂੰ ਮੈਂ ਅਦਬ ਨਾਲ ਛੋਹਿਆ ਅਤੇ ਨੀਝ ਨਾਲ ਵੇਖਿਆ। ਰਾਏ ਅਜ਼ੀਜ਼ਉੱਲਾ ਨਾਲ ਗੱਲਾਂ ਬਾਤਾਂ ਕਰਨ ਦੇ ਮੌਕੇ ਮਿਲੇ ਅਤੇ ਉਨ੍ਹਾਂ ਦੀ ਪ੍ਰਾਹੁਣਚਾਰੀ ਮਾਣੀ। ਅੱਜ ਕੱਲ੍ਹ ਉਹ ਸਰਦੀਆਂ ਵਿਚ ਲਾਹੌਰ ਤੇ ਗਰਮੀਆਂ 'ਚ ਕੈਨੇਡਾ ਦੇ ਸ਼ਹਿਰ ਸਰੀ ਵਿਚ ਰਹਿੰਦੇ ਹਨ। ਮੈਂ ਉਨ੍ਹਾਂ ਨੂੰ ਲਾਹੌਰ ਵੀ ਮਿਲਿਆ ਅਤੇ ਸਰੀ ਤੇ ਟੋਰਾਂਟੋ ਵਿਚ ਵੀ। ਉਹ ਪੰਜਾਬੀ ਲੇਖਕਾਂ ਦੇ ਚੰਗੇ ਵਾਕਫ਼ ਹਨ। ਕਾਲਜ ਪੜ੍ਹਦਿਆਂ ਹਾਕੀ ਖੇਡਦੇ ਸਨ ਹੁਣ ਗੌਲਫ਼ ਖੇਡਦੇ ਹਨ। ਪਾਕਿਸਤਾਨ ਦੀ ਗੌਲਫ਼ ਫੈਡਰੇਸ਼ਨ ਦੇ ਵਾਈਸ ਪ੍ਰੈਜ਼ੀਡੈਂਟ ਰਹੇ ਹਨ। 1982 ਵਿਚ ਨਵੀਂ ਦਿੱਲੀ ਦੀਆਂ ਏਸ਼ਿਆਈ ਖੇਡਾਂ ਵੇਖਣ ਭਾਰਤ ਆਏ ਸਨ। 2004 ਵਿਚ ਛੋਟੇ ਸਾਹਿਬਜ਼ਾਦਿਆਂ ਦੇ ਤਿੰਨ ਸੌ ਸਾਲਾ ਸ਼ਹੀਦੀ ਜੋੜ ਮੇਲੇ ਸਮੇਂ ਸੰਗਤਾਂ ਨੂੰ ਦਰਸ਼ਨ ਕਰਾਉਣ ਲਈ ਗੰਗਾ ਸਾਗਰ ਭਾਰਤ ਵਿਚ ਲਿਆਏ ਸਨ।

ਚਾਰਟਡ ਫਲਾਈਟ ਦੁਆਰਾ ਗੰਗਾ ਸਾਗਰ ਰਾਜਾ ਸਾਂਸੀ ਹਵਾਈ ਅੱਡੇ 'ਤੇ ਪੁੱਜਾ ਤਾਂ ਬੇਸ਼ੁਮਾਰ ਸੰਗਤਾਂ ਉਡੀਕ ਵਿਚ ਖੜ੍ਹੀਆਂ ਸਨ। ਇਕ ਸਿੱਖ ਦੌੜਦਾ ਰਾਏ ਸਾਹਿਬ ਪਾਸ ਪਹੁੰਚਾ ਤੇ ਰੁਮਾਲੇ ਵਿਚ ਲਪੇਟਿਆ ਤੋਹਫ਼ਾ ਅਦਬ ਸਹਿਤ ਭੇਟ ਕੀਤਾ। ਖੋਲ੍ਹਿਆ ਤਾਂ ਉਹ ਪਾਕਿ ਕੁਰਾਨ ਸ਼ਰੀਫ਼ ਸੀ। ਦੋਹਾਂ ਦੀਆਂ ਅੱਖਾਂ ਵਿਚ ਪਿਆਰ ਦੇ ਹੰਝੂ ਉਮਡ ਆਏ। ਇਹ ਸੀ ਇਕ ਦੂਜੇ ਦੇ ਧਰਮ ਲਈ ਅਦਬ ਸਤਿਕਾਰ! ਸੰਗਤਾਂ ਦੇ ਭਾਰੀ ਜਲੌਅ ਨਾਲ ਗੰਗਾ ਸਾਗਰ ਸ੍ਰੀ ਹਰਿਮੰਦਰ ਸਾਹਿਬ ਪਹੁੰਚਾ। ਫਿਰ ਫਤਿਹਗੜ੍ਹ ਸਾਹਿਬ, ਚਮਕੌਰ ਸਾਹਿਬ, ਆਲਮਗੀਰ ਤੇ ਮੁੱਲਾਂਪੁਰ ਰਾਹੀਂ ਰਾਏਕੋਟ ਲਿਜਾਇਆ ਗਿਆ। 1947 ਤੋਂ 57 ਸਾਲ ਬਾਅਦ ਰਾਏਕੋਟ ਲਿਆਂਦੇ ਗਏ ਗੰਗਾ ਸਾਗਰ ਦੇ ਲੱਖਾਂ ਲੋਕਾਂ ਨੇ ਦਰਸ਼ਨ ਕੀਤੇ।

ਗੰਗਾ ਸਾਗਰ ਤਾਂਬੇ ਦਾ ਲੋਟਾਨੁਮਾ ਬਰਤਨ ਹੈ ਜਿਸ ਵਿਚ 288 ਛੇਕ ਹਨ। ਉਸ ਦੇ ਕਮਾਨੀਦਾਰ ਹੱਥੀ ਤੇ ਕੇਤਲੀ ਵਾਂਗ ਟੂਟੀ ਲੱਗੀ ਹੈ। ਸਦੀਆਂ ਪੁਰਾਣੇ ਬਰਤਨ ਦੀ ਕੁਝ ਮੁਰੰਮਤ ਵੀ ਹੋਈ ਦਿਸਦੀ ਹੈ। ਸੁਰਾਹੀ ਵਰਗੇ ਲੋਟਾਨੁਮਾ ਬਰਤਨ ਦੀ ਲੰਮੀ ਗਰਦਨ ਉਪਰ ਧਾਤ ਦੀ ਜਾਲੀ ਵਾਲਾ ਨਿੱਕਾ ਮੂੰਹ ਹੈ ਜਿਸ ਉਤੇ ਟੋਪੀਦਾਰ ਢੱਕਣ ਹੈ। ਲੋਟੇ ਦੇ ਪੇਟ ਦੀ ਗੁਲਾਈ ਉਤੇ ਅਤੇ ਥੱਲੇ ਵਿਚ ਦੂਹਰੀਆਂ ਮੋਰੀਆਂ ਹਨ। ਇਨ੍ਹਾਂ ਮੋਰੀਆਂ ਵਿਚੋਂ ਰੇਤ ਕਿਰ ਜਾਂਦੀ ਹੈ ਜਦ ਕਿ ਤਰਲ ਪਦਾਰਥ ਨਹੀਂ ਡੁੱਲ੍ਹਦਾ। ਦੁੱਧ ਜਾਂ ਪਾਣੀ ਪਾਈਏ ਤਾਂ ਪਹਿਲਾਂ ਕੁਝ ਬੂੰਦਾਂ ਸਿਮਦੀਆਂ ਹਨ ਜੋ ਬਰਤਨ ਭਰ ਜਾਣ 'ਤੇ ਬੰਦ ਹੋ ਜਾਂਦੀਆਂ ਹਨ। ਇਸ ਦੀ ਚੌੜਾਈ ਅੱਧੇ ਫੁੱਟ ਤੋਂ ਵੱਧ ਤੇ ਉਚਾਈ ਇਕ ਫੁੱਟ ਤੋਂ ਘੱਟ ਹੈ। ਵਜ਼ਨ ਅੱਧਾ ਕੁ ਕਿਲੋਗਰਾਮ ਹੈ। ਗੰਗਾ ਸਾਗਰ ਦੇ ਹਿੰਦੂਤਵੀ ਨਾਂ ਅਤੇ ਇਸਲਾਮੀ ਲੋਟੇ ਦੀ ਬਣਤਰ ਵਾਲੇ ਬਰਤਨ ਦੇ ਨਿੱਕੇ ਨਿੱਕੇ ਛੇਕਾਂ ਵਿਚ ਦੀ ਸਾਰ ਪਾਰ ਦਿਸਦਾ ਹੈ। ਅਜਬ ਕਾਰੀਗਰੀ ਹੈ ਇਸ ਅਦਭੁੱਤ ਕਰਮੰਡਲ ਦੀ।

ਗੁਰੂ ਗੋਬਿੰਦ ਸਿੰਘ ਜੀ ਦੇ ਕਰ ਕਮਲਾਂ ਦੀ ਛੋਹ ਪ੍ਰਾਪਤ ਇਹ ਬਰਤਨ, ਬਣਤਰ ਅਤੇ ਨਾਮ ਤੋਂ ਮੁਸਲਮਾਨਾਂ, ਹਿੰਦੂਆਂ ਤੇ ਸਿੱਖਾਂ ਦੀ ਸਾਂਝ ਦਾ ਪ੍ਰਤੀਕ ਹੈ। ਧਰਮਾਂ ਦੇ ਆਪਸੀ ਪਿਆਰ ਦੀ ਨਿਸ਼ਾਨੀ। ਮੁਸਲਮਾਨ ਲੋਟੇ ਨਾਲ ਉਜ਼ੂ ਕਰ ਕੇ ਨਮਾਜ ਅਦਾ ਕਰਦੇ ਹਨ, ਹਿੰਦੂਆਂ ਲਈ ਗੰਗਾ ਸਾਗਰ ਕੁੰਭ ਤੋਂ ਬਾਅਦ ਦੂਜਾ ਵੱਡਾ ਤੀਰਥ ਸਥਾਨ ਹੈ ਜੋ ਗੰਗਾ

ਨਦੀ ਦੇ ਬੰਗਾਲ ਦੀ ਖਾੜੀ ਵਿਚ ਸਮਾਉਣ ਨਾਲ ਟਾਪੂ ਬਣਿਆ ਹੈ। ਉਸ ਟਾਪੂ ਦਾ ਖੇਤਰਫਲ 282 ਵਰਗ ਕਿਲੋਮੀਟਰ ਹੈ। ਮਾਘੀ ਮੌਕੇ ਲੱਖਾਂ ਲੋਕ ਗੰਗਾ ਸਾਗਰ ਦਾ ਇਸ਼ਨਾਨ ਕਰਦੇ ਹਨ। ਕਲਕੱਤੇ ਤੋਂ 142 ਕਿਲੋਮੀਟਰ ਦੂਰ ਹੈ। ਸਿੱਖਾਂ ਲਈ ਗੰਗਾ ਸਾਗਰ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਨਿਸ਼ਾਨੀ ਹੈ।

1947 ਦੇ ਉਜਾੜੇ ਵੇਲੇ ਰਾਏ ਕੱਲ੍ਹਾ ਦੇ ਵਾਰਸ ਰਾਏ ਇਨਾਇਤ ਖਾਂ ਬਾਕੀ ਸਾਰਾ ਕੁਝ ਪਿੱਛੇ ਛੱਡ ਕੇ ਗੰਗਾ ਸਾਗਰ ਆਪਣੇ ਨਾਲ ਲਾਹੌਰ ਲੈ ਚਲੇ ਗਏ ਸਨ। ਰਸਤੇ ਵਿਚ ਮੁਸੀਬਤਾਂ ਸਨ ਪਰ ਗੰਗਾ ਸਾਗਰ ਦੀ ਸੁਰੱਖਿਆ ਉਨ੍ਹਾਂ ਲਈ ਜਾਨ ਤੋਂ ਪਿਆਰੀ ਸੀ। ਉਨ੍ਹਾਂ ਨੇ ਰਹਾਇਸ਼ ਲਾਹੌਰ ਦੇ ਮਾਡਲ ਟਾਊਨ ਵਿਚ ਰੱਖੀ। ਗੰਗਾ ਸਾਗਰ ਪਹਿਲਾਂ ਘਰ ਤੇ ਫਿਰ ਲੰਡਨ ਦੇ ਬੈਂਕ ਲੌਕਰ ਵਿਚ ਰੱਖ ਕੇ ਉਹਦੀ ਕੋਹਿਨੂਰ ਤੋਂ ਵੀ ਵੱਧ ਸੰਭਾਲ ਕੀਤੀ। 1951 ਵਿਚ ਜਨਮੇ ਅਜ਼ੀਜ਼ਉੱਲਾ ਅਜੇ ਡੇਢ ਸਾਲ ਦੇ ਸਨ ਕਿ ਉਹਦੇ ਦਾਦਾ ਰਾਏ ਅਨਾਇਤ ਖਾਂ ਫ਼ੌਤ ਹੋ ਗਏ। ਚਾਰ ਸਾਲ ਦੇ ਸਨ ਕਿ ਮਾਂ ਚੱਲ ਵਸੀ। ਸਾਢੇ ਛੇ ਸਾਲ ਦੇ ਹੋਏ ਤਾਂ ਵਾਲਦ ਵੀ ਚਲਾਣਾ ਕਰ ਗਏ। ਅਜ਼ੀਜ਼ਉੱਲਾ ਨੂੰ ਬਿਰਧ ਦਾਦੀ ਨੇ ਪਾਲਿਆ ਤੇ ਪੜ੍ਹਾਇਆ। ਉਸੇ ਨੇ ਗੰਗਾ ਸਾਗਰ ਦੀ ਅਹਿਮੀਅਤ ਦੱਸੀ। ਉਹ ਚੌਵੀ ਸਾਲ ਦੇ ਹੋਏ ਤਾਂ ਬਿਰਧ ਦਾਦੀ ਵੀ ਚਲਾਣਾ ਕਰ ਗਈ। ਦਾਦੀ ਦੇ ਜਿਊਂਦਿਆਂ ਅਜ਼ੀਜ਼ਉੱਲਾ ਕੇਵਲ ਦੋ ਵਾਰ ਗੰਗਾ ਸਾਗਰ ਨੂੰ ਛੋਹ ਸਕੇ।

ਅਪਰੈਲ 2001 ਵਿਚ ਆਲਮੀ ਪੰਜਾਬੀ ਕਾਨਫਰੰਸ ਸਮੇਂ ਸਾਨੂੰ ਲਾਹੌਰ ਜਾਣ ਦਾ ਮੌਕਾ ਮਿਲਿਆ ਤਾਂ ਉਥੇ ਰਾਏ ਅਜ਼ੀਜ਼ਉੱਲਾ ਖਾਂ ਨਾਲ ਮੁਲਾਕਾਤ ਹੋ ਗਈ। ਗੱਲਾਂ ਕਰਦਿਆਂ ਗੰਗਾ ਸਾਗਰ ਦੀਆਂ ਯਾਦਾਂ ਤਾਜ਼ਾ ਹੋ ਗਈਆਂ। ਇਹ ਸਾਂਝ ਵੀ ਨਿਕਲ ਆਈ ਕਿ ਉਨ੍ਹਾਂ ਦਾ ਵਡੇਰਾ ਸ਼ੇਖ਼ ਚਾਚੂ ਸਾਡੇ ਪਿੰਡ ਚਕਰ ਦਾ ਵਾਸੀ ਸੀ। ਇਸ ਸਾਂਝ ਨਾਲ ਅਸੀਂ ਗਰਾਂਈਂ ਬਣ ਗਏ!

ਮੇਰੇ ਨਾਲ ਚਕਰੋਂ ਸ਼ਿੰਗਾਰਾ ਸਿੰਘ ਵੀ ਲਾਹੌਰ ਗਿਆ ਸੀ। ਅਸੀਂ ਸ਼ਾਹਤਾਜ ਹੋਟਲ ਵਿਚ ਠਹਿਰੇ ਸਾਂ। ਅਗਲੇ ਦਿਨ ਸਾਡੇ ਲਈ ਫ਼ੋਨ ਆਇਆ। ਅੱਗੋਂ ਰਾਏ ਸਾਹਿਬ ਬੋਲ ਰਹੇ ਸਨ। ਉਨ੍ਹਾਂ ਦਾ ਨਿੱਘਾ ਸੱਦਾ ਸੀ ਕਿ ਸ਼ਾਮੀਂ ਉਨ੍ਹਾਂ ਦੇ ਘਰ ਪਧਾਰੀਏ। ਉਹ ਖੁਦ ਆ ਕੇ ਲੈ ਜਾਣਗੇ। ਆਪਸ ਵਿਚ ਪੇਂਡੂ ਹੋਣ ਦੀ ਸਾਂਝ ਬੜੀ ਵੱਡੀ ਹੁੰਦੀ ਹੈ। ਸੱਦਾ ਪਰਵਾਨ ਕਰਦਿਆਂ ਸਾਨੂੰ ਮਾਣ ਹੋਇਆ ਕਿ ਲਾਹੌਰ ਵਿਚ ਵੀ ਚਕਰੀਆਂ ਦੀ ਅੰਗਲੀ ਸੰਗਲੀ ਰਲ ਗਈ ਹੈ ਤੇ ਉਹ ਵੀ ਰਾਏ ਅਜ਼ੀਜ਼ਉੱਲਾ ਖਾਂ ਵਰਗੇ ਮੋਹਤਬਰ ਸੱਜਣ ਨਾਲ!

ਸ਼ਾਮ ਨੂੰ ਰਾਏ ਸਾਹਿਬ ਸਾਨੂੰ ਆਪਣੇ ਘਰ ਲੈ ਗਏ। ਨਾਲ ਵਰਿਆਮ ਸਿੰਘ ਸੰਧੂ ਵੀ ਸੀ। ਘਰ ਵਿਚ ਖ਼ਾਨ ਦੀ ਭੂਆ, ਬੇਗਮ ਤੇ ਬੱਚੇ ਮੌਜੂਦ ਸਨ। ਖ਼ਾਨ ਦੀ ਭੂਆ ਸੱਤਰ ਸਾਲ ਤੋਂ ਵਡੇਰੀ ਹੋਣ ਕਰਕੇ ਰਾਏਕੋਟ ਤੇ ਆਲੇ ਦੁਆਲੇ ਦੇ ਪਿੰਡਾਂ ਨੂੰ ਚੰਗੀ ਤਰ੍ਹਾਂ ਜਾਣਦੀ ਸੀ। ਉਸ ਨੇ ਤਲਵੰਡੀ ਰਾਏ, ਹਲਵਾਰਾ, ਆਂਡਲੂ, ਹਠੂਰ ਤੇ ਚਕਰ ਦਾ ਖ਼ਾਸ ਜ਼ਿਕਰ ਕੀਤਾ। ਦੱਸਿਆ ਕਿ ਕਿਵੇਂ ਸ਼ਰਧਾ ਨਾਲ ਗੰਗਾ ਸਾਗਰ ਦੇ ਦਰਸ਼ਨ ਕਰਵਾਏ ਜਾਂਦੇ ਸਨ ਅਤੇ ਉਨ੍ਹਾਂ ਦੇ ਪਰਿਵਾਰ ਤੇ ਸੰਗਤਾਂ ਵਿਚ ਕਿੰਨਾ ਸੇਵਾ ਭਾਵ ਤੇ ਪਿਆਰ ਸਤਿਕਾਰ ਸੀ।

ਮੈਂ ਆਪਣੀ ਚਿਰੋਕਣੀ ਰੀਝ ਪੂਰੀ ਕਰਨ ਲਈ ਬੇਨਤੀ ਕੀਤੀ ਕਿ ਅਸੀਂ ਵੀ ਗੰਗਾ ਸਾਗਰ ਦੇ ਦਰਸ਼ਨ ਕਰਨੇ ਚਾਹੁੰਦੇ ਹਾਂ। ਰਾਏ ਸਾਹਿਬ ਨੇ ਕਿਹਾ ਕਿ ਇਸ ਵੇਲੇ ਗੰਗਾ ਸਾਗਰ ਲੰਡਨ ਦੇ ਬੈਂਕ ਲੌਕਰ ਵਿਚ ਸੁਰੱਖਿਅਤ ਹੈ। ਉਨ੍ਹਾਂ ਨੇ ਗੰਗਾ ਸਾਗਰ ਤੇ ਆਪਣੇ ਪਰਿਵਾਰਕ ਪਿਛੋਕੜ ਨਾਲ ਸੰਬੰਧਿਤ ਕੁਝ ਪੜ੍ਹਨ ਸਮੱਗਰੀ ਦਿੱਤੀ।

ਰਾਏ ਸਾਹਿਬ ਨੇ ਰਾਏਕਿਆਂ ਦਾ ਪਿਛੋਕੜ ਜਾਣਨ ਲਈ ਲਾਹੌਰ ਤੋਂ ਲੰਡਨ ਤਕ ਦੀਆਂ ਲਾਇਬ੍ਰੇਰੀਆਂ ਛਾਣੀਆਂ ਹੋਈਆਂ ਸਨ। ਪੰਜਾਬ ਡਿਸਟ੍ਰਿਕਟ ਗਜ਼ਟੀਅਰ ਲੁਧਿਆਣਾ ਭਾਗ ਪਹਿਲੇ ਵਿਚ ਦਰਜ ਸੀ ਕਿ ਬਾਰ੍ਹਵੀਂ ਸਦੀ ਵਿਚ ਮੋਕਲ ਚੰਦ ਨਾਂ ਦਾ ਰਾਜਪੂਤ ਜੈਸਲਮੇਰ ਦੇ ਇਲਾਕੇ 'ਚੋਂ ਉਠ ਕੇ ਪੰਜਾਬ ਵਿਚ ਆਇਆ ਸੀ। ਉਸ ਦੀ ਚੌਥੀ ਪੀੜ੍ਹੀ ਦੇ ਤੁਲਸੀ ਦਾਸ ਨੇ 1323 ਵਿਚ ਪਿੰਡ ਚਕਰ ਦੀ ਮੋਹੜੀ ਗੱਡੀ। ਉਹ ਬਹਾਵਲਪੁਰ ਦੇ 'ਉਚ ਦੇ ਪੀਰ' ਦੇ ਮੁਰੀਦਾਂ ਰਾਹੀਂ ਇਸਲਾਮ ਵਿਚ ਆਇਆ ਅਤੇ ਉਸ ਦਾ ਨਾਂ ਸਿਰਾਜਉਦੀਨ ਉਰਫ਼ ਸ਼ੇਖ਼ ਚਾਚੂ ਰੱਖਿਆ ਗਿਆ। ਸ਼ੇਖ਼ ਚਾਚੂ ਦੀ ਛੇਵੀਂ ਪੀੜ੍ਹੀ ’ਚ ਰਾਏ ਕਮਾਲਉਦੀਨ ਪਹਿਲਾ ਤੇ ਸੱਤਵੀਂ ਪੀੜ੍ਹੀ ’ਚ ਰਾਏ ਕੱਲ੍ਹਾ ਪਹਿਲਾ ਹੋਇਆ ਜਿਸ ਨੂੰ ਸ਼ਹਿਨਸ਼ਾਹ ਅਲਾਉਦੀਨ ਨੇ ਰਾਏਕੋਟ ਦੇ ਆਲੇ ਦੁਆਲੇ ਦਾ ਕਾਫੀ ਸਾਰਾ ਇਲਾਕਾ ਜਗੀਰ ਵਜੋਂ ਦੇ ਕੇ 'ਰਾਏ' ਦਾ ਖਿਤਾਬ ਬਖਸ਼ਿਆ। ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਰਾਏ ਕੱਲ੍ਹਾ ਪਹਿਲਾ ਨੇ 1478 ਈਸਵੀ ਵਿਚ ਪਿੰਡ ਤਲਵੰਡੀ ਰਾਏ ਬੰਨ੍ਹਿਆਂ।

ਰਾਏ ਕੱਲ੍ਹਾ ਪਹਿਲਾ ਦੀ ਪੀੜ੍ਹੀ ਅੱਗੇ ਤੁਰਦੀ ਰਾਏ ਕਮਾਲਉਦੀਨ ਪਹਿਲਾ, ਰਾਏ ਅਹਿਮਦ ਜਿਸ ਨੇ 1648 ਵਿਚ ਰਾਏਕੋਟ ਬੱਧਾ, ਫਿਰ ਰਾਏ ਕਮਾਲਉਦੀਨ ਦੂਜਾ ਜਿਸ ਨੇ 1680 ਵਿਚ ਜਗਰਾਓਂ ਦੀ ਮੋਹੜੀ ਗੱਡੀ। ਅੱਗੇ ਰਾਏ ਕੱਲ੍ਹਾ ਦੂਜਾ, ਰਾਏ ਕਮਾਲਉਦੀਨ ਤੀਜਾ ਤੇ ਰਾਏ ਕੱਲ੍ਹਾ ਤੀਜਾ। ਅਗਾਂਹ ਰਾਏ ਮੁਹੰਮਦ, ਰਾਏ ਇਲੀਆਸ, ਨੂਰ-ਉਨ-ਨਿਸਾ ਰਾਣੀ ਭਾਗ ਭਰੀ, ਰਾਏ ਇਮਾਮ ਬਖ਼ਸ਼, ਰਾਏ ਫੈਜ਼ ਤਲਬ ਖਾਂ, ਰਾਏ ਇਨਾਇਤ ਖਾਂ, ਰਾਏ ਫ਼ਕੀਰਉੱਲਾ ਖਾਂ ਅਤੇ ਰਾਏ ਅਜ਼ੀਜ਼ਉੱਲਾ ਖਾਂ। ਅਜ਼ੀਜ਼ਉੱਲਾ ਦਾ ਵਾਰਸ ਹੈ ਰਾਏ ਅਲੀ ਮੁਹੰਮਦ ਖਾਂ।

ਰਾਏ ਕੱਲ੍ਹਾ ਤੀਜਾ ਰਾਏਕੋਟ ਰਿਆਸਤ ਦਾ ਮਾਲਕ ਸੀ ਜਦੋਂ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ 'ਚੋਂ ਨਿਕਲੇ। ਉਥੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸ਼ਹੀਦ ਹੋ ਗਏ ਸਨ। ਮਾਛੀਵਾੜੇ ਦੇ ਜੰਗਲਾਂ ਵਿਚ ਗੁਰੂ ਜੀ ਨੂੰ ਗ਼ਨੀ ਖਾਂ ਤੇ ਨਬੀ ਖਾਂ ਮਿਲੇ ਜੋ ਘੋੜਿਆਂ ਦੇ ਵਪਾਰੀ ਅਤੇ 'ਉੱਚ ਦੇ ਪੀਰ' ਦੇ ਮੁਰੀਦ ਸਨ। ਉਹ ਅਨੰਦਪੁਰ ਸਾਹਿਬ ਘੋੜੇ ਲੈ ਕੇ ਜਾਂਦੇ ਸਨ ਜਿਸ ਕਰਕੇ ਗੁਰੂ ਜੀ ਨੂੰ ਪਛਾਣਦੇ ਸਨ। ਸੰਕਟ ਦੇ ਸਮੇਂ ਉਨ੍ਹਾਂ ਨੇ ਗੁਰੂ ਜੀ ਨੂੰ ਉੱਚ ਦੇ ਪੀਰ ਵਾਲਾ ਪੁਸ਼ਾਕਾ ਪੁਆ ਕੇ ਪਲੰਘ ਉਤੇ ਬਿਠਾਇਆ ਤੇ ਫੌਜਾਂ ਦੇ ਘੇਰੇ ਵਿਚੋਂ ਨਿਕਲੇ। ਸੰਭਵ ਹੈ ਉਥੇ ਉਨ੍ਹਾਂ ਨੇ ਪੀਰੀ ਪੁਸ਼ਾਕ ਨਾਲ ਰੇਹਲ ਸਮੇਤ ਕੁਰਾਨ ਸ਼ਰੀਫ਼ ਤੇ ਗੰਗਾ ਸਾਗਰ ਵੀ ਦਿੱਤਾ ਹੋਵੇ। ਜੰਗਲਾਂ ਵਿਚੋਂ ਨਿਕਲ ਕੇ ਆਲਮਗੀਰ ਹੁੰਦੇ ਹੋਏ ਉਹ ਪਿੰਡ ਹੇਰ੍ਹਾਂ ਵਿਚ ਮਹੰਤ ਕਿਰਪਾਲ ਦਾਸ ਦੇ ਡੇਰੇ ਪੁੱਜੇ। ਉਥੋਂ ਗ਼ਨੀ ਖਾਂ ਤੇ ਨਬੀ ਖਾਂ ਵਾਪਸ ਪਰਤ ਗਏ। ਮਹੰਤ ਮੁਗ਼ਲਾਂ ਦੇ ਡਰ ਦਾ ਮਾਰਿਆ ਗੁਰੂ ਜੀ ਨੂੰ ਠਾਹਰ ਨਾ ਦੇ ਸਕਿਆ।

1705 ਦੇ ਪਹਿਲੇ ਹਫ਼ਤੇ ਗੁਰੂ ਜੀ ਰਾਏਕੋਟ ਦੀ ਜੂਹ ਵਿਚ ਪਹੁੰਚੇ। ਉਸ ਸਮੇਂ ਗੁਰੂ ਜੀ ਨੂੰ ਠਾਹਰ ਦੇਣੀ ਔਰੰਗਜ਼ੇਬ ਦੇ ਕਹਿਰ ਨੂੰ ਸੱਦਾ ਦੇਣਾ ਸੀ। ਪਰ ਅਸ਼ਕੇ ਜਾਈਏ ਉਸ ਰੱਬੀ ਬੰਦੇ ਰਾਏ ਕੱਲ੍ਹੇ ਦੇ, ਜੀਹਨੇ ਜ਼ਾਲਮ ਬਾਦਸ਼ਾਹ ਦੇ ਕਹਿਰ ਦੀ ਪਰਵਾਹ ਨਾ ਕਰਦਿਆਂ ਗੁਰੂ ਜੀ ਨੂੰ ਸ਼ਰਧਾ ਤੇ ਪ੍ਰੇਮ ਨਾਲ ਨਿਵਾਸ ਦਿੱਤਾ ਅਤੇ ਆਪਣੇ ਵਿਸ਼ਵਾਸਪਾਤਰ ਨੂਰੇ ਮਾਹੀ ਨੂੰ ਗੁਰੂ ਜੀ ਦੀ ਟਹਿਲ ਸੇਵਾ ਵਿਚ ਲਾਇਆ। ਇਹ ਰਾਏ ਖਾਨਦਾਨ ਦਾ ਅਜਿਹਾ ਕਰਮ ਸੀ ਜਿਸ ਨੂੰ ਸਿੱਖ ਕਦੇ ਵੀ ਨਹੀਂ ਭੁਲਾ ਸਕਦੇ।

ਸਾਖੀ ਪ੍ਰਚਲਿਤ ਹੈ ਕਿ ਨੂਰਾ ਮਾਹੀ ਮੱਝਾਂ ਚਰਾ ਰਿਹਾ ਸੀ ਜਦੋਂ ਗੁਰੂ ਜੀ ਉਥੇ ਪੁੱਜੇ। ਉਨ੍ਹਾਂ ਨੇ ਜਲ/ਦੁੱਧ ਛਕਣ ਦੀ ਇੱਛਾ ਪਰਗਟ ਕੀਤੀ। ਨੂਰੇ ਨੇ ਕਿਹਾ ਕਿ ਉਹਦੇ ਕੋਲ ਜਲ ਨਹੀਂ ਅਤੇ ਦੁੱਧ ਵੀ ਕੋਈ ਮੱਝ ਨਹੀਂ ਲਾਹੇਗੀ ਕਿਉਂਕਿ ਉਹ ਧਾਰਾਂ ਚੋਅ ਆਇਆ ਹੈ। ਤਦ ਗੁਰੂ ਜੀ ਨੇ ਨੂਰੇ ਮਾਹੀ ਨੂੰ ਗੰਗਾ ਸਾਗਰ ਫੜਾਉਂਦਿਆਂ ਆਖਿਆ ਕਿ ਔਸ ਝੋਟੀ ਨੂੰ ਥਾਪੀ ਦੇ ਕੇ ਚੋਣ ਦੀ ਕੋਸ਼ਿਸ਼ ਕਰ। ਨੂਰੇ ਮਾਹੀ ਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਝੋਟੀ ਨੇ ਦੁੱਧ ਲਾਹ ਲਿਆ ਤੇ ਉਹ ਛੋਕਾਂ ਵਾਲੇ ਬਰਤਨ ਵਿਚੋਂ ਡੁੱਲ੍ਹਿਆ ਵੀ ਨਾ। ਉਹ ਭੱਜਾ ਭੱਜਾ ਆਪਣੇ ਮਾਲਕ ਪਾਸ ਪੁੱਜਾ ਤੇ ਆਖਣ ਲੱਗਾ ਆਪਣੇ ਕੋਲ ਕੋਈ ਰੱਬ ਦਾ ਬੰਦਾ ਆਇਆ ਹੈ। ਰਾਏ ਕੱਲ੍ਹਾ ਉਸੇ ਵੇਲੇ ਗੁਰੂ ਜੀ ਪਾਸ ਆਇਆ ਅਤੇ ਅਦਬ ਸਤਿਕਾਰ ਨਾਲ ਆਪਣੇ ਪਾਸ ਠਹਿਰਨ ਦੀ ਬੇਨਤੀ ਕੀਤੀ।

ਰਾਏ ਕੱਲ੍ਹੇ ਨੂੰ ਮਿਲਣ ਤਕ ਗੁਰੂ ਜੀ ਨੂੰ ਪਤਾ ਨਹੀਂ ਸੀ ਕਿ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨਾਲ ਕੀ ਭਾਣਾ ਵਰਤਿਆ ਹੈ? ਗੁਰੂ ਜੀ ਦੇ ਕਹਿਣ ਉਤੇ ਰਾਏ ਕੱਲ੍ਹੇ ਨੇ ਆਪਣੇ ਭਰੋਸੇਯੋਗ ਨੌਕਰ ਨੂਰੇ ਮਾਹੀ ਨੂੰ ਸਰਹੰਦ ਭੇਜਿਆ ਤਾਂ ਜੋ ਗੁਰੂ ਜੀ ਦੇ ਪਰਿਵਾਰ ਦੀ ਕੋਈ ਉੱਘ ਸੁੱਘ ਮਿਲ ਸਕੇ। ਨੂਰੇ ਦੀ ਭੈਣ ਨੂਰਾਂ ਸਰਹੰਦ ਵਿਆਹੀ ਹੋਈ ਸੀ। ਗੁਰੂ ਜੀ ਨਾਲ ਕਰਾਮਾਤਾਂ ਜੋੜਨ ਵਾਲਿਆਂ ਨੂੰ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਆਪਣੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਕਿਸੇ ਕਰਾਮਾਤ ਨਾਲ ਨਹੀਂ, ਨੂਰੇ ਮਾਹੀ ਰਾਹੀਂ ਮਿਲੀ ਸੀ। ਉਸ ਵੇਲੇ ਗੁਰੂ ਜੀ ਦੇ ਦਿਲ 'ਤੇ ਜੋ ਬੀਤੀ ਹੋਵੇਗੀ ਉਹਦਾ ਅੰਦਾਜ਼ਾ ਸੰਵੇਦਨਸ਼ੀਲ ਵਿਅਕਤੀ ਹੀ ਲਾ ਸਕਦੇ ਹਨ। ਗੁਰੂ ਜੀ ਤੀਰ ਨਾਲ ਦੱਭ ਦੀ ਜੜ੍ਹ ਪੁੱਟਦਿਆਂ ਬੋਲੇ ਕਿ ਜੀਹਨੇ ਇਹ ਜ਼ੁਲਮ ਕੀਤਾ ਉਹਦੀ ਜੜ੍ਹ ਵੀ ਇਸੇ ਤਰ੍ਹਾਂ ਪੁੱਟੀ ਜਾਵੇਗੀ।

ਰਾਏਕੋਟ ਤੋਂ ਵਿਦਾ ਹੁੰਦਿਆਂ ਗੁਰੂ ਜੀ ਨੇ ਰਾਏ ਕੱਲ੍ਹਾ ਦੀ ਇਨਸਾਨੀ ਹਮਦਰਦੀ, ਨਿਸ਼ਕਾਮ ਸੇਵਾ ਤੇ ਕੁਰਬਾਨੀ ਦੇ ਜਜ਼ਬੇ ਦੀ ਕਦਰ ਕਰਦਿਆਂ ਸ਼ੁਕਰਾਨੇ ਵਜੋਂ ਉਸ ਨੂੰ ਗੰਗਾ ਸਾਗਰ, ਕ੍ਰਿਪਾਨ ਤੇ ਕੁਰਾਨ ਸ਼ਰੀਫ਼ ਸਮੇਤ ਰੇਹਲ ਤਿੰਨ ਵਸਤਾਂ ਪ੍ਰੇਮ ਸਹਿਤ ਦਿੱਤੀਆਂ। ਗੁਰੂ ਗੋਬਿੰਦ ਸਿੰਘ ਜੀ ਦੇ ਕਰਕਮਲਾਂ ਦੁਆਰਾ ਬਖਸ਼ੀਆਂ ਇਹ ਵਸਤਾਂ ਅਜ਼ੀਜ਼ਉੱਲਾ ਦੇ ਵਡੇਰਿਆਂ ਨੇ ਬੜੀ ਸ਼ਰਧਾ ਨਾਲ ਸੰਭਾਲ ਕੇ ਰੱਖੀਆਂ। ਫਿਰ ਵੀ ਲਕੜੀ ਦੀ ਰੇਹਲ ਸਮੇਂ ਨਾਲ ਨਸ਼ਟ ਹੋ ਗਈ ਤੇ ਕ੍ਰਿਪਾਨ ਅੰਗਰੇਜ਼ ਹਾਕਮਾਂ ਨੇ ਹਥਿਆ ਲਈ। ਰਾਏ ਖਾਨਦਾਨ ਪਾਸ ਗੰਗਾ ਸਾਗਰ ਹੀ ਸੁਰੱਖਿਅਤ ਰਹਿ ਸਕਿਆ ਜਿਸ ਦੀ ਉਹ ਤਿੰਨ ਸੌ ਸਾਲਾਂ ਤੋਂ ਪੀੜ੍ਹੀ ਦਰ ਪੀੜ੍ਹੀ ਸੇਵਾ ਸੰਭਾਲ ਕਰਦਾ ਆ ਰਿਹੈ। ਗੰਗਾ ਸਾਗਰ ਦੀ

ਵਡਿਆਈ ਉਸ ਦੇ ਅਦਭੁੱਤ ਬਰਤਨ ਹੋਣ ਵਿਚ ਨਹੀਂ ਸਗੋਂ ਗੁਰੂ ਜੀ ਦੇ ਪਵਿਤਰ ਹੱਥਾਂ ਦੀ ਛੋਹ ਪ੍ਰਾਪਤ ਹੋਣ ਵਿਚ ਹੈ। ਕਈ ਪੀੜ੍ਹੀਆਂ ਤੋਂ ਰਾਏ ਪਰਿਵਾਰ ਇਕਲੌਤੇ ਪੁੱਤਰਾਂ ਦੇ ਰੂਪ ਵਿਚ ਹੀ ਵਿਗਸ ਰਿਹਾ ਹੈ। ਅਜ਼ੀਜ਼ਉੱਲਾ ਦੇ ਵੀ ਅੱਗੋਂ ਇਕੋ ਪੁੱਤਰ ਰਾਏ ਮੁਹੰਮਦ ਅਲੀ ਖ਼ਾਂ ਤੇ ਚਾਰ ਧੀਆਂ ਹਨ। ਚਾਰੇ ਧੀਆਂ ਵਿਆਹੁਣ ਪਿੱਛੋਂ ਜੁਲਾਈ 2019 ਵਿਚ ਅਲੀ ਖ਼ਾਂ ਦਾ ਵੀ ਵਿਆਹ ਕਰ ਦਿੱਤਾ ਗਿਆ ਹੈ ਜਿਸ ਦੀ ਪਾਰਟੀ ਅਸੀਂ ਲੈ ਆਏ ਹਾਂ।

1947 ਦੇ ਉਜਾੜੇ ਤੋਂ 47 ਸਾਲਾਂ ਬਾਅਦ 1994 ਵਿਚ ਇੰਗਲੈਂਡ ਦੀ ਸੰਗਤ ਨੂੰ ਗੰਗਾ ਸਾਗਰ ਦੇ ਦਰਸ਼ਨ ਕਰਵਾਏ ਗਏ ਸਨ। ਸਪਤਾਹਿਕ 'ਦੇਸ ਪ੍ਰਦੇਸ' ਦੇ 10 ਜੂਨ 1994 ਦੇ ਅੰਕ ਉਤੇ ਗੰਗਾ ਸਾਗਰ ਦੀ ਰੰਗੀਨ ਤਸਵੀਰ ਛਾਪੀ ਗਈ ਸੀ ਜੋ ਸਿੱਖਾਂ ਨੇ ਘਰੋ ਘਰੀ ਸਜਾ ਲਈ। ਉਦੋਂ ਤੋਂ ਅਜ਼ੀਜ਼ਉੱਲਾ ਇੰਗਲੈਂਡ, ਮਲੇਸ਼ੀਆ, ਆਸਟ੍ਰੇਲੀਆ, ਭਾਰਤ, ਹਾਂਗਕਾਂਗ, ਅਮਰੀਕਾ ਤੇ ਕੈਨੇਡਾ ਆਦਿ ਮੁਲਕਾਂ ਵਿਚ ਸੰਗਤਾਂ ਨੂੰ ਗੰਗਾ ਸਾਗਰ ਦੇ ਦਰਸ਼ਨ ਕਰਵਾਉਂਦੇ ਆ ਰਹੇ ਹਨ। 2017 ਵਿਚ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ’ਤੇ ਮਲੇਸ਼ੀਆ ਸਰਕਾਰ ਨੇ ਗੰਗਾ ਸਾਗਰ ਅਤੇ ਅਜ਼ੀਜ਼ਉੱਲਾ ਦੀ ਤਸਵੀਰ ਵਾਲੀ ਡਾਕ ਟਿਕਟ ਜਾਰੀ ਕੀਤੀ। ਰਾਏਕੋਟ ਵਿਖੇ ਗੰਗਾ ਸਾਗਰ ਪਾਰਕ ਬਣਾਇਆ ਗਿਆ। ਸ੍ਰੀ ਹਰਿਮੰਦਰ ਸਾਹਿਬ ਦੇ ਕੇਂਦਰੀ ਅਜਾਇਬ ਘਰ ਵਿਚ ਗੰਗਾ ਸਾਗਰ ਨਾਲ ਸੰਬੰਧਿਤ ਚਿੱਤਰ ਸਜਾਏ ਗਏ। ਤਲਵੰਡੀ ਰਾਏ ਵਿਚ ਗੁਰਦਵਾਰਾ ਗੰਗਾ ਸਾਗਰ ਸੁਭਾਏਮਾਨ ਹੈ।

1971 ਵਿਚ ਭਾਸ਼ਾ ਵਿਭਾਗ ਪੰਜਾਬ ਨੇ ਰਾਏਕੋਟ ਦੇ ਸਰਵੇ ਦੀ ਪੁਸਤਕ ਪ੍ਰਕਾਸ਼ਿਤ ਕੀਤੀ। ਉਸ ਸਮੇਂ 85 ਸਾਲਾਂ ਦੇ ਇਕ ਵਿਅਕਤੀ ਉਤਮ ਚੰਦ ਵੋਹਰਾ ਨੇ ਜੋ ਰਾਣੀ ਭਾਗ ਭਰੀ ਦੇ ਅਹਿਲਕਾਰ ਲਾਲਾ ਦੂਨੀ ਚੰਦ ਵੋਹਰਾ ਦਾ ਅੱਠਵਾਂ ਵਾਰਸ ਸੀ, ਦੱਸਿਆ ਕਿ ਪੋਠੋਹਾਰ ਦੇ ਸਿੱਖਾਂ ਨੇ 1947 ਤੋਂ ਪਹਿਲਾਂ ਰਾਏ ਅਨਾਇਤ ਖਾਂ ਨੂੰ ਤਿੰਨ ਲੱਖ ਰੁਪਏ ਦੀ ਪੇਸ਼ਕਸ਼ ਕੀਤੀ ਸੀ ਕਿ ਗੰਗਾ ਸਾਗਰ ਸਾਨੂੰ ਸੌਂਪ ਦਿੱਤਾ ਜਾਵੇ। ਰਾਏ ਸਾਹਿਬ ਦਾ ਜਵਾਬ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਬਖ਼ਸ਼ਿਸ਼ ਅਨਮੋਲ ਹੈ ਜਿਸ ਦੀ ਅਸੀਂ ਸਦਾ ਸ਼ਰਧਾ ਨਾਲ ਸੰਭਾਲ ਕਰਦੇ ਰਹਾਂਗੇ। ਜੋ ਖੁਸ਼ੀ ਹਰ ਸਾਲ ਪੰਜਾਹ ਹਜ਼ਾਰ ਸੰਗਤਾਂ ਨੂੰ ਗੰਗਾ ਸਾਗਰ ਦੇ ਦਰਸ਼ਨ ਕਰਵਾ ਕੇ ਮਿਲਦੀ ਹੈ ਉਹ ਦੁਨਿਆਵੀ ਦੌਲਤਾਂ ਤੋਂ ਕਿਤੇ ਉਤੇ ਹੈ।

ਅਜ਼ੀਜ਼ਉੱਲਾ ਇਮਰਾਨ ਖਾਨ ਦੀ ਪਾਰਟੀ ਦੇ ਮੈਂਬਰ ਹਨ। ਉਨ੍ਹਾਂ ਦੇ ਅੰਬੈਸਡਰ/ਗਵਰਨਰ ਲੱਗਣ ਦੀਆਂ ਕਿਆਸ ਅਰਾਈਆਂ ਹਨ। ਉਹ ਨਿਮਰ, ਮਿਠਬੋਲੜੇ ਤੇ ਮਿਲਵਰਤਨ ਵਾਲੇ ਦਾਨੇ ਇਨਸਾਨ ਹਨ। ਮੈਂ ਉਨ੍ਹਾਂ ਨੂੰ ਪੁਸਤਕ 'ਪੰਜਾਬ ਦੇ ਕੋਹੇਨੂਰ' ਭੇਟ ਕੀਤੀ ਤਾਂ ਮਨ ’ਚ ਆਇਆ ਕਿ ਉਨ੍ਹਾਂ ਦਾ ਰੇਖਾ ਚਿੱਤਰ ਵੀ ਉਲੀਕਾਂ। ਤਦ ਤਕ ਉਹ ਆਪਣੇ ਵਡੇਰਿਆਂ ਦੇ ਵਸਾਏ ਪਿੰਡ ਚਕਰ ਦੀ ਫੇਰੀ ਵੀ ਪਾ ਚੁੱਕੇ ਹੋਣਗੇ। ਉਨ੍ਹਾਂ ਦੀ ਮਨਸ਼ਾ ਹੈ ਕਿ ਉਹ ਗੰਗਾ ਸਾਗਰ ਮੁੜ ਰਾਏਕੋਟ ਦੀ ਹਵੇਲੀ ਲੈ ਕੇ ਜਾਣ, ਆਪਣੇ ਦਾਦੇ ਵਾਂਗ ਸੰਗਤਾਂ ਨੂੰ ਖੁੱਲ੍ਹੇ ਦਰਸ਼ਨ ਕਰਵਾਉਣ ਅਤੇ ਆਪਣੇ ਵਡੇਰਿਆਂ ਦੇ ਵਸਾਏ ਪਿੰਡਾਂ ਵਿਚ ਜਾਣ। ਭਾਰਤ ਸਰਕਾਰ/ਪੰਜਾਬ ਸਰਕਾਰ/ਸ਼੍ਰੋਮਣੀ ਕਮੇਟੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ’ਤੇ ਰਾਏ ਅਜ਼ੀਜ਼ਉੱਲਾ ਖਾਂ ਨੂੰ ਸੱਦਾ ਦੇ ਸਕਦੀ ਹੈ।

ਗੰਗਾ ਸਾਗਰ ਦੀ ਵਡਿਆਈ ਇਸ ਦੇ ਚਮਤਕਾਰੀ ਬਰਤਨ ਹੋਣ ਵਿਚ ਨਹੀਂ ਸਗੋਂ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਕਰ ਕਮਲਾਂ ਨਾਲ ਵਰੋਸਾਈ, ਨਸਲਾਂ, ਮਜ਼੍ਹਬਾਂ, ਜਾਤਾਂ, ਕੌਮਾਂ ਤੇ ਦੇਸ਼ਾਂ ਦੀਆਂ ਹੱਦਾਂ ਤੋਂ ਉਪਰ ਉਠੀ, ਇਨਸਾਨੀ ਹਮਦਰਦੀ ਤੇ ਮੁਹੱਬਤ ਦੀ ਮੁਤਬਰਕ ਨਿਸ਼ਾਨੀ ਹੋਣ ਵਿਚ ਹੈ। ਗੰਗਾ ਸਾਗਰ ਤੇ ਕਰਤਾਰਪੁਰ ਲਾਂਘਾ ਹਿੰਦ-ਪਾਕਿ ਵਿਚਕਾਰ ਮੁਹੱਬਤ ਦੇ ਪੁਲ ਬਣ ਸਕਦੇ ਹਨ।

## ਕੰਧੇ ਸਰਹੰਦ ਦੀਏ

ਕੰਧੇ ਸਰਹੰਦ ਦੀਏ ਅੱਥਰੂ ਨਾ ਕੇਰ ਨੀ।
ਦੱਸ ਕਿਹੜੀ ਰਾਤ ਜੀਹਦੀ ਹੋਵੇ ਨਾ ਸਵੇਰ ਨੀ।

ਪੰਨੇ ਇਤਿਹਾਸ ਦੇ ਤੂੰ ਫ਼ੋਲ ਪੜ੍ਹ ਵੇਖ ਨੀ।
ਸਦਾ ਕੁਰਬਾਨੀ ਲਿਖੀ ਕੌਮਾਂ ਵਾਲੇ ਲੇਖ ਨੀ।
ਚੜ੍ਹਿਆ ਆਕਾਸ਼ੀ ਰਹਿੰਦਾ ਸਦਾ ਨਾ ਹਨ੍ਹੇਰ ਨੀ।
ਦੱਸ ਕਿਹੜੀ ਰਾਤ ਜੀਹਦੀ ਹੋਵੇ ਨਾ ਸਵੇਰ ਨੀ।

ਕਿਹਾ ਫ਼ਰਜ਼ੰਦਾਂ ਦਸਮੇਸ਼ ਦੇ ਦੁਲਾਰਿਆਂ।
ਝੁਕਣਾ ਨਹੀਂ ਅਸਾਂ ਕਦੇ ਨੀਹਾਂ 'ਚ ਖਲ੍ਹਾਰਿਆਂ।
ਕਿਲ੍ਹਾ ਹੰਕਾਰ ਵਾਲਾ ਕਰਨਾ ਏਂ ਢੇਰ ਨੀ।
ਦੱਸ ਕਿਹੜੀ ਰਾਤ ਜੀਹਦੀ ਹੋਵੇ ਨਾ ਸਵੇਰ ਨੀ।

ਪੁੱਛਿਆ ਜੱਲਾਦ ਕੋਲੋਂ ਹੰਝੂ ਕਾਹਨੂੰ ਕੇਰਦਾ?
ਜਾਬਰਾ ਤੂੰ ਮਾਲਾ ਕਾਹਨੂੰ ਪੁੱਠੇ ਪਾਸੇ ਫੇਰਦਾ।
ਸ਼ੇਰਾਂ ਘਰ ਜੰਮਦੇ ਹਮੇਸ਼ਾਂ ਬਾਂਕੇ ਸ਼ੇਰ ਨੀ।
ਦੱਸ ਕਿਹੜੀ ਰਾਤ ਜੀਹਦੀ ਹੋਵੇ ਨਾ ਸਵੇਰ ਨੀ।

ਤੇਗ ਦੀ ਬਹਾਦਰੀ ਤੇ ਦਾਦੀ ਦੀਆਂ ਲੋਰੀਆਂ।
ਮਾਪਿਆਂ ਨੇ ਜੋੜੀਆਂ ਬਣਾ ਕੇ ਘਰੋਂ ਤੋਰੀਆਂ।
ਜ਼ਾਲਮਾਂ ਦੇ ਅੱਗੇ ਸਦਾ ਅੜਦੇ ਦਲੇਰ ਨੀ ।
ਦੱਸ ਕਿਹੜੀ ਰਾਤ ਜੀਹਦੀ ਹੋਵੇ ਨਾ ਸਵੇਰ ਨੀ।

*ਗੁਰਭਜਨ ਗਿੱਲ*

## ਅਧਿਆਇ-3

# "ਪਵਿੱਤਰ ਗੰਗਾ ਸਾਗਰ" ਬਾਰੇ ਰਾਏ ਅਜ਼ੀਜ਼ਉੱਲਾ ਖਾਨ ਦੇ ਦਿਲੀ ਉਦਗਾਰ

## 1.
## ਇਕ ਪਿਆਰ ਭਰਿਆ ਖਤ

(1998 ਦੌਰਾਨ ਜਲੰਧਰ ਤੋਂ ਛਪਣ ਵਾਲੇ ਪੰਜਾਬੀ ਅਖਬਾਰ "ਅਜੀਤ" ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਤੋਂ ਚੱਲ ਕੇ ਹਜ਼ੂਰ ਸਾਹਿਬ ਨਾਦੇੜ ਪੁੱਜਣ ਤੱਕ ਰਸਤੇ ਵਿਚ ਵਾਪਰੀਆਂ ਘਟਨਾਵਾਂ ਦਾ ਵੇਰਵਾ ਦਿੰਦੀ ਪ੍ਰਸਿੱਧ ਇਤਿਹਾਸਕਾਰ ਸ. ਨਿਰੰਜਨ ਸਿੰਘ 'ਸਾਥੀ' ਲਿਖਤ ਲੇਖ ਲੜੀ ਪ੍ਰਕਾਸ਼ਿਤ ਹੋ ਰਹੀ ਸੀ। ਜਨਾਬ ਰਾਏ ਅਜ਼ੀਜ਼ਉੱਲਾ ਨੇ ਇਹ ਲਿਖਤ ਬਹੁਤ ਪਿਆਰ ਅਤੇ ਧਿਆਨ ਨਾਲ ਪੜ੍ਹੀ ਅਤੇ ਇਸ ਬਾਰੇ ਆਪਣੀ ਟਿਪਣੀ ਲੇਖਕ ਨੂੰ ਇਕ ਖਤ ਵਿਚ ਲਿਖ ਕੇ ਭੇਜੀ। ਜਨਾਬ ਰਾਏ ਅਜ਼ੀਜ਼ਉੱਲਾ ਦਾ ਇਤਿਹਾਸਿਕ ਮਹੱਤਵ ਰੱਖਣ ਵਾਲਾ ਇਹ ਖਤ ਹੇਠਾਂ ਦਰਜ ਹੈ।)

*ਰਾਏ ਅਜ਼ੀਜ਼ ਉੱਲਾ ਖਾਨ,*<br>
*ਲਾਹੌਰ*<br>
*24, ਅਮੀਰ ਰੋਡ, ਬਿਲਾਲ ਗੰਜ,*<br>
*17.12.98*<br>
*ਲਾਹੌਰ - 54000*<br>
*(ਪਾਕਿਸਤਾਨ)*

ਸਤਿਕਾਰਯੋਗ ਨਿਰੰਜਨ ਸਿੰਘ ਸਾਥੀ ਜੀ,<br>
ਅਸਲਾਮ ਅਲੈਕਮ, ਸਤਿ ਸ੍ਰੀ ਅਕਾਲ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਜੀਵਨ ਦੀਆਂ ਅਭੁੱਲ ਘਟਨਾਵਾਂ ਸਬੰਧੀ ਆਪ ਜੀ ਵੱਲੋਂ ਅਜੀਤ ਜਲੰਧਰ ਵਿੱਚ ਲਿਖੇ ਲੇਖ ਪੜ੍ਹਨ ਦੀ ਖੁਸ਼ੀ ਹਾਸਲ ਹੋਈ ਅਤੇ ਇਹ ਜਾਣ ਕੇ ਮਾਣ ਵਧਿਆ ਕਿ ਖਾਲਸਾ ਜੀ ਆਪਣੇ ਇਤਿਹਾਸ ਨੂੰ ਹਰ ਪਲ ਸਾਂਭਣ ਦਾ ਵਧੀਆ ਕਾਰਜ ਕਰ ਰਿਹਾ ਹੈ। ਇਸ ਵੇਲੇ ਜਦ ਕਿ ਦੁਨੀਆ ਭਰ ਵਿੱਚ ਖਾਲਸੇ ਦੀ ਤੀਜੀ ਸਿਰਜਨਾ ਸਦੀ ਮਨਾਉਣ ਦੇ ਪ੍ਰੋਗਰਾਮ ਸ਼ੁਰੂ ਹੋ ਚੁੱਕੇ ਹਨ, ਇਹਨਾਂ ਲੇਖਾਂ ਦੀ ਅਹਿਮੀਅਤ ਹੋਰ ਵੀ ਵਧ ਗਈ ਹੈ। ਰਾਏਕੋਟ ਦੇ ਰਾਏ ਪਰਿਵਾਰ ਬਾਰੇ ਜਾਣਕਾਰੀ ਭਰਪੂਰ ਲੇਖ ਲਿਖ ਕੇ ਆਪ ਨੇ ਜਿੱਥੇ ਮੇਰੇ ਖਾਨਦਾਨ ਦੇ ਵੱਡਿਆਂ ਦੀ ਦਸਮ ਪਾਤਸ਼ਾਹ ਨਾਲ ਨੇੜਤਾ ਅਤੇ ਉਹਨਾਂ ਉੱਤੇ ਗੁਰੂ ਸਾਹਿਬ ਦੀਆਂ ਬਖ਼ਸ਼ਿਸ਼ਾਂ ਤੋਂ ਪਾਠਕਾਂ ਨੂੰ ਜਾਣੂ ਕਰਵਾਉਣ ਦਾ ਸੁਚੱਜਾ ਯਤਨ ਕੀਤਾ ਹੈ, ਉੱਥੇ ਹੀ ਆਪ ਜੀ ਨੇ ਸਿੱਖ-ਮੁਸਲਿਮ ਸਾਂਝ ਦੇ ਸੁਨਹਿਰੀ ਪੰਨਿਆਂ ਨੂੰ

ਵੀ ਪੂਰੀ ਦੁਨੀਆ ਦੇ ਸਨਮੁੱਖ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਗੰਗਾ ਸਾਗਰ ਦੇ ਸੰਬੰਧ ਵਿੱਚ ਇਲਿਆਸ ਘੁੰਮਣ ਦੇ ਲੇਖ "ਗੰਗਾ ਸਾਗਰ ਪਰਵਾਸੀ ਬਣਿਆ" ਵੀ ਅਜੀਤ ਵਿੱਚ ਛਪਿਆ ਸੀ। ਇਹਨਾਂ ਲੇਖਾਂ ਦੇ ਛਪਣ ਮਗਰੋਂ ਮੈਨੂੰ ਪੂਰੀ ਦੁਨੀਆਂ ਤੋਂ ਪਿਆਰ ਭਰੇ ਪੱਤਰ ਮਿਲ ਰਹੇ ਹਨ। ਇਹ ਲੇਖ ਲਿਖਣ ਵਾਲੇ ਦੋਹਾਂ ਵਿਦਵਾਨਾਂ ਦੇ ਨਾਲ ਨਾਲ ਮੈਂ ਅਜੀਤ, ਜਲੰਧਰ, ਦਾ ਵੀ ਬਹੁਤ ਸ਼ੁਕਰ-ਗੁਜ਼ਾਰ ਹਾਂ।

ਤਾਰੀਫ ਕਰਨ ਤੋਂ ਇਲਾਵਾ ਉਪਰੋਕਤ ਲੇਖਾਂ ਉੱਤੇ ਕੋਈ ਹੋਰ ਤਬਸਰਾ ਕਰਨਾ ਮੇਰੇ ਲਈ ਮੁਮਕਿਨ ਨਹੀਂ, ਪਰ ਰਿਕਾਰਡ ਦੀ ਸੋਧ ਲਈ ਨਿਮਰਤਾ ਸਹਿਤ ਕੁਝ ਬੇਨਤੀਆਂ ਜਰੂਰ ਕਰਾਂਗਾ।

6 ਨਵੰਬਰ ਅਤੇ 20 ਨਵੰਬਰ 1998 ਨੂੰ ਛਪੀਆਂ ਦੋਹਾਂ ਕਿਸ਼ਤਾਂ ਵਿੱਚ ਮੇਰੇ ਪਰਿਵਾਰ ਦੇ ਵਡਕੇ ਰਾਏ ਕੱਲ੍ਹਾ ਜੀ ਨੂੰ ਦਸਮ ਪਾਤਸ਼ਾਹ ਦੇ ਰੂਬਰੂ ਆਪਣੇ ਮੂੰਹੋਂ ਆਪਣੇ-ਆਪ ਨੂੰ 'ਤੁਰਕ' ਕਹਿੰਦੇ ਲਿਖਿਆ ਗਿਆ ਹੈ ਜੋ ਠੀਕ ਨਹੀਂ। ਰਾਏਕੋਟ ਦਾ ਰਾਏ ਪਰਿਵਾਰ ਭਟਨੇਰ, ਜੈਸਲਮੇਰ (ਰਾਜਸਥਾਨ) ਦੇ ਰਾਜਪੂਤਾਂ ਵਿੱਚੋਂ ਹੈ। 30 ਅਕਤੂਬਰ 1998 ਨੂੰ ਛਪੀ ਕਿਸ਼ਤ ਵਿੱਚ ਤੁਸੀਂ ਵੀ ਇਹੀ ਜਾਣਕਾਰੀ ਦਿੱਤੀ ਸੀ ਪਰ ਬਾਅਦ ਦੀਆਂ ਕਿਸ਼ਤਾਂ ਵਿੱਚ ਇੰਞ ਨਹੀਂ ਹੋ ਸਕਿਆ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਸੂਚਨਾ ਮਿਲਣ ਉੱਤੇ ਜਦ ਦਸਮ ਪਾਤਸ਼ਾਹ ਨੇ 'ਤੁਰਕ ਰਾਜ ਦੀ ਜੜ੍ਹ ਪੁੱਟੀ ਗਈ' ਦੀ ਪੇਸ਼ੀਨਗੋਈ ਕੀਤੀ ਸੀ ਤਾਂ ਉਸ ਵੇਲੇ ਰਾਏ ਕੱਲ੍ਹਾ ਜੀ ਦੇ ਬੋਲੇ ਸ਼ਬਦਾਂ ਨੂੰ 'ਸ੍ਰੀ ਕਲਗੀਧਰ ਚਮਤਕਾਰ' ਵਿੱਚੋਂ ਪੜ੍ਹਿਆ ਜਾ ਸਕਦਾ ਹੈ ਜੋ ਇਸ ਪ੍ਰਕਾਰ ਹਨਃ

'ਰਾਏ ਕੰਬਿਆ, ਡਰਿਆ, ਮੈਂ ਵੀ ਹੁਣ ਮੁਸਲਮਾਨਾਂ ਵਿੱਚ ਸ਼ੁਮਾਰ ਹਾਂ, ਕੀ ਮੇਰਾ ਰਾਜ ਵੀ ਗਿਆ', ਇਹ ਸੋਚ ਕੇ ਬੋਲਿਆ, "ਪਾਤਸ਼ਾਹ! ਮੈਨੂੰ ਰੱਖ ਲਿਆ ਜੇ।"

ਗੁਰੂ ਜੀ, "ਦੇਖ ਕੱਲ੍ਹਾ, ਤੂੰ ਸਾਨੂੰ ਪਿਆਰ ਕੀਤਾ ਹੈ, ਤੈਨੂੰ ਰੱਖ ਲਿਆ ਹੈ।"

ਮੁਗਲ ਹਾਕਮਾਂ ਨਾਲ ਰਾਏ ਪਰਿਵਾਰ ਤੇ ਇਤਿਹਾਸਿਕ ਸੰਬੰਧਾਂ ਤੋਂ ਜਾਣੂ ਕਰਵਾਉਣ ਲਈ ਮੈਂ ਸਿਰਫ ਇਹ ਮਿਸਾਲ ਦੇਵਾਂਗਾ ਕਿ ਛੋਟੀ ਉਮਰ ਵਿੱਚ ਮੇਰੇ ਮਾਂ ਬਾਪ ਗੁਜ਼ਰ ਗਏ ਸਨ ਅਤੇ ਘਰ ਵਿੱਚ ਇਕੱਲੀ ਰਹਿ ਗਈ ਮੇਰੀ ਬਿਰਧ ਦਾਦੀ ਮਾਂ ਦਸਮ ਪਾਤਸ਼ਾਹ ਜੀ ਦੀ ਦਿੱਤੀ ਦਾਤ 'ਗੰਗਾ ਸਾਗਰ' ਸੰਬੰਧੀ ਜਾਣਕਾਰੀ ਦੇਣ ਦੇ ਨਾਲ ਨਾਲ ਆਪਣੇ ਪਰਿਵਾਰਕ ਇਤਿਹਾਸ ਅਤੇ ਰਾਜਪੂਤੀ ਰਸਮ-ਰਿਵਾਜ ਬਾਰੇ ਮੈਨੂੰ ਦੱਸਦੇ ਹੋਏ ਉਹ ਅਕਸਰ ਆਖਦੇ ਹੁੰਦੇ ਸਨ ਕਿ ਮੁਗਲ ਬਾਦਸ਼ਾਹ ਅਕਬਰ ਨੇ ਉਸ ਵੇਲੇ ਦੇ ਰਾਏਕੋਟ ਰਿਆਸਤ ਦੇ ਮਾਲਕ ਨੂੰ ਇਸ ਲਈ ਮਰਵਾ ਦਿੱਤਾ ਸੀ ਕਿ ਉਸਨੇ ਬਾਦਸ਼ਾਹ ਨੂੰ ਆਪਣੀ ਲੜਕੀ ਦਾ ਰਿਸ਼ਤਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਉਸ ਵੇਲੇ ਤਾਂ ਮੈਨੂੰ ਛੋਟੀ ਉਮਰ ਹੋਣ ਕਾਰਨ ਇਸ ਗੱਲ ਦੀ ਅਹਿਮੀਅਤ ਦਾ ਪੂਰਾ ਅਹਿਸਾਸ ਨਹੀਂ ਸੀ ਪਰ ਬਾਅਦ ਵਿੱਚ ਜਦ ਇਸੇ ਇਤਿਹਾਸਿਕ ਘਟਨਾ ਬਾਰੇ ਮੈਂ 1904 ਦੇ ਲੁਧਿਆਣਾ ਜ਼ਿਲੇ ਦੇ ਸਰਕਾਰੀ ਗੈਜ਼ਟੀਅਰ ਵਿੱਚ ਪੜ੍ਹਿਆ ਤਾਂ ਇਸ ਉੱਤੇ ਮੇਰਾ ਵਿਸ਼ਵਾਸ ਪੱਕਾ ਹੋ ਗਿਆ। ਇਥੇ ਇਹ ਦੱਸਣਾ ਵੀ ਜਰੂਰੀ ਹੈ ਰਾਏ ਕੱਲ੍ਹਾ ਜੀ ਸੱਚੇ ਤੇ ਸੁੱਚੇ ਮੁਸਲਮਾਨ ਸਨ। ਮੁਗਲਾਂ ਦੇ ਟਾਕਰੇ ਵਿੱਚ ਦਸਮ

ਪਾਤਸ਼ਾਹ ਦਾ ਸਾਥ ਦੇਣ ਦਾ ਫੈਸਲਾ ਕਰਨਾ ਇਹ ਸਪਸ਼ਟ ਕਰਦਾ ਹੈ ਕਿ ਰਾਏ ਕੱਲ੍ਹਾ ਜੀ ਨੇ ਜਾਣ ਲਿਆ ਸੀ ਕਿ ਇਸ ਵੇਲੇ ਸੱਚਾ ਕੌਣ ਹੈ? ਜ਼ਾਲਮ ਕੌਣ ਹੈ? ਤੇ ਮਜ਼ਲੂਮ ਕੌਣ ਹੈ? ਰਾਏਕੋਟ ਰਿਆਸਤ ਕੀ, ਪੂਰੇ ਰਾਏ ਪਰਿਵਾਰ ਦੀਆਂ ਜਾਨਾਂ ਵੀ ਖਤਰੇ ਵਿੱਚ ਪਾ ਕੇ ਪੂਰੇ ਸਤਿਕਾਰ ਨਾਲ ਦਸਮ ਪਾਤਸ਼ਾਹ ਜੀ ਦੀ ਸੇਵਾ ਕਰਨ ਦਾ ਰਾਏ ਕੱਲ੍ਹਾ ਜੀ ਨੇ ਉਸ ਵੇਲੇ ਜੋ ਫੈਸਲਾ ਕੀਤਾ ਸੀ, ਉਸ ਉੱਤੇ ਰਾਏ ਪਰਿਵਾਰ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਹਮੇਸ਼ਾ ਮਾਣ ਕਰਦੀਆਂ ਰਹਿਣਗੀਆਂ।

20 ਨਵੰਬਰ, 1998 ਨੂੰ ਛਪੀ ਕਿਸ਼ਤ ਵਿੱਚ ਰਾਏ ਇਮਾਮ ਬਖਸ਼ ਜੀ ਨੂੰ ਰਾਣੀ ਭਾਗਭਰੀ ਜੀ ਦਾ ਕੇਵਲ ਪਾਲਿਕ ਪੁੱਤਰ ਅਤੇ ਵਾਰਸ ਲਿਖਿਆ ਗਿਆ ਹੈ ਜਦ ਕਿ ਰਾਏ ਪਰਿਵਾਰ ਦੇ ਬਣੇ ਇਹ ਆਗੂ ਰਾਣੀ ਭਾਗ ਭਰੀ ਦੇ ਸਕੇ ਭਰਾ ਦੇ ਲੜਕੇ ਅਤੇ ਦਸਮ ਪਾਤਸ਼ਾਹ ਜੀ ਦੀ ਸੇਵਾ ਕਰਨ ਦਾ ਮਾਣ ਪ੍ਰਾਪਤ ਕਰਨ ਵਾਲੇ ਰਾਏ ਕੱਲ੍ਹਾ ਜੀ ਦੇ ਖਾਨਦਾਨ ਵਿੱਚੋਂ ਸਨ।

ਰਾਏ ਇਮਾਮ ਬਖਸ਼ ਵੇਲੇ ਅੰਗਰੇਜ਼ ਹਾਕਮਾਂ ਨੂੰ ਗੁਰੂ ਸਾਹਿਬ ਦੀ ਬਖਸ਼ੀ ਕ੍ਰਿਪਾਨ ਆਪਣੀ ਖੁਸ਼ੀ ਨਾਲ ਦੇਣ ਬਾਰੇ ਵੀ ਲਿਖਿਆ ਗਿਆ ਹੈ ਜੋ ਕਿ ਠੀਕ ਨਹੀਂ। ਇਸ ਲੇਖ ਵਿੱਚ ਹੀ ਲਿਖਿਆ ਗਿਆ ਹੈ ਕਿ ਰਾਣੀ ਭਾਗ ਭਰੀ ਨੇ ਮਹਾਰਾਜਾ ਰਣਜੀਤ ਸਿੰਘ ਤੇ ਮਹਾਰਾਜਾ ਪਟਿਆਲਾ ਨੂੰ ਗੁਰੂ ਸਾਹਿਬ ਦੀਆਂ ਇਤਿਹਾਸਿਕ ਨਿਸ਼ਾਨੀਆਂ ਕਿਸੇ ਵੀ ਕੀਮਤ 'ਤੇ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ ਸੀ। ਰਾਏ ਪਰਿਵਾਰ ਨੇ ਗੁਰੂ ਸਾਹਿਬ ਦੀਆਂ ਬਖਸ਼ੀਆਂ ਨਿਸ਼ਾਨੀਆਂ ਨੂੰ ਆਪਣੇ ਤੋਂ ਜੁਦਾ ਕਰਨ ਦਾ ਕਦੇ ਸੋਚਿਆ ਵੀ ਨਹੀਂ ਸੀ।

ਮੈਨੂੰ ਆਪਣੇ ਬਜ਼ੁਰਗਾਂ ਦੇ ਇਹਨਾਂ ਵਿਚਾਰਾਂ ਤੇ ਬਹੁਤ ਮਾਣ ਹੈ। ਇਸੇ ਕਰਕੇ ਹੀ ਪਰਿਵਾਰ ਨੂੰ ਕਾਫੀ ਨੁਕਸਾਨ ਵੀ ਉਠਾਉਣਾ ਪਿਆ, ਜਿਵੇਂ ਕਿ ਰਾਏਕੋਟ ਦੀ ਉਹ ਵਿਸ਼ਾਲ ਰਿਆਸਤ ਜਿਹੜੀ ਕਦੇ 1300 ਪਿੰਡਾਂ ਉੱਤੇ ਆਧਾਰਿਤ ਸੀ, ਰਾਣੀ ਭਾਗਪੁਰੀ ਦੇ ਵੇਲੇ ਖੁਸ ਗਈ ਅਤੇ ਗੁਜਾਰੇ ਲਈ ਰਾਏ ਪਰਿਵਾਰ ਕੋਲ ਕੇਵਲ ਪੰਜ ਪਿੰਡ ਰਹਿਣ ਦਿੱਤੇ ਗਏ। ਬਾਅਦ ਵਿੱਚ ਵੀ ਅਨੇਕਾਂ ਵਾਰ ਗੁਰੂ ਸਾਹਿਬ ਦੀਆਂ ਬਖਸ਼ੀਆਂ ਨਿਸ਼ਾਨੀਆਂ ਲਈ ਪਰਿਵਾਰ ਦੇ ਮੋਹਰੀਆਂ ਨੂੰ ਭਾਰੀ ਰਕਮਾਂ ਦੀ ਪੇਸ਼ਕਸ਼ ਹੁੰਦੀ ਰਹੀ, ਜਿਸ ਨੂੰ ਕਬੂਲਣ ਤੋਂ ਇਨਕਾਰ ਕਰਦੇ ਰਹੇ।

ਅੰਗਰੇਜ਼ ਹਾਕਮਾਂ ਦੀ ਨੀਤੀ ਬਿਲਕੁਲ ਹੋਰ ਪ੍ਰਕਾਰ ਦੀ ਹੁੰਦੀ ਸੀ। ਇਤਿਹਾਸਕ ਮਹੱਤਤਾ ਰੱਖਣ ਵਾਲੀਆਂ ਅਣਮੁੱਲੀਆਂ ਵਸਤਾਂ ਕਿਸੇ ਵੀ ਢੰਗ ਨਾਲ ਹਾਸਲ ਕਰਕੇ ਉਹ ਆਪਣੀਆਂ ਦਸਤਾਵੇਜ਼ਾਂ ਵਿੱਚ ਜਾਹਰ ਕਰਦੇ ਸਨ ਕਿ ਉਹਨਾਂ ਦੇ ਮਾਲਕਾਂ ਨੇ ਇਹ ਸ਼ੈਆਂ ਸਾਨੂੰ ਤੋਹਫੇ ਵਜੋਂ ਦਿੱਤੀਆਂ ਹਨ। ਕੋਹੇਨੂਰ ਹੀਰੇ ਸਮੇਤ ਇਸ ਤਰ੍ਹਾਂ ਦੀਆਂ ਕਈ ਮਿਸਾਲਾਂ ਸਾਡੇ ਸਾਹਮਣੇ ਹਨ।

ਮੇਰੇ ਪਰਿਵਾਰਕ ਰਿਕਾਰਡ ਅਨੁਸਾਰ 1854 ਵਿੱਚ ਰਾਣੀ ਭਾਗਭਰੀ ਦੇ ਗੁਜ਼ਰ ਜਾਣ ਤੋਂ ਬਾਅਦ ਅੰਗਰੇਜ਼ ਹਾਕਮ, ਰਾਣੀ ਜੀ ਦੇ ਜਾਨਸ਼ੀਨ ਤੇ ਵਾਰਸ ਰਾਏ ਇਮਾਮ ਬਖਸ਼ ਕੋਲੋਂ

ਆਪਣੀ ਸਰਕਾਰ ਦੇ ਜੋਰ ਨਾਲ ਗੁਰੂ ਸਾਹਿਬ ਦੀ ਬਖਸ਼ੀ ਕ੍ਰਿਪਾਨ ਲੈ ਲੈਣ ਵਿੱਚ ਸਫਲ ਹੋ ਗਏ ਸਨ ਪਰ ਰਾਏ ਪਰਿਵਾਰ ਗੁਰੂ ਸਾਹਿਬ ਦੇ ਬਖਸ਼ੇ 'ਗੰਗਾ ਸਾਗਰ' ਨੂੰ ਉਸ ਦੌਰ ਵਿੱਚ ਵੀ ਆਪਣੇ ਕੋਲ ਸੁਰੱਖਿਅਤ ਰੱਖਣ ਵਿੱਚ ਕਾਮਯਾਬ ਰਿਹਾ ਸੀ ਜੋ ਕਿ ਹੁਣ ਤੱਕ ਇਸੇ ਪਰਿਵਾਰ ਵਿੱਚ ਹੀ ਹੈ।

1947 ਤੱਕ ਗੁਰੂ ਸਾਹਿਬ ਦੀ ਇਹ ਪਵਿੱਤਰ ਨਿਸ਼ਾਨੀ ਰਾਏ ਪਰਿਵਾਰ ਦੇ ਮੁਖੀ ਮੇਰੇ ਦਾਦਾ ਜੀ ਖਾਨ ਬਹਾਦਰ ਰਾਏ ਇਨਾਇਤ ਖਾਨ ਦੇ ਕੋਲ ਰਾਏਕੋਟ (ਜ਼ਿਲਾ ਲੁਧਿਆਣਾ) ਵਿੱਚ ਮੌਜੂਦ ਸੀ ਤੇ ਉਹ ਸਾਲ ਵਿੱਚ ਇੱਕ ਵਾਰ ਸ਼ਰਧਾ ਤੇ ਪਿਆਰ ਨਾਲ ਆਈਆਂ ਸੰਗਤਾਂ ਨੂੰ 'ਗੰਗਾ ਸਾਗਰ' ਦੇ ਦਰਸ਼ਨ ਕਰਾਉਂਦੇ ਹੁੰਦੇ ਸਨ।

ਜੋ ਅਹਿਮ ਗੱਲਾਂ ਲੇਖ ਵਿੱਚ ਨਹੀਂ ਆ ਸਕੀਆਂ, ਉਹਨਾਂ ਦਾ ਜ਼ਿਕਰ ਕਰਨਾ ਵੀ ਜਰੂਰੀ ਸਮਝਦਾ ਹਾਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰਾਏ ਕੱਲ੍ਹਾ ਜੀ ਨੂੰ ਦੋ ਨਹੀਂ, ਤਿੰਨ ਵਸਤਾਂ ਬਖਸ਼ੀਆਂ ਸਨ (ਜਿਨ੍ਹਾਂ ਬਾਰੇ ਮਹਾਨ ਕੋਸ਼ ਵਿੱਚ ਵੀ ਜਾਣਕਾਰੀ ਦਿੱਤੀ ਗਈ ਹੈ) ਵੇਰਵਾ ਇਸ ਪ੍ਰਕਾਰ ਹੈ:

1. ਗੰਗਾ ਸਾਗਰ (ਸੁਰਾਹੀ ਨੁਮਾ ਧਾਤੀ ਵਰਤਨ)
2. ਖੜਗ (ਗੁਰੂ ਸਾਹਿਬ ਜੀ ਦੀ ਕ੍ਰਿਪਾਨ)
3. ਪੋਥੀ ਖੋਲ੍ਹ ਕੇ ਰੱਖਣ ਵਾਲੀ ਰਿਹਲ।

ਗੁਰੂ ਸਾਹਿਬ ਦੀ ਕ੍ਰਿਪਾਨ ਤੇ ਸਾਡੇ ਪਰਿਵਾਰ ਤੋਂ ਲੈ ਲਈ ਗਈ, ਰਿਹਲ ਲੱਕੜੀ ਦੀ ਹੋਣ ਕਰਕੇ ਜ਼ਿਆਦਾ ਦੇਰ ਸੁਰੱਖਿਅਤ ਨਹੀਂ ਰਹਿ ਸਕੀ; ਪਰ ਪਿਛਲੇ ਲਗਭਗ 300 ਸਾਲਾਂ ਤੋਂ 'ਗੰਗਾ ਸਾਗਰ' ਰਾਏ ਪਰਿਵਾਰ ਕੋਲ ਹੀ ਸੁਰੱਖਿਅਤ ਮੌਜੂਦ ਹੈ ਜੋ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਿਜੀ ਵਰਤੋਂ ਵਿੱਚ ਰਿਹਾ ਅਤੇ ਜਿਸ ਨੂੰ ਗੁਰੂ ਸਾਹਿਬ ਦੀ ਛੋਹ ਪ੍ਰਾਪਤ ਹੈ।

ਧਾਤ ਦੇ ਬਣੇ ਇਸ ਬਰਤਨ ਵਿੱਚ ਰੇਤਾ ਪਾਓ ਤਾਂ ਉਹ ਕਿਰ ਜਾਂਦਾ ਹੈ ਪਰ ਪਾਣੀ ਆਦਿ ਤਰਲ ਚੀਜ਼ ਪਾਓ ਤਾਂ ਉਹ ਇਸ ਵਿੱਚ ਟਿਕੀ ਰਹਿੰਦੀ ਹੈ। ਭਰਨ ਵੇਲੇ ਕੁਝ ਕਤਰੇ ਡਿੱਗਦੇ ਹਨ। ਇਸਦੀ ਮੁਨਾਸਬ ਸੁਰੱਖਿਆ ਰੱਖਣ ਦੇ ਖਿਆਲ ਨਾਲ ਮੈਂ 'ਗੰਗਾ ਸਾਗਰ' ਨੂੰ ਇੰਗਲੈਂਡ ਦੇ ਇੱਕ ਬੈਂਕ ਦੇ ਲਾਕਰ ਵਿੱਚ ਬੜੇ ਹੀ ਸਤਿਕਾਰ ਨਾਲ ਰਖਵਾਇਆ ਹੋਇਆ ਹੈ ਅਤੇ ਇਸ ਨੂੰ ਸਿਰਫ ਉਸ ਵੇਲੇ ਹੀ ਬਾਹਰ ਲਿਆਂਦਾ ਜਾਂਦਾ ਹੈ ਜਦ ਕਿਤੇ ਸੰਗਤਾਂ ਨੂੰ ਇਸ ਦੇ ਦਰਸ਼ਨ ਕਰਾਉਣੇ ਹੋਣ। 1947 ਤੋਂ ਬਾਅਦ 1994 ਵਿੱਚ ਪਹਿਲੀ ਵਾਰ ਦਰਸ਼ਨ ਕਰਵਾਏ ਗਏ। ਮੈਂ ਹੁਣ ਤੱਕ ਬਰਤਾਨੀਆ, ਅਮਰੀਕਾ, ਸਿੰਘਾਪੁਰ, ਮਲੇਸ਼ੀਆ, ਆਸਟਰੇਲੀਆ ਤੇ ਨਿਊਜ਼ੀਲੈਂਡ ਵਿੱਚ ਸੰਗਤਾਂ ਨੂੰ ਦਰਸ਼ਨ ਕਰਵਾ ਕੇ ਆਪਣੇ ਪਰਿਵਾਰ ਦੀ ਇਸ ਪੁਰਾਣੀ ਰੀਤ ਨੂੰ ਚਲਾ ਰਿਹਾ ਹਾਂ। ਗੰਗਾ ਸਾਗਰ ਬੜੇ ਹੀ ਪਿਆਰ ਤੇ ਕਮਾਲ ਮੁਹਾਰਤ ਨਾਲ ਬਣਾਇਆ ਹੋਇਆ ਇਕ ਧਾਤੀ ਵਰਤਨ ਹੈ ਪਰ ਮੇਰੇ ਲਈ ਇਸ ਦੀ ਸਭ ਤੋਂ ਵੱਡੀ ਮਹੱਤਤਾ ਇਹੀ ਹੈ ਕਿ ਇਸ ਨੂੰ ਦਸਮ ਪਾਤਸ਼ਾਹ ਦੀ ਪਾਵਨ ਛੋਹ ਪ੍ਰਾਪਤ ਹੁੰਦੀ ਰਹੀ ਹੈ। ਇਸ ਦੀ ਥਾਂ ਜੇ ਗੁਰੂ ਸਾਹਿਬ ਇੱਕ ਮਿੱਟੀ ਦਾ ਪਿਆਲਾ ਹੀ ਬਖਸ਼ ਦਿੰਦੇ ਤਾਂ

ਉਸ ਦਾ ਵੀ ਮੇਰੇ ਦਿਲ ਵਿੱਚ ਏਨਾ ਹੀ ਮਾਣ ਅਤੇ ਸਤਿਕਾਰ ਹੁੰਦਾ। ਮੇਰੀ ਇਹ ਇੱਛਾ ਹੈ ਕਿ ਜਿਵੇਂ ਕੁਦਰਤ ਨੇ ਮੇਰੇ ਬਜ਼ੁਰਗਾਂ ਵਾਂਗ ਮੈਨੂੰ ਵੀ ਗੁਰੂ ਮਹਾਰਾਜ ਦੀ ਇਸ ਅਦੁਤੀ ਦਾਤ ਦੀ ਸੇਵਾ ਸੰਭਾਲ ਕਰਨ ਦਾ ਮਾਣ ਬਖਸ਼ਿਆ ਹੈ ਉਵੇਂ ਹੀ ਮੇਰੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਇਹ ਸੁਭਾਗ ਪ੍ਰਾਪਤ ਕਰਦੀਆਂ ਰਹਿਣ ਅਤੇ ਪੂਰੇ ਵਿਸ਼ਵ ਵਿੱਚ ਵੱਖ ਵੱਖ ਧਰਮਾਂ ਨੂੰ ਮੰਨਣ ਵਾਲਿਆਂ ਤੱਕ ਮਨੁੱਖਤਾ ਦੇ ਨਾਤੇ ਸਾਂਝ ਤੇ ਮੁਹੱਬਤ ਦਾ ਪੈਗਾਮ 'ਗੰਗਾ ਸਾਗਰ' ਰਾਹੀਂ ਪਹੁੰਚਦਾ ਰਹੇ।

*-ਰਾਏ ਅਜੀਜ਼ਉੱਲਾ ਖਾਨ*

***

## 2.

## ਸ੍ਰੀ ਅਨੰਦਪੁਰ ਸਾਹਿਬ ਵਿਖੇ 1999 ਦੀ ਵਿਸਾਖੀ ਮੌਕੇ ਸਿੱਖ ਪੰਥ ਵਲੋਂ ਮਿਲਿਆ ਸਨਮਾਨ ਹਮੇਸ਼ਾ ਯਾਦ ਰਹੇਗਾ

(ਕਲਗੀਧਰ ਦਸ਼ਮੇਸ਼ ਪਿਤਾ ਦੀ ਪਵਿੱਤਰ ਛੋਹ ਪ੍ਰਾਪਤ 'ਗੰਗਾ ਸਾਗਰ' ਦੀ ਸਾਂਭ ਸੰਭਾਲ ਕਰਨ ਵਾਲੇ ਰਾਏ ਅਜ਼ੀਜ਼ਉੱਲਾ ਖਾਂ ਨਾਲ ਇੰਟਰਵਿਊ --**ਅਮੀਨ ਮਲਿਕ**)

ਰਾਏ ਅਜੀਜ਼ਉਲਾ ਖਾਨ ਜੀ ਨਾਲ ਮੁਲਾਕਾਤ ਕਰਨ ਦਾ ਸੁਭਾਗ ਤਾਂ ਮੈਂ ਪਹਿਲਾਂ ਵੀ ਕਈ ਵਾਰ ਪ੍ਰਾਪਤ ਕਰ ਚੁੱਕਾ ਹਾਂ ਪਰ ਵਿਸਥਾਰ ਨਾਲ ਗੱਲਬਾਤ ਕਰਨ ਦੀ ਮੇਰੀ ਖਾਹਿਸ਼ ਉਹਨਾਂ ਦੀ ਇਸ ਲੰਡਨ ਫੇਰੀ ਮੌਕੇ ਹੀ ਪੂਰੀ ਹੋਈ। ਦਸਮ ਪਾਤਸ਼ਾਹ ਦੀ ਬਖਸ਼ੀ ਅਦੁੱਤੀ ਦਾਤ "ਗੰਗਾ ਸਾਗਰ" ਦੀ ਅੱਜ ਕੱਲ ਬੜੇ ਸਤਿਕਾਰ ਨਾਲ ਸੇਵਾ ਸੰਭਾਲ ਕਰ ਰਹੇ ਰਾਏ ਅਜ਼ੀਜ਼ਉਲਾ ਖਾਨ ਜੀ ਸਿੱਖ-ਮੁਸਲਿਮ ਸਾਂਝ ਦਾ ਪ੍ਰਤੀਕ ਬਣ ਚੁੱਕੇ ਹਨ। ਉਹਨਾਂ ਨਾਲ ਕੀਤੀ ਗੱਲਬਾਤ ਪਾਠਕਾਂ ਲਈ ਪੇਸ਼ ਹੈ

**ਸਵਾਲ**: ਰਾਏ ਸਾਹਿਬ! ਆਪਣੇ ਪਰਿਵਾਰਕ ਇਤਿਹਾਸ ਉਤੇ ਚਾਨਣਾ ਪਾਉਣ ਦੀ ਕ੍ਰਿਪਾਲਤਾ ਕਰੋ ਜੀ।

**ਜਵਾਬ** - ਸ਼ੁਕਰੀਆ, ਸਾਡਾ ਪਰਿਵਾਰ ਰਾਏਕੋਟ (ਜ਼ਿਲ੍ਹਾ ਲੁਧਿਆਣਾ) ਦੇ ਰਾਏ ਪਰਵਾਰ ਕਰਕੇ ਜਾਣਿਆ ਜਾਂਦਾ ਹੈ। ਸਾਡੇ ਵਡੇਰੇ ਰਾਜਸਥਾਨ ਦੇ ਰਾਜੇ ਜੈਸਲ ਦੀ ਵੰਸ਼ ਵਿਚੋਂ ਸਨ। ਉਹਨਾਂ ਵਿਚੋਂ ਹੀ ਮੋਕਲ ਨਾਉਂ ਦਾ ਇਕ ਹਿੰਦੂ ਰਾਜਪੂਤ ਰਾਜਸਥਾਨ ਤੋਂ ਨਿਕਲ ਕੇ ਪੰਜਾਬ ਆ ਗਿਆ। ਇਥੇ ਉਸ ਨੇ "ਤਿਹਾੜੇ ਹਠੂਰ ਰਾਜ" ਵਿਚ ਪਿੰਡ "ਚੱਕਰ" ਵਿਖੇ ਰਿਹਾਇਸ਼ ਕਰ ਲਈ। ਮੋਕਲ ਤੋਂ ਕੋਈ ਚਾਰ ਪੀੜ੍ਹੀਆਂ ਬਾਅਦ ਰਾਏ ਤੁਲਸੀ ਦਾਸ ਦਾ ਜਨਮ ਹੋਇਆ। ਰਾਏ ਤੁਲਸੀ ਦਾਸ ਹੀ ਉਹ ਪਹਿਲਾ ਵਿਅਕਤੀ ਸੀ ਜਿਸ ਨੇ ਅੱਜ ਤੋਂ ਲੱਗਪੱਗ 650 ਸਾਲ ਪਹਿਲਾਂ ਇਸਲਾਮ ਧਰਮ ਕਬੂਲ ਕੀਤਾ। ਰਾਏ ਤੁਲਸੀ ਦਾਸ ਨੇ ਮਖਦੂਮ ਜਹਾਨੀਆਂ ਜਹਾਨ ਗਸ਼ਤ ਨਾਉਂ ਦੇ ਜਿਸ ਉਘੇ ਸੂਫੀ ਦਰਵੇਸ਼ ਦੇ ਹੱਥੀਂ ਇਸਲਾਮ ਕਬੂਲ ਕੀਤਾ, ਇਤਿਹਾਸ ਵਿਚ ਉੱਚ ਦੇ ਪੀਰ ਵਜੋਂ ਜਾਣੇ ਜਾਂਦੇ ਹਨ। ਅੱਜ ਵੀ ਪੱਛਮੀ ਪੰਜਾਬ ਦੇ ਪੁਰਾਣੇ ਨਗਰ "ਉੱਚ ਸ਼ਰੀਫ" ਵਿਖੇ ਮਖਦੂਮ ਜਹਾਨੀਆਂ ਜਹਾਨ ਗਸ਼ਤ ਦੇ ਪਵਿੱਤਰ ਮਜ਼ਾਰ ਕੋਲ ਰਾਏ ਤੁਲਸੀ ਦਾਸ ਜੀ ਦੀ ਕਬਰ ਵੇਖੀ ਜਾ ਸਕਦੀ ਹੈ।

ਸਾਡੇ ਪਰਿਵਾਰ ਵਿਚ ਜਿਹੜੀਆਂ ਹੋਰ ਨਾਮਵਰ ਹਸਤੀਆਂ ਨੇ ਜਨਮ ਲਿਆ ਉਹਨਾਂ ਵਿਚ ਅੱਜ ਤੋਂ ਕੋਈ 500 ਸਾਲ ਪਹਿਲਾਂ ਹੋਏ ਰਾਏ ਕਮਾਲ ਦੀਨ (ਪਹਿਲਾ) ਸ਼ਾਮਲ ਸਨ। ਇਸੇ ਪਰਿਵਾਰ ਵਿਚ ਰਾਏ ਅਹਿਮਦ ਨੇ ਵੀ ਜਨਮ ਲਿਆ ਜਿਸ ਨੇ 1648 ਈ. ਵਿਚ ਰਾਏਕੋਟ ਵਸਾਇਆ। ਅਜੋਕਾ ਪ੍ਰਸਿੱਧ ਨਗਰ ਜਗਰਾਉਂ (ਰਾਵਾਂ ਦਾ ਜੱਗ) ਵਸਾਉਣ ਵਾਲੇ ਰਾਏ ਕਮਾਲ ਦੀਨ (ਦੂਸਰਾ) ਵੀ ਇਸੇ ਪਰਿਵਾਰ ਵਿਚੋਂ ਹੀ ਸਨ। ਸਦੀਆਂ ਤੋਂ ਸਾਡੇ ਪਰਿਵਾਰ ਦੀ ਜਾਗੀਰ ਰਾਏਕੋਟ ਰਿਆਸਤ ਕਰਕੇ ਜਾਣੀ ਜਾਂਦੀ ਰਹੀ ਅਤੇ ਅਠਾਰਵੀਂ ਸਦੀ ਤੱਕ ਲੁਧਿਆਣਾ ਸ਼ਹਿਰ ਵੀ ਇਸ ਦੇ ਅਧੀਨ ਆ ਚੁੱਕਾ ਸੀ।

ਸਾਡੇ ਰਾਏ ਪਰਿਵਾਰ ਵਿਚੋਂ ਜਿਸ ਸ਼ਖਸੀਅਤ ਨੂੰ ਇਤਿਹਾਸ ਵਿਚ ਸਭ ਤੋਂ ਵੱਧ ਇੱਜ਼ਤ-ਮਾਣ ਅਤੇ ਸਤਿਕਾਰ ਮਿਲਿਆ ਉਹ ਰਾਏ ਕੱਲ੍ਹਾ ਜੀ ਸਨ। ਇਸ ਨਾਉਂ ਦੇ ਤਿੰਨ ਵਿਅਕਤੀ ਵੱਖ ਵੱਖ ਵੇਲਿਆਂ ਵਿਚ ਸਾਡੇ ਪਰਿਵਾਰ ਦੇ ਆਗੂ ਬਣੇ। ਦਸਮ ਪਾਤਸ਼ਾਹ ਜੀ ਦੀ ਸੇਵਾ ਕਰਨ ਦਾ ਸੁਭਾਗ ਸਾਡੇ ਜਿਸ ਬਜ਼ੁਰਗ ਨੂੰ ਪ੍ਰਾਪਤ ਹੋਇਆ ਉਹ ਰਾਏ ਕੱਲ੍ਹਾ ਤੀਸਰੇ ਸਨ। ਦਸਮ ਪਾਤਸ਼ਾਹ ਨਾਲ ਰਾਏ ਕੱਲ੍ਹਾ ਜੀ ਦੀ ਮੁਲਾਕਾਤ ਦਾ ਜ਼ਿਕਰ ਇਤਿਹਾਸ ਵਿਚ ਵੇਰਵੇ ਨਾਲ ਮਿਲਦਾ ਹੈ। ਦੱਸਿਆ ਜਾਂਦਾ ਹੈ ਕਿ ਚਮਕੌਰ ਦੇ ਖੂਨੀ ਯੁੱਧ ਮਗਰੋਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਮਾਛੀਵਾੜੇ ਦੇ ਜੰਗਲ ਵਿਚ ਕਿਆਮ ਕੀਤਾ ਹੋਇਆ ਸੀ। ਇਥੋਂ ਹੀ ਨਿਕਲ ਕੇ ਗੁਰੂ ਸਾਹਿਬ ਰਾਏਕੋਟ ਰਿਆਸਤ ਵਿਚ ਤਸ਼ਰੀਫ ਲਿਆਏ ਸਨ। ਰਾਏਕੋਟ ਦੇ ਹਾਕਮ ਰਾਏ ਕੱਲ੍ਹਾ ਜੀ ਨੇ ਆਪਣੀ ਰਿਆਸਤ ਵਿਚ ਪਧਾਰੇ ਜਗਤ ਗੁਰੂ ਦਾ ਭਰਵਾਂ ਸਵਾਗਤ ਕੀਤਾ ਅਤੇ ਕਲਗੀਧਰ ਜੀ ਨੂੰ ਆਪਣੇ ਮਹਿਮਾਨ ਬਣਾਉਣ ਦਾ ਸੁਭਾਗ ਪ੍ਰਾਪਤ ਕੀਤਾ। ਗੁਰੂ ਸਾਹਿਬ ਦੀ ਇੱਛਾ ਅਨੁਸਾਰ ਹੀ ਰਾਏ ਕੱਲ੍ਹਾ ਜੀ ਨੇ ਆਪਣੇ ਭਰੋਸੇ ਵਾਲੇ ਦੂਤ ਨੂਰੇ ਮਾਹੀ ਨੂੰ ਛੋਟੇ ਸਾਹਿਬਜ਼ਾਦਿਆਂ ਬਾਰੇ ਜਾਣਕਾਰੀ ਲੈਣ ਲਈ ਸਰਹਿੰਦ ਭੇਜਿਆ। ਰਾਏਕੋਟ ਵਿਚ ਕਿਆਮ ਦੇ ਦੌਰਾਨ ਹੀ ਸਾਹਿਬ ਗੁਰੂ ਨੂੰ ਨੂਰੇ ਮਾਹੀ ਰਾਹੀਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਸੂਚਨਾ ਮਿਲੀ ਸੀ। ਉਹਨਾਂ ਦਿਨਾਂ ਵਿਚ ਜਦ ਮੁਗਲ ਫੌਜਾਂ ਗੁਰੂ ਸਾਹਿਬ ਦੀ ਕਰੜੀ ਭਾਲ ਵਿਚ ਲੱਗੀਆਂ ਹੋਈਆਂ ਸਨ, ਰਾਏ ਕੱਲ੍ਹਾ ਜੀ ਨੇ ਗੁਰੂ ਮਹਾਰਾਜ ਨੂੰ ਆਪਣੇ ਕੋਲ ਮਹਿਮਾਨ ਰੱਖਿਆ। ਉਸ ਵਕਤ ਜੇ ਮੁਗਲ ਸ਼ਾਸਕਾਂ ਨੂੰ ਇਸ ਦੀ ਸੂਚਨਾ ਮਿਲ ਜਾਂਦੀ ਤਾਂ ਰਾਏਕੋਟ ਰਿਆਸਤ ਕੀ, ਰਾਏ ਕੱਲ੍ਹਾ ਜੀ ਅਤੇ ਪੂਰੇ ਪਰਿਵਾਰ ਦੀਆਂ ਜਾਨਾਂ ਖਤਰੇ ਵਿਚ ਪੈ ਜਾਂਦੀਆਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਸਥਿਤੀ ਦਾ ਪੂਰਨ ਅਹਿਸਾਸ ਸੀ, ਇਸ ਲਈ ਕਈ ਦਿਨ ਰਾਏਕੋਟ ਵਿਚ ਕਿਆਮ ਕਰਨ ਉਪਰੰਤ ਉਥੋਂ ਰਵਾਨਾ ਹੋਣ ਵੇਲੇ ਗੁਰੂ ਸਾਹਿਬ ਨੇ ਰਾਏ ਕੱਲ੍ਹਾ ਜੀ ਦੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਆਪਣੀ ਨਿਸ਼ਾਨੀ ਵਜੋਂ ਤਿੰਨ ਅਣਮੁੱਲੀਆਂ ਵਸਤਾਂ ਰਾਏ ਕੱਲ੍ਹਾ ਜੀ ਨੂੰ ਬਖਸ਼ੀਆਂ। ਇਹਨਾਂ ਵਿਚ ਇਕ ਗੁਰੂ ਮਹਾਰਾਜ ਦਾ ਆਪਣਾ ਖੜਗ ਭਾਵ ਕ੍ਰਿਪਾਨ, ਇਕ ਪੋਥੀ ਖੋਲ੍ਹਣ ਵਾਲੀ ਲੱਕੜ ਦੀ ਰਿਹਲ ਅਤੇ ਇਕ ਸੁਰਾਹੀ ਵਰਗਾ ਬਰਤਨ "ਗੰਗਾ ਸਾਗਰ" ਸੀ।"ਗੰਗਾ ਸਾਗਰ" ਉਹ ਪਾਵਨ ਬਰਤਨ ਹੈ ਜਿਹੜਾ ਗੁਰੂ ਸਾਹਿਬ ਦੀ ਨਿੱਜੀ ਵਰਤੋਂ ਵਿਚ ਰਿਹਾ ਸੀ। ਗੁਰੂ ਮਹਾਰਾਜ ਇਸ ਬਰਤਨ ਵਿਚੋਂ ਹੀ ਜਲ, ਦੁੱਧ ਪੀਂਦੇ ਹੁੰਦੇ ਸਨ।

ਰਾਏਕੋਟ ਰਿਆਸਤ ਵਿਚ ਪ੍ਰਵੇਸ਼ ਕਰਨ ਸਮੇਂ ਵੀ ਗੁਰੂ ਸਾਹਿਬ ਨੇ ਨੂਰੇ ਮਾਹੀ ਕੋਲੋਂ "ਗੰਗਾ ਸਾਗਰ" ਵਿਚ ਹੀ ਔਸਰ ਝੋਟੀ ਦਾ ਦੁੱਧ ਚੁਆ ਕੇ ਪੀਤਾ ਸੀ। ਪਿਛਲੇ 300 ਸਾਲਾਂ ਤੋਂ ਗੁਰੂ ਸਾਹਿਬ ਦੀ ਇਹ ਅਦੁੱਤੀ ਬਖ਼ਸ਼ਿਸ਼ "ਗੰਗਾ ਸਾਗਰ" ਸਾਡੇ ਪਰਿਵਾਰ ਕੋਲ ਮੌਜੂਦ ਹੈ ਅਤੇ ਜਿਸ ਤਰ੍ਹਾਂ ਮੇਰੇ ਵਡਕਿਆਂ ਆਪਣੇ ਆਪਣੇ ਸਮੇਂ ਬੜੇ ਹੀ ਸਤਿਕਾਰ ਨਾਲ "ਗੰਗਾ ਸਾਗਰ" ਦੀ ਸੇਵਾ ਸੰਭਾਲ ਕੀਤੀ, ਅੱਲਾ ਦਾ ਸ਼ੁਕਰ ਹੈ ਕਿ ਉਸੇ ਤਰ੍ਹਾਂ ਮੈਂ ਵੀ ਅੱਜ ਕੱਲ ਗੁਰੂ ਸਾਹਿਬ ਦੀ ਇਸ ਪਵਿੱਤਰ ਨਿਸ਼ਾਨੀ ਦੀ ਸੇਵਾ ਸੰਭਾਲ ਉਸ ਦੀ ਸ਼ਾਨ ਅਨੁਸਾਰ ਹੀ ਕਰਨ ਦੇ ਯਤਨ ਕਰ ਰਿਹਾ ਹਾਂ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜਿਸ ਰਾਏ ਕੱਲ੍ਹਾ ਜੀ ਨੂੰ "ਗੰਗਾ ਸਾਗਰ" ਬਖਸ਼ਿਆ ਸੀ, ਮੇਰਾ ਜਨਮ ਉਹਨਾਂ ਦੀ ਨੌਵੀਂ ਪੀੜ੍ਹੀ ਵਿਚ ਹੋਇਆ ਸੀ ਅਤੇ ਮੈਨੂੰ ਆਪਣੇ ਬਜ਼ੁਰਗਾਂ ਉਤੇ ਬੜਾ ਮਾਣ ਹੈ ਕਿ ਉਹਨਾਂ ਔਖੇ ਸਮੇਂ ਵਿਚ ਵੀ ਗੁਰੂ ਸਾਹਿਬ ਦੀ ਸੇਵਾ ਨੂੰ ਹਰ ਸ਼ੈਅ ਤੋਂ ਵੱਧ ਅਹਿਮੀਅਤ ਦਿੱਤੀ ਅਤੇ ਮਹਾਰਾਜ ਦਾ ਪੂਰਾ ਪੂਰਾ ਸਾਥ ਦਿੱਤਾ। 1947 ਈ. ਦੀ ਦੇਸ਼ ਵੰਡ ਤੋਂ ਪਹਿਲਾਂ ਉਸ ਵੇਲੇ ਦੇ ਰਾਏ ਪਰਿਵਾਰ ਦੇ ਆਗੂ ਅਤੇ ਮੇਰੇ ਦਾਦਾ ਜੀ ਰਾਏ ਇਨਾਇਤ ਖਾਨ ਰਾਏਕੋਟ ਵਿਚਲੀ ਆਪਣੀ ਹਵੇਲੀ ਵਿਚ ਹਰ ਸਾਲ ਜਨਵਰੀ ਦੇ ਪਹਿਲੇ ਸਪਤਾਹ ਵਿਚ ਸੰਗਤਾਂ ਨੂੰ "ਗੰਗਾ ਸਾਗਰ" ਦੇ ਦਰਸ਼ਨ ਕਰਾਉਂਦੇ ਹੁੰਦੇ ਸਨ। ਰਾਏ ਇਨਾਇਤ ਖਾਨ ਆਪਣੇ ਮਾਪਿਆਂ ਦੇ ਕੱਲੇ ਸਪੁੱਤਰ ਸਨ ਅਤੇ ਅੱਗੇ ਉਹਨਾਂ ਦਾ ਵੀ ਇਕ ਹੀ ਪੁੱਤਰ ਸੀ ਜਿਹਨਾਂ ਦਾ ਨਾਉਂ ਰਾਏ ਫਕੀਰ ਉੱਲਾ ਖਾਨ ਸੀ। 1947 ਦੀ ਵੰਡ ਵੇਲੇ ਰਾਏ ਇਨਾਇਤ ਖਾਨ ਆਪਣੇ ਪਰਿਵਾਰ ਸਣੇ ਪਾਕਿਸਤਾਨ ਜਾਣ ਵੇਲੇ "ਗੰਗਾ ਸਾਗਰ' ਵੀ ਨਾਲ ਲੈ ਗਏ। 1951 ਈ: ਵਿਚ ਮੇਰੀ ਪੈਦਾਇਸ਼ ਦਾਦਾ ਜੀ (ਰਾਏ ਇਨਾਇਤ ਖਾਨ) ਦੀ ਜ਼ਿੰਦਗੀ ਵਿਚ ਹੀ ਪਾਕਿਸਤਾਨ ਵਿਚ ਹੋਈ ਪਰ ਮੈਂ ਅਜੇ ਦੋ ਸਾਲਾਂ ਦਾ ਹੀ ਸਾਂ ਕਿ 1953 ਵਿਚ ਉਹ ਗੁਜ਼ਰ ਗਏ। ਇਸ ਤੋਂ 2 ਸਾਲ ਬਾਅਦ 1955 ਵਿਚ ਮੇਰੇ ਵਾਲਿਦਾ ਵੀ ਅੱਲਾ ਨੂੰ ਪਿਆਰੇ ਹੋ ਗਏ ਅਤੇ 1958 ਵਿਚ ਮੈਨੂੰ ਆਪਣੇ ਵਾਲਿਦ ਰਾਏ ਫਕੀਰ ਉੱਲਾ ਦਾ ਸਦੀਵੀ ਵਿਛੋੜਾ ਵੀ ਸਹਿਣਾ ਪਿਆ। ਬਾਅਦ ਵਿਚ ਮੇਰੀ ਦਾਦੀ ਮਾਂ ਨੇ ਹੀ ਮੈਨੂੰ ਪਾਲਿਆ ਅਤੇ ਉਹਨਾਂ ਹੀ "ਗੰਗਾ ਸਾਗਰ" ਸਬੰਧੀ ਮੁਕੰਮਲ ਜਾਣਕਾਰੀ ਮੈਨੂੰ ਦਿੱਤੀ। ਜਦ ਵੱਡਾ ਹੋ ਕੇ ਮੈਂ ਗੁਰੂ ਜੀ ਦੇ ਰਾਏਕੋਟ ਆਉਣ ਬਾਰੇ ਜਾਣਕਾਰੀ ਇਕੱਠੀ ਕੀਤੀ ਤਾਂ ਮੈਂ ਹੈਰਾਨ ਰਹਿ ਗਿਆ ਕਿ ਦਾਦੀ ਮਾਂ ਨੇ ਕਿੰਨੀ ਪੁਖਤਾ ਜਾਣਕਾਰੀ ਮੇਰੇ ਨਾਲ ਸਾਂਝੀ ਕੀਤੀ ਸੀ ਕਿਉਂ ਜੋ ਭਾਈ ਕਾਨ ਸਿੰਘ ਨਾਭਾ ਲਿਖਤ 'ਮਹਾਨ ਕੋਸ਼' ਵਿਚ ਹੂ-ਬ-ਹੂ ਇਹੋ ਜਾਣਕਾਰੀ ਦਰਜ ਸੀ।

**ਸਵਾਲ:** ਤੁਸਾਂ ਸੰਗਤਾਂ ਨੂੰ "ਗੰਗਾ ਸਾਗਰ" ਦੇ ਦਰਸ਼ਨ ਕਰਵਾਉਣੇ ਕਿਵੇਂ ਆਰੰਭ ਕੀਤੇ?

**ਜਵਾਬ** - ਉਹ ਸ਼ਰਧਾਲੂ ਜਿਹੜੇ 1947 ਤੋਂ ਪਹਿਲਾਂ "ਗੰਗਾ ਸਾਗਰ" ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਕਰਦੇ ਰਹੇ ਸਨ ਜਾਂ ਜਿਹਨਾਂ ਗੁਰੂ ਸਾਹਿਬ ਦੀ ਇਸ ਅਦੁੱਤੀ ਦਾਤ ਸਬੰਧੀ ਸੁਣਿਆ ਹੋਇਆ ਸੀ ਉਹ ਪਾਕਿਸਤਾਨ ਬਣਨ ਤੋਂ ਬਾਅਦ ਵੀ ਦਰਸ਼ਨ ਕਰਨ ਦੀ ਇੱਛਾ ਨਾਲ ਸਾਡੇ ਪਰਿਵਾਰ ਨਾਲ ਸੰਪਰਕ ਕਰਦੇ ਰਹੇ ਪਰ ਮੇਰੇ ਦਾਦਾ ਜੀ

ਅਤੇ ਵਾਲਿਦ ਸਾਹਿਬ ਦੇ ਅੱਗੇ ਪਿੱਛੇ ਚਲਾਣਾ ਕਰ ਜਾਣ ਕਰਕੇ ਅਤੇ ਮੇਰੀ ਛੋਟੀ ਉਮਰ ਹੋਣ ਕਰ ਕੇ ਵੰਡ ਮਗਰੋਂ ਦਰਸ਼ਨਾਂ ਦਾ ਸਿਲਸਿਲਾ ਜਾਰੀ ਨਾ ਰਹਿ ਸਕਿਆ। ਕੁਝ ਦੇਸ਼ ਦੇ ਹਾਲਾਤ ਵੀ ਇਸ ਤਰ੍ਹਾਂ ਦੇ ਰਹੇ ਕਿ ਸੰਗਤਾਂ ਨੂੰ ਪਾਕਿਸਤਾਨ ਵਿਚ “ਗੰਗਾ ਸਾਗਰ” ਦੇ ਦਰਸ਼ਨ ਕਰਾਉਣਾ ਸੰਭਵ ਨਾ ਹੋ ਸਕਿਆ। ਇਸ ਲਈ 1947 ਤੋਂ ਬਾਅਦ 1994 ਵਿਚ ਹੀ ਪਹਿਲੀ ਵਾਰ “ਗੰਗਾ ਸਾਗਰ” ਦੇ ਦਰਸ਼ਨ ਕਰਵਾਏ ਗਏ। ਸੰਗਤਾਂ ਨੇ “ਗੰਗਾ ਸਾਗਰ” ਦੇ ਇਹ ਦਰਸ਼ਨ ਬਰਤਾਨੀਆਂ ਵਿਚ ਕੀਤੇ ਸਨ।

**ਸਵਾਲ**- 1994 ਵਿਚ ਬਰਤਾਨੀਆਂ ਵਿਖੇ ਕਰਵਾਏ ਗਏ ਦਰਸ਼ਨਾਂ ਬਾਰੇ ਵਿਸਥਾਰ ਨਾਲ ਦੱਸੋ। ਇਹ ਵੀ ਦੱਸੋ ਕਿ ਵੰਡ ਬਾਅਦ ਪਹਿਲੀ ਵਾਰ ਗੰਗਾ ਸਾਗਰ ਦੇ ਦਰਸ਼ਨ ਕਰਨ ਵਾਲੀਆਂ ਸੰਗਤਾਂ ਦੇ ਕੀ ਜਜ਼ਬਾਤ ਸਨ?

**ਜਵਾਬ**- ਇਕ ਧਾਰਮਿਕ ਸਿੱਖ ਸੰਸਥਾ ਦੇ ਸੱਦੇ ਉੱਤੇ ਆਪਣੇ ਪਰਿਵਾਰ ਸਮੇਤ ਗੰਗਾ ਸਾਗਰ ਦੇ ਦਰਸ਼ਨ ਕਰਾਉਣ ਲਈ ਮੈਂ 1994 ਵਿਚ ਬਰਤਾਨੀਆ ਆਇਆ ਸੀ। ਇਹ ਸੰਸਥਾ ਸਿੱਖ ਬਾਲਾਂ ਦੀ ਸਿੱਖਿਆ ਲਈ ਬਰਤਾਨੀਆਂ ਵਿਚ ਕਈ ਸਕੂਲ ਕਾਲਜ ਚਲਾ ਰਹੀ ਹੈ।”ਗੰਗਾ ਸਾਗਰ” ਦੇ ਦਰਸ਼ਨਾਂ ਦੌਰਾਨ ਸਿੱਖ ਸੰਗਤਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਸ ਅਦੁੱਤੀ ਦਾਤ ਪ੍ਰਤੀ ਅਤਿਅੰਤ ਸ਼ਰਧਾ, ਸਤਿਕਾਰ ਅਤੇ ਆਪਣੀ ਰੂਹਾਨੀ ਖੁਸ਼ੀ ਦਾ ਪ੍ਰਗਟਾਵਾ ਕੀਤਾ, ਗੰਗਾ ਸਾਗਰ ਨੂੰ ਆਪਣੇ ਸਨਮੁੱਖ ਵੇਖ ਕੇ ਜਿਸ ਤਰ੍ਹਾਂ ਗੁਰੂ ਦੇ ਪੈਰੋਕਾਰਾਂ ਦੀਆਂ ਅੱਖਾਂ ਖੁਸ਼ੀ ਦੇ ਹੰਝੂਆਂ ਨਾਲ ਭਰ ਗਈਆਂ ਅਤੇ ਉਹਨਾਂ ਦੇ ਚਿਹਰਿਆਂ ਉਤੇ ਜਿਵੇਂ ਦੀ ਆਤਮਕ ਸੰਤੁਸ਼ਟੀ ਵੇਖੀ ਉਸ ਨੂੰ ਮੈਂ ਕਦੇ ਵੀ ਨਹੀਂ ਭੁੱਲ ਸਕਦਾ। “ਗੰਗਾ ਸਾਗਰ” ਜਿਸ ਵਿਚੋਂ ਗੁਰੂ ਸਾਹਿਬ ਦੁੱਧ ਜਲ ਪੀਂਦੇ ਰਹੇ ਉਸ ਵਿਚੋਂ ਨਿਕਲਿਆ ਇਕ ਘੁੱਟ ਪੀਣ ਦੀ ਹਰ ਸ਼ਰਧਾਲੂ ਨੂੰ ਹੀ ਖਾਹਿਸ਼ ਸੀ, ਪਰ ਸੰਗਤਾਂ ਦੀ ਭਾਰੀ ਭੀੜ ਹੋਣ ਕਾਰਨ ਇਹ ਇੱਛਾ ਬਹੁਤ ਥੋੜ੍ਹੇ ਸ਼ਰਧਾਲੂਆਂ ਦੀ ਹੀ ਪੂਰੀ ਕੀਤੀ ਜਾ ਸਕੀ। ਇਸ ਯਾਦਗਾਰੀ ਅਵਸਰ ਉਤੇ ਸੰਗਤਾਂ ਵਲੋਂ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਜੋ ਪਿਆਰ ਅਤੇ ਸਤਿਕਾਰ ਭੇਟ ਕੀਤਾ ਗਿਆ ਅਤੇ ਜਿਸ ਮੋਹ ਅਤੇ ਦਿਲ ਦੀਆਂ ਡੂੰਘਿਆਈਆਂ ਤੋਂ ਮੈਨੂੰ ਅਤੇ ਮੇਰੇ ਬੱਚਿਆਂ ਨੂੰ ਸ਼ੁੱਭ ਇਛਾਵਾਂ ਅਤੇ ਅਸੀਸਾਂ ਦਿੱਤੀਆਂ ਗਈਆਂ ਉਹਨਾਂ ਲਈ ਮੈਂ ਸਾਰੇ ਬਜੁਰਗਾਂ ਅਤੇ ਭੈਣ-ਭਰਾਵਾਂ ਦਾ ਬੇਹਦ ਧੰਨਵਾਦੀ ਹਾਂ ਅਤੇ ਮੇਰੇ ਹਿਰਦੇ ਵਿਚ ਵੀ ਪੂਰੀ ਦੁਨੀਆਂ ਵਿਚ ਰਹਿਣ ਵਾਲੇ ਗੁਰੂ ਸਾਹਿਬ ਦੇ ਸ਼ਰਧਾਲੂਆਂ ਲਈ ਓਨਾ ਹੀ ਸਤਿਕਾਰ ਅਤੇ ਪਿਆਰ ਮੌਜੂਦ ਹੈ।

**ਸਵਾਲ** - ਸੁਣਿਆ ਹੈ ਰਾਏ ਸਾਹਿਬ ਇਹਨਾਂ ਦਰਸ਼ਨਾਂ ਦੇ ਦੌਰਾਨ ਸ਼ਰਧਾਲੂਆਂ ਨੇ ਦਿਲ ਖੋਲ੍ਹ ਕੇ ਚੜ੍ਹਾਵਾ ਚਾੜ੍ਹਿਆ ?

**ਜਵਾਬ** - ਇਹ ਗੱਲ ਠੀਕ ਹੈ ਕਿ ਹਜ਼ਾਰਾਂ ਸਰਧਾਲੂਆਂ “ਗੰਗਾ ਸਾਗਰ' ਦੇ ਦਰਸ਼ਨ ਕੀਤੇ ਅਤੇ ਬਹੁਗਿਣਤੀ ਨੇ ਗੁਰੂ ਸਾਹਿਬ ਦੀ ਇਸ ਪਵਿੱਤਰ ਨਿਸ਼ਾਨੀ ਲਈ ਆਪਣੀ ਅਤਿਅੰਤ ਸ਼ਰਧਾ ਦਾ ਪ੍ਰਗਟਾਵਾ ਕਰਦੇ ਅਤੇ ਸਾਡੇ ਪਰਿਵਾਰ ਨੂੰ ਸਤਿਕਾਰ ਦਿੰਦੇ ਹੋਏ ਚੜ੍ਹਾਵਾ ਭੇਟ ਕੀਤਾ ਪਰ ਇਹ ਗੱਲ ਮੈਂ ਤੁਹਾਡੇ ਰਾਹੀਂ ਬਿਲਕੁਲ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਇਹ ਸਮੁੱਚਾ ਚੜ੍ਹਾਵਾ ਹੀ ਉਸ ਧਾਰਮਿਕ ਸਿੱਖ ਸੰਸਥਾ (ਜਿਸ ਦੇ ਅਸੀਂ ਮਹਿਮਾਨ

ਸਾਂ) ਨੇ ਹੀ ਪ੍ਰਾਪਤ ਕੀਤਾ ਅਤੇ ਉਹ ਮੈਂ ਬਿਲਕੁਲ ਕੁਝ ਨਹੀਂ ਸੀ ਲਿਆ।

**ਸਵਾਲ** - ਹੁਣ ਤੱਕ ਦੁਨੀਆਂ ਦੇ ਕਿਹੜੇ ਕਿਹੜੇ ਦੇਸ਼ਾਂ ਦੀਆਂ ਸੰਗਤਾਂ "ਗੰਗਾ ਸਾਗਰ' ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਕਰ ਚੁੱਕੀਆਂ ਹਨ ?

**ਜਵਾਬ** - 1994 ਤੋਂ ਬਾਅਦ ਮੈਂ ਸੰਗਤਾਂ ਦੀ ਇੱਛਾ ਅਨੁਸਾਰ ਅਮਰੀਕਾ, ਸਿੰਘਾਪੁਰ, ਮਲੇਸ਼ੀਆ, ਆਸਟਰੇਲੀਆ ਅਤੇ ਨਿਊਜ਼ੀਲੈਂਡ ਵਿਚਲੇ ਕੁਝ ਧਾਰਮਿਕ ਸਥਾਨਾਂ ਵਿਖੇ "ਗੰਗਾ" ਸਾਗਰ" ਦੇ ਦਰਸ਼ਨ ਕਰਵਾਏ ਹਨ। ਇਹਨਾਂ ਦੇਸਾਂ ਵਿਚ "ਗੰਗਾ ਸਾਗਰ" ਦੇ ਦਰਸ਼ਨ ਕਰਵਾਉਣ ਦਾ ਪ੍ਰਬੰਧ ਵੱਖ ਵੱਖ ਸਿੱਖ ਸੰਸਥਾਵਾਂ ਨੇ ਕੀਤਾ ਸੀ।

**ਸਵਾਲ** - ਖਾਲਸੇ ਦੇ 300 ਜਨਮ ਦਿਵਸ ਦੀਆਂ ਖੁਸ਼ੀਆਂ ਵਿਚ ਸਾਂਝ ਪਾਉਣ ਲਈ ਤੁਸੀਂ ਅਨੰਦਪੁਰ ਸਾਹਿਬ ਗਏ। 1999 ਦੀ ਵਿਸਾਖੀ ਵਾਲੀ ਆਪਣੀ ਭਾਰਤ ਫੇਰੀ ਸਬੰਧੀ ਜਾਣਕਾਰੀ ਦਿਓ?

**ਜਵਾਬ**- 1999 ਦੀ ਵਿਸਾਖੀ ਮਨਾਉਣ ਲਈ ਮੈਨੂੰ ਅਨੇਕਾਂ ਸਿੱਖ ਸੰਸਥਾਵਾਂ ਵੱਲੋਂ ਸੱਦੇ ਆਏ ਸਨ ਪਰ ਇਹਨਾਂ ਵਿਚੋਂ ਸਭ ਤੋਂ ਅਹਿਮ ਸੱਦੇ ਪੂਰਬੀ ਪੰਜਾਬ ਤੋਂ ਆਏ ਸਨ, ਜਿਹੜੇ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਹ ਇਤਿਹਾਸਕ ਅਵਸਰ ਮਨਾਉਣ ਸਬੰਧੀ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬ ਸਰਕਾਰ (ਬਾਦਲ) ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਨੇ ਅਨੰਦਪੁਰ ਸਾਹਿਬ ਆਉਣ ਲਈ ਆਪਣੇ ਆਪਣੇ ਤੌਰ 'ਤੇ ਮੈਨੂੰ ਸੱਦੇ ਭੇਜੇ ਸਨ ਅਤੇ ਸ੍ਰੀ ਆਨੰਦਪੁਰ ਸਾਹਿਬ ਪਹੁੰਚ ਕੇ ਮੈਨੂੰ ਬੇਹੱਦ ਖੁਸ਼ੀ ਹੋਈ। 14 ਅਪ੍ਰੈਲ 1999 ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਪੂਰੀ ਦੁਨੀਆਂ ਤੋਂ ਆਈਆਂ ਅਹਿਮ ਸਖਸ਼ੀਅਤਾਂ ਅਤੇ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਸਾਹਮਣੇ ਅਕਾਲ ਤਖਤ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੀ ਨੇ ਸਿਰੋਪਾਓ ਨਾਲ ਮੈਨੂੰ ਸਨਮਾਨਤ ਕੀਤਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਜੀ ਨੇ ਵਿਸ਼ੇਸ਼ ਤੌਰ 'ਤੇ ਗੋਲਡ ਮੈਡਲ ਨਾਲ ਨਵਾਜਿਆ। ਸਮੁੱਚੇ ਸਿੱਖ ਪੰਥ ਵਲੋਂ ਮਿਲਿਆ ਇਹ ਮਾਨ ਸਨਮਾਨ ਮੇਰੀ ਜ਼ਿੰਦਗੀ ਦੀ ਇਕ ਅਭੁੱਲ ਯਾਦ ਬਣ ਗਿਆ ਹੈ।

ਪੂਰਬੀ ਪੰਜਾਬ ਦੀ ਇਸ ਫੇਰੀ ਦੇ ਦੌਰਾਨ ਮੈਨੂੰ ਦਰਬਾਰ ਸਾਹਿਬ ਅੰਮ੍ਰਿਤਸਰ, ਗੁਰਦੁਆਰਾ ਫਤਹਿਗੜ੍ਹ ਸਾਹਿਬ (ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਸਥਾਨ), ਗੁਰਦੁਆਰਾ ਟਾਹਲੀਆਣਾ ਸਾਹਿਬ (ਰਾਏ ਕੋਟ ਦਾ ਉਹ ਸਥਾਨ ਜਿਥੇ ਦਸਮ ਪਾਤਸ਼ਾਹ ਬਿਰਾਜੇ ਸਨ) ਅਤੇ ਆਪਣੇ ਜੱਦੀ ਸ਼ਹਿਰ ਰਾਏ ਕੋਟ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਕਰਨ ਦਾ ਮੌਕਾ ਮਿਲਿਆ। ਰਾਏ ਕੋਟ ਦੇ ਵਸਨੀਕਾਂ ਨੇ ਆਪਣੇ ਸ਼ਹਿਰ ਵਿਚ ਜਿਸ ਉਤਸ਼ਾਹ ਨਾਲ ਮੇਰਾ ਭਰਵਾਂ ਸੁਆਗਤ ਕੀਤਾ ਉਸ ਨੂੰ ਮੈਂ ਕਦੇ ਨਹੀਂ ਭੁਲਾ ਸਕਦਾ। ਰਾਏ ਕੋਟ ਵਿਚ ਮੇਰਾ ਸੁਆਗਤ ਕਰਨ ਵਾਲੇ ਸੱਜਣਾਂ ਦਾ ਹਜੂਮ ਇਕ ਜਲੂਸ ਦਾ ਰੂਪ ਧਾਰਨ ਕਰ ਗਿਆ ਸੀ। ਰਾਹ ਵਿਚ ਲੋਕਾਂ ਜਿਸ ਤਰ੍ਹਾਂ ਮੈਨੂੰ ਫੁੱਲਾਂ ਦੇ ਹਾਰਾਂ ਨਾਲ ਲੱਦ ਦਿੱਤਾ ਅਤੇ ਖੁਸ਼ੀ ਨਾਲ ਮਿਠਾਈਆਂ ਵੰਡੀਆਂ, ਉਥੋਂ ਇਹ ਸਿੱਧ ਹੁੰਦਾ ਹੈ ਕਿ ਉਥੇ ਦੇ ਵਸਨੀਕਾਂ ਦੇ ਮਨਾਂ ਵਿਚ ਅਜੇ ਵੀ ਮੇਰੇ ਪਰਿਵਾਰ ਦੇ ਵਡੇਰਿਆਂ ਦੀਆਂ ਕੁਝ ਚੰਗੀਆਂ ਯਾਦਾਂ ਮੌਜੂਦ ਹਨ। ਮੇਰੇ

ਬਜ਼ੁਰਗਾਂ ਦੇ ਸੱਜਣ ਮਿੱਤਰ ਜਿਵੇਂ ਮੈਨੂੰ ਮਿਲ ਕੇ ਖੁਸ਼ ਹੋਏ ਉਵੇਂ ਹੀ ਉਹਨਾਂ ਨਾਲ ਮੁਲਾਕਾਤ ਕਰ ਕੇ ਮੈਨੂੰ ਵੀ ਹਾਰਦਿਕ ਖੁਸ਼ੀ ਹੋਈ। ਰਾਏ ਕੋਟ ਦੇ ਸਾਰੇ ਬਾਜ਼ਾਰਾਂ ਵਿਚੋਂ ਹੁੰਦਾ ਹੋਇਆ ਇਹ ਜਲੂਸ ਅੱਗੇ ਵਧਿਆ ਅਤੇ ਮੈਨੂੰ ਰਾਏ ਪਰਿਵਾਰ ਦੀ ਜੱਦੀ ਹਵੇਲੀ ਲਿਜਾਇਆ ਗਿਆ। ਹਵੇਲੀ ਦੇ ਅਜੋਕੇ ਵਸਨੀਕ ਵੀ ਮੈਨੂੰ ਬੜੇ ਪਿਆਰ ਨਾਲ ਮਿਲੇ।

ਰਾਏ ਕੋਟ ਤੋਂ ਇਲਾਵਾ ਇਸ ਫੇਰੀ ਦੌਰਾਨ ਮੈਂ ਚੰਡੀਗੜ੍ਹ, ਪਟਿਆਲਾ, ਖੰਨਾ, ਲੁਧਿਆਣਾ, ਫਗਵਾੜਾ, ਜਲੰਧਰ ਅਤੇ ਅੰਮ੍ਰਿਤਸਰ ਵੀ ਗਿਆ ਅਤੇ ਜਿਥੇ ਜਿਥੇ ਜਿੰਨਾ ਜਿੰਨਾ ਸਮਾਂ ਠਹਿਰਣ ਦਾ ਮੌਕਾ ਮਿਲਿਆ, ਲੋਕਾਂ ਮੈਨੂੰ ਬਹੁਤ ਹੀ ਪਿਆਰ ਅਤੇ ਸਤਿਕਾਰ ਦਿੱਤਾ।

*(ਦੇਸ ਪ੍ਰਦੇਸ, 22 ਅਕਤੂਬਰ 1999)*

***

3.

ਅਜੀਤ 20 ਅਪ੍ਰੈਲ 1999

## ਗੁਰੂ ਜੀ ਵੱਲੋਂ ਬਖ਼ਸ਼ਿਸ਼ ਗੰਗਾ ਸਾਗਰ ਸਾਡੇ ਲਈ ਵਰਦਾਨ - ਅਜ਼ੀਜ਼ ਉੱਲਾ

***- ਮਨਜੀਤ ਸਿੰਘ ਖਾਲਸਾ***

ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖ਼ਸ਼ਿਸ਼ਾਂ ਪ੍ਰਾਪਤ ਕਰਨ ਵਾਲੇ ਰਾਏਕੋਟ ਦੇ ਚੌਧਰੀ ਰਾਏ ਕੱਲ੍ਹਾ ਦੇ ਖਾਨਦਾਨ ਦੇ ਵਾਰਸ ਜਨਾਬ ਰਾਏ ਅਜ਼ੀਜ਼ ਉਲਾ ਖਾਨ ਅੱਜ ਕੱਲ ਖਾਲਸਾ ਪੰਥ ਵੱਲੋਂ ਮਿਲ ਰਹੇ ਮਾਣ ਸਤਿਕਾਰ ਸਦਕਾ ਆਪਣੇ ਵਡੇਰਿਆਂ ਵੱਲੋਂ ਗੁਰੂ ਸਾਹਿਬ ਦੀ ਕੀਤੀ ਸੇਵਾ ਨੂੰ ਆਪਣੇ ਲਈ ਇੱਕ ਵਰਦਾਨ ਸਮਝਦੇ ਹਨ।

ਆਪਣੇ ਬਜ਼ੁਰਗਾਂ ਤੋਂ ਪ੍ਰਾਪਤ ਗੁਰੂ ਗੋਬਿੰਦ ਸਿੰਘ ਜੀ ਦੇ ਮੁਬਾਰਕ ਹੱਥਾਂ ਦੀ ਛੋਹ ਵਾਲੇ ਗੰਗਾ ਸਾਗਰ ਨੂੰ ਸੰਭਾਲ ਰਹੇ ਰਾਏ ਅਜ਼ੀਜ਼ ਉੱਲਾ ਖਾਨ ਖਾਲਸਾ ਪੰਥ ਦੀ ਤੀਜੀ ਸ਼ਤਾਬਦੀ ਸਬੰਧੀ ਮਨਾਏ ਜਾ ਰਹੇ ਸਮਾਰੋਹਾਂ ਵਿੱਚ ਸ਼ਿਰਕਤ ਕਰਨ ਲਈ ਆਪਣੇ 'ਵਤਨ' ਪਰਤੇ ਹਨ। ਸ੍ਰੀ ਖਾਨ ਪੰਜਾਬ ਪੁੱਜਣ ਤੋਂ ਬਾਅਦ ਖਾਲਸਾ ਪੰਥ ਦੀ ਸਥਾਪਨਾ ਵਾਲੇ ਸ੍ਰੀ ਅਨੰਦਪੁਰ ਸਾਹਿਬ ਦੀ ਯਾਤਰਾ ਕਰਨ ਤੋਂ ਪਿੱਛੋਂ ਆਪਣੇ ਜੱਦੀ ਇਲਾਕੇ ਰਾਏਕੋਟ ਪੁੱਜੇ ਤਾਂ ਸਿੱਖ ਸੰਗਤ ਅਤੇ ਇਲਾਕੇ ਦੇ ਲੋਕਾਂ ਨੇ ਉਹਨਾਂ ਨੂੰ ਆਪਣੀਆਂ ਪਲਕਾਂ ਤੇ ਬਿਠਾਇਆ। ਜ਼ਿੰਦਗੀ ਵਿੱਚ ਸਭ ਤੋਂ ਵੱਧ ਖੁਸ਼ੀਆਂ ਦਾ ਮੌਕਾ ਆਖਣ ਵਾਲੇ ਸ੍ਰੀ ਖਾਨ ਆਪਣੇ ਧੰਨ ਭਾਗ ਸਮਝਦੇ ਹਨ ਕਿ ਸਿੱਖ ਪੰਥ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਹੋਈ ਬਖ਼ਸ਼ਿਸ਼ ਉਪਰੰਤ ਉਨ੍ਹਾਂ ਦੇ ਖਾਨਦਾਨ ਨੂੰ ਸੈਂਕੜੇ ਸਾਲਾਂ ਬਾਅਦ ਵੀ ਨਵਾਜ਼ ਰਿਹਾ ਹੈ।

ਸ੍ਰੀ ਖਾਨ ਰਾਏਕੋਟ ਦੀ ਧਰਤੀ ਤੋਂ ਪਰਤ ਕੇ ਜਦੋਂ ਲੁਧਿਆਣੇ ਪੁੱਜੇ ਤਾਂ ਲੁਧਿਆਣਾ ਵਾਸੀ ਵੀ ਉਹਨਾਂ ਨੂੰ ਆਪਣਾ ਪਿਆਰ ਦੇਣ ਤੋਂ ਪਿੱਛੇ ਨਹੀਂ ਰਹੇ। ਸ੍ਰੀ ਖਾਨ ਦੇ ਮਾਣ ਵਿੱਚ ਸਥਾਨਕ ਹੋਟਲ 'ਸ਼ੈਵਰਨ' ਵਿਖੇ ਸ਼ਹਿਰ ਦੇ ਕੁਝ ਪ੍ਰਤੀਨਿਧ ਸਨਅਤੀ ਘਰਾਣਿਆਂ ਵੱਲੋਂ ਇਕ ਪ੍ਰਭਾਵਸ਼ਾਲੀ ਮਿਲਣੀ ਕੀਤੀ ਗਈ। ਇਸ ਮਿਲਣੀ ਦਾ ਆਯੋਜਨ ਰਾਏ ਪਰਿਵਾਰ ਤੇ ਪੁਰਾਣੇ ਮਿੱਤਰ ਅਤੇ ਫੈਡਰੇਸ਼ਨ ਆਫ ਗੁਡਜ਼ ਟਰਾਂਸਪੋਰਟਰਜ਼ ਐਸੋਸੀਏਸ਼ਨ

ਦੇ ਪ੍ਰਧਾਨ ਸਰਦਾਰ ਗੁਰਚਰਨ ਸਿੰਘ ਅਤੇ ਲੁਧਿਆਣਾ ਇੰਜਨੀਅਰਿੰਗ ਐਸੋਸੀਏਸ਼ਨ ਦੇ ਪ੍ਰਧਾਨ ਸਰਦਾਰ ਮਹਿੰਦਰ ਸਿੰਘ ਭੋਗਲ ਅਤੇ ਸਰਦਾਰ ਅਜੀਤ ਸਿੰਘ ਕੁਲਾਰ ਵੱਲੋਂ ਕੀਤਾ ਗਿਆ ਸੀ। ਇਸ ਸਨਮਾਨ ਸਮਾਰੋਹ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਗਿਆਨੀ ਭਗਤ ਸਿੰਘ, ਅਮਰੀਕਾ ਦੇ ਉੱਘੇ ਵਪਾਰੀ ਸਰਦਾਰ ਚਰਨਜੀਤ ਸਿੰਘ ਬਾਠ, ਹਿੰਦ ਪਾਕ ਦੋਸਤੀ ਮੰਚ ਦੇ ਜਨਰਲ ਸਕੱਤਰ ਸ੍ਰੀ ਸਤਨਾਮ ਸਿੰਘ ਮਾਣਕ, ਪ੍ਰਿੰਸੀਪਲ ਗੁਰਨਾਮ ਸਿੰਘ ਬਿੰਜਲ, ਸਰਦਾਰ ਤਾਰਾ ਸਿੰਘ ਵਿਸ਼ਵਕਰਮਾ, ਡਾਕਟਰ ਦਲਜੀਤ ਸਿੰਘ ਚੀਮਾ ਆਦਿ ਪ੍ਰਮੁੱਖ ਸ਼ਖਸੀਅਤਾਂ ਉਚੇਚੇ ਤੌਰ ’ਤੇ ਪੁੱਜੀਆਂ ਸਨ।

ਇਸ ਮੌਕੇ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਰਾਏ ਅਜ਼ੀਜ਼ ਉੱਲਾ ਖਾਨ ਨੇ ਖਾਲਸਾ ਪੰਥ ਵੱਲੋਂ ਮਿਲ ਰਹੀਆਂ ਅਸੀਸਾਂ ਲਈ ਧੰਨਵਾਦ ਕਰਦਿਆਂ ਕਿਹਾ ਕਿ ਮੇਰੇ ਬਜ਼ੁਰਗਾਂ ਚੌਧਰੀ ਰਾਏ ਕੱਲ੍ਹਾ ਨੇ ਆਪਣੇ ਮਜ਼ਹਬ ਨੂੰ ਪਾਸੇ ਰੱਖਦਿਆਂ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਕਰਕੇ ਸੱਚੀ ਮਨੁੱਖਤਾ ਦਾ ਸਬੂਤ ਦਿੱਤਾ ਸੀ ਜਿਸ ਸਦਕਾ ਅੱਜ ਖਾਲਸਾ ਪੰਥ ਵੱਲੋਂ ਉਹਨਾਂ ਨੂੰ ਬੇਹੱਦ ਸਤਿਕਾਰ ਮਿਲ ਰਿਹਾ ਹੈ। ਆਪਣੇ ਪੰਜਾਬੀ ਭਰਾਵਾਂ ਲਈ ਪਿਆਰ ਦਾ ਇਜ਼ਹਾਰ ਕਰਦਿਆਂ ਸ੍ਰੀ ਖਾਨ ਨੇ ਕਿਹਾ ਕਿ ਭਾਵੇਂ ਸਾਡੇ ਦੋ ਦੇਸ਼ ਬਣ ਚੁੱਕੇ ਹਨ ਪਰ ਅਸੀਂ ਹੁਣ ਵੱਖ ਹੋਣ ਤੋਂ ਬਾਅਦ ਭਰਾਵਾਂ ਵਾਂਗ ਤਾਂ ਜੀ ਸਕਦੇ ਹਾਂ। ਸ਼ਰਧਾਵਾਨ ਸਰੋਤਿਆਂ ਦੀ ਮੰਗ ਨੂੰ ਵੇਖਦਿਆ ਸ੍ਰੀ ਖਾਨ ਨੇ ਐਲਾਨ ਕੀਤਾ ਕਿ ਉਹ ਗੁਰੂ ਜੀ ਦੀ ਬਖ਼ਸ਼ਿਸ਼ 'ਗੰਗਾ ਸਾਗਰ' ਨੂੰ ਢੁੱਕਵੇਂ ਮੌਕੇ ਤੇ ਭਾਰਤ ਲੈ ਕੇ ਆਉਣਗੇ ਤਾਂ ਜੋ ਆਜ਼ਾਦੀ ਤੋਂ ਬਾਅਦ ਸੰਗਤਾਂ ਉਸਦੇ ਦਰਸ਼ਨ ਕਰ ਸਕਣ। ਉਹਨਾਂ ਕਿਹਾ ਕਿ ਇਸ ਸਮੇਂ ਗੰਗਾ ਸਾਗਰ ਨੂੰ ਸਤਿਕਾਰ ਨਾਲ ਰੱਖ ਕੇ ਅਸੀਂ ਸੇਵਾ ਸੰਭਾਲ ਕਰ ਰਹੇ ਹਾਂ। ਉਹਨਾਂ ਕਿਹਾ ਕਿ ਗੁਰੂ ਸਾਹਿਬ ਜੀ ਦੇ ਬਚਨਾਂ ਸਦਕਾ ਅੱਜ ਸਾਡੇ ਤੇ ਉਨ੍ਹਾਂ ਦੀ ਅਪਾਰ ਬਖ਼ਸ਼ਿਸ਼ ਹੈ। ਇਸ ਮੌਕੇ ’ਤੇ ਉਨ੍ਹਾਂ ਨੂੰ ਸਰਦਾਰ ਗੁਰਚਰਨ ਸਿੰਘ, ਸਰਦਾਰ ਅਜੀਤ ਸਿੰਘ ਕੁਲਾਰ, ਸਰਦਾਰ ਮਹਿੰਦਰ ਸਿੰਘ ਭੋਗਲ, ਸ੍ਰੀ ਸਤਨਾਮ ਸਿੰਘ ਮਾਣਕ, ਸ੍ਰੀ ਕੇ. ਕੇ. ਸੇਠ, ਸ੍ਰੀ ਤੁਲਸੀਦਾਸ ਜੈਤਵਾਨੀ, ਸਰਦਾਰ ਮਹਿੰਦਰ ਸਿੰਘ ਐਸ. ਐਸ., ਸਰਦਾਰ ਸੁਖਦਿਆਲ ਸਿੰਘ ਬਸੰਤ, ਸਰਦਾਰ ਤਾਰਾ ਸਿੰਘ ਵਿਸ਼ਵਕਰਮਾ, ਆਦਿ ਨੇ ਨਿਸ਼ਾਨ-ਚਿੰਨ ਅਤੇ ਦੁਸ਼ਾਲੇ ਭੇਟ ਕੀਤੇ। ਹਿੰਦ-ਪਾਕ ਦੋਸਤੀ ਮੰਚ ਦੇ ਜਨਰਲ ਸਕੱਤਰ ਸ੍ਰੀ ਸਤਨਾਮ ਸਿੰਘ ਮਾਣਕ ਨੇ ਬੋਲਦਿਆਂ ਕਿਹਾ ਕਿ ਅਦਾਰਾ ਅਜੀਤ ਦੋਹਾਂ ਦੇਸ਼ਾਂ ਦੇ ਸਬੰਧ ਸੁਧਾਰਨ ਹਿਤ ਆਪਣੇ ਯਤਨ ਜਾਰੀ ਰੱਖੇਗਾ। ਉਹਨਾਂ ਕਿਹਾ ਕਿ ਅਜ਼ੀਜ਼ ਉਲਾ ਖਾਨ ਦੇ ਬਜ਼ੁਰਗਾਂ ਨੇ ਗੁਰੂਆਂ ਦੇ ਮਿਸ਼ਨ ਨੂੰ ਸਮਝਿਆ ਅਤੇ ਹਕੂਮਤ ਦੀ ਪਰਵਾਹ ਨਾ ਕਰਦਿਆਂ ਵੀ ਉਸ ਸਮੇਂ ਸਾਥ ਦਿਤਾ। ਉਨ੍ਹਾਂ ਦੋਵਾਂ ਦੇਸ਼ਾਂ ਦੇ ਸੱਭਿਆਚਾਰਕ ਤੇ ਵਪਾਰਕ ਸਬੰਧ ਸੁਧਾਰਨ ਤੇ ਜ਼ੋਰ ਦਿੱਤਾ।

ਗਿਆਨੀ ਭਗਤ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ ਨੇ ਬੋਲਦਿਆਂ ਸ੍ਰੀ ਖਾਨ ਦੇ ਵਡੇਰਿਆਂ ਵੱਲੋਂ ਕੀਤੀ ਸੇਵਾ ਦੀ ਪ੍ਰਸ਼ੰਸਾ ਕੀਤੀ। ਪ੍ਰਿੰਸੀਪਲ ਗੁਰਨਾਮ ਸਿੰਘ ਬਿੰਜਲ ਨੇ ਰਾਏ ਖਾਨ ਦਾ ਪੂਰਾ ਇਤਿਹਾਸ ਵਿਸਥਾਰ ਨਾਲ ਦੱਸਿਆ। ਉੱਘੇ ਸਨਅਤਕਾਰ ਸਰਦਾਰ ਅਜੀਤ ਸਿੰਘ ਕੁਲਾਰ ਨੇ ਸ੍ਰੀ ਖਾਨ ਦੇ ਲੁਧਿਆਣਾ ਪੁੱਜਣ ਤੇ ਵਧਾਈ ਦਿੱਤੀ ਤੇ ਜਲਦੀ ਹੀ ਗੰਗਾ

ਸਾਗਰ ਦੇ ਦਰਸ਼ਨਾਂ ਲਈ ਭਾਰਤ ਲਿਆਉਣ ਦੀ ਮੰਗ ਕੀਤੀ।

ਅਜੀਤ ਦੇ ਸਮਾਚਾਰ ਸੰਪਾਦਕ ਸਰਦਾਰ ਦਰਸ਼ਨ ਸਿੰਘ ਮੱਕੜ ਨੇ ਬੋਲਦਿਆਂ ਕਿਹਾ ਕਿ ਸ੍ਰੀ ਖਾਨ ਦੇ ਪੰਜਾਬ ਦੌਰੇ ਲਈ ਕੀਤੇ ਗਏ ਯਤਨ ਸ਼ਲਾਘਾਯੋਗ ਹਨ ਅਤੇ ਰਾਏ ਪਰਿਵਾਰ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੀ ਕੀਤੀ ਸੇਵਾ ਸਦਕਾ ਸਾਰਾ ਸਿੱਖ ਜਗਤ ਇਸ ਖਾਨਦਾਨ ਦਾ ਰਿਣੀ ਹੈ। ਉਨ੍ਹਾਂ ਦੋਵਾਂ ਦੇਸ਼ਾਂ ਦੇ ਸਬੰਧ ਸੁਧਰਨ ਦੀ ਆਸ ਪ੍ਰਗਟਾਈ ਅਤੇ ਇਸ ਲਈ ਯਤਨ ਕਰ ਰਹੇ ਲੋਕਾਂ ਨੂੰ ਆਸ਼ਾਵਾਦੀ ਹੋਣ ਦੀ ਪ੍ਰੇਰਨਾ ਕੀਤੀ। ਸਰਦਾਰ ਗੁਰਚਰਨ ਸਿੰਘ 'ਸ਼ਿੰਗਾਰ' ਨੇ ਸ੍ਰੀ ਅਜ਼ੀਜ਼ ਉੱਲਾ ਖਾਨ ਦਾ ਲੁਧਿਆਣਾ ਪੁੱਜਣ ਤੇ ਧੰਨਵਾਦ ਕੀਤਾ। ਅਮਰੀਕਾ ਤੋਂ ਪੁੱਜੇ ਉਘੇ ਵਪਾਰੀ ਸਰਦਾਰ ਚਰਨਜੀਤ ਸਿੰਘ ਬਾਠ ਨੇ ਬੋਲਦਿਆਂ ਰਾਏ ਕੱਲ੍ਹਾ ਖਾਨਦਾਨ ਦੀ ਪ੍ਰਸੰਸਾ ਕੀਤੀ ਤੇ ਕਿਹਾ ਕਿ ਇਹਨਾਂ ਦਾ ਵੱਧ ਤੋਂ ਵੱਧ ਸਨਮਾਨ ਕਰਨਾ ਚਾਹੀਦਾ ਹੈ।

ਇਸ ਸਮੇਂ ਸਰਦਾਰ ਦਰਸ਼ਨ ਸਿੰਘ ਮੱਕੜ, ਸ੍ਰੀ ਸਤਨਾਮ ਸਿੰਘ ਮਾਣਕ, ਸ. ਸ. ਚਰਨਜੀਤ ਸਿੰਘ ਬਾਠ, ਡਾਕਟਰ ਦਲਜੀਤ ਸਿੰਘ ਚੀਮਾ ਅਤੇ ਸੁਰਿੰਦਰ ਸਿੰਘ ਚਾਹਲ ਨੂੰ ਪ੍ਰਬੰਧਕਾਂ ਵੱਲੋਂ ਸਨਮਾਨਿਤ ਕੀਤਾ ਗਿਆ।

ਸਮਾਰੋਹ ਵਿੱਚ ਹੋਰਨਾਂ ਤੋਂ ਇਲਾਵਾ ਸਰਦਾਰ ਮੇਵਾ ਸਿੰਘ ਕੁਲਾਰ, ਸਰਦਾਰ ਪ੍ਰੀਤਮ ਸਿੰਘ, ਸਰਦਾਰ ਗੁਰਦੇਵ ਸਿੰਘ ਲਾਪਰਾਂ, ਸਰਦਾਰ ਨਾਹਰ ਸਿੰਘ ਗਿੱਲ, ਸ੍ਰੀ ਕੇ. ਕੇ. ਬਾਵਾ, ਸਰਦਾਰ ਚਰਨਜੀਤ ਸਿੰਘ ਵਿਸ਼ਵਕਰਮਾ, ਸਰਦਾਰ ਜਗਦੀਸ਼ ਸਿੰਘ, ਸਰਦਾਰ ਗੁਰਮੀਤ ਸਿੰਘ, ਸਰਦਾਰ ਇੰਦਰਜੀਤ ਸਿੰਘ ਅਰੋੜਾ, ਸਰਦਾਰ ਤੇਜਵਿੰਦਰ ਸਿੰਘ, ਸਰਦਾਰ ਸਰਬਜੀਤ ਸਿੰਘ, ਸਰਦਾਰ ਕੁਲਦੀਪ ਸਿੰਘ ਕਰੀਰ, ਸਰਦਾਰ ਹਰਪਾਲ ਸਿੰਘ ਸੰਗੋਵਾਲ, ਸਰਦਾਰ ਗਿਆਨ ਸਿੰਘ ਸ਼ੈਵਰਨ, ਸ੍ਰੀ ਜੀ. ਐਸ. ਲ਼ੋਟੇ, ਸਰਦਾਰ ਬਲਦੇਵ ਸਿੰਘ, ਸਰਦਾਰ ਰਾਜਿੰਦਰ ਸਿੰਘ ਬਾਜਵਾ, ਸਰਦਾਰ ਹਰਬੰਸ ਸਿੰਘ ਰਾਏਕੋਟ, ਸਰਦਾਰ ਰਘਵੀਰ ਸਿੰਘ, ਸਰਦਾਰ ਹਰਮਿੰਦਰ ਸਿੰਘ, ਸਰਦਾਰ ਦੇਵਿੰਦਰ ਸਿੰਘ ਪਨੇਸਰ, ਪ੍ਰੋਫੈਸਰ ਐਸ. ਐਸ. ਬਾਜਵਾ, ਦੇਵਿੰਦਰ ਸਿੰਘ ਰਿਐਤ, ਸਰਦਾਰ ਅਜੀਤ ਸਿੰਘ ਮਾਸਕੋ ਅਤੇ ਸਰਦਾਰ ਰਣਜੀਤ ਸਿੰਘ ਆਦਿ ਵੀ ਮੌਜੂਦ ਸਨ। ਮੰਚ ਸੰਚਾਲਨ ਸਰਦਾਰ ਮਨਜੀਤ ਸਿੰਘ ਨੇ ਬਹੁਤ ਹੀ ਬਾਖੂਬੀ ਨਿਭਾਇਆ।

***

## 4.

## ਪਾਕਿਸਤਾਨ ਨੈਸ਼ਨਲ ਅਸੰਬਲੀ ਦੀ ਚੋਣ ਜਿੱਤਣ ਪਿੱਛੋਂ

ਅਕਤੂਬਰ 2002 ਵਿੱਚ ਜਦ ਮੈਂ ਪਾਕਿਸਤਾਨ ਦੀ ਨੈਸ਼ਨਲ ਅਸੰਬਲੀ ਦਾ ਮੈਂਬਰ ਬਣਿਆ ਤਾਂ ਚੋਣਾਂ ਵਿੱਚ ਮੇਰੀ ਜਿੱਤ ਤੇ ਜਿੱਥੇ ਮੇਰੇ ਪਾਕਿਸਤਾਨੀ ਮਿੱਤਰਾਂ ਨੇ ਖੁਸ਼ੀ ਮਨਾਈ, ਉਥੇ ਹੀ ਇਹ ਸੂਚਨਾ ਮਿਲਣ ਉੱਤੇ ਪਾਕਿਸਤਾਨੀ ਸੱਜਣ ਮਿੱਤਰ ਹੈਰਾਨ ਰਹਿ ਗਏ ਕਿ ਪੰਜਾਬ ਵਿੱਚਲੇ ਮੇਰੇ ਜੱਦੀ ਨਗਰ ਰਾਏਕੋਟ ਦੇ ਵਸਨੀਕਾਂ ਨੇ ਮੇਰੀ ਇਸ ਜਿੱਤ ਲਈ ਗੁਰਦੁਆਰਾ ਟਾਹਲੀਆਣਾ ਸਾਹਿਬ ਰਾਏਕੋਟ ਵਿਖੇ ਅਰਦਾਸਾਂ ਕੀਤੀਆਂ ਸਨ ਅਤੇ ਚੋਣ

ਸਿੱਟੇ ਸਾਹਮਣੇ ਆਉਣ ਉਪਰੰਤ ਖੁਸ਼ੀ ਵਿੱਚ ਮਠਿਆਈਆਂ ਵੀ ਵੰਡੀਆਂ ਸਨ। ਮੈਂ ਆਪਣੇ ਆਪ ਨੂੰ ਅਤਿਅੰਤ ਖੁਸ਼ਕਿਸਮਤ ਸਮਝਦਾ ਹਾਂ ਕਿ ਮੈਂ ਪਾਕਿ ਨੈਸ਼ਨਲ ਅਸੰਬਲੀ ਦਾ ਇਕੱਲਾ ਮੈਂਬਰ ਹਾਂ ਜਿਸ ਦੀ ਚੋਣਾਂ ਵਿੱਚ ਜਿੱਤ ਦੀ ਦੋਵਾਂ ਪਾਸੇ ਦੇ ਸੱਜਣਾਂ ਨੇ ਇੱਕੋ ਜਿੰਨੀ ਖੁਸ਼ੀ ਮਨਾਈ ਸੀ। ਪਰ ਦੋਵਾਂ ਪਾਸੇ ਕੁਝ ਸੱਜਣ ਇਸ ਤਰ੍ਹਾਂ ਦੇ ਵੀ ਹੋਣਗੇ ਜਿਨ੍ਹਾਂ ਨੂੰ ਇਸ ਗੱਲ ਦਾ ਗਿਆਨ ਨਹੀਂ ਕਿ ਇਸ ਸਾਂਝੀ ਖੁਸ਼ੀ ਦਾ ਮੂਲ ਕਾਰਨ ਕੀ ਹੈ?

ਇਸ ਲਈ ਮੈਂ ਆਪਣੇ ਪਰਿਵਾਰ ਦੇ ਇਤਿਹਾਸ ਸਬੰਧੀ ਜਾਣਕਾਰੀ ਦੇਣਾ ਜ਼ਰੂਰੀ ਸਮਝਦਾ ਹਾਂ:

ਇਹ 1705 ਈਸਵੀ ਦੀ ਗੱਲ ਹੈ, ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਮਾਛੀਵਾੜਾ ਦੇ ਜੰਗਲ ਵਿੱਚ ਬਿਰਾਜਮਾਨ ਸਨ। ਗੁਰੂ ਸਾਹਿਬ ਜੀ ਦੀ ਸੇਵਾ ਵਿੱਚ ਗਨੀ ਖਾਨ ਅਤੇ ਨਬੀ ਖਾਨ ਹਾਜ਼ਰ ਸਨ। ਕਲਗੀਧਰ ਮਹਾਰਾਜ ਉੱਚ ਦੇ ਪੀਰ ਦਾ ਸਰੂਪ ਧਾਰਨ ਕਰ ਰਹੇ ਸਨ ਜਦ ਕਿ ਦੋਵੇਂ ਮੁਸਲਮਾਨ ਸ਼ਰਧਾਲੂ ਗੁਰੂ ਸਾਹਿਬ ਜੀ ਦੀ ਸਵਾਰੀ (ਡੋਲੀ ਜਾਂ ਪਲੰਘ) ਸ਼ਿੰਗਾਰ ਰਹੇ ਹਨ। ਥੋੜ੍ਹਾ ਸਮਾਂ ਪਹਿਲਾਂ ਹੀ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਤੋਂ ਬਾਅਦ ਚਮਕੌਰ ਦੀ ਗੜ੍ਹੀ ਵਿੱਚ ਹੋਏ ਯੁੱਧ ਵਿੱਚ ਬੇਮਿਸਾਲ ਬਹਾਦਰੀ ਦਾ ਪ੍ਰਗਟਾਵਾ ਕਰਦੇ ਹੋਏ ਦਸਮ ਪਾਤਸ਼ਾਹ ਦੇ ਦੋਵੇਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਸ਼ਹੀਦੀਆਂ ਪ੍ਰਾਪਤ ਕਰ ਚੁੱਕੇ ਸਨ, ਜਦ ਕਿ ਦੋਵੇਂ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਸਰਸਾ ਨਦੀ ਦੇ ਕਿਨਾਰੇ ਗੁਰੂ ਮਹਾਰਾਜ ਤੋਂ ਵਿਛੜ ਗਏ ਸਨ। ਉਸ ਸਮੇਂ ਇੱਕ ਪਾਸੇ ਔਰੰਗਜ਼ੇਬ ਦੀਆਂ ਫੌਜਾਂ ਗੁਰੂ ਸਾਹਿਬ ਨੂੰ ਭਾਲਦੀਆਂ ਫਿਰ ਰਹੀਆਂ ਸਨ ਅਤੇ ਦੂਸਰੇ ਪਾਸੇ ਮਹੰਤ ਕਿਰਪਾਲ ਦਾਸ ਜਿਹੇ ਅਨੇਕਾਂ ਸ਼ਰਧਾਲੂਆਂ ਨੇ ਵੀ ਦਸਮ ਪਾਤਸ਼ਾਹ ਵੱਲੋਂ ਆਪਣੀਆਂ ਨਜ਼ਰਾਂ ਫੇਰ ਲਈਆਂ ਸਨ।

Jaisalmer had been founded by Jaisal Bhatti. Afterwards on account of an uprising against him or some other serious cause, he had to leave the place with all his people and migrated in the direction of Punjab. ...... The Bhattties first settled in the neighbourhood of Hissar. Jaisal had four sons. His third son, Hem Hel, was a great warrior. He occupied the town of Hissar and built a strong fort there for the protection of the town and other Bhatti possessions. Later he extended his conquests and got hold of much of the surrounding country including the tract lying south of Muktsat from where he drive away the Punwars. After a heroic career Hem Hel died in ...4. A. D.. He was succeeded by his son Jaidrath (Jundar)...... He is said to have 21 sons, many of whom have become founders of various Clans. From the eldest son, Pate Rao (Bate Rao), is descended the clan of Brars. From another son, Achal, was descended Rai Manj, who ruled over the territory towards the north of Faridkot.

A grandson of Rai Manj was Mokalsi (also called Mokal)

who is believed to be actual founder of Faridkot. Rai Mokal had four sons: Wairsi, Malsi, Jairsi and Ransi. On the death of Jairsi and Wairsi, their sons embraced Islam. Wairsi's son Tulsi adopted the Muslim title of Shaikh Chachu, and his son Bharo abandoned Faridkot and went to Bilaspur and thence to Hathur.

***

## 5
## ਰਾਏ ਕੋਟ ਦਾ ਇਤਿਹਾਸ

("ਰਾਏਕੋਟ ਸਰਵੇ ਪੁਸਤਕ" ਵਿਚ ਪ੍ਰਕਾਸ਼ਿਤ ਇਸ ਲਿਖਤ ਵਿਚ ਬੇਸ਼ੱਕ ਕੁੱਝ ਇਤਿਹਾਸਿਕ ਤੱਥ ਗਲਤ ਹਨ ਅਤੇ ਘਟਨਾਵਾਂ ਨੂੰ ਬਿਆਨ ਕਰਨ ਵੇਲੇ ਕਾਲ-ਕ੍ਰਮ ਦਾ ਧਿਆਨ ਵੀ ਨਹੀਂ ਰੱਖਿਆ ਗਿਆ, ਪਰ ਇਸ ਵਿਚ ਕੁੱਝ ਨਵੀਂ ਜਾਣਕਾਰੀ ਹੋਣ ਕਾਰਨ ਇਸ ਨੂੰ ਇਸ ਪੁਸਤਕ ਵਿਚ ਸਥਾਨ ਦਿੱਤਾ ਗਿਆ ਹੈ। -- ਸੰਪਾਦਕ)

ਇਸਲਾਮੀ ਰਾਜ ਵਿੱਚ ਛੋਟੇ ਛੋਟੇ ਨਗਰਾਂ ਦੇ ਮਾਲਕਾਂ ਤੇ ਹਾਕਮਾਂ ਨੂੰ ਰਾਏ ਕਿਹਾ ਜਾਂਦਾ ਸੀ। ਇਹ ਨਗਰ ਵੀ ਇੱਕ ਰਾਏ ਦੇ ਅਧੀਨ ਸੀ। ਨਗਰ ਦੇ ਚੁਫੇਰੇ ਹਾਕਮਾਂ ਨੇ ਇਕ ਕੋਟ ਵਲਿਆ ਹੋਇਆ ਸੀ। ਨਗਰ ਵਿੱਚ ਵੜਨ ਲਈ ਚਾਰ ਦਰਵਾਜੇ ਰੱਖੇ ਹੋਏ ਸਨ 1. ਤਲਵੰਡੀ ਦਰਵਾਜ਼ਾ, 2. ਬੱਸੀਆਂ ਦਰਵਾਜ਼ਾ, 3. ਆਂਡਲੂ ਦਰਵਾਜ਼ਾ, 4. ਕੁਤਬੇ ਵਾਲਾ ਦਰਵਾਜ਼ਾ। ਇਹਨਾਂ ਤੋਂ ਬਿਨਾਂ ਦੋ ਮੋਰੀਆਂ ਵੀ ਰੱਖੀਆਂ ਹੋਈਆਂ ਸਨ। ਇਕ ਜੱਟਾਂ ਦੀ ਮੋਰੀ ਅਤੇ ਇੱਕ ਅਰਾਈਆਂ ਦੀ ਮੋਰੀ। ਇਹ ਦਰਵਾਜੇ ਤੇ ਮੋਰੀਆਂ ਰਾਤ ਨੂੰ 9 ਵਜੇ ਬੰਦ ਕਰ ਦਿੱਤੀਆਂ ਜਾਂਦੀਆਂ ਸਨ। ਇਹਨਾਂ ਦਰਵਾਜਿਆਂ ਉੱਤੇ ਅਤੇ ਕੰਧ ਉੱਤੇ ਰਾਤ ਨੂੰ ਪਹਿਰਾ ਲੱਗਦਾ ਸੀ।

ਇਸ ਲਈ ਰਾਏ ਦੀ ਮਲਕੀਅਤ ਹੋਣ ਕਾਰਨ ਅਤੇ ਚੁਫੇਰੇ ਕੋਟ ਹੋਣ ਕਰਕੇ ਇਸ ਨਗਰ ਦਾ ਨਾਂ "ਰਾਏਕਿਆਂ ਦਾ ਕੋਟ" ਪੈ ਗਿਆ। ਨਿੱਤ ਦੀ ਵਰਤੋਂ ਨਾਲ ਇਸਦਾ ਸੰਖਿਪਤ ਰੂਪ ਰਾਏਕੋਟ ਹੋ ਗਿਆ।

ਇਸ ਖਾਨਦਾਨ ਦਾ ਵਡੇਰਾ ਰਿਆਸਤ ਜੈਸਲਮੇਰ ਦਾ ਰਾਜਪੂਤ ਤੁਲਸੀ ਰਾਮ ਸੀ ਜੋ ਚੌਧਵੀਂ ਸਦੀ ਦੇ ਸ਼ੁਰੂ ਵਿੱਚ ਜੈਸਲਮੇਰ ਛੱਡ ਕੇ 'ਤਿਹਾੜੇ ਹਠੂਰ ਰਾਜ' ਵਿੱਚ ਪਿੰਡ ਚਕਰ ਆ ਵਸਿਆ ਸੀ ਅਤੇ ਪੀਰ ਮਖਦੂਦ ਜਹਾਨੀਆ, ਜੋ ਇਕ ਪ੍ਰਸਿੱਧ ਸੂਫੀ ਫਕੀਰ ਹੋਏ ਹਨ, ਦੇ ਹੱਥੋਂ ਮੁਸਲਮਾਨ ਹੋ ਗਿਆ ਸੀ ਤੇ ਇਸਦਾ ਨਾਂ ਸ਼ੇਖ ਚੱਕੂ ਕਰਕੇ ਮਸ਼ਹੂਰ ਹੋ ਗਿਆ। ਸ਼ੇਖ ਚੱਕੂ ਦੇ ਪੋਤੇ ਰਾਏ ਚੱਕੂ ਨੇ ਸੁਲਤਾਨ ਅਲਾਉਦੀਨ ਖਿਲਜੀ ਦੀ ਫੌਜ ਵਿੱਚ ਇਕ ਉੱਚ ਦਰਜੇ ਦੀ ਨੌਕਰੀ ਕੀਤੀ ਤੇ ਉਸਦੀ ਬਹਾਦਰੀ ਤੋਂ ਖੁਸ਼ ਹੋ ਕੇ ਸੁਲਤਾਨ ਨੇ ਉਸ ਨੂੰ ਰੋਪੜ ਤੋਂ ਲੈ ਕੇ ਜੀਰੇ ਤੱਕ ਦੇ ਤੇਰਾਂ ਸੌ ਪਿੰਡਾਂ ਦਾ ਹਾਕਮ ਬਣਾ ਦਿੱਤਾ ਜਿਸਦਾ ਇਵਜ਼ਾਨਾ ਉਹ ਸੁਲਤਾਨ ਨੂੰ ਪੰਜ ਲੱਖ ਰੁਪਏ ਸਾਲ ਦਿਆ ਕਰਦਾ ਸੀ। ਉਸਦੀ ਔਲਾਦ ਕਈ ਪੁਸ਼ਤਾਂ

ਤੀਕ ਇਸ ਇਲਾਕੇ ਤੇ ਰਾਜ ਕਰਦੀ ਰਹੀ। ਜਿੱਥੇ ਰਾਏ ਅਹਿਮਦ ਨੇ 1648 ਵਿੱਚ ਰਾਏਕੋਟ ਵਸਾਇਆ ਉਥੇ ਉਸਦੇ ਭਾਈ ਰਾਏ ਕਮਾਲ ਦੀਨ ਨੇ ਜਗਰਾਉਂ ਦੀ ਨੀਂਹ ਰੱਖੀ।

ਅਕਬਰ ਅਧੀਨ ਇਹ ਸਰਹਿੰਦ ਦੀ ਸਰਕਾਰ ਦਾ ਹਿੱਸਾ ਸੀ। ਪਿਛਲੇ ਮੁਗਲ ਬਾਦਸ਼ਾਹਾਂ ਨੇ ਜਿਲਾ ਲੁਧਿਆਣਾ ਦਾ ਪੱਛਮੀ ਹਿੱਸਾ ਰਾਏਕੋਟ ਦੇ ਰਈਸਾਂ ਨੂੰ ਪਟੇ ਤੇ ਦਿੱਤਾ। ਅਠਾਰਵੀਂ ਸਦੀ ਦੇ ਸ਼ੁਰੂ ਵਿੱਚ ਉਹ ਬਹੁਤ ਹੱਦ ਤੱਕ ਖੁਦ ਮੁਖਤਿਆਰ ਬਣ ਗਏ ਅਤੇ ਭਾਵੇਂ ਸ਼ਾਹੀ ਫੌਜਾਂ ਨੇ 1747 ਵਿੱਚ ਖੰਨੇ ਦੇ ਨਜ਼ਦੀਕ ਅਹਿਮਦ ਸ਼ਾਹ ਦਾ ਸਫਲਤਾ ਸਹਿਤ ਮੁਕਾਬਲਾ ਕੀਤਾ ਪਰ ਉਸ ਦੇ ਬਾਅਦ ਦੇ ਹਮਲਿਆਂ ਨੇ ਮੁਗਲ ਤਖਤ ਨੂੰ ਏਨੀ ਢਾਹ ਲਾਈ ਕਿ ਰਾਏਕੋਟ ਦੇ ਰਈਸਾਂ ਨੇ 1760 ਵਿੱਚ ਲੁਧਿਆਣੇ ਤੇ ਕਬਜ਼ਾ ਕਰ ਲਿਆ। ਇਸੇ ਦੌਰਾਨ ਖਾਸ ਕਰਕੇ ਲੁਧਿਆਣਾ ਜਿਲੇ ਦੇ ਦੱਖਣੀ ਅਤੇ ਦੱਖਣ ਪੱਛਮੀ ਹਿੱਸਿਆਂ ਵਿੱਚ ਸਿੱਖ ਇੱਕ ਰਾਜਸੀ ਤਾਕਤ ਬਣ ਗਏ ਸਨ। ਜਦੋਂ ਸਿੱਖਾਂ ਨੇ ਸਰਹਿੰਦ ਜਿੱਤ ਲਈ ਤਾਂ ਸਮਰਾਲੇ ਦੀ ਤਹਿਸੀਲ ਸਿੱਖ ਜਥੇਦਾਰਾਂ ਦੇ ਕਬਜ਼ੇ ਵਿੱਚ ਆ ਗਈ ਪਰ ਲੁਧਿਆਣੇ ਤੇ ਜਗਰਾਵਾਂ ਤਹਿਸੀਲ ਦਾ ਬਹੁਤ ਸਾਰਾ ਹਿੱਸਾ ਰਾਏਕੋਟ ਦੇ ਰਾਈਸਾਂ ਕੋਲ ਹੀ ਰਿਹਾ 1798 ਵਿੱਚ ਬੇਦੀ ਸਾਹਿਬ ਸਿੰਘ ਨੇ ਰਾਏਕੋਟ ਤੇ ਹਮਲਾ ਕੀਤਾ ਪਰ ਜਦੋਂ ਇਥੋਂ ਦੇ ਰਈਸ ਨੇ ਜਾਰਜ ਥਮਸ ਨੂੰ ਮਦਦ ਵਾਸਤੇ ਬੁਲਾ ਭੇਜਿਆ ਤਾਂ ਬੇਦੀ ਸਾਹਿਬ ਸਿੰਘ ਨੇ ਘੇਰਾ ਚੁੱਕ ਲਿਆ। ਅਖੀਰ 1806 ਵਿੱਚ ਜਦੋਂ ਕਿ ਰਣਜੀਤ ਸਿੰਘ ਨੇ ਸਤਲੁਜ ਦੇ ਉਰਾਰ ਦੇ ਸਰਦਾਰਾਂ ਦੇ ਵਿਰੁੱਧ ਆਪਣੀ ਪਹਿਲੀ ਚੜ੍ਹਾਈ ਕੀਤੀ ਤਾਂ ਉਸਨੇ ਰਾਏਕੋਟ ਦੇ ਰਈਸਾਂ ਦੇ ਇਲਾਕੇ ਤੇ ਕਬਜ਼ਾ ਕਰ ਲਿਆ ਅਤੇ ਥੋੜੇ ਜਿਹੇ ਪਿੰਡ ਸ਼ਾਸਕ ਬੰਸ ਵਿੱਚੋਂ ਬਾਕੀ ਬਚਦੀਆਂ ਦੋ ਵਿਧਵਾਵਾਂ ਦੇ ਗੁਜਾਰੇ ਵਾਸਤੇ ਛੱਡ ਦਿੱਤੇ।

ਰਾਏ ਅਹਿਮਦ ਤੇ ਲਾਵਲਦ ਮਰਨ ਪਿੱਛੋਂ ਸਾਰੇ ਰਾਜ ਦਾ ਮਾਲਕ ਰਾਏ ਕੱਲ੍ਹਾ, ਜੋ ਰਾਏ ਕਮਾਲ ਦੀਨ ਜਗਰਾਨਵੀ ਦਾ ਪੁੱਤਰ ਸੀ ਤੇ ਤਿਹਾੜੇ ਦਾ ਹਾਕਮ ਸੀ, ਰਾਏ ਕੋਟ ਦਾ ਮਾਲਕ ਵੀ ਬਣ ਗਿਆ। ਰਾਏ ਕੱਲੇ ਦੀ ਮਾਂ ਬੜੀ ਧਰਮਾਤਮਾ ਸੀ ਤੇ ਰਾਏ ਕੱਲ੍ਹਾ ਸੁਲਾਹ-ਕੁਲ ਤੇ ਗਊ-ਬਧ ਦੇ ਉਲਟ ਸੀ। ਇਸੇ ਰਾਏ ਕੱਲੇ ਕੋਲ ਤਿੰਨ ਜਨਵਰੀ ਸੰਨ 1705 ਨੂੰ ਉੱਚ ਦੇ ਪੀਰ ਦੇ ਰੂਪ ਵਿੱਚ ਕੌਮ ਤੋਂ ਸਰਬੰਸ ਵਾਰਨ ਵਾਲੇ ਕਲਗੀਧਰ ਪਾਤਸ਼ਾਹ ਉਪੜੇ ਸਨ। ਰਾਏ ਕੱਲੇ ਨੇ ਸਾਹਿਬਾਂ ਦੀ ਤਨ ਮਨ ਧਨ ਨਾਲ ਸੇਵਾ ਕੀਤੀ। ਏਥੋਂ ਹੀ ਆਪਣਾ ਚਰਵਾਹਾ ਨੂਰਾ ਮਾਹੀ ਸਰਹੰਦ ਭੇਜ ਕੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਦੀ ਖਬਰ ਮੰਗਵਾਈ।

ਇਤਿਹਾਸ ਦੱਸਦਾ ਹੈ ਕਿ ਰਾਏ ਕੱਲੇ ਦੀ ਸੇਵਾ ਤੋਂ ਨਿਹਾਲ ਹੋ ਕੇ ਆਪ ਨੇ ਉਸ ਨੂੰ ਇਕ ਖੜਗ, ਇਕ ਪੋਥੀ ਧਰਨ ਵਾਲੀ ਰਿਹਲ ਤੇ ਇੱਕ ਗੰਗਾ ਸਾਗਰ ਬਖਸ਼ਿਆ ਤੇ ਹੁਕਮ ਦਿੱਤਾ ਕਿ ਖੜਗ ਦਾ ਸਤਿਕਾਰ ਰੱਖਣਾ, ਨਿੱਜੀ ਤੌਰ ਤੇ ਅੰਗੀਕਾਰ ਨਾ ਕਰਨਾ।

ਰਾਏ ਕੱਲੇ ਦੇ ਮਰਨ ਪਿੱਛੋਂ ਉਸਦਾ ਪੋਤਾ ਰਾਏ ਇਲਿਆਸ, ਜੋ ਮੌਲਵੀਆਂ ਦੇ ਹੱਥ ਚੜ੍ਹ ਕੇ ਗੁਰੂ ਘਰ ਵੱਲੋਂ ਬੇਮੁਖ ਹੋ ਗਿਆ ਸੀ, ਤੇ ਜਿਸ ਨੇ ਸਿੰਘਾਂ ਦੇ ਵਿਰੁੱਧ ਅਹਿਮਦ ਸ਼ਾਹ ਅਬਦਾਲੀ ਨੂੰ ਵੱਡੇਘੱਲੂ ਘਾਰੇ ਸਮੇਂ 600 ਜਵਾਨਾਂ ਦੀ ਜੰਗੀ ਮਦਦ ਦਿੱਤੀ ਸੀ, ਇਕ

ਦਿਨ ਖੜਗ ਪਹਿਣ ਕੇ ਜਗਰਾਉਂ ਤੋਂ ਪਰੇ ਸ਼ਿਕਾਰ ਲਈ ਨਿਕਲ ਗਿਆ। ਸ਼ੇਰਪੁਰੇ ਦੇ ਬੀੜ ਕੋਲ ਘੋੜੇ ਦੇ ਤ੍ਰਭਕਣ ਨਾਲ ਜਮੀਨ ਉੱਤੇ ਡਿੱਗ ਗਿਆ ਤੇ ਖੰਡਾ ਮਿਆਨ ਵਿੱਚੋਂ ਨਿਕਲ ਕੇ ਵੱਖੀ ਵਿੱਚ ਧਸ ਗਿਆ ਤੇ ਉਸਦਾ ਦਿਹਾਂਤ ਹੋ ਗਿਆ।

ਉਹ ਖੜਗ ਅੱਜ ਕੱਲ੍ਹ ਨਾਭਾ ਦੇ ਸਿਰੋਪਾਉ ਗੁਰਦੁਆਰੇ ਸਾਹਿਬ ਵਿਖੇ ਹੈ ਜੋ ਮਹਾਰਾਜਾ ਜਸਵੰਤ ਸਿੰਘ ਨਾਭਾ ਨੇ ਨਵਾਬ ਮਲੇਰਕੋਟਲੇ ਦੇ ਜਰੀਏ ਰਾਏ ਖਾਨਦਾਨ ਕੋਲੋਂ ਪ੍ਰਾਪਤ ਕਰ ਲਈ ਸੀ।

ਰਾਏ ਇਲਿਆਸ ਦੀ ਮੌਤ ਪਿੱਛੋਂ ਉਸਦੀ ਮਾਤਾ ਨੂਰ ਨਿਸ਼ਾ ਤਖਤ ਤੇ ਬੈਠੀ ਕਿਉਂਕਿ ਇਲਿਆਸ ਦਾ ਕੋਈ ਵਾਰਸ ਨਹੀਂ ਸੀ। ਨੂਰ ਨਿਸ਼ਾ ਤੋਂ ਪਿੱਛੋਂ ਰਾਏ ਇਲਿਆਸ ਦੀ ਰਾਣੀ ਭਾਗ ਭਰੀ ਨੇ ਰਾਜ ਭਾਗ ਸੰਭਾਲਿਆ। ਔਰਤ ਦੇ ਰਾਜ ਭਾਗ ਕਰਕੇ ਬਹੁਤ ਸਾਰੇ ਇਲਾਕਿਆਂ ਵਿੱਚ ਲੁਟੇਰਿਆਂ ਨੇ ਗੜਬੜ ਕਰਨੀ ਸ਼ੁਰੂ ਕਰ ਦਿੱਤੀ। ਕਈ ਵਾਰੀ ਰਾਏਕੋਟ ਤੇ ਹਮਲੇ ਵੀ ਹੋ ਜਾਂਦੇ। ਰਾਣੀ ਭਾਗ ਭਰੀ ਨੇ ਰਾਏਕੋਟ ਦੇ ਚੌਹਾਂ ਦਰਵਾਜਿਆਂ ਤੇ ਜੱਟ ਸਿੱਖਾਂ ਦੀਆਂ ਚਾਰ ਪੱਤੀਆਂ ਲਿਆ ਕੇ ਵਸਾਈਆਂ ਤਾਂ ਜੋ ਉਹਨਾਂ ਦਾ ਮੁਕਾਬਲਾ ਕਰ ਸਕਣ। ਉਹ ਪੱਤੀਆਂ ਅੱਜ ਤੱਕ ਕਾਇਮ ਹਨ। ਕਾਲ ਪੈਣ ਸਮੇਂ ਰਾਣੀ ਭਾਗ ਭਰੀ ਭੰਡਾਰਿਆਂ ਵਿੱਚੋਂ ਜਨਤਾ ਨੂੰ ਅੰਨ ਵੰਡਿਆ ਕਰਦੀ ਸੀ।

ਏਨੀਂ ਦਿਨੀਂ ਮਹਾਰਾਜਾ ਸਾਹਿਬ ਸਿੰਘ ਪਟਿਆਲਾ ਤੇ ਦੂਜੇ ਪਾਸੇ ਰਾਜਾ ਜਸਵੰਤ ਸਿੰਘ ਨਾਭਾ ਵਿਚਕਾਰ ਦੁਲੱਦੀ ਪਿੰਡ ਦੇ ਕਬਜ਼ੇ ਬਾਰੇ ਜੰਗ ਛਿੜ ਗਈ। ਮਹਾਰਾਜਾ ਭਾਗ ਸਿੰਘ ਜੀਂਦ, ਜੋ ਮਹਾਰਾਜਾ ਨਾਭੇ ਦਾ ਹਮਾਇਤੀ ਸੀ ਤੇ ਮਹਾਰਾਜਾ ਰਣਜੀਤ ਸਿੰਘ ਦਾ ਸਕਾ ਮਾਮਾ ਸੀ, ਨੇ ਦੁਲੱਦੀ ਦੇ ਫੈਸਲੇ ਲਈ ਮਹਾਰਾਜਾ ਰਣਜੀਤ ਸਿੰਘ ਨੂੰ ਸੱਦ ਲਿਆ। ਉਹ ਚਾਹੁੰਦਾ ਸੀ ਕਿ ਸਾਰੀਆਂ ਮਿਸਲਾਂ ਨੂੰ ਤੇ ਹੋਰ ਮੁਸਲਮਾਨ ਰਾਜਵਾੜਿਆਂ ਨੂੰ ਭੰਨ ਕੇ ਇਕ ਵੱਡੇ ਰਾਜ ਦਾ ਭਾਗ ਬਣਾ ਲਵੇ। ਦੁਲੱਦੀ ਦੇ ਫੈਸਲੇ ਤੋਂ ਪਿੱਛੋਂ ਉਸਨੇ ਸਾਰੀ ਰਿਆਸਤ ਤੇ ਅਧਿਕਾਰ ਜਮਾ ਕੇ ਸਾਰੇ ਪਿੰਡ ਹੇਠ ਲਿਖੇ ਅਨੁਸਾਰ ਵੰਡ ਦਿੱਤੇ:

1. ਰਾਜਾ ਭਾਗ ਸਿੰਘ ਜੀਂਦ ਨੂੰ 54 ਪਿੰਡ ਸਿਵੀਆਂ, ਬੱਸੀਆਂ ਤੋਂ ਲੈ ਕੇ ਪੱਖੋਵਾਲ ਤੋਂ ਪਰੇ ਤੱਕ, ਤੇ ਪੱਖੋਵਾਲ ਰਿਆਸਤ ਜੀਂਦ ਦੀ ਤਹਿਸੀਲ ਬਣਾਈ ਗਈ, ਜਿਸ ਦਾ ਮਾਮਲਾ 23260 ਰੁਪਏ ਸਾਲਾਨਾ ਸੀ।
2. ਰਾਜਾ ਜਸਵੰਤ ਸਿੰਘ ਨਾਭਾ ਨੂੰ 31 ਪਿੰਡ, ਮਾਲੀਤੀ 26590 ਰੁਪਏ (ਲੋਹਟਵੱਦੀ ਆਦਿਕ)
3. ਸਰਦਾਰ ਫਤਿਹ ਸਿੰਘ ਆਹਲੂਵਾਲੀਆ ਨੂੰ 106 ਪਿੰਡ (ਜਗਰਾਉਂ, ਸਿੱਧਵਾਂ ਬੇਟ ਤੇ ਤਿਹਾੜਾ), ਮਾਮਲਾ 40505 ਰੁਪਏ ਸਾਲਾਨਾ।
4. ਦੀਵਾਨ ਮੋਹਕਮ ਚੰਦ 71 ਪਿੰਡ, ਜਗਰਾਉਂ ਤੋਂ ਪੱਛਮ ਜੀਰੇ ਤੱਕ, ਮਾਮਲਾ 33945 ਰੁਪਏ ਸਾਲਾਨਾ।
5. ਸਰਦਾਰ ਵਧਾਵਾ ਸਿੰਘ ਦਸ ਪਿੰਡ, ਮਾਮਲਾ 5714 ਰੁਪਏ ਸਾਲਾਨਾ।
6. ਸਰਦਾਰ ਭੰਗਾ ਸਿੰਘ ਤਲਵੰਡੀ ਨੇੜੇ ਇੱਕ ਪਿੰਡ, ਮਾਮਲਾ 400 ਰੁਪਏ ਸਾਲਾਨਾ।

ਰਾਣੀ ਨੂਰਨਿਸ਼ਾਂ ਕੋਲ ਕੇਵਲ ਰਾਏਕੋਟ, ਤਲਵੰਡੀ, ਛੱਜਾਵਾਲ, ਹੇਰਾਂ ਤੇ ਮੋਰਕਰੀਮਾਂ ਰਹਿ ਗਏ। ਰੋਪੜ ਵੱਲ ਦੇ ਪਿੰਡ ਕਈ ਹੋਰ ਸਰਦਾਰਾਂ ਨੇ ਮੱਲ ਲਏ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਪਿੱਛੋਂ ਸਿੱਖਾਂ ਦੀ ਪਹਿਲੀ ਲੜਾਈ ਸਮੇਂ ਰਾਣੀ ਭਾਗ ਭਰੀ ਨੇ ਆਪਣੀ ਵਿੱਤ ਤੋਂ ਵੱਧ ਅੰਗਰੇਜ਼ਾਂ ਦੀ ਮਦਦ ਕੀਤੀ ਕਿਉਂਕਿ ਇਲਾਕੇ ਦੇ ਖੁਸਣ ਦਾ ਦਰਦ ਤਾਜ਼ਾ ਸੀ। ਰਾਣੀ ਭਾਗ ਭਰੀ ਨੇ ਅੰਗਰੇਜ਼ਾਂ ਨੂੰ ਛਾਉਣੀ ਲਈ ਬੱਸੀਆਂ ਨੇੜੇ ਥਾਂ ਦਿੱਤੀ ਜਿੱਥੇ ਉਹਨਾਂ ਬੱਸੀਆਂ ਦਾ ਰੈਸਟ ਹਾਊਸ ਬਣਵਾਇਆ ਜੋ 1845 ਵਿੱਚ ਪਹਿਲੀ ਸਿੱਖ ਜੰਗ ਸਮੇਂ ਲਾਰਡ ਹਾਰਡਿੰਗ ਦੀਆਂ ਫੌਜਾਂ ਦਾ ਹੈਡ ਕੁਆਰਟਰ ਸੀ। ਰਾਣੀ ਭਾਗ ਭਰੀ ਨੇ ਰਸਦ ਦੇਣ ਅਤੇ ਭਾਰ-ਬਰਦਾਰੀ ਵਿੱਚ ਵੀ ਅੰਗਰੇਜ਼ਾਂ ਦੀ ਮਦਦ ਕੀਤੀ। ਇਸ ਸਥਾਨ ਨੂੰ ਆਪਣਾ ਅੱਡਾ ਬਣਾ ਕੇ ਅੰਗਰੇਜ਼ਾਂ ਨੇ ਫੇਰੂ ਸ਼ਹਿਰ, ਮੁਦਕੀ ਤੇ ਭਰੋਵਾਲ ਦੀਆਂ ਇਤਿਹਾਸਿਕ ਲੜਾਈਆਂ ਲੜੀਆਂ। ਬਸੀਆਂ ਤੋਂ ਲਿਖੀ ਗਈ ਇਕ ਪੱਤਰਕਾ ਵਿੱਚੋਂ ਪ੍ਰਗਟ ਹੁੰਦਾ ਹੈ ਕਿ ਸਿੰਘਾਂ ਦੇ ਜੋਰ ਪੈਣ ਦੇ ਨਾਲ ਹਾਰਡਿੰਗ ਏਥੋਂ ਨਿਕਲਣ ਨੂੰ ਤਿਆਰ ਹੋ ਗਿਆ ਸੀ ਪਰ ਤੇਜ ਸਿੰਘ ਤੇ ਲਾਲ ਸਿੰਘ ਮਿਸਰਾਂ ਦੀ ਗਦਾਰੀ ਕਾਰਨ ਜੰਗ ਦਾ ਪਾਸਾ ਪਲਟ ਗਿਆ।

ਪੰਜਾਬ ਦਾ ਅਧਿਕਾਰ ਪ੍ਰਾਪਤ ਹੋਣ ਸਮੇਂ ਅੰਗਰੇਜ਼ਾਂ ਨੇ ਸਾਰੇ ਇਲਾਕੇ ਤੇ, ਜੋ ਰਣਜੀਤ ਸਿੰਘ ਨੇ ਰਾਏਕਿਆਂ ਤੋਂ ਖੋਹ ਕੇ ਸਰਦਾਰਾਂ ਵਿੱਚ ਵੰਡਿਆ ਸੀ, ਆਪਣੇ ਕਬਜ਼ੇ ਵਿੱਚ ਲੈ ਕੇ ਜ਼ਿਲ੍ਹਾ ਲੁਧਿਆਣਾ ਬਣਾਇਆ ਤੇ ਭਾਗ ਭਰੀ ਨੂੰ ਉਸਦੇ ਕਬਜ਼ੇ ਵਿਚਲੇ ਪਿੰਡਾਂ ਦੀ ਜਾਗੀਰਦਾਰ ਬਣਾ ਦਿੱਤਾ। ਰਾਣੀ ਭਾਗ ਭਰੀ ਸੰਨ 1854 ਵਿੱਚ ਮਰ ਗਈ ਤੇ ਮਰਨ ਤੋਂ ਪਹਿਲੋਂ ਉਸਨੇ ਆਪਣੇ ਭਤੀਜੇ ਨੂੰ ਆਪਣਾ ਮੁਤਬੰਨਾ ਬਣਾਇਆ ਜਿਸ ਦਾ ਨਾਂ ਰਾਏ ਇਮਾਮ ਬਖਸ਼ ਸੀ। ਅੰਗਰੇਜ਼ਾਂ ਨੇ ਜਾਗੀਰ ਦੀ ਥਾਂ ਉਸ ਨੂੰ 2408 ਰੁਪਏ ਸਾਲ ਦੀ ਪੈਨਸ਼ਨ ਤੇ 10 ਏਕੜ ਦੀ ਮੁਆਫੀ ਦੇ ਕੇ ਬਾਕੀ ਰਕਬੇ ਦੀ ਮਾਲ ਗੁਜ਼ਾਰੀ ਤੇ ਆਪਣਾ ਕਬਜ਼ਾ ਕਰ ਲਿਆ। ਰਾਏ ਇਮਾਮ ਬਖਸ਼ ਨੇ 1857 ਦੇ ਗਦਰ ਵਿੱਚ ਅੰਗਰੇਜ਼ਾਂ ਦੀ ਮਦਦ ਕੀਤੀ ਜਿਸ ਦੇ ਇਵਜ਼ਾਨੇ ਵਿੱਚ ਉਸਦੇ ਤਿੰਨਾਂ ਪੁੱਤਰਾਂ ਦਾ 1800 ਰੁਪਏ ਸਾਲ ਅਲਾਊਂਸ ਮੁਕਰਰ ਕੀਤਾ ਗਿਆ। ਉਸਦਾ ਵੱਡਾ ਲੜਕਾ ਫੈਜ਼ ਤਾਲਬ ਖਾਂ ਮੁਆਫੀ ਦਾ ਮਾਲਕ, ਸੂਬਾ ਦਰਬਾਰੀ ਤੇ ਆਨਰੇਰੀ ਮੈਜਿਸਟਰੇਟ ਰਿਹਾ।

ਫੈਜ਼ ਤਾਲਬ ਖਾਂ 1900 ਵਿੱਚ ਮਰ ਗਿਆ ਤੇ ਫਿਰ ਉਸਦੇ ਪੁੱਤਰ ਰਾਏ ਇਨਾਇਤ ਖਾਂ ਨੂੰ ਸਾਰੀਆਂ ਰਿਆਇਤਾਂ ਪ੍ਰਾਪਤ ਹੋਈਆਂ।

## 6.
## Raikot

Raikot (30 65 N, 75 59E) is a town and the headquarters of Raikot Tehsil of Ludhiana district in East Punjab. It is about 19 km from Hathur, 23 km from Jagraon and 40 km from Ludhiana.

According to Lepel H. Griffen (The Rajas of the Punjab) the

chiefs of Raikot were Rajputs. At the beginning of the century they possessed commendable territory in Jaisalmer. Among these Rajputs, their great ancestor Tulsi Das left Jaisalmer in 1323. First he settled at Mogal and then at Faridkot. He adopted Islam here. His second son Gopal founded Shahjahanpur in the Ludhiana district and another of his descendants Rai Kalha founded the town of Talwandi in 1478. The family became of some importance and about 1620 they obtained possession of the town of Ludhiana (which had been founded 140 years before by Yusaf and Nihang, two Lodi chiefs.)

From Ludhiana the Raikot chiefs were expelled by Sahib Singh Bedi but they afterwards recovered it. At the end of the 18th century they owned Raikot, Talwandi, Jandiala, Ludhiana and other places. Rai Ilyas, the last chief, died in 1802 and his mother Noor-ul-nisad succeeded him. In 1809 Maharaja Ranjit Singh seized the whole territory and divided it between Bhag Singh of Jind, Raja Jaswant Singh of Nabha, Gurdit Singh Ladwa and Diwan Mohkam Chand. Only a few villages alone were left with Rai Imam Bakhsh the present representative of the family.

Raikot town was founded by Rai Ahmed in 1648. Rai Ahmed's son Rai Kalha was friendly to Guru Gobind Singh. Rai Kalha came into contact with the Guru through Nihang Khan of Kotla Nihang Khan (near Ropar). Rai Kalha's daughter was engaged to Aalam Khan (son of Nihang Khan). Guru Gobind Singh had attended the betrothal ceremony at Kotla Nihang Khan on 5 May 1694, where Rai Kalha and the Guru had the first meeting. After this both became good friends.

Guru Gobind Singh abandoned Anandpur between the Midnight of 5 and 6 December 1705. From Anandpur he was to go to Chamkaur. But it was not safe to travel during day time so he spent the whole day of 6 December with Nihang Khan. At night Nihang Khan's son Aalam Khan escorted the Guru for some

kilometers and then returned home.

The Guru was again besieged at Chamkaur from where Nabi Khan and Ghani Khan (two cousins of Nihang Khan) helped the Guru to escape from the Chamkaur on the Midnight between 7 and 8 December 1705. Nabi Khan and Ghani Khan took the Guru to their town Machhiwara and from here they arranged safe passage for the Guru under the escort of five Muslim religious personalities. The Guru continued his journey towards Talwandi Sabo. On his way he stopped at village Lamma and Jatpura on 17 December 1705.

Rai Kalha and his son-in-law Aalam Khan (son of Nihang Khan) met the Guru at Lamma-Jatpur. They requested the Guru to stay at the mansion of Rai Kalha. On hearing the news of execution of Mata Gujari and the two younger Sahibzadas of the Guru, Rai Kalha sent his messenger (Nura Mahi) to Sirhind to verify information about the execution of the mother and the sons of the Guru. Nura Mahi returned the next day (19 December 1705) and narrated the details of the death of Mata Gujari and the Sahibzadas as well as details of the cremation of their bodies by the family of Todar Mal Kapur. At that time the Guru was looking towards ground. He plucked the root of a dab plant (a kind of grass) and said, "Like this dab, unjust Turk reign will not last long." At this Rai Kalha said, "Guru ji, I am also a Turk. Shall I too also be eliminated?" The Guru told him, "You are a well-wisher of Guru Nanak's Panth. Nobody will be able to harm you. The Guru spent two nights at the residence of Rai Kalha. Before leaving for further journey the Guru presented a sword, a Rehal (a wooden stool to read holy scriptures on) and a Jug (known as Ganga Sagar) to Rai Kalha. This Jug has 288 holes. Later the Sikh ruler of Nabha received this sword from the family. (Since then this sword had remained preserved at Gurdwara Siropao Sahib. Later it was given to the museum at Anandpur Sahib).

In 1947 the relatives of the descendants of Rai Kalha took 'Ganga Sagar' to Pakistan. In 1994 the Ganga Sagar was taken to England. Now it is with Rai Azizullah Khan who has kept it safe in a bank locker in Surrey (Canada). Rai Azizullah Khan travels to different parts of the world so that the Sikhs can have a glance of the Gangasagar.

There are two Gurdwaras in Raikot.

Gurdwara Tahliana Sahib: It was built to preserve the memory of the visit of Guru Gobind Singh. The old Gurdwara built in 1920 too still exists. Its building is about one and a half km away from Raikot.

Gurdwara Jarh Putti Sahib: A few years ago a new Gurdwara was built at the assumed site where the Guru is said to have plucked the root of a dab plant. (Harjinder Singh Dilgeer, Historical Sikh Shrines)

(Historical Sikh Shrines, Harjinder Singh Dilgeer et. el.)

***

Rae Ilyas of Raekot retained most of the Ludhiana and Jagraon tahsils and also a large portion of Firozpur district. His territory included several forts such as Tihara, Ludhiana, Sarih, Jagraon and Raekot. He was an ally of Raja Amar Singh and commanded a force of 500 horses, 1000 foot and a few pieces of cannon. (History of the Sikhs, Hari Ram Gupta, p.46)

Ghani Khan and Nabi Khan left the Guru with Rae Kalha, a big Muslim zamidar, at Hehar village. He received the Guru warmly and kept him at Jatpura, near his headquarters to conceal his identity. At the Guru's request Kalha sent a messanger to Sarhind about 70 kilometers distant to bring news about his family members. (History of the Sikhs, Hari Ram Gupta, p.297)

***

# ਪੂਰਕ

## 1.
## ਇਲਾਹੀ ਬਾਬਾ ਨੰਦ ਸਿੰਘ ਜੀ ਦੀਆਂ
## ਜੀਵਨ ਝਲਕੀਆਂ
## ਅਨੰਦ ਚਮਤਕਾਰ
## ਨੌਵਾਂ ਭਾਗ- ਬਾਰ੍ਹਵਾਂ ਭਾਗ
## ਲੇਖਕ
## ਭਾਈ ਗੁਰਮੁਖ ਸਿੰਘ ਜੀ
## (ਬਾਬਾ ਨੰਦ ਸਿੰਘ ਜੀ ਦੇ ਹਜ਼ੂਰੀ ਰਾਗੀ)

### ਸਾਖੀ-ਅਨਾਇਤ ਖ਼ਾਂ ਨਾਲ ਹੋਈ

ਬਾਬਾ ਜੀ ਨਾਨਕਸਰ ਕਲੇਰੀਂ ਦੀਵਾਨ ਦੇ ਵਿੱਚ ਬੈਠੇ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ। ਰਾਏ ਕੋਟ ਤੋਂ ਰਾਏ ਕਲੇ ਦੇ ਖਾਨਦਾਨ ਵਿਚੋਂ ਰਾਏ ਅਨਾਇਤ ਖ਼ਾਂ ਨੇ ਆ ਕੇ ਦੀਵਾਨ ਵਿੱਚ ਮੱਥਾ ਟੇਕਿਆ। ਹਜ਼ੂਰ ਨੇ ਤੁਰਤ ਪੁਛਿਆ, "ਆਉ ਖ਼ਾਂ ਜੀ, ਕਿਸ ਤਰ੍ਹਾਂ ਆਉਣੇ ਹੋਏ, ਇਧਰ ਅੱਗੇ ਆ ਜਾਉ।" ਸਤਿ ਬਚਨ ਕਰ ਰਾਗੀਆਂ ਦੇ ਨਾਲ ਆਪਣੇ ਸੱਜੇ ਹੱਥ ਬਿਠਾਇਆ। ਬਾਬਾ ਜੀ ਕੁਝ ਚਿਰ ਬਾਣੀ ਕਰਦੇ ਰਹੇ। ਜਦੋਂ ਬਾਣੀ ਦੀ ਸਮਾਪਤੀ ਕੀਤੀ ਤਾਂ ਅਨਾਇਤ ਖਾਂ ਨੇ ਗੰਗਾ ਸਾਗਰ, ਜਿਸ ਵਿੱਚ ਸੈਂਕੜੇ ਹੀ ਗਲੀਆਂ ਹਨ, ਰੱਖ ਮੱਥਾ ਟੇਕਿਆ। ਹਜ਼ੂਰ ਨੇ ਤੱਕ ਕੇ ਪੁਛਿਆ, "ਖਾਂ ਜੀ, ਇਹ ਕੀ ਲਿਆਏ ਹੋ?" ਅੱਗੋਂ ਬੇਨਤੀ ਕੀਤੀ, "ਪਾਤਸ਼ਾਹ! ਆਪ ਜੀ ਦੀ ਅਮਾਨਤ ਆਪ ਦੇ ਹਾਜ਼ਰ ਹੈ, ਆਪ ਸੰਭਾਲੋ।" ਹਜ਼ੂਰ ਨੇ ਕਿਹਾ, "ਤੇਰਾ ਨਾਮ ਕੀ ਹੈ?" ਉੱਤਰ ਵਿੱਚ ਦੱਸਿਆ, "ਜੀ ਅਨਾਇਤ ਖ਼ਾਂ ਹੈ।" ਹਜ਼ੂਰ ਨੇ ਕਿਹਾ- "ਅਨਾਇਤ ਖ਼ਾਂ, ਸਾਰੀ ਵਿਥਿਆ ਖੋਹਲ ਕੇ ਸੁਣਾ।" ਸਤਿ ਬਚਨ ਕਹਿ ਗਲ ਵਿੱਚ ਪੱਲਾ ਪਾਇਆ ਤੇ ਇਉਂ ਆਖਿਆ, "ਪਾਤਸ਼ਾਹ! ਸਾਡੇ ਵੱਡੇ ਰਾਏ ਕਲੇ ਪਰ ਸਾਹਿਬ ਕਲਗੀਧਰ ਪਾਤਸ਼ਾਹ ਨੇ ਬਖ਼ਸ਼ਿਸ਼ ਕੀਤੀ ਸੀ। ਇਕ ਖੰਡਾ* ਤੇ ਦੂਜੀ ਕਿਰਪਾਨ ਅਤੇ ਤੀਜਾ ਗੰਗਾ ਸਾਗਰ ਦੇ ਕੇ ਹੁਕਮ ਕੀਤਾ ਸੀ, ਜੇ ਇਸ ਦੀ ਸੇਵਾ ਕਰੋਗੇ ਤੁਹਾਡਾ ਤੇਜ ਤਪ ਰਾਜ ਭਾਗ ਬਣਿਆ ਰਹੇਗਾ। ਗਰੀਬ ਨਿਵਾਜ਼! ਕੁਝ ਸਮਾਂ ਤਾਂ ਸੇਵਾ ਕਰਦੇ ਰਹੇ, ਅੱਗੋਂ ਔਲਾਦ ਵੱਧਣ ਦੇ ਕਾਰਨ ਇਹਨਾਂ ਚੀਜ਼ਾਂ ਦੀ ਵੰਡ ਕਰ ਲੀਤੀ। ਫਿਰ ਕੁਝ ਲੋਕੀਂ ਕਹਿਣ ਲਗੇ,

*ਲੇਖਕ ਨੂੰ ਭੁਲੇਖਾ ਲੱਗਾ ਹੈ, ਇਹ ਖੰਡਾ ਨਹੀਂ, ਗ੍ਰੰਥ ਨੂੰ ਆਸਾਨੀ ਨਾਲ ਪੜ੍ਹਨ ਵਾਸਤੇ ਵਰਤੀ ਜਾਂਦੀ ਲੱਕੜ ਦੀ ਰਹੈਲ ਸੀ - ਸੰ.

"ਇਹ ਸ਼ਸ਼ਤ੍ਰ ਸ਼ਿਕਾਰ ਖੇਡਣ ਵਾਸਤੇ ਹੁੰਦੇ ਹਨ। ਮੁਸਲਮਾਨ ਹੋ ਕੇ ਸ਼ਰ੍ਹਾ ਦੇ ਖਿਲਾਫ਼ ਕੰਮ ਕਰਦੇ ਹੋ, ਇਸ ਤਰ੍ਹਾਂ ਕਹਿੰਦੇ ਰਹੇ। ਮੁੰਡਿਆਂ ਨੇ ਭੀ ਸੋਚਿਆ ਖੰਡੇ ਕਿਰਪਾਨ ਤੋਂ ਕੰਮ ਲਓ। ਇਸ ਤਰ੍ਹਾਂ ਇਕ ਦਿਨ ਸ਼ਿਕਾਰ ਖੇਡਣ ਵਾਸਤੇ ਖੰਡਾ ਕਿਰਪਾਨ ਲੈ ਲੀਤਾ। ਜਦੋਂ ਬਾਹਰ ਗਏ ਤਾਂ ਦੋਨੋਂ ਹੀ ਅਚਾਨਕ ਅਲੋਪ ਹੋ ਗਏ। ਇਹ ਗੰਗਾ ਸਾਗਰ ਰਹਿ ਗਿਆ, ਇਹ ਸਾਡੇ ਹਿੱਸੇ ਆਇਆ ਸੀ। ਸੋ, ਜਿਤਨੀ ਕੁ ਸੇਵਾ ਕੂਕਰ ਪਾਸੋਂ ਹੋ ਸਕੀ ਕੀਤੀ ਹੈ।

"ਹੁਣ ਅਕਾਲੀਆਂ ਨੂੰ ਪਤਾ ਲਗਿਆ ਗੰਗਾ ਸਾਗਰ ਦਾ, ਇਹ ਖੋਹਣਾ ਚਾਹੁੰਦੇ ਹਨ। ਇਸ ਗੰਗਾ ਸਾਗਰ ਵਿੱਚ ਇਹ ਸ਼ਕਤੀ ਹੈ, ਜੇਕਰ ਰੇਤਾ ਪਾ ਦੇਈਏ ਤਾਂ ਸਾਰੇ ਛੇਕਾਂ ਥਾਣੀ ਨਿਕਲ ਜਾਂਦਾ ਹੈ। ਜੇ ਦੁੱਧ ਪਾ ਦੇਈਏ ਤਾਂ ਬੂੰਦ ਭੀ ਨਹੀਂ ਡੁਲਦੀ।"

ਇਹ ਬੇਨਤੀ ਕਰਕੇ ਕਿਹਾ, "ਗਰੀਬ ਨਿਵਾਜ਼! ਮੈਂ ਰਾਤ ਨੂੰ ਖੁਦਾ ਦੇ ਅੱਗੇ ਇਬਾਦਤ ਕਰਕੇ ਸੁਤਾ ਸਾਂ। ਮੈਨੂੰ ਸੁਪਨੇ ਵਿੱਚ ਇਹ ਹੁਕਮ ਹੋਇਆ ਕਿ ਜੇ ਤੂੰ ਰੱਖਿਆ ਚਾਹੁੰਦਾ ਹੈ ਤਾਂ ਸਾਡੇ ਪਾਸ ਆ ਜਾ, ਫਿਰ ਮੈਂ ਬੇਨਤੀ ਕੀਤੀ ਤੁਹਾਡੇ ਪਾਸ ਕਿਥੇ ਆ ਜਾਵਾਂ। ਅੱਗੋਂ ਹੁਕਮ ਹੋਇਆ, ਨਾਲੇ ਆਪ ਜੀ ਦੇ ਸਰੂਪ ਦਾ ਝਲਕਾਰਾ ਪਿਆ ਤੇ ਕਿਹਾ ਜਗਰਾਵੀਂ ਪਹੁੰਚ ਜਾ। ਅੱਗੋਂ ਮੈਂ 'ਸਤਿ ਬਚਨ' ਕਿਹਾ, ਸਵੇਰੇ ਉੱਠ ਕੇ ਆਪਣੇ ਰਿਸ਼ਤੇਦਾਰਾਂ ਪਾਸ ਜਗਰਾਵੀਂ ਪਹੁੰਚਿਆ ਕਿਉਂਕਿ ਰਾਏਕੋਟ ਤੇ ਜਗਰਾਓਂ (ਏਥੇ) ਰਾਏਕੇ ਹੀ ਬਹੁਤ ਵਸਦੇ ਹਨ। ਸੋ, ਏਥੋਂ ਆਪ ਜੀ ਦੇ ਅਸਥਾਨ ਦਾ ਪਤਾ ਕਰਕੇ ਆਪ ਜੀ ਪਾਸ ਪੁੱਜਿਆ ਹਾਂ। ਸੋ, ਆਪਣੀ ਵਸਤੂ ਨੂੰ ਆਪ ਹੀ ਸੰਭਾਲੋ।"

ਇਹ ਗੱਲ ਸੁਣ ਕੇ ਬਾਬਾ ਦੀ ਮਿਹਰ ਦੇ ਘਰ ਵਿੱਚ ਆਏ ਤੇ ਕਿਹਾ, "ਅਨਾਇਤ ਖਾਂ, ਦਾਤਾ ਵਸਤੂ ਦੇ ਕੇ ਲੈਂਦਾ ਚੰਗਾ ਲਗਦਾ ਹੈ?"

ਸ੍ਰੀ ਮੁਖਵਾਕ - ਹਰਿ ਕੀਆ ਸਦਾ ਸਦਾ ਵਡਿਆਈਆ ਦੇਇ ਨ ਪਛੋਤਾਇ ॥

ਭਾਵ-ਦਾਤਾ ਦਾਨ ਕਰਕੇ ਵਸਤੂ ਵਾਪਸ ਨਹੀਂ ਲੈਂਦਾ ਤੇ ਜੋ ਦਾਨ ਕਰਕੇ ਵਾਪਸ ਮੰਗਦਾ ਹੈ, ਉਹ ਨੀਚ ਹੈ।"

ਇਹ ਕਹਿ ਕੇ ਬਾਬਾ ਜੀ ਨੇ ਆਪਣੇ ਹੱਥ ਦਾ ਸਿਮਰਨਾ ਗੰਗਾ ਸਾਗਰ ਦੇ ਗਲ ਵਿੱਚ ਪਾ ਦਿੱਤਾ ਤੇ ਕਿਹਾ, "ਅਨਾਇਤ ਖਾਂ, ਇਸ ਨੂੰ ਲੈ ਜਾ, ਸੇਵਾ ਕਰਿਆ ਕਰ। ਤੇਰੇ ਵੱਲ ਕੋਈ ਨਹੀਂ ਤੱਕੇਗਾ, ਤੱਤੀ ਵਾ ਨਹੀਂ ਲੱਗੇਗੀ।"

ਅੱਗੋਂ ਸਤਿ ਬਚਨ ਕਰਕੇ ਜੈ ਜੈ ਕਾਰ ਕਰਦਾ ਹੋਇਆ ਖੁਸ਼ੀ-ਖੁਸ਼ੀ ਘਰ ਪਹੁੰਚਿਆ। ਹੁਣ ਹਮੇਸ਼ਾ ਹੀ ਬਾਬਾ ਜੀ ਪਾਸ ਦਰਸ਼ਨ ਕਰਨ ਵਾਸਤੇ ਆਣ ਜਾਣ ਲੱਗਿਆ ਤੇ ਦੋ ਤਿੰਨ ਵਾਰ ਬਾਬਾ ਜੀ ਭੀ ਇਸ ਦੇ ਘਰ ਪਹੁੰਚੇ ਤੇ ਕੀਰਤਨ ਹੋਇਆ। ਇਸ ਦਫਾ ਸੰਤ ਸੁਜਾਨ ਸਿੰਘ ਜੀ ਭੀ ਜਥੇ ਸਮੇਤ ਨਾਲ ਸਨ, ਇਹਨਾਂ ਨੇ ਭੀ ਬਾਬਾ ਜੀ ਦੇ ਹੁਕਮ ਅਨੁਸਾਰ ਵਾਇਲਣ ਨਾਲ ਕੀਰਤਨ ਕੀਤਾ।

ਧਾਰਨਾ-ਦਾਦਰੇ ਵਿੱਚ ਪੜ੍ਹੀ, ਸ਼ਬਦ ਇਹ ਪੜ੍ਹਿਆ:-

ਸ੍ਰੀ ਮੁਖਵਾਕ - ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ ॥

ਬਹੁਤ ਸੋਹਣਾ ਸਮਾਂ ਬਣਿਆ, ਦਾਸ ਵੀ ਉਸ ਵਕਤ ਨਾਲ ਸੀ। ਜਿਥੇ ਲੋਕ ਖੋਹਣ

ਦਾ ਜਤਨ ਕਰਦੇ ਸੀ, ਉਥੇ ਦੁਨੀਆਂ ਸੀਸ ਝੁਕਾਉਂਦੀ ਹੈ ਤੇ ਮਨੋਂ ਕਾਮਨਾਂ ਪੂਰੀਆਂ ਕਰਦੀ ਹੈ। ਜਿਸ ਵੇਲੇ ਪਾਕਿਸਤਾਨ ਬਣਿਆ ਉਸ ਵੇਲੇ ਭੀ ਬੜੀ ਇੱਜ਼ਤ ਨਾਲ ਇਸ ਗੰਗਾ ਸਾਗਰ ਨੂੰ ਨਾਲ ਲੈ ਕੇ ਪਾਕਿਸਤਾਨ ਪਹੁੰਚ ਗਏ। (ਦਸਵਾਂ ਭਾਗ, ਪੰਨਾ 167-169)

***

## 2.
## ਅਨੰਦ ਸਰੋਵਰ
## ਜੀਵਨ
## ਸੰਤ ਬਾਬਾ ਨੰਦ ਸਿੰਘ ਜੀ
## ਕਲੇਰਾਂ ਵਾਲੇ
## (ਭਾਗ ਚੌਥਾ)

**ਲੇਖਕ**
**ਭਗਤ ਸਿੰਘ**
**ਸੈਸ਼ਨ ਜੱਜ (ਰਿ:)**

ਰਾਏ ਕੋਟ ਵਾਲੇ ਰਾਏ ਅਨਾਇਤ ਅਲੀ ਖਾਨ ਸਬ-ਰਿ. ਜਗਰਾਵਾਂ, ਬਾਬਾ ਜੀ ਦੇ ਬੜੇ ਸ਼ਰਧਾਲੂ ਸਨ। (ਉਹ ਆਪਣੇ ਸਿੱਖ ਮਿਤਰਾਂ ਦੇ ਰਾਹੀਂ, ਲੰਗਰ ਦੀ ਸੇਵਾ ਭੀ ਬੜੀ ਕਰਦੇ ਹੁੰਦੇ ਸਨ) ਸੰ. 1947 ਦੇ ਰੌਲੇ ਗੌਲੇ ਤੋਂ ਕਿੰਨਾਂ ਚਿਰ ਪਹਿਲਾਂ ਬਾਬਾ ਜੀ ਨੇ ਇਕ ਵਾਰੀ ਉਨ੍ਹਾਂ ਨੂੰ ਗੱਲਾਂ ਗੱਲਾਂ ਵਿਚ ਕਿਹਾ ਜਿਸ ਦਾ ਭਾਵ ਇਹ ਸੀ ਕਿ ਉਨ੍ਹਾਂ (ਰਾਏ ਹੋਰਾਂ ) ਨੂੰ ਉਥੋਂ ਜਾਣਾ ਪਵੇਗਾ, ਪਰ ਖਤਰੇ ਵਾਲੀ ਗੱਲ ਕੋਈ ਨਹੀਂ।

ਦੇਸ ਵੰਡਾਰੇ ਦੇ ਸਮੇਂ ਜਦ ਬੜੀ ਕੱਟ-ਵੱਢ ਹੋ ਰਹੀ ਸੀ, ਤਾਂ ਰਾਏ ਹੋਰਾਂ ਨੇ ਮੁਸਲਮਾਨਾਂ ਨੂੰ ਝਗੜਾ ਲੜਾਈ ਕਰਨ ਤੋਂ ਰੋਕੀ ਰਖਿਆ ਤੇ ਇਹ ਸਭ ਬਿਨਾਂ ਕਿਸੇ ਹਾਨੀ ਦੇ ਪਾਕਿਸਤਾਨ ਚਲੇ ਗਏ।

ਰਾਏ ਹੋਰਾਂ ਦੇ ਖਾਨਦਾਨ ਵਿਚ ਦਸਮੇਸ਼ ਜੀ ਦੀ ਦਾਤ, ਗੰਗਾ ਸਾਗਰ ਤੇ ਇਕ ਕਿਰਪਾਨ ਸੀ। ਗੰਗਾ ਸਾਗਰ ਤਾਂ ਉਨ੍ਹਾਂ ਦੇ ਪਾਸ ਰਿਹਾ, ਤੇ ਪਾਕਿਸਤਾਨ ਨਾਲ ਲੈ ਗਏ। ਇਸ ਗੰਗਾ ਸਾਗਰ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਬੇਸ਼ੁਮਾਰ ਛੇਕ ਹਨ, ਤੇ ਜਦ ਇਸਨੂੰ ਜਲ ਨਾਲ ਭਰ ਦਿਤਾ ਜਾਵੇ ਤਾਂ ਉਸ ਵਿਚੋਂ ਇਕ ਕਤਰਾ ਵੀ ਛੇਕਾਂ ਰਾਹੀਂ ਨਹੀਂ ਡੁਲਦਾ। (ਭਾਵੇਂ ਇਹ ਸਾਇੰਸ ਦੇ ਇਕ ਅਸੂਲ ਦਾ ਸਿੱਟਾ ਹੈ। )

ਸੰ: 1938 ਦੇ ਲਗਪਗ ਦੀ ਗੱਲ ਹੈ ਕਿ ਰਾਏ ਦਾ ਇਕਲੌਤਾ ਬੱਚਾ (ਜੋ ਕਿ ਛੇ ਮਹੀਨਿਆਂ ਦਾ ਸੀ ਤੇ ਉਸਦੀ 50 ਵਰ੍ਹੇ ਦੀ ਉਮਰ ਵਿਚ ਹੋਇਆ ਸੀ) ਬੀਮਾਰ ਪੈ ਗਿਆ। ਸਿਆਣਿਆਂ ਨੇ ਕਿਹਾ ਇਸਨੂੰ 'ਅਠਰਾਹ' ਹੈ ਤੇ ਬਚਣ ਦੀ ਉਮੀਦ ਨਹੀਂ। ਉਹ ਜਲਦੀ ਤੋਂ ਜਲਦੀ ਬਾਬਾ ਜੀ ਪਾਸ ਹਾਜ਼ਰ ਹੋ ਗਿਆ ਤੇ ਧਾਹਾਂ ਮਾਰ ਕੇ ਰੋਣ ਲਗ ਪਿਆ।

"ਰਾਏ ਜੀ ! ਇਵੇਂ ਰੋਂਦੇ ਕਿਉਂ ਹੋ ? ਕੀ ਗੱਲ ਹੈ?" ਬਾਬਾ ਜੀ ਨੇ ਪੁਛਿਆ।

"ਜੀ ਇਕੋ ਬੱਚਾ ਹੈ! ਵਡੇਰੀ ਉਮਰ ਵਿਚ ਹੋਇਆ ਹੈ। ਬੜੇ ਇਲਾਜ ਕਰਾਏ ਹਨ। ਤੁਸੀਂ ਖ਼ੁਦਾ ਦੇ ਰੂਪ ਹੋ। ਕੋਈ ਰਾਹ ਦਸੋ। ਬਖ਼ਸ਼ਿਸ਼ ਕਰੋ।" ਰਾਏ ਨੇ ਬੇਨਤੀ ਕੀਤੀ।

ਬਾਬਾ ਜੀ: ਗਰਮੀ ਸਖਤ ਹੈ। ਗਰਮੀ ਕਰਕੇ ਤਕਲੀਫ ਹੋਈ ਹੋਵੇਗੀ। ਇਸਨੂੰ ਕੋਈ ਠੰਢੀਆਂ ਚੀਜ਼ਾਂ ਪਿਲਾਉ। ਹਾਂ, ਨਗਰ ਵਿਚ ਜਿਤਨੀਆਂ ਮਸੀਤਾਂ ਹਨ ਉਨ੍ਹਾਂ ਵਿਚ ਕੁਰਾਨ ਸ਼ਰੀਫ ਪੜਾਓ। ਠਾਕਰ ਦਵਾਰਿਆਂ ਵਿਚ ਗੀਤਾ ਦੇ ਪਾਠ ਪੜਾਓ। ਸਾਰੇ ਅਰਦਾਸ ਕਰਨ। ਗਰੀਬਾਂ ਦੇ ਮੂੰਹ ਵਿਚ ਅੰਨ ਪਾਉ। ਪੁੰਨ ਦਾਨ ਕਰੋ। ਲੋਕ ਅਸੀਸਾਂ ਦੇਣਗੇ। ਬੱਚੇ ਦੇ ਪੁੰਨ ਵਧਣਗੇ। ਨਾਲੇ ਘਰ ਵਾਲੀ ਨੂੰ ਕਹਿਣਾ ਕਿ ਕੁਰਾਨ ਸ਼ਰੀਫ ਦਾ ਸਪਾਰਾ ਪੜ੍ਹੇ ਤੇ ਉਤੇ ਰੁਮਾਲ ਫੇਰਦੀ ਜਾਵੇ। ਰੁਮਾਲ ਨੂੰ ਧੋ ਕੇ, ਚਮਚੇ ਕੁ ਪਾਣੀ ਵਿਚ ਮਿਠਾ ਪਾ ਕੇ ਪਿਲਾ ਦੇਵੇ। ਇਹ ਆਬੇ-ਹਿਆਤ ਹੈ ! ਠੀਕ ਹੋ ਜਾਵੇਗਾ।" ਆਪਣੀ ਹੱਥੀਂ ਲਾਚੀਆਂ ਦਾ ਪਰਸ਼ਾਦ ਵੀ ਦਿਤਾ।

ਰਾਏਕੋਟ ਵਾਪਸ ਜਾਂਦਿਆਂ ਹੀ ਬੱਚੇ ਦੇ ਰੋਗ ਨੂੰ ਮੋੜਾ ਪੈ ਗਿਆ ਤੇ ਛੇਤੀ ਹੀ ਮੁੰਡਾ ਰਾਜ਼ੀ ਹੋ ਗਿਆ। ਰਾਏ ਹੋਰਾਂ ਨੇ ਬੜੀ ਖੁਸ਼ੀ ਮਨਾਈ ਤੇ ਉਨ੍ਹਾਂ ਦੀ ਬਾਬਾ ਦੀ ਤੇ ਹੋਰ ਵੀ ਸ਼ਰਧਾ ਬੱਝ ਗਈ। ਉਸ ਨੇ ਅਰਜ ਕੀਤੀ ਕਿ ਜੀ ਰਾਏਕੋਟ ਦਰਸ਼ਨ ਦਿਓ ਤਾਂ ਜਿਹੜੀ ਤੁਹਾਡੀ 'ਜਗੀਰ' ਹੈ ਉਹ ਪੇਸ਼ ਕਰਾਂ।" ਜਦ ਬਾਬਾ ਜੀ ਲਹਿਰੇ ਗਏ, ਤਾਂ ਰਾਹ ਵਿਚ ਝੋਰੜੀਂ ਠਹਿਰੇ। ਪਤਾ ਲਗਣ ਤੇ ਰਾਏ ਹੋਰੀਂ ਆਪੇ ਹੀ ਹਾਜ਼ਰ ਹੋਏ, ਤੇ ਅਰਜ਼ ਕੀਤੀ ਕਿ ਕੋਟ ਨੇੜੇ ਹੀ ਹੈ। ਮਿਹਰਬਾਨੀ ਕਰੋ!

ਰਾਏ ਜੀ ਦੀ ਬੇਨਤੀ ਮੰਨ, ਬਾਬਾ ਜੀ ਸੰਗਤ ਸਮੇਤ ਰਾਏਕੋਟ ਪਧਾਰੇ। ਰਾਏ ਜੀ ਦੀ ਇਕ ਖੁੱਲ੍ਹੀ ਥਾਂ ਵਿਚ ਕੀਰਤਨ ਕਰਾਇਆ। ਮੁਸਲਮਾਨਾਂ ਦਾ ਬੜਾ ਇਕੱਠ ਹੋ ਗਿਆ। "ਭਾਗ ਤਿੰਨਾਂ ਦੇ ਮਾੜੇ ਦਿਤੀ ਬਾਂਗ ਜੋ ਨਾ ਜਾਗਦੇ" ਦੀ ਧਾਰਨਾ ਤੇ ਫਰੀਦ ਸਾਹਿਬ ਦੇ ਸਲੋਕਾਂ ਦਾ ਕੀਰਤਨ ਹੋਇਆ ਤੇ ਬਾਬਾ ਜੀ ਨੇ ਵਿਆਖਿਆ ਕੀਤੀ।

ਅਕਾਲੀਆਂ ਤੇ ਰਾਏ ਜੀ ਨੂੰ ਇਹ ਡਰ ਉਤਪੰਨ ਹੋ ਗਿਆ ਸੀ ਕਿ ਦਸਮੇਸ਼ ਜੀ ਦੀ ਇਹ ਅਮੋਲਕ ਦਾਤ ਕਿਤੇ ਖੋਹ ਨਾ ਲੈਣ। ਇਸ ਲਈ ਰਾਏ ਜੀ, ਗੰਗਾ ਸਾਗਰ ਨੂੰ ਬੜੀ ਹਿਫਾਜ਼ਤ ਨਾਲ, ਬਾਬਾ ਜੀ ਦੇ ਪਾਸ ਲਿਆਏ ਤੇ ਬੇਨਤੀ ਕੀਤੀ "ਗਰੀਬ ਨਵਾਜ਼ ! ਇਹ ਤੁਹਾਡੀ ਚੀਜ਼ ਹੈ, ਤੁਸੀਂ ਲੈ ਲਵੋ।"

ਬਾਬਾ ਜੀ ਨੇ ਬੜੇ ਪਿਆਰ ਤੇ ਸਤਿਕਾਰ ਨਾਲ ਗੰਗਾ ਸਾਗਰ ਦੇ ਦਰਸ਼ਨ ਕੀਤੇ, ਤੇ ਬਚਨ ਕੀਤਾ ਕਿ ਇਹ ਦਾਤ ਕਲਗੀਧਰ ਜੀ ਦੀ ਦਿਤੀ ਹੋਈ ਹੈ, ਕੋਈ ਤੁਹਾਥੋਂ ਖੋਹ ਨਹੀਂ ਸਕਦਾ। ਤੁਸੀਂ ਇਸਨੂੰ ਪੂਰੀ ਇਜ਼ਤ ਨਾਲ ਰਖਿਓ।

ਇਸ ਤਰ੍ਹਾਂ ਤਸੱਲੀ ਮਿਲਣ ਤੇ ਰਾਏ ਜੀ ਵਾਪਸ ਲੈ ਗਏ।

ਇਕ ਖਾਸ ਪੱਥਰ ਦੇ ਮੋਟੇ ਮਣਕਿਆਂ ਵਾਲਾ ਸਿਮਰਨਾ ਵੀ ਬਾਬਾ ਜੀ ਨੇ ਰਾਏ ਨੂੰ ਬਖਸ਼ ਕੇ ਫਰਮਾਇਆ: ਲਓ ਇਹ ਅਸੀਂ ਆਪਣੀ ਬਾਂਹ ਫੜਾਉਂਦੇ ਹਾਂ, ਇਸ ਸਿਮਰਨੇ ਨੂੰ ਗੰਗਾ ਸਾਗਰ ਦੇ ਨਾਲ ਰੱਖਣਾ। ਫਿਰ ਕੋਈ ਡਰ ਨਹੀਂ !

***

# 3.
# ਜੀਵਨ
# ਇਲਾਹੀ ਜੋਤ
# ਬਾਬਾ ਨੰਦ ਸਿੰਘ ਜੀ
# ਮਹਾਰਾਜ
# (ਕਲੇਰਾਂ ਵਾਲੇ)
# ਲੇਖਕ
# ਅਮਰੀਕ ਸਿੰਘ ਗਨੈਕਸ

ਜਦੋਂ ਰਾਏ ਅਨਾਇਤ ਅਲੀ ਖਾਨ ਨੇ ਬਾਬਾ ਅਨੰਦ ਸਿੰਘ ਨੂੰ ਗੰਗਾ ਸਾਗਰ ਭੇਟ ਕੀਤਾ।*

ਇਕ ਦਿਨ ਰਾਏਕੋਟ ਤੋਂ ਰਾਏ ਅਨਾਇਤ ਅਲੀ ਖਾਨ ਬਾਬਾ ਜੀ ਪਾਸ ਆਇਆ। ਪਹਿਲੀ ਵਾਰ ਬਾਬਾ ਜੀ ਪਾਸ ਉਹ ਲਗ ਦਸ ਵਰ੍ਹੇ ਪਹਿਲਾਂ ਆਇਆ ਸੀ। ਉਸ ਵੇਲੇ ਉਸਦਾ ਚਿਹਰਾ ਹੰਝੂਆਂ ਨਾਲ ਭਿੱਜਿਆ ਪਿਆ ਸੀ ਤੇ ਅੱਖਾਂ ਵਿਚ ਆਖਰੀ ਉਮੀਦ ਦੀ ਝਲਕ ਸੀ।

"ਰਾਏ ਜੀ ! ਕੀ ਹੋਇਆ ? ਰੋਂਦੇ ਕਿਉਂ ਹੋ?" ਬਾਬਾ ਜੀ ਨੇ ਰਾਏ ਅਨਾਇਤ ਅਲੀ ਖਾਨ ਨੂੰ ਪੁੱਛਿਆ।

"ਬਾਬਾ ਜੀ ਮੇਰਾ ਪੁੱਤਰ ਬਿਮਾਰ ਐ। ਤੁਸੀਂ ਕਿਰਪਾ ਕਰੋ।"

"ਹੱਛਾ ਭਾਈ ! ਕਿਸੇ ਡਾਕਟਰ ਜਾਂ ਵੈਦ ਤੋਂ ਦਵਾ ਦਾਰੂ ਕਰਨੀ ਸੀ।"

"ਬਹੁਤ ਦਵਾ-ਦਾਰੂ ਕੀਤੀ ਜੀ, ਬੜੇ ਇਲਾਜ ਕਰਾਏ, ਪਰ ਠੀਕ ਨਹੀਂ ਹੋਇਆ। ਅਠਰਾਹ ਦੀ ਬਿਮਾਰੀ ਐ। ਬਾਬਾ ਜੀ ਆਪ ਖੁਦਾ ਦੇ ਰੂਪ ਹੋ, ਬਖਸ਼ ਕਰੋ। ਮੇਰਾ ਇਕੋ ਇਕ ਬੱਚਾ ਐ।" ਰਾਏ ਅਨਾਇਤ ਅਲੀ ਹੋਰ ਸਾਰੀਆਂ ਉਮੀਦਾਂ ਛੱਡ ਚੁੱਕਾ ਸੀ।

ਰਾਏ ਅਨਾਇਤ ਖਾਨ ਰਾਏ ਕਲਾ ਦੇ ਖਾਨਦਾਨ ਵਿਚੋਂ ਸੀ ਜਿਸਨੂੰ ਸ਼ਾਹਿ ਸ਼ਹਿਨਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਗੰਗਾ ਸਾਗਰ ਦੀ ਬਖ਼ਸ਼ਿਸ਼ ਕੀਤੀ ਸੀ। ਗੁਰੂ ਸਾਹਿਬ ਨੇ ਰਾਏਕੋਟ ਜਿਥੇ ਅੱਜ ਕਲ੍ਹ ਗੁਰਦੁਆਰਾ ਟਾਹਲੀਆਣਾ ਸੁਸ਼ੋਭਿਤ ਹੈ, ਰਾਏ ਕਲ੍ਹੇ ਨੂੰ ਗੰਗਾ ਸਾਗਰ, ਖੰਡਾ ਅਤੇ ਇਕ ਰਿਹਲ ਬਖ਼ਸੇ ਸਨ। ਗੰਗਾ ਸਾਗਰ ਵਿਚ ਛੋਟੇ ਛੋਟੇ ਕਈ ਛੇਕ ਹਨ। ਇਸ ਵਿਚ ਰੇਤਾ ਪਾਈਏ ਤਾਂ ਥੱਲੇ ਗਿਰ ਜਾਂਦੀ ਹੈ, ਪਰ ਦੁਧ ਜਾਂ ਪਾਣੀ ਨਹੀਂ ਚੋਂਦਾ।

---

*ਇਹ ਲਿਖਤ ਅਖਬਾਰ 'ਅਜੀਤ' ਦੇ 22 ਨਵੰਬਰ 2011 ਵਾਲੇ ਅੰਕ ਵਿਚ ਪ੍ਰਕਾਸ਼ਿਤ ਹੋਈ। ਇਸ ਦੇ ਸ਼ੁਰੂ ਵਿਚ ਇਹ ਸ਼ਬਦ ਦਰਜ ਸਨ: ਮੁਗਲ ਬਾਦਸ਼ਾਹ ਔਰੰਗਜੇਬ ਦੇ ਸਮੇਂ ਰਾਏ ਕੱਲ੍ਹਾ ਰਾਏਕੋਟ ਰਿਆਸਤ ਦੇ ਹੁਕਮਰਾਨ ਸਨ, ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਾਏਕੋਟ ਵਿਚ ਉਹਨਾਂ ਪਾਸ ਕੁਝ ਸਮਾਂ ਠਹਿਰੇ ਸਨ ਅਤੇ ਉਨ੍ਹਾਂ ਰਾਏ ਕੱਲ੍ਹਾ ਨੂੰ ਗੰਗਾ ਸਾਗਰ (ਇਕ ਬਰਤਨ) ਅਤੇ ਕੁਝ ਹੋਰ ਵਸਤਾਂ ਬਖਸ਼ਸ ਕੀਤੀਆਂ ਸਨ। ਇਸ ਖਾਨਦਾਨ ਦੇ ਵੰਸ਼ਜ਼ ਰਾਏ ਅਨਾਇਤ ਅਲੀ ਖਾਨ ਦੀਆਂ ਬਾਬਾ ਅਨੰਦ ਸਿੰਘ ਕਲੇਰਾਂ ਵਾਲਿਆਂ ਨਾਲ ਵੀ ਕਈ ਵਾਰ ਮੁਲਾਕਾਤਾਂ ਹੋਈਆਂ ਸਨ। ਪੇਸ਼ ਹੈ ਇਸ ਮੁਲਾਕਾਤ ਸਬੰਧੀ ਇਕ ਸਾਖੀ।

ਗੁਰੂ ਸਾਹਿਬ ਨੇ ਜ਼ਾਲਮ ਤੁਰਕ ਰਾਜ ਦੀ ਨੀਂਹ ਪੁੱਟੇ ਜਾਣ ਤੇ ਬਚਨ ਕੀਤੇ ਤਾਂ ਰਾਏ ਕਲ੍ਹੇ ਨੇ ਕਿਹਾ ਕਿ ਮੈਂ ਵੀ ਤੁਰਕ ਹਾਂ, ਮੇਰੇ ਤੇ ਬਖ਼ਸ਼ਿਸ਼ ਕਰੋ। ਗੁਰੂ ਸਾਹਿਬ ਨੇ ਬਚਨ ਕੀਤਾ ਕਿ ਜਦ ਤੱਕ ਇਹਨਾਂ ਚੀਜ਼ਾਂ ਨੂੰ ਸਤਿਕਾਰ ਨਾਲ ਰਖੋਗੇ, ਸੁਖ, ਰਾਜ ਤੇ ਤੇਜ਼ ਵਧੇਗਾ। ਇਸ ਬਚਨ ਅਨੁਸਾਰ ਰਾਏ ਕਲ੍ਹਾ ਅਤੇ ਉਸ ਦੇ ਪੁੱਤਰ ਰਾਏ ਮੁਹੰਮਦ ਨੇ ਇਹਨਾਂ ਚੀਜ਼ਾਂ ਨੂੰ ਸਤਿਕਾਰ ਨਾਲ ਰੱਖਿਆ, ਪਰ ਪੋਤਰੇ ਰਾਏ ਇਲਿਆਸ ਨੇ ਕਿਸੇ ਦੀਆਂ ਗੱਲਾਂ ਵਿਚ ਆ ਕੇ ਇਹ ਰੀਤ ਤੋੜ ਦਿੱਤੀ। ਗੁਰੂ ਸਾਹਿਬ ਦਾ ਖੰਡਾ ਲੈ ਕੇ ਸ਼ਿਕਾਰ ਖੇਡਣ ਨਿਕਲ ਪਿਆ। ਜਗਰਾਵਾਂ ਤੋਂ ਅੱਗੇ ਸਵੱਦੀ ਖੁਰਦ ਅਤੇ ਸ਼ੇਰਪੁਰੇ ਦੇ ਦਰਮਿਆਨ ਐਸਾ ਭਾਣਾ ਵਾਪਰਿਆ ਕਿ ਘੋੜਾ ਤ੍ਰਬਕ ਗਿਆ। ਘੋੜਾ ਤ੍ਰਬਕ ਕੇ ਬੁੜਕਿਆ ਤਾਂ ਖੰਡਾ ਰਾਏ ਇਲਿਆਸ ਦੀ ਵੱਖੀ ਵਿਚ ਧਸ ਗਿਆ ਤੇ ਉਹ ਘੋੜੇ ਤੋਂ ਡਿੱਗ ਪਿਆ। ਘੋੜੇ ਤੋਂ ਡਿੱਗ ਤਾਂ ਪਿਆ ਪਰ ਪੈਰ ਰਕਾਬ ਵਿਚ ਹੀ ਫਸਿਆ ਰਹਿ ਗਿਆ। ਰਾਮਗੜ੍ਹ ਪਿੰਡ ਦੇ ਨੇੜੇ ਤੱਕ ਘੋੜਾ ਉਸਨੂੰ ਘੜੀਸਦਾ ਹੋਇਆ ਲੈ ਗਿਆ।

"ਇਸ ਘਟਨਾ ਦਾ ਜ਼ਿਕਰ ਸੰਤ ਵਸਾਖਾ ਸਿੰਘ ਜੀ ਨੇ ਮਾਲਵਾ ਇਤਿਹਾਸ ਜਿਲਦ-ਪਹਿਲੀ ਦੇ ਪੰਨਾ 185 ਤੇ ਕੀਤਾ ਹੈ ਪਰ ਉਥੇ ਰਾਏ ਇਲਿਆਸ ਦਾ ਨਾਂ ਰਾਏ ਉਲਾਸ ਲਿਖਿਆ ਹੈ।

ਰਾਏ ਇਲਿਆਸ ਦੇ ਕੋਈ ਸੰਤਾਨ ਨਹੀਂ ਸੀ। ਇਸ ਹਾਦਸੇ ਵਿਚ ਉਸ ਦੀ ਮੌਤ ਤੋਂ ਬਾਅਦ ਰਾਜ ਭਾਗ ਵੀ ਚਲਿਆ ਗਿਆ। ਉਸਦੀ ਮੌਤ ਤੋਂ ਬਾਅਦ ਉਸ ਦੀ ਮਾਤਾ ਬੀਬੀ ਨੂਰਨਿਸ਼ਾ ਨੇ ਗੁਰੂ ਸਾਹਿਬ ਦੀਆਂ ਬਖਸ਼ੀਆਂ ਚੀਜਾਂ ਨੂੰ ਸਤਿਕਾਰ ਨਾਲ ਰੱਖਿਆ। ਉਸ ਤੋਂ ਬਾਅਦ ਰਾਏ ਇਲਿਆਸ ਦੀ ਵਿਧਵਾ ਬੀਬੀ ਭਾਗਭਰੀ ਨੇ ਵੀ ਇਹ ਸਤਿਕਾਰ ਬਰਕਰਾਰ ਰੱਖਿਆ। ਉਸਨੇ ਆਪਣੇ ਭਤੀਜੇ ਇਮਾਮ ਬਖਸ਼ ਨੂੰ ਪੰਜ ਪਿੰਡਾਂ ਦੀ ਬਚੀ ਹੋਈ ਜਾਗੀਰ ਦਾ ਵਾਰਿਸ ਬਣਾਇਆ ਅਤੇ ਗੁਰੂ ਸਾਹਿਬ ਦੀਆਂ ਬਖ਼ਸ਼ਿਸ਼ਾਂ ਦਿੱਤੀਆਂ। 1886 ਈ. ਵਿਚ ਜਦ ਉਸ ਦੇ ਸੁਆਸ ਪੂਰੇ ਹੋਏ ਤਾਂ ਇਹ ਬਖ਼ਸ਼ਿਸ਼ਾਂ ਉਸ ਦੇ ਪੁੱਤਰ ਰਾਏ ਫੈਜ਼ ਤਾਲਬ ਨੂੰ ਪ੍ਰਾਪਤ ਹੋਈਆਂ। ਉਹ ਵੀ ਗੁਰੂ ਸਾਹਿਬ ਦੀਆਂ ਇਹਨਾਂ ਬਖ਼ਸ਼ਿਸ਼ਾਂ ਦਾ ਬਹੁਤ ਸਤਿਕਾਰ ਕਰਦਾ ਸੀ। ਉਸਨੇ ਆਨਰੇਰੀ ਮੈਜਿਸਟਰੇਟ, ਆਨਰੇਰੀ ਸਿਵਲ ਜੱਜ, ਸੂਬਾਈ, ਦਰਬਾਰੀ ਅਤੇ ਰਾਏਕੋਟ ਨਗਰ ਪਾਲਿਕਾ ਦੇ ਪ੍ਰਧਾਨ ਦੀਆਂ ਪਦਵੀਆਂ ਤੇ ਕੰਮ ਕੀਤਾ।

1900 ਈਃ ਵਿਚ ਰਾਏ ਫੈਜ਼ ਤਾਲਬ ਦੀ ਮੌਤ ਤੋਂ ਬਾਅਦ ਗੁਰੂ ਸਾਹਿਬ ਦੀਆਂ ਬਖ਼ਸ਼ੀਆਂ ਚੀਜ਼ਾਂ ਰਾਏ ਅਨਾਇਤ ਖਾਨ ਨੂੰ ਪ੍ਰਾਪਤ ਹੋਈਆਂ ਸਨ। ਪਹਿਲੇ ਕੁਝ ਵਰ੍ਹੇ ਉਹ ਸਤਿਕਾਰ ਵਲੋਂ ਕੁਝ ਅਵੇਸਲਾ ਰਿਹਾ। ਹੌਲੀ ਹੌਲੀ ਉਸਦੀ ਆਰਥਿਕ ਸਥਿਤੀ ਵਿਚ ਗਿਰਾਵਟ ਆਉਣ ਲੱਗੀ। ਸੰਤ ਮੱਘਰ ਸਿੰਘ ਜੀ ਰਾਮਗੜ੍ਹ ਭੁੱਲਰ ਵਾਲਿਆਂ ਦੀ ਸੋਭਾ ਸੁਣੀ ਸੀ, ਉਹਨਾਂ ਪਾਸ ਜਾ ਬੇਨਤੀ ਕੀਤੀ। ਸੰਤ ਜੀ ਨੇ ਉਸਨੂੰ ਗੁਰੂ ਸਾਹਿਬ ਦੀਆਂ ਬਖ਼ਸ਼ੀਆਂ ਚੀਜ਼ਾਂ ਦਾ ਪ੍ਰੇਮ ਭਾਵ ਨਾਲ ਸਤਿਕਾਰ ਕਰਨ ਦੀ ਹਦਾਇਤ ਕੀਤੀ। ਉਸੇ ਦਿਨ ਉਸਨੇ ਚੁਬਾਰੇ ਨੂੰ ਸਾਫ ਕਰਕੇ ਇਹ ਚੀਜ਼ਾਂ ਸਤਿਕਾਰ ਨਾਲ ਰੱਖੀਆਂ ਅਤੇ ਰੋਜ਼ ਧੂਪ-ਦੀਪ ਕਰਨ ਲੱਗਾ।

ਪਿਛਲੇ ਕੁਝ ਵਰ੍ਹਿਆਂ ਤੋਂ ਉਹ ਨਗਰ ਪਾਲਿਕਾ ਦਾ ਪ੍ਰਧਾਨ ਸੀ, ਛੇਤੀ ਹੀ ਜਗਰਾਉਂ ਤਹਿਸੀਲ ਦਾ ਸਬ-ਰਜਿਸਟਰਾਰ ਬਣ ਗਿਆ। ਅੰਗਰੇਜ਼ ਸਰਕਾਰ ਵੱਲੋਂ ਉਸਨੂੰ 'ਖਾਨ ਬਹਾਦੁਰ' ਦਾ ਖ਼ਿਤਾਬ ਅਤੇ ਮਿੰਟਗੁਮਰੀ ਵਿਖੇ ਦਸ ਮੁਰੱਬੇ ਜਮੀਨ ਵੀ ਮਿਲੀ।

ਵਿਆਹ ਤੋਂ ਕਾਫੀ ਅਰਸੇ ਬਾਅਦ ਉਸਦੇ ਪੁੱਤਰ ਹੋਇਆ ਸੀ। ਉਸਦੀ ਇਕੋ ਇਕ ਸੰਤਾਨ ਤੇ ਵੀ ਪਿਛਲੇ ਦਿਨਾਂ ਤੋਂ ਮੌਤ ਦਾ ਸਾਇਆ ਮੰਡਲਾ ਰਿਹਾ ਸੀ। ਉਸ ਦੀ ਦੇਹ ਅਰੋਗਤਾ ਲਈ ਬੇਨਤੀ ਕਰਨ ਲਈ ਉਹ ਬਾਬਾ ਜੀ ਪਾਸ ਆਇਆ ਸੀ। ਪੰਜਾਹ ਸਾਲ ਦੀ ਉਮਰ ਵਿਚ ਬੱਚਾ ਹੋਇਆ ਸੀ ਤੇ ਉਹ ਵੀ ਛੇਵੇਂ ਮਹੀਨੇ ਵਿਚ ਬਿਮਾਰੀ ਦੇ ਘੇਰੇ ਵਿਚ ਆ ਪਿਆ ਸੀ।

"ਰਾਏ ਜੀ! ਰੱਬ ਵਰਗਾ ਰੱਬ ਹੀ ਐ।"

ਬਾਬਾ ਜੀ ਨੇ ਬਚਨ ਕੀਤਾ, "ਗਰਮੀ ਬਹੁਤ ਸਖਤ ਹੈ, ਇਸੇ ਕਰਕੇ ਤਕਲੀਫ ਹੋਵੇਗੀ। ਕੋਈ ਠੰਡੀਆਂ ਚੀਜਾਂ ਪਿਲਾਉ। ਨਗਰ ਮੇਂ ਸਾਰੀਆਂ ਮਸੀਤਾਂ ਵਿਚ ਕੁਰਾਨ ਸ਼ਰੀਫ਼ ਦੇ ਪਾਠ ਕਰਾਉ ਤੇ ਗੁਰਦੁਆਰਿਆਂ ਵਿਚ ਗੀਤਾ ਦੇ ਪਾਠ ਕਰਾਉ। ਸਾਰੇ ਦੁਆ ਕਰਨ। ਗਰੀਬਾਂ ਦੇ ਮੂੰਹ ਅੰਨ ਪਾਉ। ਪੁੰਨ-ਦਾਨ ਕਰੋ। ਲੋਕ ਅਸੀਸਾਂ ਦੇਣਗੇ। ਬੱਚੇ ਦੇ ਪੁੰਨ ਵਧਣਗੇ। ਘਰ ਮੇਂ ਵੀ ਕੁਰਾਨ ਸਰੀਫ ਦਾ ਪਾਠ ਕਰੋ। ਰੁਮਾਲ ਨਾਲ ਸੇਵਾ ਕਰੋ। ਰੁਮਾਲ ਫਿਰ ਧੋ ਕੇ ਉਸ ਪਾਨੀ ਵਿਚ ਮਿੱਠਾ ਪਾ ਕੇ ਪਿਲਾ ਦੇਵੋ। ਵਾਹਿਗੁਰੂ ਭਲੀ ਕਰੇਗਾ।"

ਰਾਏ ਅਨਾਇਤ ਖਾਨ ਵਾਪਸ ਰਾਏਕੋਟ ਆਪਣੀ ਹਵੇਲੀ ਵਿਚ ਪੁੱਜਾ ਤਾਂ ਬੜਾ ਹੈਰਾਨ ਹੋਇਆ, ਖੁਸ਼ੀ ਦੀ ਵੀ ਹੱਦ ਨਾ ਰਹੀ। ਬੱਚੇ ਦੀ ਬਿਮਾਰੀ ਨੂੰ ਮੋੜ ਪੈ ਚੁੱਕਾ ਸੀ। ਬਾਬਾ ਜੀ ਦੇ ਦੱਸੇ ਅਨੁਸਾਰ ਪਾਠ ਕਰਾਏ ਗਏ ਤਾਂ ਬੱਚਾ ਪੂਰੀ ਤਰ੍ਹਾਂ ਠੀਕ ਹੋ ਗਿਆ।

ਕੁਝ ਦਿਨਾਂ ਬਾਅਦ ਰਾਏ ਅਨਾਇਤ ਖਾਨ ਫਿਰ ਬਾਬਾ ਜੀ ਪਾਸ ਆਇਆ ਅਤੇ ਰਾਏਕੋਟ ਆਉਣ ਦੀ ਬੇਨਤੀ ਕੀਤੀ। ਕੁਝ ਅਰਸੇ ਬਾਅਦ ਬਾਬਾ ਜੀ ਲਹਿਰੇ ਗਏ ਤਾਂ ਰਾਤ ਝੋਰੜੀਂ ਠਹਿਰੇ। ਰਾਏ ਅਨਾਇਤ ਖਾਨ ਨੂੰ ਪਤਾ ਲੱਗਾ ਤਾਂ ਫਿਰ ਆ ਕੇ ਇਹੋ ਬੇਨਤੀ ਕੀਤੀ। ਬੇਨਤੀ ਬਾਬਾ ਜੀ ਨੇ ਪ੍ਰਵਾਨ ਕਰ ਲਈ ਸੀ। ਰਾਏਕੋਟ ਇਕ ਖੁੱਲੀ ਥਾਂ ਤੇ ਦੀਵਾਨ ਸਜ ਗਿਆ। ਸੰਗਤ ਵੀ ਬਹੁਤ ਇਕੱਠੀ ਹੋ ਗਈ ਸੀ। ਮੁਸਲਮਾਨ ਪ੍ਰੇਮੀ ਵੀ ਬਹੁਤ ਗਿਣਤੀ ਵਿਚ ਸਨ। ਰਾਗੀ ਸਿੰਘਾਂ ਨੇ 'ਭਾਗ ਤਿਨ੍ਹਾਂ ਦੇ ਮੰਦੇ ਦਿੱਤੀ ਬਾਂਗ ਤੋਂ ਨਾ ਜਾਗਦੇ' ਧਾਰਨਾ ਤੇ 'ਪੰਜ ਨਿਵਾਜਾਂ ਵਖਤ ਪੰਜਿ' 'ਮੁਸਲਮਾਣੁ ਕਹਾਵਣੁ ਮੁਸ਼ਕਲ' ਸ਼ਬਦਾਂ ਅਤੇ ਬਾਬਾ ਫਰੀਦ ਜੀ ਦੇ ਸਲੋਕਾਂ ਦੇ ਪ੍ਰਮਾਣ ਦਿੰਦੇ ਹੋਏ ਘੰਟਾ ਕੁ ਕੀਰਤਨ ਕੀਤਾ। ਬਾਬਾ ਜੀ ਨੇ ਬਚਨਾਂ ਦੁਆਰਾ ਸ਼ਬਦਾਂ ਅਤੇ ਸਲੋਕਾਂ ਦੇ ਭਾਵ ਦੀ ਵਿਚਾਰ ਕੀਤੀ।

"ਬਾਬਾ ਜੀ ਇਹ ਤੁਹਾਡੀ ਚੀਜ਼ ਹੈ, ਤੁਸੀਂ ਹੀ ਲੈ ਲਵੋ।" ਸਮਾਪਤੀ ਹੋਈ ਤਾਂ ਰਾਏ ਅਨਾਇਤ ਖਾਨ ਨੇ ਦਸ਼ਮੇਸ਼ ਪਾਤਸ਼ਾਹ ਦਾ ਬਖ਼ਸ਼ਿਆ ਗੰਗਾ ਸਾਗਰ ਦੇ ਬਾਬਾ ਜੀ ਨੂੰ ਦਰਸ਼ਨ ਕਰਾਉਂਦੇ ਹੋਏ ਕਿਹਾ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਰਾਏ ਕਲ੍ਹਾ ਨੂੰ ਬਖ਼ਸ਼ੀਆਂ ਤਿੰਨ ਚੀਜ਼ਾਂ ਵਿਚੋਂ ਰਿਹਲ ਬਾਰੇ ਪਤਾ ਨਹੀਂ ਲੱਗਦਾ ਕਿ ਕਿੰਨਾ ਚਿਰ ਇਸ ਖਾਨਦਾਨ ਪਾਸ ਰਿਹਾ। ਖੰਡਾ ਕਿਸੇ ਢੰਗ ਨਾਲ ਇਸ ਪਰਵਾਰ ਕੋਲੋਂ ਲੈ ਲਿਆ ਗਿਆ।* ਰਾਏ ਅਨਾਇਤ ਖਾਨ ਨੂੰ ਆਪਣੇ ਪਿਤਾ ਪਾਸੋਂ ਗੰਗਾ ਸਾਗਰ ਹੀ ਪ੍ਰਾਪਤ ਹੋਇਆ ਸੀ। ਸ਼ਾਇਦ ਰਿਹਲ ਵੀ ਪ੍ਰਾਪਤ ਹੋਈ ਹੋਵੇ। ਉਹ ਸੰਗਤਾਂ ਨੂੰ ਗੰਗਾ ਸਾਗਰ ਦੇ ਦਰਸ਼ਨ ਕਰਾਉਂਦਾ। ਗੰਗਾ ਸਾਗਰ ਵਿਚ ਜਲ ਪਾ ਕੇ ਸੰਗਤ ਨੂੰ ਦਿਖਾਉਂਦਾ ਤੇ ਫਿਰ ਉਹ ਜਲ ਸੰਗਤ ਨੂੰ ਛਕਾਉਂਦਾ। ਪਿਛਲੇ ਕਈ ਵਰ੍ਹਿਆਂ ਤੋਂ ਇਸੇ ਤਰ੍ਹਾਂ ਚਲ ਰਿਹਾ ਸੀ, ਪਰ ਹੁਣ ਰਾਏ ਅਨਾਇਤ ਖਾਨ ਗੰਗਾ ਸਾਗਰ ਬਾਬਾ ਜੀ ਨੂੰ ਦੇਣਾ ਚਾਹੁੰਦਾ ਸੀ। ਇਸਦਾ ਕਾਰਣ ਇਹ ਸੀ ਕਿ ਕੁਝ ਲੋਕ ਗੰਗਾ ਸਾਗਰ ਪ੍ਰਾਪਤ ਕਰਨਾ ਚਾਹੁੰਦੇ ਸਨ। ਇਕ ਵਾਰ ਤਾਂ ਰਾਵਲਪਿੰਡੀ ਦੀ ਸੰਗਤ ਨਾਲ ਆਏ ਕੁਝ ਧਨਾਢਾਂ ਨੇ ਤਿੰਨ ਲੱਖ ਰੁਪਏ ਦੇ ਕੇ ਗੰਗਾ ਸਾਗਰ ਲੈਣਾ ਚਾਹਿਆ ਪਰ ਰਾਏ ਅਨਾਇਤ ਖਾਨ ਨੇ ਇਨਕਾਰ ਕਰ ਦਿੱਤਾ। ਹੋਰ ਵੀ ਕਈ ਜਤਨ ਹੁੰਦੇ ਰਹੇ ਸਨ ਅਤੇ ਹੋ ਰਹੇ ਸਨ ਗੰਗਾ ਸਾਗਰ ਪ੍ਰਾਪਤ ਕਰਨ ਵਾਸਤੇ। ਉਸਨੇ ਸੋਚਿਆ ਕਿ ਜੇ ਗੰਗਾ ਸਾਗਰ ਦੇਣਾ ਹੀ ਹੈ ਤਾਂ ਬਾਬਾ ਜੀ ਨੂੰ ਹੀ ਦਿੱਤਾ ਜਾਵੇ।

"ਇਹ ਦਾਤ ਕਲਗੀਧਰ ਪਾਤਸ਼ਾਹ ਦੀ ਦਿੱਤੀ ਹੋਈ ਐ।" ਬਾਬਾ ਜੀ ਨੇ ਗੰਗਾ ਸਾਗਰ ਮੱਥੇ ਨਾਲ ਲਾ ਕੇ ਬਚਨ ਕੀਤਾ "ਇਹ ਤੁਹਾਨੂੰ ਬਖਸ਼ੀ ਹੈ ਗੁਰੂ ਸਾਹਿਬ ਨੇ। ਕੋਈ ਤੁਹਾਥੋਂ ਖੋਹ ਨਹੀਂ ਸਕੇਗਾ। ਇਸਨੂੰ ਪ੍ਰੇਮ ਨਾਲ ਸਤਿਕਾਰ ਨਾਲ ਰਖਿਓ।" ਬਾਬਾ ਜੀ ਦਾ ਬਚਨ ਸੁਣ ਕੇ ਰਾਏ ਅਨਾਇਤ ਖਾਨ ਨੂੰ ਤਸੱਲੀ ਹੋ ਗਈ। ਉਸ ਵੇਲੇ ਬਾਬਾ ਜੀ ਨੇ ਉਸਨੂੰ ਪੱਥਰ ਦੇ ਮੋਟੇ ਮਣਕਿਆਂ ਵਾਲਾ ਸਿਮਰਨਾ ਵੀ ਦਿੱਤਾ ਸੀ। ਇਸ ਸਿਮਰਨੇ ਦੇ ਮਣਕੇ ਸੁੱਕੇ ਕੱਖਾਂ ਨੂੰ ਚੁੰਬਕ ਦੀ ਤਰ੍ਹਾਂ ਆਪਣੇ ਵੱਲ ਖਿੱਚ ਲੈਂਦੇ। ਰਾਏ ਅਨਾਇਤ ਖਾਨ ਇਹ ਸਿਮਰਨਾ ਗੰਗਾ ਸਾਗਰ ਨਾਲ ਹੀ ਸਤਿਕਾਰ ਨਾਲ ਰੱਖਦਾ।

ਕਦੇ-ਕਦੇ ਬਾਬਾ ਜੀ ਪਾਸ ਨਾਨਕਸਰ ਆਇਆ ਕਰਦਾ। ਇਸ ਵਾਰ ਵੀ ਦਰਸ਼ਨਾਂ ਦੀ ਇੱਛਾ ਨਾਲ ਹੀ ਆਇਆ ਸੀ। ਸਭ ਤਰ੍ਹਾਂ ਕਰ ਕੇ ਖੁਸ਼ ਸੀ ਉਹ। ਚੰਗਾ ਅਹੁਦਾ ਸੀ। ਇਲਾਕੇ ਦੇ ਲੋਕ ਪ੍ਰੇਮ ਅਤੇ ਸਤਿਕਾਰ ਕਰਦੇ ਸਨ, ਆਰਥਿਕ ਅਵਸਥਾ ਚੰਗੀ ਸੀ ਤੇ ਧਰਮ ਵੀ ਪੱਲੇ ਸੀ। ਇਹ ਸਭ ਕਿਰਪਾ ਸੀ ਦਸਮੇਸ਼ ਪਾਤਸ਼ਾਹ ਜੀ ਦੀ।

ਬਾਬਾ ਜੀ ਨੇ ਬਚਨ ਕਰਦਿਆਂ ਹੋਇਆਂ ਰਾਏ ਅਨਾਇਤ ਅਲੀ ਖਾਨ ਨੂੰ ਕਿਹਾ ਕਿ ਅਜਿਹਾ ਸਮਾਂ ਆਏਗਾ ਕਿ ਉਹਨਾਂ ਨੂੰ ਰਾਏਕੋਟ ਛੱਡ ਕੇ ਜਾਣਾ ਪਏਗਾ।** ਬਾਬਾ ਜੀ

---

*3 ਅਗਸਤ 1997 ਦੇ ਅਜੀਤ ਅਖਬਾਰ ਵਿਚ ਇਲਿਆਸ ਘੁੰਮਣ ਦੇ ਗੰਗਾ ਸਾਗਰ ਬਾਰੇ ਲੇਖ ਵਿਚ ਦਸਿਆ ਗਿਆ ਹੈ ਕਿ ਇਸ ਪਰਵਾਰ ਅਨੁਸਾਰ ਅੰਗਰੇਜ਼ਾਂ ਦੇ ਰਾਜ ਸਮੇਂ ਕੁਝ ਕਰਿੰਦੇ ਖੰਡਾ ਪ੍ਰਾਪਤ ਕਰਨ ਵਿਚ ਸਫ਼ਲ ਹੋ ਗਏ ਸਨ, ਜਦ ਕਿ ਕੁਝ ਲੇਖਕਾਂ ਨੇ ਲਿਖਿਆ ਹੈ ਕਿ ਰਾਜਾ ਜਸਵੰਤ ਸਿੰਘ ਨਾਭਾ ਨੇ ਮਲੇਰਕੋਟਲੇ ਦੇ ਨਵਾਬ ਰਾਹੀਂ ਪਰਵਾਰ ਪਾਸੋਂ ਇਹ ਖੰਡਾ ਪ੍ਰਾਪਤ ਕੀਤਾ। ਇਲਿਆਸ ਘੁੰਮਣ ਲਿਖਦਾ ਹੈ ਕਿ ਇਹਨਾਂ ਲੇਖਕਾਂ ਅਨੁਸਾਰ ਇਹ ਖੰਡਾ ਨਾਭਾ ਦੇ ਸਿਰੋਪਾਉ ਗੁਰਦੁਆਰੇ ਵਿਚ ਰਖਿਆ ਗਿਆ, ਜਿਥੇ ਇਹ ਅੱਜ ਵੀ ਮੌਜੂਦ ਹੈ। ਰਿਹਲ ਬਾਰੇ ਇਲਿਆਸ ਘੁੰਮਣ ਨੇ ਨਹੀਂ ਲਿਖਿਆ ਕਿ ਅੱਜ ਉਹ ਕਿੱਥੇ ਹੈ।

**ਇਹ ਇਸ਼ਾਰਾ 1947 ਦੀ ਭਾਰਤ-ਪਾਕ ਵੰਡ ਵੱਲ ਹੈ।

ਨੇ ਇਹ ਵੀ ਬਚਨ ਕੀਤਾ ਕਿ ਜਿੰਨਾ ਚਿਰ ਉਹ ਕਲਗੀਧਰ ਪਾਤਸ਼ਾਹ ਦੀ ਬਖ਼ਸ਼ਿਸ਼ ਪਵਿੱਤਰ ਗੰਗਾ ਸਾਗਰ ਨੂੰ ਪ੍ਰੇਮ ਅਤੇ ਸਤਿਕਾਰ ਨਾਲ ਰਖਣਗੇ ਉਹਨਾਂ ਨੂੰ ਤੱਤੀ ਵਾ ਨਹੀਂ ਲਗਦੀ** ।

***

# 4.
# ANAND SAROVAR
## (THE HOLY POND OF BLISSFUL JOY)
## (Biography of Sant Baba Nand Singh ji Kaleran wale)
## By
## Bhagat Singh
## Sessions Judje (Retd.)

Rai Anait Ali Khan, of Raikot, sub. re. Jagrawan, was very much devoted to Baba Ji. He used to contribute a lot for the free cooked food (Langar) through his Sikh friends. Much before the disturbances of 1947 Baba Ji had once told Rai Sahib that he would have to leave that place but there was no danger of any kind whatsoever.

At the time of partition when large scale violence was taking place Rai Sahib prevented Muslims from indulging in violence and disturbance and later on all of them migrated to Pakistan without suffering any damage or harm.

Rai Sahib's family was a proud possessor of the gifts of Guru Dashmesh Ji, Ganga Sagar (a container) and a sword. Ganga Sagar remained with them and they took it to Pakistan. Its great characteristic was that it had many countless small holes in it and even when it was filled with water to brim, not a single drop of water tripped below (It was based on a principle of science).

---

**ਵੰਡ ਵੇਲੇ ਜਿਸ ਕਾਫ਼ਲੇ ਵਿਚ ਰਾਏ ਅਨਾਇਤ ਖਾਨ ਦਾ ਪਰਵਾਰ ਗਿਆ ਉਸ ਤੇ ਕੋਈ ਹਮਲਾ ਨਾ ਹੋਇਆ, ਜੇ ਕੋਈ ਕਾਫ਼ਲੇ ਵੱਲ ਆਇਆ ਵੀ ਤਾਂ ਗੰਗਾ ਸਾਗਰ ਬਾਰੇ ਸੁਣ ਕੇ ਸੀਸ ਨਿਵਾ ਕੇ ਮੁੜ ਗਿਆ । ਰਾਏ ਅਨਾਇਤ ਖਾਨ ਉਹਨਾਂ ਦੀ ਪਤਨੀ, ਪੁੱਤਰ ਅਤੇ ਪੁੱਤਰ ਤੋਂ ਲਗਪਗ ਚਾਰ ਵਰ੍ਹੇ ਛੋਟੀ ਧੀ ਪਾਕਿਸਤਾਨ ਜਾ ਵਸੇ ਸਨ । ਉਥੇ ਵੀ ਉਹਨਾਂ ਨੇ ਗੰਗਾ ਸਾਗਰ ਨੂੰ ਸਤਿਕਾਰ ਨਾਲ ਰਖਿਆ । ਅੱਜ ਕਲ੍ਹ ਇਹ ਪਵਿੱਤਰ ਗੰਗਾ ਸਾਗਰ ਰਾਏ ਅਨਾਇਤ ਖਾਨ ਦੇ ਪੋਤਰੇ ਰਾਏ ਅਜ਼ੀਜ਼-ਉਲਾ-ਖਾਨ ਪਾਸ ਹੈ । ਉਹ ਵਿਦੇਸ਼ਾਂ ਵਿਚ ਜਾ ਕੇ ਸੰਗਤਾਂ ਨੂੰ ਗੰਗਾ ਸਾਗਰ ਦੇ ਦਰਸ਼ਨ ਵੀ ਕਰਾਉਂਦੇ ਨੇ।

Rai's only son who was hardly six months old and had been born when Rai was fifty years old, fell seriously ill. Doctors said that he was suffering from a horrible disease and there was no hope for his survival. He rushed to Baba Ji as soon as possible and began to wail and cry loudly.

Baba Ji said, “Rai ji, why are you crying thus? What is wrong? tell me"

Rai said respectfully, “Ji, I have only one son. He has been born in my old age. He is seriously ill. Every treatment has been provided to him. You are an epitome. Tell me some way out. Be kind to us."

Baba Ji, “It is very hot these days. He must have felled ill because of the scorching heat of the season. Give him cold drinks. Start the recitation of Quaran Sharief in all the mosques of the town. Let there be the recitation of the Gita in the temples. Let all pray. Feed the poor. Do noble deeds and donate liberally. People will offer blessings. Good deeds will multiply.Tell your wife to read Quaran Sharief and clean every leaf of the scripture with a handkerchief. Then she should wash the handkerchief in water, mix some sugar in it and make the child drink one tea spoonful of this water. It is nectar. He will be all right.” He gave Parshad of cardamons with his own hands.

As Rai returned home, the child began to recover and soon he looked quite fine. Rai Ji celebrated the occasion and his faith in the healing and spiritual powers of Baba Ji increased manifold. He invited him to come to Raikot so that he could have his darshan there and offer him his estate. When Baba Ji went to Lehra, he stopped at Jharroran for some time. When Rai Ji came to know of it, he himself came there to have darshan of Baba Ji. He requested him to be kind to come to Raikot as it was quite near.

Baba Ji acceded to the request of Rai ji and reached Raikot along with the entire Sangat. There Kirtan was arranged at a

spacious place. A large number of Muslims gathered there. Kirtan was based on the Shalokas of Farid Sahib and Baba Ji himself very kindly explained the meanings to the Sangat.

Rai Ji was afraid of Akalis lest they should snatch away the most valuable treasure gifted to him by Dashmesh Ji. Therefore, he brought Ganga Sagar to Baba Ji under great protection and care and said "Protector of the poor, it belongs to you, you may accept it."

Baba Ji had the darshan of Ganga Sagar with great love and respect and said. "Kalgidhar himself has given this gift to you. No one can snatch it from you. You may keep it with full due respect"

In this way Baba Ji gave him full assurance and therefore Rai Ji took it back with him.

Baba Ji blessed Rai Ji by presenting him a rosary made of big beads of a special stone saying "Take it, I offer you to hold my arm. Keep this rosary along with Ganga Sagar. Then there is no fear"

***

5.

## ਗੁਰਦੁਆਰਾ ਸਾਹਿਬ ਟਾਹਲੀਆਣਾ ਸਾਹਿਬ ਰਾਏਕੋਟ (ਲੁਧਿਆਣਾ)

ਸਿੱਖ ਇਤਿਹਾਸ ਅਤੇ ਪਰੰਪਰਾਵਾਂ ਮੁਤਾਬਿਕ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਨੇ ਮਾਛੀਵਾੜੇ ਤੋਂ ਚੱਲ ਕੇ ਰਾਏਕੋਟ ਦੇ ਘਣੇ ਜੰਗਲਾਂ ਵਿਚ ਇਕ ਛੱਪੜੀ ਦੇ ਕੰਢੇ ਟਾਹਲੀ ਦੇ ਦਰੱਖਤ ਹੇਠ 19 ਪੋਹ ਸੰਮਤ 1761 ਬਿਕ੍ਰਮੀ (ਜਨਵਰੀ, 1705 ਈ:) ਨੂੰ ਅੰਮ੍ਰਿਤ ਵੇਲੇ ਆਸਣ ਲਾਇਆ ਅਤੇ ਇਸ ਵਿਰਾਨ ਧਰਤੀ ਨੂੰ ਸੁਭਾਗਾ ਕੀਤਾ। ਦਿਨ ਚੜ੍ਹੇ ਰਾਏ ਕੱਲ੍ਹੇ ਦਾ ਚਰਵਾਹਾ ਨੂਰਾ ਮਾਹੀ ਮੱਝਾਂ ਚਾਰਨ ਆ ਗਿਆ। ਗੁਰੂ ਜੀ ਨੇ ਨੂਰੇ ਨੂੰ ਸਮੁੰਦਰ (ਦੁੱਧ) ਛਕਾਉਣ ਦਾ ਹੁਕਮ ਦਿੱਤਾ। ਨੂਰੇ ਨੇ ਬੇਨਤੀ ਕੀਤੀ ਕਿ ਮਹਾਰਾਜ! ਮੱਝਾਂ ਤਾਂ ਮੈਂ ਅੱਜ ਸਵੇਰੇ ਚੋਅ ਕੇ ਲਿਆਇਆ ਹਾਂ। ਜੇ ਤੁਸੀਂ ਕਹੋ ਤਾਂ ਮੈਂ ਦੁੱਧ ਘਰੋਂ ਲੈ ਆਉਂਦਾ ਹਾਂ, ਤਾਂ ਗੁਰੂ ਜੀ ਨੇ ਇਕ ਔਸਰ ਝੋਟੀ ਵੱਲ ਇਸ਼ਾਰਾ ਕਰਦੇ ਹੋਏ ਕਿਹਾ ਕਿ ਉਸ ਦਾ ਦੁੱਧ ਚੋ ਲੈ। ਤਾਂ ਨੂਰੇ ਨੇ ਬੇਨਤੀ ਕੀਤੀ ਕਿ ਇਹ ਤਾਂ ਨਾ ਦੁਧ ਦੇਣ ਵਾਲੀ ਔਸਰ ਝੋਟੀ ਹੈ। ਮਹਾਰਾਜ ਨੇ ਫੁਰਮਾਇਆ ਕਿ ਵਾਹਿਗੁਰ ਦਾ ਨਾਮ ਲੈ ਕੇ ਝੋਟੀ ਨੂੰ ਥਾਪੜਾ ਦੇ ਕੇ ਚੋ ਲਵੋ। ਇਹ ਹੁਕਮ ਮੰਨ ਕੇ ਨੂਰਾ ਝੋਟੀ ਨੂੰ ਥਾਪੜਾ ਦੇ ਕੇ ਦੁਧ ਚੋਣ ਲਈ ਥੱਲੇ ਬੈਠ ਗਿਆ। ਉਸ ਸਮੇਂ ਨੂਰੇ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਦੋਂ ਔਸਰ ਝੋਟੀ ਦੁੱਧ ਉਤਰ ਆਈ ਤਾਂ ਉਸ ਸਮੇਂ ਨੂਰੇ ਮਾਹੀ ਨੇ ਮਹਾਰਾਜ ਨੂੰ ਬੇਨਤੀ ਕੀਤੀ

ਕਿ ਮੇਰੇ ਕੋਲ ਦੁੱਧ ਚੋਣ ਲਈ ਕੋਈ ਬਰਤਨ ਨਹੀਂ। ਗੁਰੂ ਜੀ ਨੇ ਉਸ ਨੂੰ 288 ਛੇਕਾਂ ਵਾਲਾ ਬਰਤਨ (ਗੰਗਾ ਸਾਗਰ) ਦੇ ਦਿੱਤਾ। ਜਦੋਂ ਉਸ ਨੇ ਇਸ ਵਿੱਚ ਦੁੱਧ ਚੋਇਆ ਤਾਂ ਇਕ ਬੂੰਦ ਵੀ ਨਾ ਡੁੱਲ੍ਹਿਆ।

ਇਹ ਸਾਰੀ ਕਹਾਣੀ ਨੂਰੇ ਨੇ ਆਪਣੇ ਮਾਲਕ ਰਾਏ ਕੱਲ੍ਹੇ ਨੂੰ ਦੱਸੀ। ਰਾਏ ਕੱਲ੍ਹਾ ਉਸੇ ਵਕਤ ਸਤਿਗੁਰਾਂ ਦੇ ਚਰਨੀਂ ਆ ਲੱਗਾ। ਉਸ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ! ਕੋਈ ਸੇਵਾ ਦੱਸੋ? ਗੁਰੂ ਜੀ ਨੇ ਕਿਹਾ ਕਿ ਸਰਹੰਦ ਤੋਂ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਜੀ ਦੀ ਖਬਰ ਮੰਗਵਾਉਣੀ ਹੈ ਤਾਂ ਰਾਏ ਕੱਲ੍ਹੇ ਨੇ ਨੂਰੇ ਨੂੰ ਇਹ ਕਾਰਜ ਛੇਤੀ ਕਰਕੇ ਵਾਪਸ ਮੁੜਨ ਲਈ ਵੀ ਕਿਹਾ।

ਨੂਰਾ ਹੁਕਮ ਮੰਨ ਕੇ ਉਸੇ ਵਕਤ ਹੀ ਸਰਹੰਦ ਪਹੁੰਚਿਆ। ਸਰਹੰਦ ਪਹੁੰਚ ਕੇ ਆਪਣੀ ਭੈਣ ਨੂਰਾਂ ਤੋਂ ਮਾਤਾ ਅਤੇ ਬੱਚਿਆਂ ਬਾਬਤ ਸਾਰੀ ਦੁੱਖਾਂ ਭਰੀ ਕਹਾਣੀ ਸੁਣੀ ਅਤੇ ਗੁਰੂ ਜੀ ਕੋਲ ਪਹੁੰਚ ਕੇ ਮਾਤਾ ਅਤੇ ਬੱਚਿਆਂ ਦੀ ਸ਼ਹਾਦਤ ਬਾਰੇ ਦੱਸਿਆ। ਉਸ ਵਕਤ ਗੁਰੂ ਜੀ ਨੇ ਇਸ ਥਾਂ ਤੇ ਕਾਹੀ (ਦੱਭ) ਦਾ ਬੂਟਾ ਪੁੱਟਦੇ ਹੋਏ ਕਿਹਾ ਕਿ ਅੱਜ ਮੁਗਲ ਰਾਜ ਦੀ ਜੜ੍ਹ ਪੱਟੀ ਗਈ।

ਉਸ ਸਮੇਂ ਸਾਰੀ ਸੰਗਤ ਚੁੱਪ ਰਹੀ ਪਰ ਰਾਏ ਕੱਲ੍ਹੇ ਨੇ ਬੇਨਤੀ ਕੀਤੀ ਕਿ ਮਹਾਰਾਜ!ਸਾਡੇ ਤੇ ਰਹਿਮ ਕਰੋ, ਅਸੀਂ ਵੀ ਤੁਰਕ (ਮੁਗਲ) ਹਾਂ, ਤਾਂ ਗੁਰੂ ਜੀ ਨੇ ਕਿਹਾ 'ਚੰਗਾ ਬਈ, ਤੁਸੀਂ ਸੇਵਾ ਕੀਤੀ ਹੈ। ਤੇਰਾ ਰਾਜ ਕਾਇਮ ਰਹੇਗਾ। ਗੁਰੂ ਜੀ ਨੇ ਰਾਏ ਕੱਲ੍ਹੇ ਨੂੰ ਕ੍ਰਿਪਾਨ, ਗੰਗਾ ਸਾਗਰ ਅਤੇ ਇਕ ਰਹਿਲ ਬਖ਼ਸ਼ਿਸ਼ ਕਰ ਕੇ ਫੁਰਮਾਇਆ ਕਿ ਜਦ ਤਕ ਇਨ੍ਹਾਂ ਸ਼ਸਤਰਾਂ ਦੀ ਸੇਵਾ ਕਰੋਗੇ ਤਦ ਉਨ੍ਹਾਂ ਦਾ ਰਾਜ ਕਾਇਮ ਰਹੇਗਾ।

ਐਸਾ ਹੀ ਹੋਇਆ, ਜਦੋਂ ਤਕ ਉਹ ਸੇਵਾ ਕਰਦੇ ਰਹੇ ਤਦ ਤੱਕ ਰਾਜ ਕਾਇਮ ਰਿਹਾ। ਗੁਰੂ ਸਾਹਿਬ ਨੇ ਇਸ ਅਸਥਾਨ ਤੇ ਤਿੰਨ ਦਿਨ (19, 20 ਅਤੇ 21 ਪੋਹ) ਵਿਸ਼ਰਾਮ ਕੀਤਾ। ਇਸ ਅਸਥਾਨ ਤੇ ਸੁਭਾਏਮਾਨ ਗੁਰਦੁਆਰਾ ਸਾਹਿਬ ਵਿਖੇ 19, 20 ਅਤੇ 21 ਪੋਹ ਨੂੰ ਹਰ ਸਾਲ ਭਾਰੀ ਜੋੜ ਮੇਲਾ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ।

***

**ਟਾਲ੍ਹੀਆਣਾ:** ਜਿਲਾ ਲੁਧਿਆਣਾ, ਤਸੀਲ ਜਗਰਾਉਂ ਵਿੱਚ ਰਾਇਕੋਟ ਤੋਂ ਇਕ ਮੀਲ ਵਾਯਵੀਂ ਕੋਣ ਇਹ ਅਸਥਾਨ ਹੈ. ਮਾਛੀਵਾੜੇ ਤੋਂ ਚੱਲ ਕੇ ਦਸ਼ਮੇਸ਼ ਜੀ ਇਕ ਛੱਪੜੀ ਤੇ ਠਹਿਰੇ ਅਤੇ ਟਾਲ੍ਹੀ ਹੇਠ ਵਿਰਾਜੇ। ਇਸੇ ਥਾਂ ਕੱਲਾਰਾਇ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਇਆ ਅਰ ਨੂਰੇ ਮਾਹੀ ਨੂੰ ਸਰਹਿੰਦ ਭੇਜਕੇ ਛੋਟੇ ਸਾਹਿਬਜ਼ਾਦਿਆਂ ਦੀ ਖਬਰ ਮੰਗਵਾਈ। ਗੁਰਦਵਾਰਾ ਬਣਿਆ ਹੋਇਆ ਹੈ ਦਸ ਵਿੱਘੇ ਜ਼ਮੀਨ ਖਰੀਦੀ ਹੋਈ ਸਾਥ ਹੈ. ਰੇਲਵੇ ਸਟੇਸ਼ਨ ਮੁੱਲਾਂਪੁਰ ਤੋਂ 14 ਮੀਲ ਦੱਖਣ ਹੈ। (ਮਹਾਨ ਕੋਸ਼, ਪੰਨਾ 550)

***

## ਟਾਲ੍ਹੀਆਣਾ

*--ਗੁਰਬਖਸ਼ ਸਿੰਘ*

ਰਾਏਕੋਟ ਇਕ ਨਗਰ ਹੈ ਅਤਿ ਉੱਘਾ ਸਾਰੇ।
ਤਿਸ ਦੇ ਉੱਤਰ ਵੱਲ ਨੂੰ ਇਕ ਛੱਪੜ ਪਿਆਰੇ।
ਨਾਮ ਓਸਦਾ ਆਖਦੇ ਸਭ ਲੋਕੀ ਲੋਹੀ,
ਸਤਿਗੁਰ ਸਾਜ ਨਿਵਾਜ ਕੇ ਕੀਤੀ 'ਸਰ' ਜੋਹੀ।

ਟੁਰ ਕੇ ਮਾਛੂਵਾੜਿਓਂ ਗੁਰ ਕਲਗੀ ਵਾਲਾ,
ਆਣ ਗੱਜਿਆ ਏਸ ਥਾਂ ਕਰ ਚੋਜ ਨਿਰਾਲਾ।
ਸੀ ਮੁੱਖ ਦਾਤਣ ਫੇਰ ਕੇ ਫਿਰ ਇਸ ਥਾਂ ਗੱਡੀ,
ਅਮਰਾ ਪਦਵੀ ਪਾ ਗਈ ਹੋ ਟਾਲ੍ਹੀ ਵੱਡੀ।

ਨਾਮ ਜਗ੍ਹਾ ਦਾ ਪੈ ਗਿਆ ਤਦ ਟਾਲ੍ਹੀਆਣਾ,
ਅਨਦ ਵਿਨੋਦੀ ਆਥਿਰੇ ਕਰ ਚੋਜ ਵਿਡਾਣਾ।
ਨੂਰਾ ਮਾਹੀ ਓਸ ਥਾਂ ਇਕ ਮੱਝਾਂ ਚਾਰੇ,
ਸਤਿਗੁਰ ਦਿੱਤੀ ਆਗਿਆ ਦੇ ਦੁੱਧ ਪਯਾਰੇ।

ਕਹਿੰਦਾ ਮਾਹੀ ਔਸਰਾਂ ਕੋਈ ਦੁੱਧ ਨਾ ਦੇਵੇ,
ਫੇਰ ਹੁਕਮ ਸੁਣ ਬੈਠ ਗਿਆ ਭਰ ਮਟਕੀ ਚੋਵੇ।
ਇਤਨੇ ਚਿਰ ਨੂੰ ਪਿੰਡ ਤੋਂ ਰਾਏ ਕੱਲ੍ਹਾ ਆਯਾ,
ਮੱਥਾ ਸਤਿਗੁਰ ਚਰਨ ਤੇ ਉਸ ਆਣ ਟਿਕਾਯਾ।

. . . .

(ਇੱਥੇ ਕਵਿਤਾ ਦੀਆਂ ਕੁੱਝ ਪੰਕਤੀਆਂ ਅਪ੍ਰਾਪਤ ਹਨ।)

ਜੱਦ ਉਹਨਾਂ ਦੀ ਬੰਸ ਦੇ ਹਨ ਹੈਗੇ ਭਾਈ,
ਓਨ੍ਹਾਂ ਪਾਸ ਨਿਸ਼ਾਨੀਆਂ ਦੋ ਹੈਂ ਹੁਣ ਤਾਈਂ।
"ਗੰਗਾ ਸਾਗਰ" ਇਕ ਹੈ ਉਸ ਵਿਚ ਸੁ ਗਲੀਆਂ,
ਪਾਣੀ ਪਾਯਾ ਗਿਰੇ ਨਾ ਵਾਹ! ਸਤਿਗੁਰ ਵਲੀਆ।

'ਰੇਹਲ' ਪੁਸਤਕ ਧਰਨ ਦੀ ਇਕ ਬਹੁਤ ਪੁਰਾਣੀ,
ਇਹ ਵੀ ਹੈ ਦਸਮੇਸ਼ ਦੀ ਇਕ ਬ੍ਰਿਧ ਨਿਸ਼ਾਨੀ।
ਏਸੇ ਪਾਵਨ ਜਗ੍ਹਾ ਦਾ ਹੁਣ ਨਾਮ ਮਹਾਨਾ,
ਟਾਲ੍ਹੀ ਸਾਹਿਬ ਹੋ ਗਿਆ ਮਸ਼ਹੂਰ ਜਹਾਨਾ।

ਸੰਗਤ ਦਾ ਦਿਲ ਗੁਰੂ ਨੇ ਇਸ ਪਾਸੇ ਲਾਯਾ।
ਯਾਦਗਾਰ ਦੇ ਰਚਣ ਦਾ ਹੈ ਯਤਨ ਕਰਾਯਾ।

# ਜੇ ਨੀਹਾਂ ਦੇ ਵਿੱਚ ਜੇ ਸਿਰ ਹੋਵਣ

ਇਹ ਦੁਨੀਆਂ ਨਹੀਂ ਕਮਦਿਲਿਆਂ ਦੀ, ਇਹ ਰਣ ਹੈ ਪੌਣ-ਸਵਾਰਾਂ ਦਾ।
ਜੇ ਨੀਂਹਾਂ ਦੇ ਵਿਚ ਸਿਰ ਹੋਵਣ, ਮੁੱਲ ਪੈ ਜਾਂਦੈ ਦੀਵਾਰਾਂ ਦਾ।

ਜੋ ਸੂਲੀ ਚੜ੍ਹ ਮੁਸਕਾਉਂਦੇ ਨੇ, ਉਹੀ ਉੱਚੇ ਰੁਤਬੇ ਪਾਉਂਦੇ ਨੇ।
ਇਤਿਹਾਸ ਗਵਾਹ ਬਹਿ ਤਵੀਆਂ ਤੇ, ਉਹ ਜਾਬਰ ਨੂੰ ਅਜ਼ਮਾਉਂਦੇ ਨੇ।
ਅਣਖ਼ਾਂ ਤੇ ਇੱਜ਼ਤਾਂ ਵਾਲਿਆਂ ਨੂੰ, ਨਹੀਂ ਡਰ ਸ਼ਾਹੀ ਦਰਬਾਰਾਂ ਦਾ।
ਇਹ ਦੁਨੀਆਂ ਨਹੀਂ ਕਮਦਿਲਿਆਂ ਦੀ...।

ਜੋ ਦੀਨ ਦੁਨੀਆਂ ਕੇ ਹੇਤ ਲੜੇ, ਉਸ ਦੀ ਹੀ ਬੇੜੀ ਤੋੜ ਚੜ੍ਹੇ।
ਜੋ ਰੋਕ ਪਿਆਂ ਤੋਂ ਰੁਕ ਜਾਵਣ, ਬੁੱਸ ਜਾਂਦੇ ਪਾਣੀ ਖੜ੍ਹੇ ਖੜ੍ਹੇ।
ਤਪਦੇ ਥਲ ਵਿਚ ਦੀ ਪੈਂਡਾ ਕਰ, ਜੇ ਚਾਹੁਨੈਂ ਸਾਥ ਬਹਾਰਾਂ ਦਾ।
ਇਹ ਦੁਨੀਆਂ ਨਹੀਂ ਕਮਦਿਲਿਆਂ ਦੀ...।

ਇਹ ਤਾਂ ਸਿਰਲੱਥਾਂ ਦੀ ਬਸਤੀ ਹੈ, ਏਥੇ ਜ਼ਿੰਦਗੀ ਮੌਤੋਂ ਸਸਤੀ ਹੈ।
ਮਿੱਟੀ ਵਿਚ ਆਪਣਾ ਖ਼ੂਨ ਚੁਆ, ਤਦ ਮਿਲਣੀ ਉੱਚੀ ਹਸਤੀ ਹੈ।
ਇਹ ਜੋ ਰੰਗਾਂ ਦਾ ਦਰਿਆ ਜਾਪੇ, ਸਭ ਖ਼ੂਨ ਵਹੇ ਮੇਰੇ ਯਾਰਾਂ ਦਾ।
ਇਹ ਦੁਨੀਆਂ ਨਹੀਂ ਕਮਦਿਲਿਆਂ ਦੀ...।

ਪਈ ਰਾਤ ਹਨੇਰ ਚੁਫ਼ੇਰਾ ਹੈ, ਧੂੰਏਂ ਦਾ ਘਿਰਿਆ ਘੇਰਾ ਹੈ।
ਅਸੀਂ ਬਾਤਾਂ ਸੁਣ ਸੁਣ ਅੱਕ ਗਏ ਆਂ, ਹਾਲੇ ਕਿੰਨੀ ਕੁ ਦੂਰ ਸਵੇਰਾ ਹੈ।
ਸੂਰਜ ਦੀ ਸੁਰਖ਼ ਸਵੇਰ ਬਿਨਾਂ, ਮੂੰਹ ਦਿਸਣਾ ਨਹੀਂ ਦਿਲਦਾਰਾਂ ਦਾ।

ਇਹ ਦੁਨੀਆਂ ਨਹੀਂ ਕਮਦਿਲਿਆਂ ਦੀ ਇਹ ਰਣ ਹੈ ਪੌਣ-ਸਵਾਰਾਂ ਦਾ।
ਜੇ ਨੀਹਾਂ ਦੇ ਵਿੱਚ ਜੇ ਸਿਰ ਹੋਵਣ, ਮੁੱਲ ਪੈ ਜਾਂਦੈ ਦੀਵਾਰਾਂ ਦਾ।

*ਗੁਰਭਜਨ ਗਿੱਲ*

# A SYMBOL OF LOVE AND HUMANITY

Rai Azizullah Khan has displayed the Ganga Sagar all over the world, including Australia where in Melbourne, thousands came to see and touch the Ganga Sagar. As the present head of the Rai family, Rai Azizullah Khan has stressed that the real significance of the Ganga Sagar is entirely in the fact that it has touched Guru Gobind Singh Ji's pavitar hands. He then went on to say that as far as he and his family are concerned, the significance of a gift from the Guru would have been exactly the same if the Guru had given them the gift of a pot of clay ("mitti") instead. Rai Azizullah Khan has won the hearts of crowds through his humility, sincerity and respect for the Guru, the Ganga Sagar and the Sikh community. The Rai family, throughout the generations has shown fearless love and respect towards the Guru, even with the obvious risk of serious reprisals from the rulers of the day. In this sense, the Ganga Sagar is a symbol of love that transcends the artificial boundaries of religion, race or caste and this is the essence of Guru Gobind Singh Ji's life and teachings.

**- Prof. Bhajan Singh Grewal**

Victoria University, Melbourne, Australia

A stand-out memory for Azizullah, which he relates with much fondness, is when he first set foot at Amritsar, in 2004. He recalls, “As soon as we began our journey in a carriage, for Harmandir Sahib (Golden Temple), a Sikh man ran up to me and gave me a small wrapped gift. I opened it and it was The Holy Quran,” he says, with a tear in his eye. That is what Ganga Sagar truly symbolises - the love and respect we give each other as humans, regardless of our religion or race. I truly hope that this love and respect can surpass all other artificial barriers, and build strong bridges between our two countries as well.

**-Manpreet Kaur Singh**
(Melbourne, Australia),

*India Today,*
*December 2008*



ਉਹਨਾਂ ਬਿੱਖੜੇ ਸਮਿਆਂ ਵਿਚ ਜਦ ਮੁਗਲ ਬਾਦਸ਼ਾਹ ਔਰੰਗਜ਼ੇਬ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਦੀ ਜਾਨ ਦਾ ਵੈਰੀ ਬਣਿਆ ਹੋਇਆ ਸੀ ਅਤੇ ਉਸ ਦੇ ਜ਼ੁਲਮ ਕਾਰਨ ਗੁਰੂ ਜੀ ਦੇ ਕਈ ਸ਼ਰਧਾਲੂ ਵੀ ਉਨ੍ਹਾਂ ਦਾ ਸਾਥ ਦੇਣ ਤੋਂ ਝਿਜਕਦੇ ਸਨ,ਉਸ ਵਕਤ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਾਏਕੋਟ ਰਿਆਸਤ (ਹੁਣ ਜਿਲ੍ਹਾ ਲੁਧਿਆਣਾ) ਵਿਚ ਪਹੁੰਚੇ ਤਾਂ ਉੱਥੋਂ ਦੇ ਮੁਸਲਮਾਨ ਰਾਜਪੂਤ ਹਾਕਮ ਰਾਏ ਕੱਲ੍ਹਾ ਤੀਜਾ ਨੇ ਆਪਣੀ ਅਤੇ ਆਪਣੇ ਪਰਿਵਾਰ ਦੀ ਜਾਨ ਖ਼ਤਰੇ ਵਿਚ ਪਾ ਕੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਜਿੰਨੀ ਦੇਰ ਗੁਰੂ ਜੀ ਨੇ ਠਹਿਰਨਾ ਚਾਹਿਆ, ਓਨੀ ਦੇਰ ਮਹਿਮਾਨ ਵਜੋਂ ਉਨ੍ਹਾਂ ਦੀ ਸੇਵਾ ਕਰਨ ਨੂੰ ਧੰਨਭਾਗ ਸਮਝਿਆ। ਰਾਏਕੋਟ ਤੋਂ ਰਵਾਨਾ ਹੋਣ ਤੋਂ ਪਹਿਲਾਂ ਗੁਰੂ ਜੀ ਨੇ ਰਾਏ ਕੱਲ੍ਹਾ ਜੀ ਦੀ ਸਿਦਕਦਿਲੀ ਅਤੇ ਪ੍ਰਾਹੁਣਚਾਰੀ ਤੋਂ ਖੁਸ਼ ਹੋ ਕੇ ਉਸ ਨੂੰ ਗੰਗਾ ਸਾਗਰ, ਰੇਹਲ ਅਤੇ ਇੱਕ ਕ੍ਰਿਪਾਨ ਦੀ ਬਖਸ਼ਸ਼ ਕੀਤੀ। ਰੇਹਲ ਨੂੰ ਸਮੇਂ ਦੀ ਧੂੜ ਖਾ ਗਈ ਅਤੇ ਕ੍ਰਿਪਾਨ ਨੂੰ ਅੰਗਰੇਜ਼ ਹਾਕਮਾਂ ਨੇ ਹਥਿਆ ਲਿਆ ਪਰ ਗੰਗਾ ਸਾਗਰ ਨੂੰ ਰਾਏ ਪਰਿਵਾਰ ਨੇ ਲਗਪਗ ਸਵਾ ਤਿੰਨ ਸੌ ਸਾਲ ਤੋਂ ਹੁਣ ਤੀਕ ਸੰਭਾਲ ਕੇ ਰੱਖਿਆ ਹੋਇਆ ਹੈ। ਰਾਏ ਕੱਲ੍ਹਾ ਖਾਨਦਾਨ ਦੀ ਨੌਵੀਂ ਪੀੜ੍ਹੀ ਦੇ ਵਰਤਮਾਨ ਨੁਮਾਇੰਦੇ ਜਨਾਬ ਰਾਏ ਅਜ਼ੀਜ਼ਉੱਲਾ ਖਾਨ ਦਾ ਕਹਿਣਾ ਹੈ:

"ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਬਖਸ਼ਿਸ਼ 'ਗੰਗਾ ਸਾਗਰ' ਦਾ ਸੇਵਕ ਹੋਣਾ ਮੇਰੇ ਵਾਸਤੇ ਵੱਡੀ ਇੱਜ਼ਤ ਵਾਲੀ ਗੱਲ ਹੈ।ਆਪਣੇ ਵਡੇਰੇ ਰਾਇ ਕੱਲਾ ਜੀ ਵੱਲੋਂ ਨਿੱਡਰ ਹੋ ਕੇ ਦਲੇਰਾਨਾ ਅਤੇ ਖਾਨਦਾਨੀ ਕਦਮ ਚੁੱਕਦਿਆਂ ਗੁਰੂ ਜੀ ਪ੍ਰਤਿ ਪਿਆਰ ਸਤਿਕਾਰ ਵਿਖਾਏ ਜਾਣ ਉੱਤੇ ਮੈਨੂੰ ਮਾਣ ਹੈ। ਔਰੰਗਜ਼ੇਬ ਦੇ ਰਾਜ ਸਮੇਂ ਗੁਰੂ ਜੀ ਨਾਲ ਬੇਇਨਸਾਫੀ ਅਤੇ ਜ਼ੁਲਮ ਹੋਣ ਮੌਕੇ ਰਾਏ ਕੱਲ੍ਹਾ ਨੇ ਸੱਚੇ ਮੁਸਲਮਾਨ ਵਾਂਗ ਉਹਨਾਂ ਦੀ ਸੇਵਾ ਅਤੇ ਮਹਿਮਾਨ ਨਿਵਾਜ਼ੀ ਕੀਤੀ।ਗੁਰੂ ਜੀ ਨੇ ਰਾਏ ਕੱਲ੍ਹਾ ਦੀ ਕਦਰਦਾਨੀ ਅਤੇ ਕ੍ਰਿਤੱਗਤਾ ਤੋਂ ਖੁਸ਼ ਹੋ ਕੇ ਗੰਗਾ ਸਾਗਰ ਉਸ ਨੂੰ ਬਖਸ਼ਿਆ। ਅਜੋਕੇ ਸਮੇਂ ਇਹ ਗੰਗਾ ਸਾਗਰ ਜਾਤ,ਨਸਲ ਅਤੇ ਮਜ਼ਬ ਦੇ ਵਿਤਕਰੇ ਤੋਂ ਉੱਪਰ ਉੱਠ ਕੇ ਮਾਨਵਤਾ ਵਿਚ ਪਿਆਰ ਅਤੇ ਇਕ ਦੂਜੇ ਦਾ ਸਤਿਕਾਰ ਕਰਨ ਦਾ ਪ੍ਰਤੀਕ ਹੈ।" ਹੁਣ "ਗੰਗਾ ਸਾਗਰ" ਦੀ ਪਵਿੱਤਰ ਸੇਵਾ ਸੰਭਾਲ ਲਈ ਮੇਰਾ ਫ਼ਰਜ਼ੰਦ ਰਾਏ ਮੁਹੰਮਦ ਅਲੀ ਖ਼ਾਨ ਸਾਥ ਦੇ ਰਿਹਾ ਹੈ।

ਰਾਏ ਅਜ਼ੀਜ਼ ਉਲਾ ਖ਼ਾਨ

ISBN : 978-93-6831-732-6

9 789368 317326

₹ 400/- US $ 10